
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 19
August 18, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਅਫਗਾਨਿਸਤਾਨ ਵਿਚੋਂ ਫੌਜਾਂ ਕੱਢਣ ਦਾ ਫੈਸਲਾ ਦਰੁੱਸਤ ਸੀ- ਜੋ ਬਾਇਡਨ

**ਸੈਕਰਾਮੈਂਟੋ 17 ਅਗਸਤ (ਹੁਸਨ ਲੜੋਆ ਬੰਗਾ)**-ਤਾਲਿਬਾਨ ਦੇ ਅਫਗਾਨਿਸਤਾਨ ਉਪਰ ਹੋਏ ਮੁੜ ਕਬਜੇ ਨੂੰ ਲੈ ਕੇ ਹੋ ਰਹੀ ਅਲੋਚਨਾ ਦਰਮਿਆਨ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ ਕਿਹਾ ਹੈ ਕਿ ਅਫਗਾਨਿਸਤਾਨ ਵਿਚੋਂ ਫੌਜਾਂ ਕੱਢਣ ਦਾ ਨਿਰਨਾ ਦਰੁੱਸਤ ਸੀ। ਉਨਾਂ ਨੇ ਵਾਈਟ ਹਾਊਸ ਵਿਚ ਸੰਬੋਧਨ ਕਰਦਿਆਂ ਕਿਹਾ ਕਿ ਮੈ ਆਪਣੇ ਫੈਸਲੇ ਉਪਰ ਦੈਰਿੜਤਾ ਨਾਲ ਕਾਇਮ ਹਾਂ ਪਰੰਤੂ ਤਾਲਿਬਾਨ ਨੇ ਜਿਸ ਤੇਜੀ ਨਾਲ ਅਫਗਾਨਿਸਤਾਨ ਨੂੰ ਆਪਣੇ ਕਬਜੇ ਵਿਚ ਲਿਆ ਹੈ ਇਸ ਦੀ ਆਸ ਨਹੀਂ ਸੀ। ਉਨਾਂ ਕਿਹਾ ਕਿ ਰਾਸ਼ਟਰਪਤੀ ਅਸ਼ਰਫ ਗਨੀ ਸਮੇਤ ਅਫਗਾਨਿਸਤਾਨ ਦੇ ਅਧਿਕਾਰੀਆਂ ਨੇ ਉਸ ਨੂੰ ਭਰੋਸਾ ਦਿਵਾਇਆ ਸੀ ਕਿ ਅਫਗਾਨ ਫੋਰਸਾਂ ਬਾਗੀਆਂ ਨਾਲ ਲੋਹਾ ਲੈਣ ਦੇ ਸਮਰੱਥ ਹਨ ਪਰ ਸੱਚਾਈ ਇਹ ਹੈ ਕਿ ਆਸ ਨਾਲੋਂ ਕਈ ਗੁਣਾਂ ਤੇਜੀ ਨਾਲ ਤਾਲਿਬਾਨ ਨੇ ਅਫਗਾਨ ਸਰਕਾਰ ਦਾ ਤਖਤਾ ਪਲਟ ਦਿੱਤਾ ਹੈ। ਆਪਣੇ ਕੋਲੋਂ ਹੋਈ ਕੋਈ ਗਲਤੀ ਦਾ ਜਿਕਰ ਕੀਤੇ ਬਿਨਾਂ ਰਾਸ਼ਟਰਪਤੀ ਨੇ ਕਿਹਾ ਕਿ ਫੌਜਾਂ ਕੱਢਣ ਦਾ ਕੰਮ ਸੁਖਾਲਾ ਨਹੀਂ ਰਿਹਾ ਪਰੰਤੂ ਉਹ ਆਪਣੀ ਚੋਣ ਮੁਹਿੰਮ ਵੇਲੇ ਕੀਤੇ ਪੈਰਣ ਕਿ ਅਫਗਾਨਿਸਤਾਨ ਵਿਚ ਅਮਰੀਕੀ ਫੌਜ ਦਾ ਦਖਲ ਸਮਾਪਤ ਹੋ ਜਾਵੇਗਾ, ਉਪਰ ਕਾਇਮ ਰਹੇ ਹਨ। ਆਪਣੇ ਸੰਬੋਧਨ ਉਪਰੰਤ ਰਾਸ਼ਟਰਪਤੀ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਤੇ ਉਹ ਕਾਹਲੀ ਨਾਲ ਵਾਪਿਸ ਚਲੇ ਗਏ।



# ਅਫ਼ਗਾਨਿਸਤਾਨ 'ਚ ਅਫਰਾ-ਤਫਰੀ ਦਾ ਮਾਹੌਲ ਜਾਰੀ

## ਸਰਕਾਰ ਬਣਾਉਣ ਲਈ ਗੈਰ-ਤਾਲਿਬਾਨੀ ਆਗੂਆਂ ਨਾਲ ਗੱਲਬਾਤ ਆਰੰਭ

**ਕਾਬੁਲ (ਬਿਊਰੋ)-** ਅਫ਼ਗਾਨਿਸਤਾਨ ਵਿਚ ਤਾਲਿਬਾਨ ਦੇ ਕਬਜੇ ਤੋਂ ਬਾਅਦ ਅਫਰਾ-ਤਫਰੀ ਦਾ ਮਾਹੌਲ ਜਾਰੀ ਹੈ। ਸਾਰੇ ਮੁਲਕ ਉਥੋਂ ਆਪਣੇ ਨਾਗਰਿਕਾਂ ਨੂੰ ਕੱਢ ਰਹੇ ਹਨ। ਇਸੇ ਵਿਚਕਾਰ ਸੀਨੀਅਰ ਤਾਲਿਬਾਨੀ ਆਗੂ ਆਮਿਰ ਖ਼ਾਨ ਮੁੱਤਾਕੀ ਅਫ਼ਗਾਨਿ-ਸਤਾਨ ਵਿੱਚ ਸਰਕਾਰ ਦੇ ਗਠਨ ਲਈ ਗੈਰ-ਤਾਲਿਬਾਨੀ ਸਿਆਸੀ ਆਗੂਆਂ, ਜਿਸ ਵਿੱਚ ਅਬਦੁੱਲਾ ਅਬਦੁੱਲਾ ਤੇ ਸਾਬਕਾ ਅਫ਼ਗਾਨ ਸਦਰ ਹਾਮਿਦ ਕਰਜ਼ਈ ਵੀ ਸ਼ਾਮਲ ਹਨ, ਨਾਲ ਗੱਲਬਾਤ ਲਈ ਕਾਬੁਲ ਪੁੱਜ ਗਿਆ ਹੈ। ਦੋਵਾਂ ਧਿਰਾਂ ਵਿੱਚ ਚੱਲ ਰਹੀ ਗੱਲਬਾਤ ਤੋਂ ਜਾਣੂ ਅਧਿਕਾਰੀ ਨੇ ਆਪਣੀ ਪਛਾਣ ਨਸ਼ਰ ਨਾ ਕੀਤੇ ਜਾਣ ਦੀ ਸ਼ਰਤ 'ਤੇ ਇਹ ਖੁਲਾਸਾ ਕੀਤਾ ਹੈ। ਤਿੰਨ ਦਹਾਕੇ ਪਹਿਲਾਂ ਤਾਲਿਬਾਨ ਦੀ ਸਰਕਾਰ ਵਿੱਚ ਉੱਚ ਸਿੱਖਿਆ ਮੰਤਰੀ ਰਹੇ ਮੁੱਤਾਕੀ ਨੇ ਅਫ਼ਗਾਨ ਸਦਰ ਅਸ਼ਰਫ਼ ਗਨੀ ਦੇ ਮੁਲਕ ਛੱਡ ਕੇ ਭੱਜਣ ਤੋਂ ਪਹਿਲਾਂ ਹੀ ਮੁਲਕ ਦੇ ਸਿਆਸੀ ਆਗੂਆਂ ਨਾਲ ਰਾਬਤਾ ਸ਼ੁਰੂ ਕਰ ਦਿੱਤਾ ਸੀ। ਅਧਿਕਾਰੀਆਂ ਨੇ ਕਿਹਾ ਕਿ ਅਫ਼ਗਾਨ ਰਾਜਧਾਨੀ ਵਿੱਚ ਚੱਲ ਰਹੀ ਗੱਲਬਾਤ ਦਾ ਮੁੱਖ ਮੰਤਵ ਗੈਰ-ਤਾਲਿਬਾਨੀ ਆਗੂਆਂ ਨੂੰ ਸਰਕਾਰ ਦਾ ਹਿੱਸਾ ਬਣ-ਾਉਣਾ ਹੈ। ਉਧਰ ਤਾਲਿਬਾਨ ਦੇ ਤਰਜਮਾਨ ਸੁਹੇਲ ਸ਼ਾਹੀਨ ਨੇ ਕਿਹਾ ਕਿ ਨਵੀਂ ਅਫ਼ਗਾਨ ਸਰਕਾਰ ਵਿੱਚ ਸਾਰੀਆਂ ਧਿਰਾਂ ਨੂੰ ਸ਼ਾਮਲ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਸ਼ਾਹੀਨ ਨੇ ਦਾਅਵਾ ਕੀਤਾ ਸੀ ਕਿ ਨਵੀਂ ਸਰਕਾਰ ਦਾ ਐਲਾਨ ਗੈਰ-ਤਾਲਿਬਾਨੀ ਆਗੂਆਂ ਨਾਲ ਗੱਲਬਾਤ ਮੁਕੰਮਲ ਹੋਣ ਮਗਰੋਂ ਹੀ ਕੀਤਾ ਜਾਵੇਗਾ।

ਅਫ਼ਗਾਨਿਸਤਾਨ ਦੇ ਉਪ ਰਾਸ਼ਟਰਪਤੀ ਅਮਰੁੱਲੈਹਾ ਸਾਲੇਹ ਨੇ ਇਕ ਟਵੀਟ ਵਿੱਚ ਦਾਅਵਾ ਕੀਤਾ ਕਿ ਰਾਸ਼ਟਰਪਤੀ ਅਸ਼ਰਫ਼ ਗਨੀ ਦੇ ਮੁਲਕ 'ਚੋਂ ਭੱਜਣ ਤੇ ਉਹਨਾਂ ਦੇ ਥਹੁ-ਪਤੇ ਬਾਰੇ ਕੋਈ ਜਾਣਕਾਰੀ ਨਾ ਹੋਣ ਕਰਕੇ ਉਹ ਨੇਮਾਂ ਮੁਤਾਬਕ ਕਾਨੂੰਨੀ ਤੌਰ 'ਤੇ ਦੇਸ਼ ਦੇ ਨਿਗਰਾਨ ਰਾਸ਼ਟਰਪਤੀ ਹਨ। ਸਾਲੇਹ ਨੇ ਮੰਗਲਵਾਰ ਨੂੰ ਕੀਤੇ ਟਵੀਟ ਵਿੱਚ ਅਫ਼ਗਾਨ ਸੰਵਿਧਾਨ ਦਾ ਹਵਾਲਾ ਦਿੱਤਾ ਹੈ। ਉਹਨਾਂ ਕਿਹਾ ਕਿ ਦੇਸ਼ ਦਾ ਸੰਵਿਧਾਨ ਉਹਨਾਂ ਨੂੰ ਇਹ ਐਲਾਨ ਕਰਨ ਦਾ ਅਧਿਕਾਰ ਦਿੰਦਾ ਹੈ। ਸਾਲੇਹ ਨੇ ਲਿਖਿਆ ਕਿ ਉਹ ਸਰਬਸੰਮਤੀ ਬਣਾਉਣ ਤੇ ਹਮਾਇਤ ਹਾਸਲ ਕਰਨ ਲਈ ਸਾਰੇ ਆਗੂਆਂ ਤੱਕ ਰਸਾਈ ਕਰ ਰਿਹਾ ਹੈ। ਚੇਤੇ ਰਹੇ ਕਿ ਸਾਬਕਾ ਰਾਸ਼ਟਰ-ਪਤੀ ਹਾਮਿਦ ਕਰਜ਼ਈ ਤੇ ਅਮਨ ਕੌਂਸਲ ਦੇ ਚੀਫ਼ ਅਬਦੁੱਲਾ ਅਬਦੁੱਲਾ ਵੱਲੋਂ ਤਾਲਿਬਾਨ ਨਾਲ ਗੱਲਬਾਤ






RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com

BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

# Raja SWEETS & CATERING

AUTHORIZED CATERER FOR MAJOR 5-STAR HOTELS



## ITEMS SERVING

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

## CATERING SERVICE

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

## ADDITIONAL SERVICE

Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK **(510) 489-9100**
CELL **(510) 715-1619**

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets

# INDIA MARKET

INDIA MARKET

## SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ




ਬਰਿੰਦਰ ਬੈਂਗੜ

## Super Eyebrow Threading Now Open

Eyebrow Threading & Henna Tattoo

7 times, Get 8th one free!



**Inside India Market**

| SACRAMENTO | WALK INS WELCOME | ROSEVILLE |
|---|---|---|
| 5203 EKLHORN BLVD SACRAMENTO CA 95842 | | 1265 PLEASANT GROVE BLVD. # 100 ROSEVILLE, CA 95747 |
| 916- 338-5511 | | 916- 786-7666 |

Cell : 916-798-8142

Email: IndiaMarketRoseville@gmail.com

# HAPPY BAZAAR

HAPPY BAZAAR

## INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206


We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com

# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਭ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

## KASH FABRICS

ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Guru- Piari Sadh Sangat Ji,

**August 22, 2021**

**Sukhmani Sahib Path and Langar Sewa by Sidhu Family**

Sri Sukhmani Sahib Path and Langar Sewa will be hosted by Bhai Gurdev Singh Sidhu and Ram Parkash Sidhu to celebrate first birthday of their Grandson Gavin Deep Parkash, son of Joey Parkash and Pinky Kumari. May Waheguru bless Gavin Deep Parkash with long and healthy life.

**Sangat De Sewadar**

| Chairman | President | General Secretary | Treasurer |
|---|---|---|---|
| Jagtar Bhatia | Shinder Paul Narabut | Dharam Pal Chonkria | Vinod Kumar |


# SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

## ਖਾਲਸਿਆਂ ਦੀ ਬਰਾਤ...!

# ਨਾਜ਼ਰ ਸਿੰਘ ਸਹੋਤਾ ਹੋਏ ਬਾਗੋ ਬਾਗ



**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਦੇ ਫਲਸਰੂਪ ਚੱਲੀ ਸਿੱਖ ਲਹਿਰ ਕਈ ਪੜਾਅ ਪਾਰ ਕਰ ਕੇ ਇੱਕੀਵੀਂ ਸਦੀ ਵਿੱਚ ਪ੍ਰਵੇਸ਼ ਕਰ ਚੁੱਕੀ ਹੈ। ਸਿੱਖ ਕੌਮ ਦੇ ਮਾਣਮੱਤੇ ਇਤਿਹਾਸ ਦੀ ਉਚਾਈ ਆਸਮਾਨ ਤੋਂ ਵੀ ਉੱਚੀ ਹੈ। ਸਾਡੀ ਨਵੀਂ ਪੀੜ੍ਹੀ ਸਿੱਖੀ ਸਰੂਪ ਦੇ ਮਹੱਤਵ ਨੂੰ ਤਰਜੀਹ ਨਹੀਂ ਦੇ ਰਹੀ। ਕੇਸਾਂ ਤੋਂ ਬਿਨਾਂ ਸਿੱਖ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਹ ਸਿੱਖੀ ਦਾ ਹ ਿ ਰ ਅ ਾ ਲ ੀ ਗੁਲਦਸਤਾ ਲੇਖਕ ਮਿਜਾਇਲ ਸਿੰਘ ਸਰਾਂ ਦੇ ਭਤੀਜੇ ਦੇ ਵਿਆਹ 'ਤੇ ਦੇਖਣ ਨੂੰ ਮਿਲਿਆ। ਇਹ ਵਿਆਹ ਗੁਰਦੁਆਰਾ ਐਲਸਬਰਾਟੇ ਕੈਲੀਫੋਰਨੀਆ, ਅਮਰੀਕਾ ਦੀ ਧਰਤੀ 'ਤੇ ਹੋਇਆ।

ਗੁਰੂ ਘਰ ਦਾ ਕੀਰਤਨੀਆਂ ਸਿੰਘ ਵੀ ਇਨ੍ਹਾਂ ਚੜ੍ਹਦੀ ਉਮਰ ਦੇ ਨੌਜਵਾਨਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਿਆ।

ਇਸ ਖੁਸ਼ੀ ਦੇ ਮੌਕੇ ਉੱਘੇ ਟਰਾਂਸਪੋਰਟ ਨਾਜ਼ਰ ਸਿੰਘ ਸਹੋਤਾ ਖੁਸ਼ੀ ਦੇ ਵਿਸਮਾਦ ਵਿੱਚ ਖੁਸ਼ ਹੋਏ ਬੋਲੇ ਕਿ "ਜ਼ਿੰਦਗੀ ਵਿੱਚ ਅੱਜ ਮੈਨੂੰ ਖ਼ਾਲਸਿਆਂ ਦੀ ਬਰਾਤ ਵੇਖਣ ਨੂੰ ਮਿਲੀ, ਪਤਾ ਨਹੀਂ ਇਸ ਸਿੱਖੀ ਦੇ ਬੂਟੇ ਦੇ ਕਿੱਥੇ ਦਰਸ਼ਨ ਹੋ ਜਾਣੇ"। ਫੋਟੋ ਵਿੱਚ ਟਰਾਂਸਪੋਰਟਰ ਨਾਜ਼ਰ ਸਿੰਘ ਸਹੋਤਾ ਉਸ ਖੁਸ਼ੀ ਦੇ ਪਲਾਂ

# ਮਹਿਲਾ ਫੁੱਟਬਾਲ ਸਟਾਰ ਕਾਰਲੀ ਲੋਇਡ ਨੇ ਕੀਤਾ ਰਿਟਾਇਰਮੈਂਟ ਦਾ ਐਲਾਨ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕੀ ਮਹਿਲਾ ਨੈਸ਼ਨਲ ਫੁੱਟਬਾਲ ਟੀਮ ਦੀ ਸਟਾਰ ਖਿਡਾਰੀ ਕਾਰਲੀ ਲੋਇਡ ਨੇ ਸੋਮਵਾਰ ਨੂੰ ਆਪਣੀ ਰਿਟਾਇਰਮੈਂਟ ਦੀ ਘੋਸ਼ਣਾ ਕੀਤੀ ਹੈ। 39 ਸਾਲਾਂ ਲੋਇਡ ਨੇ ਆਪਣੇ ਖੇਡ ਕਰੀਅਰ ਦੌਰਾਨ ਦੋ ਵਿਸ਼ਵ ਕੱਪ ਜਿੱਤੇ ਹਨ।



ਆਪਣੀ ਰਿਟਾਇਰਮੈਂਟ ਦੀ ਘੋਸ਼ਣਾ ਕਰਦਿਆਂ ਲੋਇਡ ਨੇ ਅਮਰੀਕੀ ਫੁੱਟਬਾਲ ਟੀਮ ਦਾ ਧੰਨਵਾਦ ਕੀਤਾ ਹੈ ,ਜਿਸਨੇ ਉਸਨੂੰ ਉਮਰ ਭਰ ਯਾਦ ਰਹਿਣ ਵਾਲੇ ਮੌਕੇ ਅਤੇ ਉਪਲੱਬਧੀਆਂ ਦਿੱਤੀਆਂ। ਇਸਦੇ ਨਾਲ ਹੀ ਲੋਇਡ ਨੇ ਕਿਹਾ ਕਿ ਉਹ ਫੁੱਟਬਾਲ ਟੀਮ ਦਾ ਸਮਰਥਨ ਜਾਰੀ ਰੱਖਣ ਦੇ ਨਾਲ ਇਸ ਖੇਡ ਨੂੰ ਅੱਗੇ ਵਧਾਉਣ ਅਤੇ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰਨ ਦੇ ਤਰੀਕੇ ਲੱਭਣਾ ਜਾਰੀ ਰੱਖਾਂਗੀ। ਲੋਇਡ ਆਪਣੀ ਰਾਸ਼ਟਰੀ ਮਹਿਲਾ ਫੁੱਟਬਾਲ ਲੀਗ ਟੀਮ, ਗੋਥਮ ਐਫ ਸੀ ਦੇ ਨਾਲ ਆਪਣਾ ਸੀਜ਼ਨ ਪੂਰਾ ਕਰੇਗੀ ਅਤੇ ਇਸ ਸਾਲ ਦੇ ਅਖੀਰ ਵਿੱਚ ਚਾਰ ਵਾਧੂ ਮੈਚਾਂ ਵਿੱਚ ਖੇਡ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਮੁਕਾਬਲਾ ਕਰੇਗੀ। ਲੋਇਡ ਦਾ ਜਨਮ 1982 ਵਿੱਚ ਡੇਲਰਨ, ਨਿਊ ਜਰਸੀ ਵਿੱਚ ਹੋਇਆ ਸੀ। ਕਾਲਜ ਵਿੱਚ, ਉਹ ਰੁਟਗਰਜ਼ ਯੂਨੀਵਰਸਿਟੀ ਲਈ ਖੇਡੀ ਜਿੱਥੇ ਉਸਨੇ ਚਾਰ ਸਾਲਾਂ ਵਿੱਚ ਆਲ-ਬਿਗ ਈਸਟ ਸਨਮਾਨ ਪ੍ਰਾਪਤ ਕੀਤੇ ।2002 ਵਿੱਚ, ਉਸਨੇ ਯੂ ਐਸ ਮਹਿਲਾ ਨੈਸ਼ਨਲ ਟੀਮ ਦੇ ਨਾਲ ਆਪਣੀ ਸ਼ੁਰੂਆਤ ਕੀਤੀ। ਲੋਇਡ ਨੇ ਆਪਣੇ ਫੁੱਟਬਾਲ ਦੇ ਕਰੀਅਰ ਦੌਰਾਨ 128 ਗੋਲ ਕੀਤੇ ਹਨ, ਜਿਸ ਨਾਲ ਉਹ ਅਮਰੀਕੀ ਇਤਿਹਾਸ ਵਿੱਚ ਚੌਥੀ ਸਭ ਤੋਂ ਵੱਧ ਸਕੋਰਰ ਬਣੀ।।ਲੋਇਡ ਨੇ 2015 ਅਤੇ 2016 ਵਿੱਚ ਫੀਫਾ ਵੁਮੈਨ ਪਲੇਅਰ ਆਫ਼ ਦਿ ਈਅਰ ਦਾ ਪੁਰਸਕਾਰ ਜਿੱਤਿਆ। ਉਹ ਆਪਣੇ ਦੇਸ਼ ਲਈ 300 ਤੋਂ ਵੱਧ ਵਾਰ ਖੇਡਣ ਵਾਲੀ ਚਾਰ ਅੰਤਰਰਾਸ਼ਟਰੀ ਫੁੱਟਬਾਲ ਖਿਡਾਰੀਆਂ ਵਿੱਚੋਂ ਇੱਕ ਹੈ। ਉਸਨੇ 2008, 2012 ਅਤੇ 2021 ਵਿੱਚ ਓਲੰਪਿਕ ਖੇਡਾਂ ਵਿੱਚ ਗੇਮ ਜਿੱਤਣ ਵਾਲੇ ਗੋਲ ਵੀ ਕੀਤੇ, ਲੋਇਡ ਨੇ 2021 ਵਿੱਚ ਅਮਰੀਕਾ ਲਈ ਕਾਂਸੀ ਦਾ ਤਮਗਾ ਵੀ ਜਿੱਤਿਆ। ਲੋਇਡ ਨੂੰ 2015 ਵਿੱਚ ਗੋਲਡਨ ਬਾਲ ਨਾਲ ਵੀ ਸਨ-ਮਾਨਿਤ ਕੀਤਾ ਗਿਆ, ਜੋ ਕਿ ਟੂਰਨਾਮੈਂਟ ਦੇ ਸਰਬੋਤਮ ਖਿਡਾਰੀ ਨੂੰ ਦਰਸਾਉਂਦੀ ਹੈ।

# ਅਮਰੀਕਾ ਦੀ ਇਸ ਟਰੈਕ ਐਥਲੀਟ ਨੇ ਟੋਕੀਓ ਓਲੰਪਿਕ ਵਿੱਚ ਜਿੱਤੇ 11 ਮੈਡਲ



ਜਪਾਨ ਦੇ ਸ਼ਹਿਰ ਟੋਕੀਓ ਵਿੱਚ ਚੱਲ ਰਹੀਆਂ ਉਲੰਪਿਕ ਖੇਡਾਂ ਵਿੱਚ ਇੱਕ ਅਮਰੀਕੀ ਮਹਿਲਾ ਟਰੈਕ ਐਥਲੀਟ ਨੇ 11 ਮੈਡਲ ਜਿੱਤੇ ਹਨ। ਐਲਿਸਨ ਫੇਲਿਕਸ ਨਾਮ ਦੀ ਇਹ ਐਥਲੀਟ ਹੁਣ ਸਭ ਤੋਂ ਵੱਧ ਮੈਡਲ ਜਿੱਤਣ ਵਾਲੀ ਅਮਰੀਕੀ ਐਥਲੀਟ ਬਣ ਗਈ ਹੈ। ਉਸਨੇ ਸ਼ਨੀਵਾਰ ਨੂੰ ਆਪਣਾ 11ਵਾਂ ਤਮਗਾ ਜਿੱਤਿਆ। ਇਸ ਤੋਂ ਪਹਿਲਾਂ ਅਮਰੀਕਾ ਵਿੱਚ ਕਾਰਲ ਲੇਵਿਸ ਨੇ ਯੂ ਐਸ ਟਰੈਕ ਐਥਲੀਟ ਦੇ ਰੂਪ ਵਿੱਚ ਜਿਆਦਾ ਤਮਗੇ ਜਿੱਤਣ ਦਾ ਇਹ ਖਿਤਾਬ ਹਾਸਲ ਕੀਤਾ ਸੀ। ਫੇਲਿਕਸ ਦੇ 11 ਮੈਡਲਾਂ ਵਿੱਚੋਂ ਸੱਤ ਗੋਲਡ, ਤਿੰਨ ਚਾਂਦੀ ਅਤੇ ਇੱਕ ਕਾਂਸੀ ਦਾ ਮੈਡਲ ਹੈ। 35 ਸਾਲ ਦੀ ਉਮਰ ਵਿੱਚ, ਫੇਲਿਕਸ ਟਰੈਕ ਐਂਡ ਫੀਲਡ ਗੋਲਡ ਮੈਡਲ ਜਿੱਤਣ ਵਾਲੀ ਸਭ ਤੋਂ ਵੱਧ ਉਮਰ ਦੀ ਅਮਰੀਕੀ ਮਹਿਲਾ ਵੀ ਹੈ।






# ਆਈਵੀਏਸੀਸੀ ਦੇ ਮੈਂਬਰਾਂ ਦੀ ਮੀਟਿੰਗ

**ਸੈਕਰਾਮੈਂਟੋ–** ਕੋਰੋਨਾਵਾਇਰਸ ਨੇ ਦਸੰਬਰ 2019 ਤੋਂ ਆਈਵੀਏਸੀਸੀ ਦੇ ਮੈਂਬਰਾਂ ਨੂੰ ਘਰ ਰਹਿਣ ਲਈ ਮਜਬੂਰ ਕੀਤਾ। ਸਮਾਜਕ ਜੀਵਨ ਤੋਂ ਬਿਨਾਂ ਘਰ ਰਹਿਣਾ ਬਹੁਤ ਮੁਸ਼ਕਲ ਸੀ. ਕੁਦਰਤ ਦੁਆਰਾ ਮਨੁੱਖ ਇੱਕ ਸਮਾਜਿਕ ਜੀਵ ਹੈ। ਆਈਵੀਏਸੀਸੀ ਦੇ ਨਿਰਦੇਸ਼ਕ ਮੰਡਲ ਨੇ ਸਹੀ ਸਾਵਧਾਨੀ ਦੇ ਨਾਲ ਬੁੱਧਵਾਰ 11 ਅਗਸਤ, 2021 ਨੂੰ ਇੱਕ ਮੀਟਿੰਗ ਬੁਲਾਉਣ ਦਾ ਫੈਸਲਾ ਕੀਤਾ ਸੀ। ਹਾਜ਼ਰ ਹੋਣ ਵਾਲੇ ਹਰੇਕ ਮੈਂਬਰ ਸਾਹਿਬਾਨ ਨੂੰ ਮਾਸਕ ਪਹਿਨਣ ਲਈ ਉਤਸ਼ਾਹਤ ਕੀਤਾ ਗਿਆ। ਖੁਸ਼ੀ ਦੀ ਗੱਲ ਹੈ ਕਿ ਹਰ ਇੱਕ ਨੇ ਸਹਿਯੋਗ ਦਿੱਤਾ ਅਤੇ ਸੁਰੱਖਿਆ ਨੂੰ ਸਭ ਤੋਂ ਪਹਿਲ ਦਿੱਤੀ।

ਹਾਜ਼ਰੀ ਬਹੁਤ ਉਤਸ਼ਾਹਜਨਕ ਸੀ।

ਕਬਾਬ ਕਾਰਨਰ ਰੈਸਟੋਰੈਂਟ ਦੁਆਰਾ ਭੋਜਨ ਅਤੇ ਸੇਵਾ ਬਹੁਤ ਸੰਤੋਸ਼ਜਨਕ ਹੈ।

ਸਾਡੇ ਬੋਰਡ ਮੈਂਬਰ ਡਾ: ਫਿਰਦੋਸ ਸ਼ੇਖ ਇੱਕ ਨਿਊਰੋਲੋਜਿਸਟ ਹਨ। ਜਿਹਨਾਂ ਕਿਹਾ ਕਿ "ਸਾਰਿਆਂ ਨੂੰ ਵੇਖ ਕੇ ਬਹੁਤ ਖੁਸ਼ੀ ਹੋਈ ਅਤੇ ਸਾਰੇ ਤੰਦਰੁਸਤ ਅਤੇ ਖੁਸ਼ ਨਜ਼ਰ ਆ ਰਹੇ ਹਨ। ਡਾ: ਫਿਰਦੋਸ ਸ਼ੇਖ ਸਮੁੱਚੀ ਟੀਮ ਵਧਾਈ ਦਿੰਦਿਆਂ ਟੀਮ ਦਾ ਧੰਨਵਾਦ ਕੀਤਾ। ਸਾਰਿਆਂ ਨੂੰ ਵੇਖ ਕੇ । ਲਖਵਿੰਦਰ ਨੇ ਔਰਤਾਂ ਦੀ ਸਫਲਤਾ 'ਤੇ ਵਧਾਈ ਦਿੰਦਿਆਂ ਸਭ ਨੂੰ ਸ਼ੁਭਕਾਨਾਵਾਂ ਦਿੱਤੀਆਂ ਅਤੇ ਪੂਨਮ ਮਲਹੋਤਰਾ ਅਤੇ ਡਾ ਜੇ ਪੀ ਸਿੰਘ ਨੂੰ ਵਧਾਈ ਦਿੱਤੀ। ਸੋਹਣੇ ਗੀਤਾਂ ਲਈ ਧੰਨਵਾਦ



ਕੀਤਾ। ਡਾ ਪਰਮਜੀਤ ਸਿੰਘ ਤੱਖਰ ਅਤੇ ਗੁੱਡੀ ਤੱਖਰ ਦਾ ਕੋਵਿਡ ਅਪਡੇਟ ਲਈ ਧੰਨਵਾਦ ਕੀਤਾ ਗਿਆ।

ਇਸ ਵੇਲੇ ਸਭ ਤੋਂ ਵਧੀਆ ਕਮਿਊਨਿਟੀ ਸੇਵਾ ਲੋਕਾਂ ਨੂੰ ਟੀਕਾਕਰਣ ਲਈ ਜਾਗਰੂਕ ਕਰਨਾ ਹੈ।

ਤੁਹਾਡੇ ਲਈ ਸਭ ਤੋਂ ਵਧੀਆ ਸੇਵਾ ਹੈ ਮਾਸਕ ਪਹਿਨਣਾ, ਆਪਣੀ ਸਿਹਤ ਅਤੇ ਇਮਿਊਨ ਸਿਸਟਮ ਬਣਾਉਣਾ। ਖੁਸ਼ ਰਹੋ। ਅਕਸਰ ਹੱਸੋ ਅਤੇ ਜੁੜੇ ਰਹੋ।

ਇਸ ਮੌਕੇ ਪ੍ਰਧਾਨ ਮਿਸ ਲਖਵਿੰਦਰ ਕੌਰ ਨੇ ਆਈਵੀਸੀਸੀਏ ਨਵੇਂ ਪਰਿਵਾਰਕ ਮੈਂਬਰਾਂ ਦਾ ਸਵਾਗਤ ਕੀਤਾ ਜਿਹਨਾਂ ਵਿਚ–

1: ਡਾ: ਜੇ ਪੀ ਸਿੰਘ ਦੰਦਾਂ ਦੇ ਮਾਹਰ ਜੀਵਨ ਮੈਂਬਰ

2: ਡਾ: ਫਿਰਦੋਸ ਸ਼ੇਖ ਇੱਕ ਨਿਊਰੋਲੋਜਿਸਟ, ਲਾਈਫ ਮੈਂਬਰ ਸਾਮਲ ਸਨ।

3: ਗੁਰਮੀਤ ਸਿੰਘ ਵੜੈਚ, ਜੀਵਨ ਮੈਂਬਰ.

ਸਾਡੇ ਉਪ ਪ੍ਰਧਾਨ ਦਲਜੀਤ ਸਿੰਘ ਸੰਧੂ ਨੇ ਮਹਿਮਾਨ ਬੁਲਾਰਿਆਂ ਦੀ ਜਾਣ – ਪਛਾਣ ਕਰਵਾਈ।

ਪਰਮਪ੍ਰੀਤ ਸਿੰਘ ਬਿੰਦਰਾ, ਅਟਾਰਨੀ, ਟੀਕਾਕਰਣ ਦੀ ਜਾਣਕਾਰੀ ਦਿੱਤੀ ਗਈ।

ਫੈਮਿਲੀ ਮੈਡੀਸਨ ਅਤੇ ਅਰਜੈਂਟ ਕੇਅਰ ਕਲੀਨਿਕ ਸੈਕਰਾਮੈਂਟੋ ਡਾ: ਪਰਮਜੀਤ ਸਿੰਘ ਤੱਖਰ ਅਤੇ ਡਾ: ਗੁੱਡੀ ਤੱਖਰ, ਮਿਸ ਪੂਨਮ ਮਲਹੋਤਰਾ ਅਤੇ ਡਾ: ਜੇਪੀ ਸਿੰਘ ਦੁਆਰਾ ਦਿੱਤੀ ਗਈ।

ਸੁਰ ਸੰਗਮ ਪ੍ਰੋਗਰਾਮ

ਮਾਨਯੋਗ. ਰੌਡ ਬ੍ਰੇਵੇ, ਐਲਕ ਗਰੋਵ ਸਿਟੀ ਕੌਂਸਲ

ਮੀਟਿੰਗ ਬਲਦੇਵ ਰੰਧਾਵਾ ਲਾਈਫ ਮੈਂਬਰ ਆਈਵੀਏਸੀਸੀ ਅਤੇ ਸੇਵਾਮੁਕਤ ਇੰਜੀਨੀਅਰ ਨੇ ਧੰਨਵਾਦ ਦੇ ਮਤੇ ਨਾਲ ਮੀਟਿੰਗ ਦੀ ਸਮਾਪਤੀ ਕੀਤੀ।

**(ਰਿਪੋਰਟ ਅਤੇ ਤਸਵੀਰਾਂ)**

Sukh C. Singh- General Secretary
Indus Valley American
Chamber of Commerce
501(C) ID #31428
Phone 916 802 5776 Fax 916 897 8748
E mail: chainsukh@aol.com
www.induschamber.com












DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



ਦੇਸ਼ ਦੁਆਬਾ

# Remembering Chhatrapati Shahuji Maharaj on 119th year of 50 % Reservation for the Dalits and Backward Classes

Prem K. Chumber

Editor-in-Chief: www.ambedkartimes.com



Chhatrapati Shahu Ji Maharaj was one of the earliest pioneer-saviours of the Scheduled Castes and Backward Classes who, for the first time in the history of the country, implemented 50 percent of reservation for the Dalits and Backward Classes in government jobs and education institutions. He also facilitated the entry of the lower castes in the temples. He was of the firm view that a handful of the upper-castes of his state hadmonopolizedall the offices of profit. All the shrines in the temples within his state, as elsewhere in rest of the country, were also monopolized by Brahmin priests. He saw to it that at least fifty percent of the shrines were to be looked after by the priests belonging to lower castes. He wanted that the lower castes should get best of the education, so that they could compete with their counterparts from the upper castes effectively. To make this a reality, he made the primary education compulsory for the lower castes in his Kingdom of the Kolhapur state.

The seminal contribution made by Chhatrapati Shahu Ji Maharaj was not limited to education and government jobs. He made concerted efforts to liberate the lower castes from the all pervasive hegemony of the Brahminical priestly class structures of socio-economic dominations by empowering them to stand on their own sources of livelihood so that they need not to depend on the evil and oppressive systems of Balutdari and Vatandari. He paved the way for the inclusion of reservation in the constitution of Independent India drafted under the Chairmanship of Babasaheb Dr. B.R. Ambedkar to whom Shahu Ji Maharaj encouraged and supported to come forward to cut the shackles of the centuries old slavery of the lower castes. "Desh Doaba" & "Ambedkar Times" weekly newspapers fondly remember and pay its deepest regards to Revered Chhatrapati Shahu Ji Maharaj on his great cause to the Dalits and Bacward Classes.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-177-178

## ਜਗਤ ਰਚਨਾ ਤੋਂ ਪਹਿਲੇ



ਅਵਤਾਰ ਸਿੰਘ ਮਿਸ਼ਨਰੀ
510-432-5827

ਇਸ ਬਾਰੇ ਦੱਸਣਾ ਮੁਸ਼ਕਲ ਤੇ ਬੁਝਾਰਤੈ ਜਿਸ ਨੂੰ ਸਮੇਂ ਸਮੇਂ ਵਿਦਵਾਨਾਂ, ਮਹਾਂਪੁਰਸ਼ਾਂ, ਵਿਗਿਆਨੀਆਂ, ਫਲਾਸਫਰਾਂ ਆਦਿਕ ਨੇ ਆਪੋ ਆਪਣੇ ਗਿਆਨ-ਵਿਗਿਆਨ ਨਾਲ ਦੱਸਣ ਦੇ ਭਰਪੂਰ ਯਤਨ ਕੀਤੇ ਪਰ ਸ਼ਪੱਸ਼ਟਤਾ ਸਾਹਮਣੇ ਨਹੀਂ ਆਈ। ਰਿਗਵੇਦ ਤੋਂ ਲੈ ਕੇ ਮੱਧ ਯੁੱਗ ਦੇ ਧਰਮ ਸਕਾਲਰਾਂ ਤੱਕ ਇਸ ਦੀ ਪੜਚੋਲ ਹੁੰਦੀ ਆਈ। ਤੱਰਕਵੇਤਾ ਵਿਦਵਾਨ ਫਿਲਾਸਫਰਾਂ ਨੇ ਤੱਰਕ ਦੇ ਅਧਾਰ 'ਤੇ ਦੱਸਿਆ ਅਤੇ ਧਰਮੀਆਂ ਜਾਂ ਰਹੱਸਵਾਦੀਆਂ ਨੇ ਆਪੋ ਆਪਣੇ ਅਨੁਭਵ ਪ੍ਰਗਟ ਕੀਤੇ। ਗੁਰੂ ਨਾਨਕ ਸਾਹਿਬ ਨਿਰਾਲੇ ਤੇ ਵੱਖਰੇ ਢੰਗ ਨਾਲ ਉਸ ਸਮੇ ਦੀ ਕਲਪਨਾ ਕੀਤੀ ਜਦ ਜਗਤ ਵਜੂਦ 'ਚ ਨਹੀਂ ਸੀ। ਜਦ ਸਿੱਧ ਗੋਸਟ ਕਰਦੇ ਸਿੱਧਾਂ ਨੇ ਇਸ ਬਾਰੇ ਪੁੱਛਿਆ ਕਿ-ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾਂ ਘਰ ਵਾਸੋ॥(ਮ:੧-੯੪੦) ਤਾਂ ਗੁਰੂ ਨਾਨਕ ਸਾਹਿਬ ਨੇ ਉੱਤਰ ਫੁਰਮਾਇਆ ਕਿ ਇਸ ਬਾਰੇ ਕਹਿਣਾ ਬੜਾ ਵਿਸਮਾਦ ਤੇ ਉਹ ਸੁੰਨ ਅਵਸਥਾ 'ਚ ਸੀ-ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਰੰਤਰਿ ਵਾਸੁ ਲੀਆ॥(੯੪੦) ਮਾਰੂ ਰਾਗ ਵਿਖੇ ਗੁਰੂ ਸਾਹਿਬ ਨੇ ਬੜੇ ਵਿਸਥਾਰ ਨਾਲ ਦਰਸਾਇਆ ਕਿ ਓਦੋਂ ਅਨਗਿਣਤ ਯੁੱਗਾਂ ਤੱਕ ਅੰਧਕਾਰ ਪਸਰਿਆ ਹੋਇਆਂ ਸੀ। ਓਦੋਂ ਧਰਤੀ ਨਾ ਅਕਾਸ਼, ਦਿਨ ਨਾ ਰਾਤ, ਚੰਦ ਨਾ ਸੂਰਜ, ਖਾਣੀਆਂ ਨਾ ਬਾਣੀਆਂ, ਪੌਣ ਨਾਂ ਪਾਣੀ, ਜੰਮਨ ਨਾ ਮਰਨ, ਉਤਪਤ ਨਾ ਪਰਲੋ ਸਗੋਂ ਕੁਦਰਤਿ ਆਪਣੀ ਅਦਿਖ ਅਵੱਸਥਾ 'ਚ ਆਪ ਸੀ। ਗੁਰੂ ਸਾਹਿਬ ਫੁਰਮਾਂਦੇ ਨੇ ਕਿ ਰੱਬੀ ਭਾਣੇ ਕੁਦਰਤੀ ਵਰਤਾਰੇ 'ਚ ਜਗਤ ਪੈਦਾ ਹੋਇਆ-ਜਾ ਤਿਸ ਭਾਣਾ ਤਾ ਜਗਤ ਉਪਾਇਆ॥ ਬਾਜ ਕਲਾ ਆਡਾਣੁ ਰਹਾਇਆ॥..,ਖੰਡ ਮੰਡਲ ਪਾਤਾਲ ਆਰੰਭੇ ਗੁਪਤਹੁ ਪਰਗਟੀ ਆਇਦਾ॥(ਮ:੧-੧੦੩੬) ਜਗਤ ਰਚਨਾ ਤੋਂ ਪਹਿਲੇ ਪ੍ਰਚਲਤ ਅਨੁਮਾਨ ਹੈ ਕਿ-ਕੇਤੇ ਜੁਗ ਵਰਤੇ ਗੁਬਾਰੇ॥ ਤਾੜੀ ਲਾਈ ਅਪਰ ਅਪਾਰੈ॥ ਧੁੰਦੂਕਾਰ ਨਿਰਾਲਮ ਬੈਠਾ ਨ ਤਦਿ ਧੰਧੁ ਪਸਾਰਾ ਹੇ॥(੧੦੨੬) ਸੁੰਨ ਤੋਂ ਹੀ ਜਗਤ ਰਚਨਾ ਰਚੀ-ਸੁੰਨ ਕਲਾ ਅਪਰੰਪਰਿ ਧਾਰੀ॥ ਆਪਿ ਨਿਰਾਲਮੁ ਅਪਰ ਅਪਾਰੀ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨ ਉਪਾਇਦਾ॥ ਪਾਉਣ ਪਾਣੀ ਸੁੰਨੈ ਤੇ ਸਾਜੇ॥ ਸ੍ਰਿਸਟਿ ਉਪਾਇ ਕਾਇਮ ਗੜ ਰਾਜੇ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੈ ਕਲਾ ਰਹਾਇਦਾ॥ (ਮ:੧-੧੦੩੭) ਸੁੰਨ ਤੋਂ ਭਾਵ ਉਸ ਅਵੱਸਥਾ ਦਾ ਹੈ ਜਦ ਜਗਤ ਰਚਨਾ ਤੋਂ ਪਹਿਲਾਂ ਸਾਰੀਆਂ ਸ਼ਕਤੀਆਂ ਕੁਦਰਤ ਵਿੱਚ ਸਮੋਈਆਂ ਹੋਈਆਂ ਸਨ॥ ਓਦੋਂ ਕਿਸੇ ਪ੍ਰਕਾਰ ਦਾ ਰੂਪ, ਰੰਗ ਰੇਖ, ਅਕਾਰ-ਪ੍ਰਕਾਰ ਕੁਝ ਵੀ ਨਹੀਂ ਸੀ॥ ਸਭ ਕਿਛ ਕੁਦਰਤ 'ਚ ਸਮਾਇਆ ਹੋਇਆ ਸੀ।

### ਜਗੰਨਾਥ ਪੁਰੀ ਦੀ ਕਥਾ ਤੇ ਉਪਦੇਸ਼

ਜਗੰਨਾਥ-ਜਗਤ ਦਾ ਸਵਾਮੀ, ਕਰਤਾਰ-ਜਗੰਨਾਥ ਸਭ ਜੰਤ ਉਪਾਇ॥(ਮ:੪) ਦੂਜਾ ਅਰਥ ਵਿਸ਼ਨੂੰ ਅਥਵਾ ਕ੍ਰੀਸ਼ਨ ਜੀ ਦੀ ਇਕ ਮੂਰਤੀ ਜੋ ਬੰਗਾਲ ਤੇ ਭਾਰਤ ਦੇ ਕਈ ਹੋਰ ਪ੍ਰਦੇਸਾਂ ਵਿੱਚ ਪੂਜੀ ਜਾਂਦੀ ਪਰ ਉੜੀਸਾ ਵਿੱਚ ਕਟਕ ਦੇ ਜਿਲ੍ਹੇ ਸਮੁੰਦ੍ਰ ਦੇ ਕਿਨਾਰੇ "ਪੁਰੀ" 'ਚ ਇਸ ਦੀ ਬਹੁਤ ਮਾਣਤਾ ਤੇ ਬਹੁਤੇ ਯਾਤਰੀ ਰਥਯਾਤਰਾ ਦੇ ਦਿਨਾਂ 'ਚ ਇੱਥੇ ਆਉਂਦੇ ਹਨ। ਹਾੜ ਸੁਦੀ ੨ ਨੂੰ ਇਹ ਯਾਤਰਾ ਕੱਢੀ ਜਾਂਦੀ ਹੈ। ਇਸ ਸਮੇ ਜਗਨਾਥ (ਕ੍ਰਿਸ਼ਨ) ਦੀ ਮੂਰਤ ਨੂੰ ਰੱਥ 'ਚ ਰੱਖਦੇ ਨੇ ਜਿਸ ਰਥ ਦੇ ੧੬ ਪਹੀਏ ਤੇ ਇਹ ਰਥ ੪੯ ਫੁੱਟ ਉੱਚਾ ਤੇ ਭਗਤ ਲੋਕ ਇਸ ਨੂੰ ਸ਼ਰਧਾ ਨਾਲ ਖਿਚਦੇ ਹਨ। ਇਓਨਾਲ ਦੋ ਹੋਰ ਰਥ "ਬਲਰਾਮ" ਦਾ ੧੪ ਪਹੀਏ ਦਾ ੪੪ ਫੁੱਟ ਉੱਚਾ, ਭਦ੍ਰਾ ਦਾ ੧੨ ਪਹੀਏ ਦਾ ੪੩ ਫੁੱਟ ਉੱਚਾ ਇਨ੍ਹਾਂ 'ਚ ਵੀ ਦੋਹਾਂ ਦੀਆਂ ਮੂਰਤੀਆਂ ਰੱਖੀਆਂ ਜਾਂਦੀਆਂ ਹਨ। ਪੁਰਾਨੇ ਸਮੇ ਅੰਧਭਗਤ ਇਨ੍ਹਾਂ ਰਥਾਂ ਥੱਲੇ ਆ ਕੇ ਮਰਨ ਨੂੰ ਮੁਕਤੀ ਸਮਝਦੇ ਸਨ।

ਸਕੰਧ ਪੁਰਾਨ 'ਚ ਜਗਨਨਾਥ ਦੀ ਇਕ ਅਨੋਖੀ ਕਥਾ ਕਿ ਜਦ ਕ੍ਰਿਸ਼ਨ ਜੀ ਨੂੰ ਸ਼ਿਕਾਰੀ "ਜਰ" ਨੇ ਮਾਰ ਦਿੱਤਾ ਤਾਂ ਉਂਹਾਂ ਦਾ ਸਰੀਰ ਇਕ ਬ੍ਰਿਛ ਥੱਲੇ ਹੀ ਪਿਆ ਪਿਆ ਸੜ ਗਿਆ ਪਰ ਕੁਝ ਕਾਲ ਪਿੱਚੋਂ ਕਿਸੇ ਪ੍ਰੇਮੀ ਨੇ ਕ੍ਰਿਸ਼ਨ ਦੀਆਂ ਅਸਥੀਆਂ ਨੂੰ ਇਕ ਸੰਦੂਕ 'ਚ ਪਾ ਕੇ ਰੱਖ ਦਿੱਤਾ। ਉੜੀਸਾ ਦੇ ਰਾਜੇ ਇੰਦ੍ਰਦੁਯਮਨ ਨੂੰ ਵਿਸ਼ਨੂੰ ਵੱਲੋਂ ਹੁਕਮ ਹੋਇਆ ਕਿ ਜਗਨਨਾਥ ਦਾ ਬੁੱਤ ਬਣਾ ਕੇ ਉਹ ਅਸਥੀਆਂ ਉਸ 'ਚ ਅਸਥਾਪਨ ਕਰੇ ਤਾਂ ਇਸ ਰਾਜੇ ਦੀ ਬੇਨਤੀ ਮੰਨ ਵਿਸ਼ਕਰਮਾ ਦੇਵਤਿਆਂ ਦਾ ਮਿਸਤਰੀ ਇਕ ਸ਼ਰਤ 'ਤੇ ਬੁੱਤ ਬਣੌਣ ਲੱਗ ਪਿਆ ਕਿ ਜੇ ਕੋਈ&; ਬਣਦੀ ਮੂਰਤੀ ਨੂੰ ਪੂਰੀ ਹੋਈ ਬਿਨਾ ਹੀ ਦੇਖ ਲਵੇਗਾ ਤਾਂ ਮੈਂ ਕੰਮ ਓਥੇ ਹੀ ਬੰਦ ਕਰ ਦੇਵਾਂਗਾ। ਪੰਦਰਾਂ ਦਿਨਾਂ 'ਚ ਹੀ ਰਾਜਾ ਬੇਸਬਰਾ ਹੋ ਵਿਸ਼ਕਰਮਾਂ ਪਾਸ ਪੁੱਜਾ ਤੇ ਗੁਸੈਲ ਵਿਸ਼ਕਰਮਾਂ ਨੇ ਮੂਰਤੀ ਦਾ ਕੰਮ ਵਿੱਚੇ ਛੱਡਤਾ ਤਾਂ ਇਹ ਬੁੱਤ ਬਿਨਾ ਹੱਥਾਂ ਪੈਰਾਂ ਦੇ ਰਹਿ ਗਿਆ। "ਰਾਜੇ" ਨੇ ਬ੍ਰਹਮਾਂ ਅੱਗੇ ਪ੍ਰਾਰਥਨਾ ਕੀਤੀ ਤਾਂ ਬੁੱਤ ਪੂਰਾ ਕਰ ਥਾਪਿਆ। ਇਤਿਹਾਸ ਤੋਂ ਪ੍ਰਸਿੱਧ ਹੈ ਕਿ ਜਗੰਨਾਥ ਦਾ ਮੰਦਰ ਰਾਜਾ ਅਨੰਤਵਰਮਾ ਨੇ ਬਣਵਾਇਆ ਜੋ ਸਨ ੧੦੭੬ ਤੋਂ ਸਨ ੧੧੪੭ ਤੱਕ ਗੰਗਾ ਤੇ ਗੋਦਾਵਰੀ ਦੇ ਮੱਧ ਰਾਜ ਕਰਦਾ ਸੀ।ਇਸ ਮੰਦਰ ਤੇ ਉਕਰੀਆਂ ਨਗਨ ਮੂਰਤੀਆਂ ਨਿਰਲੱਜਤਾ ਦਾ ਨਮੂਨਾ ਪੇਸ਼ ਕਰਦੀਆਂ ਹਨ। ਵਿਦਵਾਨਾਂ ਦਾ ਖਿਆਲ ਹੈ ਕਿ ਇਹ ਅਸਥਾਨ ਵਾਮਮਾਰਗੀਆਂ ਦਾ ਸੀ ਜਿਸ ਨੂੰ ਵੈਸ਼ਨਵਾਂ ਨੇ ਆਪਣੇ ਕਬਜੇ ਕਰ ਲਿਆ ਹੈ।

ਲੋਕਾਂ ਨੂੰ ਸੱਚੇ ਧਰਮ ਦਾ ਉਪਦੇਸ ਦਿੰਦੇ, ਗੁਰੂ ਨਾਨਕ ਸਾਹਿਬ ਜਗਨਨਾਥ ਪੁਰੀ ਜਾ ਪਹੁੰਚੇ&; ਤੇ ਪਾਂਡਿਆਂ ਨਾਲ ਵਿਚਾਰ-ਚਰਚਾ ਕਰਦੇ ਆਰਤੀ ਵਾਲਾ ਸ਼ਬਦ ਇੱਥੇ ਉਚਾਰ ਉਪਦੇਸ਼ ਦਿੱਤਾ।(ਮਹਾਨਕੋਸ਼)

ਗੁਰੂ ਜੀ ਮੰਦਰ ਤੋਂ ਕੁਝ ਵਿੱਥ ਤੇ ਜਾ ਕੇ ਬਹਿ ਗਏ ਭਾਈ ਮਰਦਾਨਾ ਜੀ ਰਬਾਬ ਵਜਾਉਣ ਲੱਗੇ। ਲੋਕ ਉਦਾਲੇ ਆ ਜੁੜੇ, ਕੀਰਤਨ ਸੁਣਿਆਂ ਤੇ ਗੁਰੂ ਜੀ ਤੋਂ ਰੱਬ ਬਾਰੇ, ਗੱਲਾਂ ਪੁੱਛੀਆਂ। ਗੁਰੂ ਜੀ ਨੇ ਸਭ ਸਵਾਲਾਂ ਦੇ ਉੱਤਰ ਦਿਤੇ। ਤਕਾਲਾਂ ਪੈ ਗਈਆਂ। ਬ੍ਰਾਹਣਾਂ ਤੇ ਪੁਜਾਰੀਆਂ ਨੇ ਕਿਹਾ "ਜਗਨਨਾਥ ਦੀ ਆਰਤੀ ਹੋਣ ਲੱਗੀ ਹੈ, ਤੁਸੀਂ ਵੀ ਸਾਮਲ ਹੋਵੋ। ਗੁਰੂ ਜੀ ਨੇ ਕਿਹਾ, "ਜਗਤ ਦੇ ਨਾਥ ਕਰਤਾਰ ਦੀ ਆਰਤੀ 'ਚ ਅਸੀਂ ਜਰੂਰ ਸ਼ਾਮਲ ਹੋਵਾਗੇ। ਗੁਰੂ ਜੀ ਜਗਨਨਾਥ ਦੇ ਮੰਦਰ ਪੁੱਜੇ। ਉਹ ਕੀ ਵੇਖਦੇ ਨੇ ਕਿ ਇੱਕ ਵੱਡੇ ਸਾਰੇ ਸੁਨਹਿਰੀ ਥਾਲ 'ਚ ਹੀਰੇ ਮੋਤੀ ਅਤੇ ਲਾਲ ਜੜੇ ਹੋਏ ਹਨ। ਇਸ ਵਿੱਚ ਇੱਕ ਵੱਡਾ ਸਾਰਾ ਚਹੁੰਵੱਟੀਆਂ ਵਾਲਾ ਦੀਵਾ ਹੈ। ਦੀਵੇ ਦੀਆਂ ਚਾਰੇ ਵੱਟੀਆਂ ਬਲ ਰਹੀਆਂ ਹਨ। ਦੀਵੇ ਦੇ ਲਾਗੇ ਥਾਲ 'ਚ ਧੂਪ ਧੁਖ ਰਹੀ ਹੈ। ਇੱਕ ਪਾਸੇ ਚਾਂਦੀ ਦੀ ਥਾਲੀ 'ਚ ਸੰਦਲ ਦਾ ਬੂਰ ਪਿਆ ਹੈ। ਉਸ ਉਪਰ ਮੁਸਕ ਕਾਫੂਰ ਦੀ ਡਲੀ ਰੱਖ ਅੱਗ ਲਾਈ ਹੋਈ, ਮੂਰਤੀ ਨੂੰ ਚੌਰ ਹੋ ਰਿਹਾ ਤੇ ਢੋਲਕੀਆਂ, ਛੈਣੇ ਵੱਜ ਰਹੇ ਹਨ। ਮੂਰਤੀ ਦੀ ਆਰਤੀ ਹੋ ਰਹੀ ਹੈ। ਥਾਲ ਨੂੰ ਹੇਠਾਂ-ਉਪਰ ਅਤੇ ਗੋਲ ਚੱਕਰ 'ਚ ਘੁਮਾਇਆ ਜਾ ਰਿਹਾ ਹੈ। ਨਾਲ ਨਾਲ ਬ੍ਰਾਹਮਣ ਤੇ ਹੋਰ ਲੋਕ ਭਜਨ ਗਾ ਰਹੇ ਹਨ।

ਗੁਰੂ ਜੀ ਚੁੱਪ ਕੀਤੇ ਬਾਹਰ ਆ ਗਏ। ਆਪ ਤਾਰਿਆਂ ਨਾਲ ਜੜ੍ਹਤ ਨੀਲੇ ਅਸਮਾਨ ਨੂੰ ਵੇਖਦੇ ਰਹੇ ਤੇ ਰੱਬ ਦੀ ਕੁਦਰਤ ਨੂੰ ਵੇਖ ਕੇ ਉਸ ਦਾ ਜਸ ਕਰਦੇ ਰਹੇ। ਜਦੋਂ ਲੋਕੀ ਆਰਤੀ ਕਰਕੇ ਬਾਹਰ ਆਏ ਤਾਂ ਉਹਨਾਂ ਨੇ ਗੁਰੂ ਜੀ ਨੂੰ ਪੁੱਛਿਆ, "ਤੁਸੀਂ ਆਰਤੀ 'ਚ ਸ਼ਾਮਲ ਕਿਉਂ ਨਹੀ ਹੋਏ?" ਗੁਰੂ ਜੀ ਨੇ ਬੜੇ ਧੀਰਜ ਨਾਲ ਉੱਤਰ ਦਿੱਤਾ, "ਮੈਂ ਤਾਂ ਜਗਤ ਦੇ ਮਾਲਕ ਦੀ ਸੱਚੀ ਆਰਤੀ ਕਰ ਰਿਹਾ ਸਾਂ। ਤੁਸੀਂ ਆਪ ਉਸ ਸੱਚੀ ਆਰਤੀ 'ਚ ਸ਼ਾਮਲ ਨਹੀ ਸਉ।ਇੱਕ ਬ੍ਰਾਹਮਣ ਨੇ ਪੁੱਛਿਆ, "ਤੁਸੀਂ ਇੱਥੇ ਬੈਠੇ ਕਿਹੜੀ ਆਰਤੀ ਕਰਦੇ ਰਹੇ ਹੋ? ਆਰਤੀ ਤਾਂ ਮੰਦਰ ਦੇ ਅੰਦਰ ਹੋ ਰਹੀ ਸੀ।

ਗੁਰੂ ਜੀ ਨੇ ਦੱਸਿਆ ਕਿ ਜਗਤ ਦੇ ਮਾਲਕ ਦੀ ਸੱਚੀ ਆਰਤੀ ਹਰ ਸਮੇਂ, ਹਰ ਜਗ੍ਹਾਂ ਹੋ ਰਹੀ ਹੈ। ਅਸੀਂ ਇਨਸਾਨ ਦੇ ਹੱਥੀਂ ਘੜੀ ਹੋਈ ਕਿਸੇ ਮੂਰਤੀ ਦੀ ਆਰਤੀ ਨਹੀਂ ਕਰਦੇ। ਅਸੀਂ ਤਾਂ ਪ੍ਰਮਾਤਮਾ ਦੀ ਸੱਚੀ ਆਰਤੀ ਕਰਦੇ ਹਾਂ। ਇਹ ਬਚਨ ਕਹਿ ਕੇ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਇਸਾਰਾ ਕੀਤਾ। ਭਾਈ ਮਰਦਾਨਾ ਜੀ ਨੇ ਰਬਾਬ ਵਜਾਈ। ਗੁਰੂ ਜੀ ਨੇ ਧਨਾਸਰੀ ਰਾਗ 'ਚ ਇਹ ਸਬਦ ਉਚਾਰਿਆ-

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ॥ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥ਸਭ ਮਹਿ ਜੋਤਿ ਜੋਤਿ ਹੈ ਸੋਇ॥ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ਗੁਰ ਸਾਖੀ ਜੋਤਿ ਪਰਗਟੁ ਹੋਇ॥ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥੪॥੧॥੭॥੯॥ (੬੬੩)

ਸਬਦ ਦਾ ਕੀਰਤਨ ਕਰਨ ਮਗਰੋਂ ਗੁਰੂ ਜੀ ਨੇ ਉਸ ਦੇ ਅਰਥ ਸਮਝਾਏ। ਗੁਰੂ ਜੀ ਨੇ ਦੱਸਿਆ ਕਿ ਅਸਮਾਨ ਇਕ ਥਾਲ ਹੈ। ਸੂਰਜ ਅਤੇ ਚੰਦ ਉਸ ਥਾਲ ਵਿਚ ਮਾਨੋ ਦੀਵੇ ਹਨ, ਤਾਰੇ ਮੋਤੀ ਹਨ। ਸੁਗੰਧੀ ਵਾਲੇ ਫੁੱਲ ਤੇ ਚੰਦਨ ਦੇ ਰੁੱਖ ਧੂਪ ਹਨ, ਵਗ ਰਹੀ ਹਵਾ ਚੋਰ ਕਰ ਰਹੀ ਹੈ। ਵਾਹਿਗੁਰੂ ਇਹ ਆਰਤੀ ਹਰ ਸਮੇਂ ਆਪ ਵੇਖ ਰਿਹਾ ਹੈ ਅਤੇ ਖੁਸ ਹੋ ਰਿਹਾ ਹੈ। ਇਹ ਆਰਤੀ ਹਰ ਸਮੇਂ ਹੁੰਦੀ ਰਹਿੰਦੀ ਹੈ। ਤੁਸੀਂ ਵੀ ਸਾਰੇ ਐਸੀ ਸੱਚੀ ਆਰਤੀ ਵਿਚ ਸਾਮਲ ਹੋਵੋ। ਪ੍ਰਭੂ ਦੀ ਆਰਤੀ ਇਹਨਾਂ ਥਾਲਾਂ ਨਾਲ ਨਹੀਂ ਉਤਾਰੀ ਜਾ ਸਕਦੀ ਤੇ ਨਾ ਹੀ ਕੋਈ ਮਨੁੱਖ ਜਾਂ ਉਸ ਦੀ ਮੂਰਤੀ ਜਗਨਨਾਥ ਪ੍ਰਭੂ ਹੋ ਸਕਦੀ ਹੈ। ਸਭ ਨੂੰ ਸੱਚੀ ਆਰਤੀ ਦਾ ਪਤਾ ਲੱਗਾ। ਲੋਕਾਂ ਨੂੰ ਸਮਝ ਆਈ ਕਿ ਮੂਰਤੀ ਪੂਜਾ ਦਾ ਕੋਈ ਲਾਭ ਨਹੀਂ। ਸਾਨੂੰ ਜਗਤ ਦੇ ਸੱਚੇ ਮਾਲਕ ਦੀ ਬੰਦਗੀ ਕਰਨੀ ਚਾਹੀਦੀ ਹੈ। ਜਿਸ ਸਦਕਾ ਕਲਯੁਗ ਪੰਡਾ ਤੇ ਹੋਰ ਪਾਖੰਡੀ ਤੇ ਕੁਕਰਮੀ ਗੁਰਮੁਖ ਪਦਵੀ ਨੂੰ ਪ੍ਰਾਪਤ ਹੋਏ।

ਗੁਰੂ ਸਾਹਿਬ ਦੀ ਯਾਦ 'ਚ ਇੱਥੇ ਗੁਰਦੁਆਰਾ ਮੰਗੂਮੱਟ ਹੈ।ਇਹ ਸ਼ਹਿਰ ਸਮੁੰਦਰ ਦੇ ਕੰਢੇ ਉੱਪਰ ਹੈ। ਇਥੇ ਹਿੰਦੂਆਂ ਦਾ ਵੱਡਾ ਤੀਰਥ ਹੈ। ਇੱਕ ਮੰਦਰ ਦੇ ਅੰਦਰ ਜਗਨਨਾਥ ਦੀ ਮੂਰਤੀ ਹੈ, ਜਿਸ ਦੀ ਬੜੀ ਪੂਜਾ ਹੁੰਦੀ ਹੈ।

ਮਹਾਂਕਵੀ ਰਾਬਿੰਦਰ ਨਾਥ ਟੈਗੋਰ ਨੇ ਵੀ ਇਸ ਸ਼ਬਦ ਨੂੰ ਬ੍ਰਹਿਮੰਡੀ-ਆਰਤੀ ਕਹਿਕੇ ਸਨਮਾਨ ਦਿੱਤਾ ਹੈ।

# ਪਹਿਲੀ ਮਹਿਲਾ ਮੇਅਰ ਜ਼ਰੀਫਾ ਨੇ ਕੱਟੜਪੰਥੀਆਂ ਨੂੰ ਦਿੱਤੀ ਚੁਣੌਤੀ

**ਕਾਬੁਲ-** ਅਫ਼ਗਾਨਿਸਤਾਨ ਵਿਚ ਕੱਟੜਪੰਥੀ ਸੰਗਠਨ ਤਾਲਿਬਾਨ ਦੇ ਕਬਜ਼ਾ ਕਰਨ ਤੋਂ ਬਾਅਦ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਸੰਕਟ ਵਧ ਗਿਆ ਹੈ। ਤਾਲਿਬਾਨ ਹਮੇਸ਼ਾ ਹੀ ਆਪਣੀਆਂ ਔਰਤ ਵਿਰੋਧੀ ਨੀਤੀਆਂ ਲਈ ਬਦਨਾਮ ਰਿਹਾ ਹੈ। ਅਫ਼ਗਾਨਿਸਤਾਨ ਦੀ ਪਹਿਲੀ ਮਹਿਲਾ ਮੇਅਰ ਜ਼ਰੀਫਾ ਗਫਾਰੀ ਨੇ ਤਾਲਿਬਾਨ ਦੇ ਕਬਜ਼ਾ ਕਰਨ ਤੋਂ ਬਾਅਦ ਤਾਲਿਬਾਨ ਨੂੰ ਖੁੱਲੀ ਚਿਤਾਵਨੀ ਦਿੱਤੀ ਹੈ। ਜ਼ਰੀਫਾ ਨੇ ਇਕ ਨਿਊਜ਼ ਵੈਬਸਾਈਟ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਉਡੀਕ ਕਰ ਰਹੀ ਹਾਂ ਕਿ ਤਾਲਿਬਾਨ ਆ ਕੇ ਮੈਨੂੰ ਅਤੇ ਮੇਰੇ ਵਰਗੇ ਹੋਰ ਲੋਕਾਂ ਨੂੰ ਮਾਰ ਦੇਣ।



ਲਗਭਗ ਇਕ ਹਫ਼ਤੇ ਪਹਿਲਾਂ ਇਕ ਇੰਟਰਵਿਊ ਵਿਚ, ਜ਼ਰੀਫਾ ਨੇ ਕਿਹਾ ਕਿ ਉਸਨੇ ਆਪਣੇ ਦੇਸ਼ ਦੇ ਭਵਿੱਖ ਨੂੰ ਬਿਹਤਰ ਵੇਖਿਆ, ਪਰ ਬਦਲੀ ਹੋਈ ਸਥਿਤੀ ਦੌਰਾਨ ਮੈਂ ਹੁਣ ਉਮੀਦ ਗੁਆ ਦਿੱਤੀ ਹੈ। ਜ਼ਰੀਫਾ ਨੇ ਕਿਹਾ ਕਿ ਮੈਂ ਆਪਣੇ ਅਪਾਰਟਮੈਂਟ ਦੇ ਕਮਰੇ ਵਿਚ ਬੈਠ ਕੇ ਤਾਲਿਬਾਨ ਦੀ ਉਡੀਕ ਕਰ ਰਹੀ ਹਾਂ। ਇਸ ਦੇ ਨਾਲ ਹੀ ਜ਼ਰੀਫਾ ਨੇ ਇਹ ਵੀ ਕਿਹਾ ਕਿ ਇਸ ਕਮਰੇ ਵਿਚ ਮੇਰੀ ਜਾਂ ਮੇਰੇ ਪਰਿਵਾਰ ਦੀ ਮਦਦ ਲਈ ਕੋਈ ਵੀ ਮੌਜੂਦ ਨਹੀਂ ਹੈ। ਮੈਂ ਆਪਣੇ ਪਰਿਵਾਰ ਅਤੇ ਪਤੀ ਨਾਲ ਆਪਣੇ ਕਮਰੇ ਵਿਚ ਰਹਿ ਰਹੀ ਹਾਂ ਅਤੇ ਤਾਲਿਬਾਨ ਦੇ ਮੈਨੂੰ ਅਤੇ ਮੇਰੇ ਵਰਗੇ ਲੋਕਾਂ ਨੂੰ ਮਾਰਨ ਦੀ ਉਡੀਕ ਕਰ ਰਹੀ ਹਾਂ, ਪਰ ਮੈਂ ਕਿਸੇ ਵੀ ਹਾਲਤ ਵਿਚ ਆਪਣੇ ਪਰਿਵਾਰ ਨੂੰ ਨਹੀਂ ਛੱਡਾਂਗੀ। ਆਖ਼ਰ, ਮੈਂ ਜਾਵਾਂ ਵੀ ਤਾਂ ਕਿੱਥੇ? ਜ਼ਰੀਫਾ ਨੇ ਕਿਹਾ ਕਿ ਅਫ਼ਗਾਨਿਸਤਾਨ ਦੇ ਹਾਲਾਤ ਬਹੁਤ ਖ਼ਰਾਬ ਹਨ ਅਤੇ ਕਈ ਮਸ਼ਹੂਰ ਲੋਕ ਦੇਸ਼ ਤੋਂ ਭੱਜ ਰਹੇ ਹਨ। 27 ਸਾਲਾ ਗਫਾਰੀ 2018 ਵਿਚ ਵਾਰਦਕ ਪੈਰਾਂਤ ਦੀ ਸਭ ਤੋਂ ਨੌਜਵਾਨ ਅਤੇ ਪਹਿਲੀ ਮਹਿਲਾ ਮੇਅਰ ਚੁਣੀ ਗਈ ਸੀ। ਗਫਾਰੀ ਨੂੰ ਰੱਖਿਆ ਮੰਤਰਾਲੇ ਵਿਚ ਜ਼ਿੰਮੇਵਾਰੀ ਸੌਂਪੀ ਗਈ ਕਿਉਂਕਿ ਤਾਲਿਬਾਨ ਦੁਬਾਰਾ ਸ਼ਕਤੀਸ਼ਾਲੀ ਹੋ ਗਿਆ ਸੀ। ਉਹ ਹਮਲੇ ਵਿਚ ਜ਼ਖਮੀ ਹੋਏ ਫੌਜੀਆਂ ਅਤੇ ਨਾਗਰਿਕਾਂ ਦੀ ਦੇਖਭਾਲ ਕਰ ਰਹੀ ਸੀ। 3 ਹਫ਼ਤੇ ਪਹਿਲਾਂ ਗਫਾਰੀ ਨੇ ਕਿਹਾ ਕਿ ਨੌਜਵਾਨ ਜਾਣਦੇ ਹਨ ਕਿ ਕੀ ਹੋ ਰਿਹਾ ਹੈ। ਉਹਨਾਂ ਕੋਲ ਸੋਸ਼ਲ ਮੀਡੀਆ ਹੈ ਅਤੇ ਉਹ ਇਕ ਦੂਜੇ ਨਾਲ ਗੱਲਬਾਤ ਕਰਦੇ ਹਨ।

ਤਾਲਿਬਾਨ ਹਮੇਸ਼ਾ ਮਹਿਲਾ ਨੇਤਾਵਾਂ ਨੂੰ ਮਾਰਨ ਦੀਆਂ ਧਮਕੀਆਂ ਦਿੰਦਾ ਰਿਹਾ ਹੈ। ਗਫਾਰੀ ਦੇ ਪਿਤਾ ਦਾ ਵੀ ਪਿਛਲੇ ਸਾਲ 15 ਨਵੰਬਰ ਨੂੰ ਕਤਲ ਕਰ ਦਿੱਤਾ ਗਿਆ ਸੀ। ਦੂਜੇ ਪਾਸੇ, ਫਰਜ਼ਾਨਾ ਕ'ਚਾਈ ਇਕ ਅਫ਼ਗਾਨ ਸੰਸਦ ਮੈਂਬਰ ਹੈ। ਫਰਜ਼ਾਨਾ ਕਹਿੰਦੀ ਹੈ ਕਿ ਮੈਨੂੰ ਉਮੀਦ ਨਹੀਂ ਸੀ ਕਿ ਤਾਲਿਬਾਨ ਇੰਨੀ ਜਲਦੀ ਕਾਬੁਲ 'ਤੇ ਕਬਜ਼ਾ ਕਰ ਲਵੇਗਾ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਫਰਿਜ਼ਨੋ (ਕੈਲੀਫੋਰਨੀਆਂ) ਖ਼ਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਗੁਰਿੰਦਰਜੀਤ ਨੀਟਾ ਮਾਛੀਕੇ



ਕੁਲਵੰਤ ਧਾਲੀਆਂ

# ਸਮੁੱਚੇ ਕੈਲੀਫੋਰਨੀਆਂ ਵਿੱਚ ਹੌਂਡਾ ਕਾਰਾਂ ਦੇ ਕੈਟਾਲਿਕ ਕਨਵਰਟਰ ਚੋਰੀਆ ਵਿੱਚ ਵਾਧਾ

**ਫਰਿਜ਼ਨੋ, ਕੈਲੀਫੋਰਨੀਆਂ**– ਸਮੁੱਚੇ ਕੈਲੀਫੋਰਨੀਆਂ ਵਿੱਚ ਕੋਵਿੰਡ-19 ਦੀ ਮਹਾਂਮਾਰੀ ਕਰਕੇ ਜਿੱਥੇ ਬਹੁਤ ਸਾਰੇ ਲੋਕਾ ਦੇ ਰੋਜ਼ਗਾਰ ਖਤਮ ਹੋ ਗਏ, ਉੱਥੇ ਬੇ-ਘਰੇ ਲੋਕਾ ਦੀ ਗਿਣਤੀ ਵੀ ਵਧੀ। ਅਜਿਹੇ ਹਲਾਤਾ ਵਿੱਚ ਚੋਰੀਆਂ ਦੀਆ ਵਾਰਦਾਤਾਂ ਵਿੱਚ ਵੀ ਕਾਫੀ ਵਾਧਾ ਹੋਇਆਂ। ਇੰਨਾਂ ਹੀ ਚੋਰੀ ਦੀਆ ਵਾਰਦਾਤਾਂ ਵਿੱਚੋਂ ਅੱਜ ਕਲ ਸਮੁੱਚੇ ਕੈਲੀਫੋਰਨੀਆਂ ਦੇ ਸ਼ਹਿਰਾਂ ਵਿੱਚ ਹੌਂਡਾ ਕਾਰਾ ਦੇ ਕੈਟਾਲਿੰਕ ਕਨਵਰਟਰ ਬਹੁਤ ਚੋਰੀ ਹੋਣ ਲੱਗੇ ਹਨ। ਜਿੰਨਾਂ ਨੂੰ ਚੋਰ ਗੱਡੀ ਵਿੱਚੋਂ ਖੋਲ ਕੇ ਕੱਢਣ ਦੀ ਕੋਸ਼ਿਸ਼ ਕਰਦੇ ਹਨ, ਕਈ ਵਾਰ ਨਾ ਖੁੱਲਣ 'ਤੇ ਉਸ ਪਾਰਟ ਨੂੰ ਬੈਟਰੀ ਨਾਲ ਚੱਲਣ ਵਾਲੇ ਕਟਰ ਜਾਂ ਆਰੀ ਨਾਲ ਵੱਢ ਕੇ ਕੱਢ ਲੈਂਦੇ ਹਨ। ਜਿਸ ਨਾਲ ਗੱਡੀ ਦਾ ਹੋਰ ਵੀ ਨੁਕਸਾਨ ਕਰਦੇ ਹਨ। ਕੈਟਾਲਿਕ ਕਨਵਰਟਰ ਵਿੱਚ ਵਰਤੀ ਜਾਣ ਵਾਲੀ ਧਾਤ ਦੀ ਕੀਮਤ ਸੋਨੇ ਵਾਗ ਕਾਫੀ ਜ਼ਿਆਦਾ ਹੁੰਦੀ ਹੈ। ਜਿਸ ਨੂੰ ਕੱਢ ਕੇ ਇਹ ਚੋਰ ਵੇਚ ਦਿੰਦੇ ਹਨ। ਇੰਨਾਂ ਚੋਰੀਆਂ ਦੀ ਸ਼ੁਰੂਆਤ ਸ਼ਹਿਰ ਸਨਫਰਾਸਿਸ਼ਕੋ ਵਿੱਚ ਚੋਰੀਆਂ ਨਾਲ ਹੋਈ। ਪਰ ਹੁਣ ਸਮੁੱਚੇ ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਵਿੱਚ ਰਾਤਾਂ ਨੂੰ



ਇਹ ਚੋਰੀਆਂ ਹੋ ਰਹੀਆਂ ਹਨ। ਗੱਡੀ ਵਿੱਚ ਚੋਰੀ ਹੋਏ ਨਵੇਂ ਕੈਟਾਲਿਕ ਕਨ-ਵਰਟਰ ਨੂੰ ਪਾਉਣ ਦਾ ਖ਼ਰਚਾ ਤਿੰਨ ਹਜ਼ਾਰ ਤੋਂ ਪੰਜ ਹਜ਼ਾਰ ਡਾਲਰ ਦਾ ਹੈ। ਅੱਜ ਦੀ ਤਰੀਕ ਵਿੱਚ ਡੀਲਰ ਤੋਂ ਆਡਰ ਕੀਤੇ ਇਸ ਪਾਰਟ ਨੂੰ ਮਿਲਣ ਵਿੱਚ ਛੇ ਮਹੀਨੇ ਤੋਂ ਇਕ ਸਾਲ ਤੱਕ ਸਮੇਂ ਦੀ ਉਡੀਕ ਹੈ। ਪਰ ਬਾਹਰ ਆਮ ਕੰਪਨੀਆਂ ਦਾ ਇਹ ਪਾਰਟ ਸਸਤਾ ਮਿਲਦਾ ਹੈ ਪਰ ਇਸ ਦੀ ਕੋਈ ਗਰੰਟੀ ਨਹੀਂ ਕਿ ਇਹ ਕਾਰ ਦੇ ਸਮੌਗ ਸਿਸਟਮ (-) ਲਈ ਠੀਕ ਹੋਵੇ। ਇਸੇ ਕਰਕੇ ਇਨਸੋਰੈਸ ਦੇ ਵਧੇ ਕਲੇਮ ਹੋਣ ਕਰਕੇ ਇਨਸੋਰੈਸ ਏਜੰਸੀਆਂ ਪੁਰਾਣੀ ਗੱਡੀ ਦੀ ਰਿਪੇਅਰ ਦੇ ਪੈਸੇ ਦੇਣ ਦੀ ਬਜਾਏ, ਮਾਲਕ ਨੂੰ ਗੱਡੀ ਟੋਟਲ ਲੋਸ, ਮਤਲਬ ਪੂਰੀ ਖਤਮ ਕਰਕੇ ਮਾਰਕੀਟ ਰੇਟ ਦੇ ਪੈਸ਼ੇ ਦੇ ਦਿੰਦੀਆਂ ਹਨ। ਅਜਿਹੇ ਚੋਰੀ ਕਰਨ ਵਾਲੇ ਵੀ ਪੁਲੀਸ ਤੋਂ ਬਚ ਆਪਣੇ ਕਾਰਨਾਮਿਆਂ ਨੂੰ ਅੰਜਾਮ ਦੇ ਤਿੱਤਰ ਹੋ ਜਾਂਦੇ ਹਨ। ਇਸ ਉਪਰੰਤ ਰੋਜ਼ਾਨਾ ਕੰਮ ਕਾਰ ਕਰਨ ਵਾਲੇ ਲੋਕਾ ਨੂੰ ਗੱਡੀ ਦੇ ਪਾਰਟ ਚੋਰੀ ਹੋਣ 'ਤੇ ਬਹੁਤ ਮੁਸਕਲਾ ਦਾ ਸਾਹਮਣਾ ਕਰਨਾ ਪੈਦਾ ਹੈ।

# ਨਿਊਯਾਰਕ ਸਿਟੀ ਦੇ ਮਿਊਜ਼ੀਅਮਾਂ ਵਿੱਚ ਜਾਣ ਲਈ ਹੋਵੇਗੀ ਕੋਰੋਨਾ ਵੈਕਸੀਨ ਜਰੂਰੀ

**ਫਰਿਜ਼ਨੋ, ਕੈਲੀਫੋਰਨੀਆਂ**– ਨਿਊਯਾਰਕ ਸਿਟੀ ਵਿਚਲੇ ਮਿਊਜ਼ੀਅਮਾਂ (ਅਜਾਇਬ ਘਰ) ਦੇ ਦਰਸ਼ਕਾਂ ਅਤੇ ਸਟਾਫ ਨੂੰ ਕੋਰੋਨਾ ਵੈਕਸੀਨ ਲਗਵਾਉਣੀ ਜਰੂਰੀ ਹੋਵੇਗੀ। ਸ਼ਹਿਰ ਵਿੱਚ ਸਾਹਮਣੇ ਆ ਰਹੇ ਕੋਰੋਨਾ ਵਾਇਰਸ ਦੀ ਲਾਗ ਦੇ ਮਾਮਲਿਆਂ ਖਾਸ ਕਰਕੇ ਡੈਲਟਾ ਵੈਰੀਐਂਟ ਦੇ ਮੱਦੇਨਜ਼ਰ ਇਸ ਜਰੂਰਤ ਦਾ ਐਲਾਨ ਮੇਅਰ ਬਿਲ ਡੀ ਬਲੇਸੀਓ ਦੁਆਰਾ ਸੋਮਵਾਰ ਨੂੰ ਕੀਤਾ ਗਿਆ। ਮੇਅਰ ਅਨੁਸਾਰ ਇਹ ਜਰੂਰਤ "ਕੀ ਟੂ ਐਨ ਵਾਈ ਸੀ" ਯੋਜਨਾ ਦਾ ਇੱਕ ਹਿੱਸਾ ਹੈ। ਡੀ ਬਲੇਸੀਓ ਅਨੁਸਾਰ ਵਾਇਰਸ ਨੂੰ ਕਾਬੂ ਕਰਨ ਲਈ ਹੁਣ ਇਸਦੀ ਵੈਕਸੀਨ ਹੈ, ਜੋ ਲਗਵਾਉਣੀ ਬਹੁਤ ਜਰੂਰੀ ਹੈ। ਮੰਗਲਵਾਰ ਤੋਂ ਲਾਗੂ ਹੋ ਰਹੇ ਇਹ ਨਿਯਮ ਨਿਊਯਾਰਕ ਸਿਟੀ ਦੇ ਸਾਰੇ



ਇਨਡੋਰ ਮਨੋਰੰਜਨ ਸਥਾਨਾਂ ਦੀ ਇਮਾਰਤ ਵਿੱਚ ਦਾਖਲ ਹੋਣ ਲਈ ਦਰਸ਼ਕਾਂ ਅਤੇ ਸਟਾਫ ਨੂੰ ਟੀਕਾ ਲਗਾਉਣ ਦੀ ਅਪੀਲ ਕਰਦੇ ਹਨ। ਇਹਨਾਂ ਨਿਯਮਾਂ ਤਹਿਤ ਨਿਊਯਾਰਕ ਦੇ ਸੋਲੋਮਨ ਆਰ. ਗੁਗੇਨਹੇਮ ਮਿਊਜ਼ੀਅਮ, ਦਿ ਮੈਟਰੋਪੋਲੀਟਨ ਮਿਊਜ਼ੀਅਮ ਆਫ਼ ਆਰਟ, ਅਮੈਰੀਕਨ ਮਿਊਜ਼ੀਅਮ ਆਫ਼ ਨੈਚੁਰਲ ਹਿਸਟਰੀ ਅਤੇ ਹੋਰ ਬਹੁਤ ਸਾਰਿਆਂ ਲਈ ਲੋਕਾਂ ਨੂੰ ਟੀਕਾਕਰਨ ਦਾ ਸਬੂਤ ਦਿਖਾਉਣ ਦੀ ਜਰੂਰਤ ਹੋਵੇਗੀ। ਡੀ ਬਲੇਸੀਓ ਦਾ ਇਹ ਆਦੇਸ਼ ਮਿਊਜ਼ੀਅਮਾਂ ਦੇ ਨਾਲ ਹੋਰ ਸਭਿਆਚਾਰਕ ਸੰਸਥਾਵਾਂ, ਜਿਵੇਂ ਗੈਲਰੀਆਂ, ਪ੍ਰਦਰਸ਼ਨ ਕਲਾ ਥੀਏਟਰਾਂ, ਮੂਵੀ ਥੀਏਟਰ, ਕੰਸਰਟ ਹਾਲ, ਪਾਰਟੀ ਸਥਾਨ, ਕੈਸੀਨੋ, ਰੈਸਟੋਰੈਂਟ, ਚਿੜੀਆਘਰ ਅਤੇ ਇਕਵੇਰੀਅਮ ਨੂੰ ਵੀ ਉਨ੍ਹਾਂ ਸਥਾਨਾਂ ਦੀ ਸੂਚੀ ਵਿੱਚ ਸ਼ਾਮਲ ਹਨ ਜਿਨ੍ਹਾਂ ਵਿੱਚ ਦਾਖਲ ਹੋਣ ਲਈ ਦਰਸ਼ਕਾਂ ਨੂੰ ਆਪਣੀ ਟੀਕਾਕਰਨ ਰਿਪੋਰਟ ਨੂੰ ਦਿਖਾਉਣ ਦੀ ਜਰੂਰਤ ਹੋਵੇਗੀ। ਮੇਅਰ ਦੁਆਰਾ ਕੀਤੇ ਇਸ ਐਲਾਨ ਨਾਲ ਨਿਊਯਾਰਕ ਸਿਟੀ ਦੀਆਂ ਕੋਰੋਨਾ ਟੀਕਾਕਰਨ ਦਰਾਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ।

# ਬਿਨਾਂ ਕੋਰੋਨਾ ਵੈਕਸੀਨ ਲੱਗੇ ਕੋਰੋਨਾ ਮਰੀਜ਼ਾਂ ਨਾਲ ਭਰ ਰਹੇ ਹਨ ਹਸਪਤਾਲ

**ਫਰਿਜ਼ਨੋ (ਕੈਲੀਫੋਰਨੀਆ)**– ਕੈਲੀਫੋਰਨੀਆ ਦੀ ਕਾਉਂਟੀ ਫਰਿਜ਼ਨੋ ਵਿੱਚ ਕੋਰੋਨਾ ਵਾਇਰਸ ਕਾਰਨ ਹਸਪਤਾਲ ਵਿੱਚ ਦਾਖਲ ਹੋਣ ਵਾਲੇ ਕੋਰੋਨਾ ਮਰੀਜਾਂ ਦੀ ਗਿਣਤੀ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ। ਫਰਿਜ਼ਨੋ ਦੇ ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਕੋਵਿਡ -19 ਦੇ 316 ਮਰੀਜ਼ਾਂ ਨੂੰ ਐਤਵਾਰ ਤੱਕ ਫਰਿਜ਼ਨੋ ਕਾਉਂਟੀ ਦੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ, ਜਿਹਨਾਂ ਵਿੱਚ ਇੱਕ ਹਫਤੇ ਪਹਿਲਾਂ ਦੇ ਮੁਕਾਬਲੇ 48% ਵਾਧਾ ਹੋਇਆ ਹੈ। ਇਹਨਾਂ ਵਿੱਚੋਂ 70 ਕੋਰੋਨਾ ਮਰੀਜ਼ ਫਰਿਜ਼ਨੋ ਦੇ ਸੇਂਟ ਐਗਨੇਸ ਮੈਡੀਕਲ ਸੈਂਟਰ ਵਿੱਚ ਦਾਖਲ ਹੋਏ। ਇਸ ਸਬੰਧੀ ਸੇਂਟ ਐਗਨੇਸ ਮੈਡੀਕਲ ਸੈਂਟਰ ਦੇ ਮੁੱਖ ਨਰਸਿੰਗ ਅਫਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵੇਂ ਦਾਖਲ ਹੋ ਰਹੇ ਕੋਰੋਨਾ ਮਰੀਜ਼ਾਂ ਵਿੱਚ ਜਿਆਦਾਤਰ ਗਿਣਤੀ ਨੌ-ਜਵਾਨਾਂ ਦੀ ਹੈ। ਇਸਦੇ ਇਲਾਵਾ ਇਹਨਾਂ ਮਰੀਜ਼ਾਂ ਵਿੱਚੋਂ ਜਿਆਦਾਤਰ ਬਿਨਾਂ ਵੈਕਸੀਨ ਲੱਗੇ ਹਨ। ਹੈਲਥ ਵਿਭਾਗ ਅਨੁਸਾਰ ਸੈਂਟਰਲ ਵੈਲੀ ਵਿੱਚ ਕੋਰੋਨਾ ਵੈਕਸੀਨ ਦੀਆਂ ਦਰਾਂ ਕੈਲੀਫੋਰਨੀਆ ਦੇ ਹੋਰ ਬਹੁਤ ਸਾਰੇ ਖੇਤਰਾਂ ਤੋਂ ਪਿੱਛੇ ਰਹਿ ਰਹੀਆਂ ਹਨ। ਵਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਫਰਿਜ਼ਨੋ ਵਿੱਚ ਕੋਵਿਡ -19 ਟੈਸਟਿੰਗ ਦੀ ਮੰਗ ਵੀ ਵੱਧ ਰਹੀ ਹੈ।



# ਸਰਹੱਦੀ ਅਧਿਕਾਰੀਆਂ ਨੇ ਜ਼ਬਤ ਕੀਤੇ ਜਾਅਲੀ ਕੋਰੋਨਾ ਵੈਕਸੀਨ ਕਾਰਡ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਦੇ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਧਿਕਾਰੀਆਂ ਨੇ ਪਿਛਲੇ ਹਫਤੇ ਚੀਨ ਤੋਂ ਅਮਰੀਕੀ ਸਟੇਟ ਟੈਨੇਸੀ ਨੂੰ ਭੇਜੇ ਗਏ ਨਕਲੀ ਕੋਰੋਨਾ ਵੈਕਸੀਨ ਕਾਰਡ ਜ਼ਬਤ ਕੀਤੇ ਹਨ। ਬਾਰਡਰ ਏਜੰਸੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹਨਾਂ ਨਕਲੀ ਵੈਕਸੀਨ ਕਾਰਡਾਂ ਨੂੰ ਪੇਪਰ ਗ੍ਰੀਟਿੰਗ ਕਾਰਡਾਂ ਦੇ ਰੂਪ ਵਿੱਚ ਬਦਲਿਆ ਗਿਆ ਸੀ।

ਅਧਿਕਾਰੀਆਂ ਅਨੁਸਾਰ ਇਹ ਖੇਪ ਨਿਊ ਓਰਲੀਨਜ਼ ਦੇ ਸੈਂਟਰਲ ਬਿਜਨਸ ਡਿਸਟ੍ਰਿਕਟ ਦੇ ਰਸਤੇ 'ਤੇ ਸੀ ਪਰ ਇਸਨੂੰ ਮੈਮਫਿਸ ਦਦੇ ਪੋਰਟ 'ਤੇ ਰੋਕਿਆ ਗਿਆ। ਇਹ ਜ਼ਬਤ ਕੀਤੇ 51 ਕਾਰਡ, ਵੈਕਸੀਨ ਦੇ ਰਿਕਾਰਡ ਵਾਲੇ ਅਸਲੀ ਕਾਰਡਾਂ ਵਰਗੇ ਸਨ , ਜਿਨ੍ਹਾਂ ਵਿੱਚ ਨਾਮ, ਜਨਮ ਮਿਤੀ, ਟੀਕੇ ਦੇ ਬ੍ਰਾਂਡ ਅਤੇ ਹੋਰ ਜਾਣਕਾਰੀ ਦੇ ਨਾਲ ਨਾਲ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਸਨ ਸੈਂਟਰ (ਸੀ ਡੀ ਸੀ) ਦੇ ਲੋਗੋ ਵੀ ਸਨ। ਹਾਲਾਂਕਿ, ਕਾਰਡਾਂ ਵਿੱਚ ਕੁੱਝ ਅਧੂਰੇ ਅਤੇ ਕੁੱਝ ਸਪੈਨਿਸ਼ ਸ਼ਬਦ ਵੀ ਸਨ। ਏਜੰਸੀ ਅਨੁਸਾਰ ਇਸ ਤਰ੍ਹਾਂ ਦੇ ਫਰਜ਼ੀ ਵੈਕਸੀਨ ਕਾਰਡ 20, 51 ਅਤੇ 100 ਦੇ ਪੈਕ ਵਿੱਚ ਆਉਂਦੇ ਹਨ ਅਤੇ ਉਨ੍ਹਾਂ ਨੂੰ ਲੁਕਾਉਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਜਾਂਦੀ। ਇਸ ਤਰ੍ਹਾਂ ਦੇ ਕਾਰਡਾਂ ਨੂੰ ਇਕੱਲੇ ਮੈਮਫਿਸ ਵਿੱਚ ਹੀ ਨਹੀਂ ਰੋਕਿਆ ਗਿਆ ਹੈ। ਬਾਰਡਰ ਪ੍ਰੋਟੈਕਸ਼ਨ ਦੁਆਰਾ ਦੇ ਅਧਿਕਾਰੀਆਂ ਇਸ ਤਰ੍ਹਾਂ ਦੀਆਂ 121 ਖੇਪਾਂ ਵਿੱਚੋਂ ਕੁੱਲ 3,017 ਟੀਕਾਕਰਨ ਕਾਰਡ ਬਰਾਮਦ ਕੀਤੇ ਹਨ। ਕੋਰੋਨਾ ਵਾਇਰਸ ਟੀਕਾਕਰਨ ਦੇ ਚਲਦਿਆਂ ਐਫ ਬੀ ਆਈ ਅਨੁਸਾਰ ਨਕਲੀ ਕੋਵਿਡ -19 ਕਾਰਡ ਵੇਚਣਾ, ਖਰੀਦਣਾ ਜਾਂ ਇਸਤੇਮਾਲ ਕਰਨਾ ਇੱਕ ਅਪਰਾਧ ਹੈ। ਜਿਸ ਲਈ ਜੁਰਮਾਨਾ ਅਤੇ ਪੰਜ ਸਾਲ ਤੱਕ ਦੀ ਕੈਦ ਹੋ ਸਕਦੀ ਹੈ।



# ਅਮਰੀਕਾ 'ਚ ਟੂਰ ਬੱਸ ਹੋਈ ਹਾਦਸੇ ਦਾ ਸ਼ਿਕਾਰ, 57 ਯਾਤਰੀ ਹੋਏ ਜ਼ਖਮੀ

**ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਵਿੱਚ ਨਿਆਗਰਾ ਫਾਲਸ ਲਈ ਜਾ ਰਹੀ ਇੱਕ ਟੂਰ ਬੱਸ ਨਿਊਯਾਰਕ ਸਟੇਟ ਥਰੂਵੇਅ ਤੋਂ ਚੱਲ ਕੇ ਰਾਸਤੇ ਵਿੱਚ ਸੈਂਟਰਲ ਨਿਊਯਾਰਕ 'ਚ ਹਾਦਸੇ ਦੌਰਾਨ ਪਲਟ ਗਈ। ਇਸ ਹਾਦਸੇ ਵਿੱਚ 50 ਤੋਂ ਵੱਧ ਲੋਕਾਂ ਨੂੰ ਹਸਪਤਾਲਾਂ ਵਿੱਚ ਭੇਜਿਆ ਗਿਆ। ਅਧਿਕਾਰੀਆਂ ਅਨੁਸਾਰ ਬੱਸ ਆਪਣੇ ਸਫਰ ਦੌਰਾਨ ਵੀਡਸਪੋਰਟ ਪਿੰਡ ਦੇ ਨੇੜੇ ਹਾਈਵੇਅ ਦੇ ਪੱਛਮ ਵਾਲੇ ਪਾਸੇ ਸੜਕ ਦੇ ਨਾਲ ਪਲਟ ਗਈ। ਇਸ ਬੱਸ ਵਿੱਚ 57 ਲੋਕ ਸਵਾਰ ਸਨ ਅਤੇ ਸਾਰਿਆਂ ਨੂੰ ਮਾਮੂਲੀ ਤੋਂ ਲੈ ਕੇ ਗੰਭੀਰ ਸੱਟਾਂ ਲਈ ਹਸਪਤਾਲ ਲਿਜਾਇਆ ਗਿਆ। ਪੁਲਿਸ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ ਇਸ ਬੱਸ ਦੇ ਹਾਦਸਾ ਗ੍ਰਸਤ ਹੋਣ ਦੇ ਕਾਰਨ ਅਜੇ ਸਾਹਮਣੇ ਨਹੀ ਆਏ ਹਨ। ਜੇ ਟੀ ਆਰ ਟਰਾਂਸਪੋਰਟੇਸ਼ਨ ਦੀ ਇਸ ਬੱਸ ਦੇ ਡਰਾਈਵਰ ਦੀ ਪਛਾਣ ਨਿਊਯਾਰਕ ਦੇ ਵਿੰਗਡੇਲ ਨਾਲ ਸਬੰਧਿਤ 66 ਸਾਲਾਂ ਫਰਮੀਨ ਵੈਸਕੁਜ਼ ਵਜੋਂ ਹੋਈ ਹੈ, ਨੂੰ ਵੀ ਜਖਮੀ ਹੋਣ ਕਾਰਨ ਹਸਪਤਾਲ ਭੇਜਿਆ ਗਿਆ। ਸਟੇਟ ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਕਾਰਨ ਪੱਛਮ ਵੱਲ ਜਾਣ ਵਾਲੀ ਸੜਕ ਨੂੰ ਸ਼ਾਮ ਤੱਕ ਬੰਦ ਕੀਤਾ ਗਿਆ, ਅਤੇ ਆਵਾਜਾਈ ਨੂੰ ਅੱਠ ਮੀਲ (ਲਗਭਗ 13 ਕਿਲੋਮੀਟਰ) ਤੱਕ ਇੱਕ ਦਿਸ਼ਾ ਵਿੱਚ ਕੰਟਰੋਲ ਕੀਤਾ ਗਿਆ।



# ਤਕਰੀਬਨ ਇੱਕ ਮਹੀਨੇ ਬਾਅਦ ਵੀ ਡਿਕਸੀ ਫਾਇਰ ਮਚਾ ਰਹੀ ਹੈ ਤਬਾਹੀ

**ਫਰਿਜ਼ਨੋ (ਕੈਲੀਫੋਰਨੀਆ)**–ਅਮਰੀਕਾ ਵਿੱਚ ਉੱਤਰੀ ਕੈਲੀਫੋਰਨੀਆ ਦੇ ਜੰਗਲੀ ਖੇਤਰਾਂ ਵਿੱਚ ਤਕਰੀਬਨ ਇੱਕ ਮਹੀਨੇ ਪੁਰਾਣੀ ਜੰਗਲ ਦੀ ਤਬਾਹੀ ਮਚਾ ਰਹੀ ਹੈ।

ਇਹ ਅੱਗ ਛੋਟੇ ਸ਼ਹਿਰਾਂ ਵੱਲ ਵਧ ਰਹੀ ਹੈ ਅਤੇ ਹਜ਼ਾਰਾਂ ਘਰਾਂ ਲਈ ਤਬਾਹੀ ਦਾ ਖਦਸ਼ਾ ਹੋਰ ਵਧ ਗਿਆ ਹੈ। 6,000 ਤੋਂ ਵੱਧ ਫਾਇਰ ਫਾਈਟਰ ਇਕੱਲੀ ਡਿਕਸੀ ਫਾਇਰ ਨੂੰ ਬੁਝਾਉਣ ਲਈ ਲੜ ਰਹੇ ਕਨ, ਜਿਸ ਨਾਲ 1,000 ਤੋਂ ਵੱਧ ਘਰ, ਕਾਰੋਬਾਰ ਅਤੇ ਹੋਰ ਢਾਂਚੇ ਤਬਾਹ ਹੋ ਗਏ ਹਨ। ਅੱਗ ਬੁਝਾਊ ਕਰਮਚਾਰੀ ਡਿਕਸੀ ਫਾਇਰ ਨੂੰ ਅਲਮਨੋਰ ਝੀਲ ਦੇ ਪੂਰਬ ਵੱਲ ਵੈਸਟਵੁੱਡ ਤੱਕ ਪਹੁੰਚਣ ਤੋਂ ਰੋਕਣ ਲਈ ਜੱਦੋਜਹਿਦ ਕਰ ਰਹੇ ਹਨ। ਜਿਸ ਵਾਸਤੇ ਅੱਗ ਦੇ ਰਾਸਤੇ ਵਿੱਚ ਰੁਕਾਵਟ ਪੈਦਾ ਕਰਨ ਲਈ ਬਲਡੋਜ਼ਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਪਲਮਾਸ ਕਾਉਂਟੀ ਦੇ ਸ਼ੈਰਿਫ ਦਫਤਰ ਅਨੁਸਾਰ ਇਸ ਅੱਗ ਕਾਰਨ ਗ੍ਰੀਨਵਿਲੇ ਅਤੇ ਚੈਸਟਰ ਦੇ ਖੇਤਰਾਂ ਵਿੱਚ ਚਾਰ ਲੋਕ ਲਾਪਤਾ ਵੀ ਹੋਏ ਹਨ।




NIRMAL SINGH BADHAN
NSB Insurance
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# ਓਰੇਗਨ ਵਿੱਚ 1500 ਨੈਸ਼ਨਲ ਗਾਰਡ ਫੌਜਾਂ ਨੂੰ ਕੀਤਾ ਜਾਵੇਗਾ ਹਸਪਤਾਲਾਂ 'ਚ ਤਾਇਨਾਤ

**ਫਰਿਜ਼ਨੋ, ਕੈਲੀਫੋਰਨੀਆਂ-** ਅਮਰੀਕਾ ਦੀ ਸਟੇਟ ਓਰੇਗਨ ਵਿੱਚ ਵਧ ਰਹੇ ਕੋਰੋਨਾ ਮਾਮਲਿਆਂ ਦੇ ਮੱਦੇਨਜ਼ਰ ਹਸਪਤਾਲਾਂ ਵਿੱਚ ਕੋਰੋਨਾ ਮਰੀਜ਼ਾਂ ਦਾ ਦਾਖਲਾ ਵੀ ਵਧ ਰਿਹਾ ਹੈ । ਇਸ ਵਾਧੇ ਕਾਰਨ ਹਸਪਤਾਲਾਂ ਵਿੱਚ ਸਿਹਤ ਸਹੂਲਤਾਂ ਦੀ ਘਾਟ ਪੈਦਾ ਹੋ ਰਹੀ ਹੈ। ਇਸ ਲਈ ਓਰੇਗਨ ਦੀ ਗਵਰਨਰ ਕੇਟ ਬ੍ਰਾਨ ਦੁਆਰਾ ਸੂਬੇ ਦੇ ਹਸਪਤਾਲਾਂ ਵਿੱਚ 1,500 ਨੈਸ਼ਨਲ ਗਾਰਡ ਫੌਜਾਂ ਨੂੰ ਸਹਾਇਤਾ ਲਈ ਤਾਇਨਾਤ ਕੀਤਾ ਜਾਵੇਗਾ। ਇਸ ਯੋਜਨਾ ਦੀ ਸ਼ੁਰੂਆਤ ਵਿੱਚ ਸਟੇਟ ਦੇ 20 ਵੱਖ - ਵੱਖ ਹਸਪਤਾਲਾਂ ਨੂੰ ਸਮੱਗਰੀ , ਉਪਕਰਣਾਂ, ਹੋਰ ਸੇਵਾਵਾਂ ਦੀ ਸੰਭਾਲ ਅਤੇ ਢੋਆ ਢੁਆਈ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ 20 ਅਗਸਤ ਨੂੰ ਸ਼ੁਰੂਆਤੀ



500 ਫੌਜਾਂ ਤਾਇਨਾਤ ਕੀਤੀਆਂ ਜਾਣਗੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗਵਰਨਰ ਨੇ ਦੱਸਿਆ ਕਿ ਸ਼ੁੱਕਰਵਾਰ ਤੱਕ ਘੱਟੋ ਘੱਟ 733 ਓਰੇਗਨ ਨਿਵਾਸੀ ਕੋਰੋਨਾ ਵਾਇਰਸ ਨਾਲ ਹਸਪਤਾਲ ਵਿੱਚ ਦਾਖਲ ਸਨ, ਜਿਨ੍ਹਾਂ ਵਿੱਚ 185 ਇੰਟੈਂਸਿਵ ਕੇਅਰ ਯੂਨਿਟ 'ਚ ਦਾਖਲ ਸਨ। ਇਸੇ ਦੌਰਾਨ ਗਵਰਨਰ ਨੇ ਲੋਕਾਂ ਨੂੰ ਕੋਰੋਨਾ ਵੈਕਸੀਨ ਲੈਣ ਲਈ ਵੀ ਅਪੀਲ ਕੀਤੀ ਹੈ। ਓਰੇਗਨ ਹੈਲਥ ਅਥਾਰਿਟੀ ਦੇ ਅਨੁਸਾਰ, ਸਟੇਟ ਵਿੱਚ ਪਿਛਲੇ ਸੱਤ ਦਿਨਾਂ ਵਿੱਚ ਪ੍ਰਤੀ ਦਿਨ ਔਸਤਨ 1,657 ਕੇਸ ਦਰਜ ਕੀਤੇ ਗਏ ਹਨ।

# ਫਲੋਰਿਡਾ ਵਿੱਚ ਕੋਵਿਡ -19 ਕਾਰਨ ਤਕਰੀਬਨ 440 ਸਕੂਲੀ ਵਿਦਿਆਰਥੀ ਹੋਏ ਇਕਾਂਤਵਾਸ

**ਫਰਿਜ਼ਨੋ, ਕੈਲੀਫੋਰਨੀਆਂ-** ਅਮਰੀਕੀ ਸਟੇਟ ਫਲੋਰਿਡਾ ਦੀ ਇੱਕ ਕਾਉਂਟੀ ਵਿੱਚ ਕੋਰੋਨਾ ਵਾਇਰਸ ਕਾਰਨਤਕਰੀਬਨ 440 ਵਿਦਿਆਰਥੀ ਕੋਵਿਡ -19 ਦੇ ਕਾਰਨ ਇਕਾਂਤਵਾਸ ਹੋਏ ਹਨ। ਫਲੋਰਿਡਾ ਦੀ ਪਾਮ ਬੀਚ ਕਾਉਂਟੀ ਦੇ ਸਕੂਲ ਡਿਸਟ੍ਰਿਕਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਵਿਡ -19 ਦੇ ਕਾਰਨ, ਫਲੋਰੀਡਾ ਦੀ ਪਾਮ ਬੀਚ ਕਾਉਂਟੀ ਵਿੱਚ ਕੁੱਲ 440 ਵਿਦਿਆਰਥੀਆਂ ਨੂੰ ਕੁਆਰੰਟੀਨ 'ਚ ਰੱਖਿਆ ਗਿਆ ਹੈ।

ਇਸ ਕਾਉਂਟੀ ਦੇ ਸਕੂਲ ਡਿਸਟ੍ਰਿਕਟ ਨੇ ਪਿਛਲੇ ਸਾਲ ਮਾਰਚ ਤੋਂ ਬਾਅਦ ਪਹਿਲੀ ਵਾਰ ਮੰਗਲਵਾਰ ਨੂੰ ਵਿਅਕਤੀਗਤ ਕਲਾਸਾਂ ਦੇ ਨਾਲ ਸਕੂਲੀ ਸਾਲ ਦੀ ਸ਼ੁਰੂਆਤ ਕੀਤੀ ਸੀ। ਇਸ ਖੇਤਰ ਦੇ ਸਾਰੇ ਵਿਦਿਆਰਥੀਆਂ ਲਈ



ਸਕੂਲਾਂ ਅਤੇ ਬੱਸਾਂ ਦੇ ਅੰਦਰ ਚਿਹਰੇ ਨੂੰ ਮਾਸਕ ਨਾਲ ਢਕਣ ਦੀ ਲੋੜ ਹੈ, ਇਸ ਦੇ ਬਾਵਜੂਦ ਵੀ ਸਕੂਲੀ ਵਿਦਿਆਰਥੀ ਵਾਇਰਸ ਤੋਂ ਪ੍ਰਭਾਵਿਤ ਹੋਏ ਹਨ। ਕੋਵਿਡ -19 ਡੈਸ਼ਬੋਰਡ ਦੇ ਅਨੁਸਾਰ, ਹੁਣ ਤੱਕ ਇਸ ਸਕੂਲ ਡਿਸਟ੍ਰਿਕਟ ਦੇ ਅੰਦਰ 134 ਪੁਸ਼ਟੀ ਕੀਤੇ ਕੋਵਿਡ -19 ਕੇਸ ਹਨ, ਜਿਹਨਾਂ ਵਿੱਚ 26 ਕਰਮਚਾਰੀ ਅਤੇ 108 ਵਿਦਿਆਰਥੀ ਹਨ। ਕੋਰੋਨਾ ਅੰਕੜਿਆਂ ਅਨੁਸਾਰ ਫਲੋਰਿਡਾ ਵਿੱਚ 30 ਜੁਲਾਈ ਤੋਂ 5 ਅਗਸਤ ਦੇ ਹਫ਼ਤੇ 134,506 ਨਵੇਂ ਮਾਮਲੇ ਸਾਹਮਣੇ ਆਏ ਅਤੇ 175 ਮੌਤਾਂ ਹੋਈਆਂ ਹਨ। ਨਵੇਂ ਮਾਮਲਿਆਂ ਵਿੱਚ, 27,000 ਤੋਂ ਵੱਧ ਲਾਗ ਸਕੂਲੀ ਉਮਰ ਦੇ ਬੱਚਿਆਂ ਵਿੱਚ ਦਰਜ ਕੀਤੀ ਗਈ ਹੈ।

# ਕਾਬੁਲ ਅੰਬੈਸੀ ਦੇ ਸਟਾਫ ਨੂੰ ਵਾਪਸ ਲਿਆਉਣ ਲਈ ਭੇਜੀ ਜਾ ਰਹੀ ਹੈ ਫੌਜੀ ਸਹਾਇਤਾ

**ਫਰਿਜ਼ਨੋ, ਕੈਲੀਫੋਰਨੀਆਂ-** ਅਫਗਾਨਿਸਤਾਨ ਵਿੱਚ ਦਿਨ ਪ੍ਰਤੀ ਦਿਨ ਸੁਰੱਖਿਆ ਦੇ ਹਾਲਾਤ ਤੇਜ਼ੀ ਨਾਲ ਵਿਗੜ ਰਹੇ ਹਨ। ਇਸ ਲਈ ਅਫਗਾਨਿਸਤਾਨ ਦੇ ਕਾਬੁਲ ਵਿੱਚ ਸਥਿਤ ਅਮਰੀਕੀ ਅੰਬੈਸੀ ਦੇ ਸਟਾਫ ਨੂੰ ਉਥੋਂ ਸੁਰੱਖਿਅਤ ਕੱਢਣ ਦੇ ਉਦੇਸ਼ ਨਾਲ ਅਮਰੀਕਾ ਵੱਲੋਂ 3,000 ਦੇ ਕਰੀਬ ਫੌਜੀ ਜਵਾਨ ਕਾਬੁਲ ਭੇਜੇ ਜਾ ਰਹੇ ਹਨ।




ਰਿਪੋਰਟਾਂ ਅਨੁਸਾਰ ਤਾਲਿਬਾਨ ਅੱਤਵਾਦੀਆਂ ਵੱਲੋਂ ਜਲਦ ਹੀ ਕਾਬੁਲ ਉੱਪਰ ਵੀ ਕਬਜਾ ਕਰਨ ਦਾ ਖਦਸ਼ਾ ਹੈ। ਪੈਂਟਾਗਨ ਦੇ ਬੁਲਾਰੇ ਜੌਹਨ ਕਿਰਬੀ ਨੇ ਦੱਸਿਆ ਕਿ ਇੱਕ ਸੈਨਾ ਅਤੇ ਦੋ ਮਰੀਨ ਇਨਫੈਂਟਰੀ ਬਟਾਲੀਅਨਾਂ ਅਫਗਾਨਿਸਤਾਨ ਵਿੱਚ ਦਾਖਲ ਹੋਣਗੀਆਂ। ਇਸਦੇ ਇਲਾਵਾ ਵਿਦੇਸ਼ ਵਿਭਾਗ ਦੇ ਬੁਲਾਰੇ ਨੇਡ ਪ੍ਰਾਈਸ ਅਨੁਸਾਰ ਅਮਰੀਕਾ ਦੀ ਪਹਿਲੀ ਜ਼ੁੰਮੇਦਾਰੀ ਹਮੇਸ਼ਾ ਅਫਗਾਨਿਸਤਾਨ ਅਤੇ ਵਿਸ਼ਵ ਭਰ ਵਿੱਚ ਸੇਵਾ ਕਰ ਰਹੇ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਕਰਨ ਦੀ ਰਹੀ ਹੈ। ਕਿਰਬੀ ਨੇ ਕਿਹਾ ਕਿ ਆਰਮੀ-ਏਅਰ ਟਾਸਕ ਫੋਰਸ ਦੇ ਵਾਧੂ 1,000 ਮੈਂਬਰ ਸਾਬਕਾ ਟਰਾਂਸਲੇਟਰਾਂ ਅਤੇ ਅਫਗਾਨਿਸਤਾਨ ਵਿੱਚ ਅਮਰੀਕੀਆਂ ਦੇ ਨਾਲ ਕੰਮ ਕਰਨ ਵਾਲੇ ਹੋਰ ਅਫਗਾਨਾਂ ਦੀ ਚੱਲ ਰਹੀ ਨਿਕਾਸੀ ਲਈ ਵੀਜ਼ਾ ਪ੍ਰਕਿਰਿਆ ਵਿੱਚ ਸਹਾਇਤਾ ਲਈ ਖਾੜੀ ਦੇਸ਼ ਕਤਰ ਜਾ ਰਹੇ ਹਨ ਅਤੇ ਅੰਬੈਸੀ ਮੁਹਿੰਮ ਵਿੱਚ ਲੋੜ ਪੈਣ 'ਤੇ ਸਹਾਇਤਾ ਕਰਨ ਦੇ ਮਕਸਦ ਨਾਲ ਉੱਤਰੀ ਕੈਰੋਲਿਨਾ ਦੇ ਫੋਰਟ ਬ੍ਰੈਗ ਤੋਂ 4,000 ਵਿਸ਼ੇਸ਼ ਲੜਾਈ ਫੌਜੀਆਂ ਦੀ ਟੀਮ ਕੁਵੈਤ ਜਾ ਰਹੀ ਹੈ। ਕਿਰਬੀ ਨੇ ਜ਼ੋਰ ਦੇ ਕੇ ਕਿਹਾ ਕਿ ਸੈਨਿਕਾਂ ਦੀਆਂ ਇਹ ਨਵੀਆਂ ਤਾਇਨਾਤੀਆਂ ਸਿਰਫ ਇੱਕ ਅਸਥਾਈ ਮਿਸ਼ਨ ਹਨ ਜੋ ਸਿਰਫ ਅੰਬੈਸੀ ਸਟਾਫ ਦੀ ਵਾਪਸੀ 'ਤੇ ਕੇਂਦ੍ਰਿਤ ਹਨ। ਇਹਨਾਂ ਦਾ ਮੰਤਵ ਅਫਗਾਨਿਸਤਾਨ ਵਿੱਚ ਦੁਬਾਰਾ ਸ਼ਾਮਲ ਹੋਣਾ ਨਹੀਂ ਹੈ। ਇਸ ਤੋਂ ਪਹਿਲਾਂ ਅਮਰੀਕੀ ਪ੍ਰਸ਼ਾਸਨ ਵੱਲੋਂ ਆਪਣੇ ਨਾਗਰਿਕਾਂ ਨੂੰ ਤੁਰੰਤ ਅਫਗਾਨਿਸਤਾਨ ਛੱਡਣ ਦੀ ਵੀ ਅਪੀਲ ਕੀਤੀ ਗਈ ਸੀ।

# ਰਾਸ਼ਟਰਪਤੀ ਜੋਅ ਬਾਈਡੇਨ ਨੇ ਫਰਿਜ਼ਨੋ ਦੇ ਮੇਅਰ ਜੈਰੀ ਡਾਇਰ ਨਾਲ ਕੀਤੀ ਵਰਚੂਅਲ ਮੁਲਾਕਾਤ

**ਫਰਿਜ਼ਨੋ, ਕੈਲੀਫੋਰਨੀਆਂ-** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਵੱਲੋਂ ਬੁੱਧਵਾਰ ਨੂੰ ਦੇਸ਼ ਦੇ ਅਲੱਗ ਅਲੱਗ ਖੇਤਰਾਂ ਵਿਚਲੇ ਪ੍ਰਤੀਨਿਧਾਂ ਨਾਲ ਇੱਕ ਵਰਚੂਅਲ (ਆਨਲਾਈਨ) ਮੀਟਿੰਗ ਕੀਤੀ ਗਈ , ਜਿਸ ਵਿੱਚ ਕੈਲੀਫੋਰਨੀਆ ਸਟੇਟ ਦੇ ਸ਼ਹਿਰ ਫਰਿਜ਼ਨੋ ਦੇ ਮੇਅਰ ਜੈਰੀ ਡਾਇਰ ਵੀ ਸ਼ਾਮਲ ਸਨ। ਇਸ ਵਰਚੂਅਲ ਮੀਟਿੰਗ ਦੌਰਾਨ ਫਰਿਜ਼ਨੋ ਦੇ ਮੇਅਰ,&; ਸੈਨੇਟ ਦੁਆਰਾ ਮੰਗਲਵਾਰ ਨੂੰ ਪਾਸ ਕੀਤੇ ਗਏ 1 ਟ੍ਰਿਲੀਅਨ ਡਾਲਰ ਦੇ ਇਨਫਰਾ ਸਟਰਕਚਰ (ਬੁਨਿਆਦੀ ਢਾਂਚੇ) ਬਿੱਲ 'ਤੇ ਚਰਚਾ ਕਰਨ ਲਈ ਦੇਸ਼ ਭਰ ਦੇ ਪੰਜ ਹੋਰ ਗਵਰਨਰਾਂ ਅਤੇ ਸਥਾਨਕ ਨੇਤਾਵਾਂ ਨਾਲ ਸ਼ਾਮਲ ਹੋਏ। ਮੀਟਿੰਗ ਦੇ ਬਾਅਦ ਬਾਅਦ ਮੇਅਰ ਡਾਇਰ ਨੇ ਮੀਟਿੰਗ ਨੂੰ ਬਹੁਤ ਵਧੀਆ ਦੱਸਿਆ । ਮੇਅਰ ਅਨੁਸਾਰ ਰਾਜਨੀਤਿਕ ਪਾਰਟੀਆਂ ਨੂੰ ਪਾਸੇ ਰੱਖਦੇ ਹੋਏ, ਬਾਈਡੇਨ ਅਤੇ ਡਾਇਰ ਬੁਨਿਆਦੀ ਢਾਂਚੇ ਨੂੰ ਲੈ ਕੇ ਇਕਜੁੱਟ ਹੋਏ ਹਨ। ਮੀਟਿੰਗ ਦੌਰਾਨ ਰਾਸ਼ਟਰਪਤੀ ਬਾਈਡੇਨ ਨੇ ਕਿਹਾ ਕਿ ਬੁਨਿਆਦੀ ਢਾਂਚੇ ਦੇ ਪੈਕੇਜ ਦੇ ਨਿਰਮਾਣ ਦੌਰਾਨ ਫਰਿਜ਼ਨੋ ਉਹਨਾਂ ਦੇ





ਦਿਮਾਗ ਵਿੱਚ ਸੀ। ਮੀਟਿੰਗ ਦੌਰਾਨ ਫਰਿਜ਼ਨੋ ਦੀ ਹਵਾ ਦੀ ਗੁਣਵੱਤਾ ਸਬੰਧੀ ਵੀ ਗੱਲਬਾਤ ਕੀਤੀ ਗਈ। ਇਸ ਯੋਜਨਾ ਵਿੱਚ ਉਨ੍ਹਾਂ ਪ੍ਰੋਜੈਕਟਾਂ ਲਈ ਫੰਡਿੰਗ ਸ਼ਾਮਲ ਹੈ ਜੋ ਗੈਸਾਂ ਦੇ ਨਿਕਾਸ ਨੂੰ ਘਟਾਉਣਗੇ ਅਤੇ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨਗੇ। ਰਾਸ਼ਟਰਪਤੀ ਨੇ ਪਿਛਲੇ ਹਫਤੇ ਦੋ ਇਲੈਕਟ੍ਰਿਕ ਬੱਸਾਂ ਚਲਾਉਣ ਲਈ ਵੀ ਫਰਿਜ਼ਨੋ ਸ਼ਹਿਰ ਦੀ ਪ੍ਰਸ਼ੰਸਾ ਕੀਤੀ। ਮੇਅਰ ਡਾਇਰ ਨੇ ਰਾਸ਼ਟਰਪਤੀ ਨੂੰ ਹਾਈ-ਸਪੀਡ ਰੇਲ ਪ੍ਰੋਜੈਕਟ ਲਈ ਕੇਂਦਰੀ ਫੰਡਿੰਗ ਦੀ ਮਹੱਤਤਾ ਜ਼ਾਹਰ ਕਰਦਿਆਂ ਕਿਹਾ ਕਿ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਕੇਂਦਰੀ ਸਹਾਇਤਾ ਬਹੁਤ ਜ਼ਰੂਰੀ ਹੈ ਅਤੇ ਮੇਅਰ ਨੇ ਆਸ ਪ੍ਰਗਟਾਈ ਕਿ ਇਹ ਬੁਨਿਆਦੀ ਢਾਂਚੇ ਦਾ ਬਿੱਲ ਫਰਿਜ਼ਨੋ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰੇਗਾ। ਇਸਦੇ ਇਲਾਵਾ ਇਹ ਬਿੱਲ ਫਰਿਜ਼ਨੋ ਵਿੱਚ ਹਵਾਈ ਅੱਡੇ ਦੇ ਨਵੀਨੀਕਰਨ , ਨੌਕਰੀਆਂ ਪੈਦਾ ਕਰਨ, ਪੀਣ ਵਾਲੇ ਪਾਣੀ ਦੇ ਪ੍ਰਬੰਧਾਂ, ਹਾਈ ਸਪੀਡ ਇੰਟਰਨੈਟ ਕਨੈਕਸ਼ਨਾਂ ਅਤੇ ਪਾਵਰ ਗਰਿੱਡ ਨੂੰ ਮਜ਼ਬੂਤ ਕਰਨ ਆਦਿ ਦੇ ਕੰਮਾਂ ਵਿੱਚ ਵੀ ਸੁਧਾਰ ਕਰੇਗਾ। ਸੈਨੇਟ ਦੁਆਰਾ ਬੁਨਿਆਦੀ ਢਾਂਚੇ ਦੇ ਬਿੱਲ ਨੂੰ ਪਾਸ ਕਰਨ ਦੇ ਬਾਅਦ, ਇਸ ਬਿੱਲ 'ਤੇ ਰਾਸ਼ਟਰਪਤੀ ਬਾਈਡੇਨ ਦੁਆਰਾ ਦਸਤਖਤ ਕਰਨ ਤੋਂ ਪਹਿਲਾਂ , ਸਦਨ ਦੁਆਰਾ ਇਸ ਪੈਕੇਜ ਨੂੰ ਮਨਜ਼ੂਰੀ ਦੇਣ ਦੀ ਜ਼ਰੂਰਤ ਹੈ।

# ਕੈਲੀਫੋਰਨੀਆ ਵਿੱਚ ਅਧਿਆਪਕਾਂ ਲਈ ਜਰੂਰੀ ਹੋਵੇਗੀ ਕੋਰੋਨਾ ਵੈਕਸੀਨ

**ਫਰਿਜ਼ਨੋ, ਕੈਲੀਫੋਰਨੀਆਂ-** ਅਮਰੀਕਾ ਦੀ ਸਟੇਟ ਕੈਲੀਫੋਰਨੀਆ ਸਕੂਲ ਅਧਿਆਪਕਾਂ ਅਤੇ ਕਰਮਚਾਰੀਆਂ ਲਈ ਕੋਰੋਨਾ ਵੈਕਸੀਨ ਜਰੂਰੀ ਕਰਨ ਜਾ ਰਿਹਾ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਬੁੱਧਵਾਰ ਨੂੰ ਸਾਨ ਫਰਾਂਸਿਸਕੋ ਬੇ ਏਰੀਆ ਸਕੂਲ ਦੇ ਦੌਰੇ ਦੌਰਾਨ ਇਸਦੀ ਘੋਸ਼ਣਾ ਕੀਤੀ।

ਨਿਊਸਮ ਅਨੁਸਾਰ ਕੈਲੀਫੋਰਨੀਆ ਇਹ ਆਦੇਸ਼ ਦੇਣ ਵਾਲਾ ਪਹਿਲਾ ਰਾਜ ਬਣ ਜਾਵੇਗਾ ਜਿਸ ਵਿੱਚ ਸਾਰੇ ਅਧਿਆਪਕਾਂ ਅਤੇ ਸਕੂਲ ਦੇ ਹੋਰ ਕਰਮਚਾਰੀਆਂ ਨੂੰ&; ਕੋਵਿਡ -19 ਦਾ ਟੀਕਾ ਲਗਵਾਉਣ ਦੀ ਜਰੂਰਤ ਹੋਵੇਗੀ। ਵੈਕਸੀਨ ਨਾ ਲਗਵਾਉਣ ਦੀ ਸੂਰਤ ਵਿੱਚ ਰੈਗੂਲਰ ਹਫਤਾਵਰੀ ਕੋਰੋਨਾ ਟੈਸਟ ਰਿਪੋਰਟ ਪੇਸ਼ ਕਰਨੀ ਪਵੇਗੀ।



ਇਸ ਆਦੇਸ਼ ਵਿੱਚ ਅਧਿਆਪਕ ਅਤੇ ਸਕੂਲ ਦੇ ਸਾਰੇ ਕਰਮਚਾਰੀ ਜਿਨ੍ਹਾਂ ਵਿੱਚ ਸਹਿਯੋਗੀ ਅਤੇ ਬੱਸ ਡਰਾਈਵਰ ਵੀ ਸ਼ਾਮਲ ਹਨ, ਨੂੰ ਆਪਣੇ ਸਕੂਲ ਡਿਸਟ੍ਰਿਕਟ ਵਿੱਚ ਟੀਕਾਕਰਨ ਦੀ ਸਥਿਤੀ ਦਾ ਸਬੂਤ ਦਿਖਾਉਣਾ ਜਰੂਰੀ ਹੈ।

ਸਟੇਟ ਦੇ ਪਬਲਿਕ ਹੈਲਥ ਵਿਭਾਗ ਅਨੁਸਾਰ ਇਹ ਨਵੀਂ ਨੀਤੀ ਪਬਲਿਕ ਅਤੇ ਪ੍ਰਾਈਵੇਟ ਦੋਵਾਂ ਸਕੂਲਾਂ 'ਤੇ ਲਾਗੂ ਹੁੰਦੀ ਹੈ ਅਤੇ 800,000 ਤੋਂ ਵੱਧ ਕਰਮਚਾਰੀਆਂ ਨੂੰ ਪ੍ਰਭਾਵਿਤ ਕਰੇਗੀ, ਜਿਨ੍ਹਾਂ ਵਿੱਚ ਲਗਭਗ 320,000 ਪਬਲਿਕ ਸਕੂਲ ਦੇ ਅਧਿਆਪਕ ਅਤੇ ਸਹਾਇਤਾ ਕਰਮਚਾਰੀ ਜਿਵੇਂ ਕਿ ਕੈਫੇਟੇਰੀਆ ਕਰਮਚਾਰੀ ਅਤੇ ਕਲੀਨਰ ਸ਼ਾਮਲ ਹਨ। ਇਹ ਅਦੇਸ਼ ਸਕੂਲ ਵਾਲੰਟੀਅਰਾਂ ਤੇ ਵੀ ਲਾਗੂ ਹੋਵੇਗਾ।

ਇਸ ਆਦੇਸ਼ ਅਨੁਸਾਰ ਸਕੂਲ ਅਤੇ ਸਕੂਲ ਨਾਲ ਸਬੰਧਿਤ ਹੋਰ ਕਰਮਚਾਰੀ 15 ਅਕਤੂਬਰ ਤੱਕ ਇਸਦੀ ਪਾਲਣਾ ਕਰਨ। ਸਟੇਟ ਦੇ ਕਈ ਵੱਡੇ ਸਕੂਲੀ ਜ਼ਿਲ੍ਹਿਆਂ ਨੇ ਹਾਲ ਹੀ ਦੇ ਦਿਨਾਂ ਵਿੱਚ ਅਜਿਹੀਆਂ ਜਰੂਰਤਾਂ ਲਾਗੂ ਕੀਤੀਆਂ ਹਨ, ਜਿਹਨਾਂ ਵਿੱਚ ਸਾਨ ਫਰਾਂਸਿਸਕੋ, ਓਕਲੈਂਡ, ਸੈਨ ਹੋਜੇ ਅਤੇ ਲਾਂਗ ਬੀਚ ਯੂਨੀਫਾਈਡ ਆਦਿ ਸਕੂਲ ਡਿਸਟ੍ਰਿਕਟ ਸ਼ਾਮਲ ਹਨ।

# ਅਮਰੀਕਾ ਵਿੱਚ ਕੋਰੋਨਾ ਵੈਕਸੀਨ ਦੀਆਂ 3579 ਮਿਲੀਅਨ ਖੁਰਾਕਾਂ ਲੱਗੀਆਂ - ਸੀ ਡੀ ਸੀ

**ਫਰਿਜ਼ਨੋ, ਕੈਲੀਫੋਰਨੀਆਂ-** ਅਮਰੀਕਾ ਵਿੱਚ ਕੋਰੋਨਾ ਵੈਕਸੀਨ ਪ੍ਰਕਿਰਿਆ ਜਾਰੀ ਹੈ। ਹੁਣ ਤੱਕ ਲੱਖਾਂ ਲੋਕਾਂ ਨੇ ਵੈਕਸੀਨ ਦੀਆਂ ਖੁਰਾਕਾਂ ਪ੍ਰਾਪਤ ਕਰ ਲਈਆਂ ਹਨ। ਦੇਸ਼ ਵਿੱਚ ਕੋਰੋਨਾ ਵੈਕਸੀਨ ਪ੍ਰਾਪਤ ਕਰਨ ਤੋਂ ਝਿਜਕ ਰਹੇ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਵੱਲੋਂ ਵੱਖ ਵੱਖ ਸਕੀਮਾਂ, ਲਾਟਰੀਆਂ ਆਦਿ ਵੀ ਪੇਸ਼ ਕੀਤੀਆਂ ਗਈਆਂ ਹਨ। ਅਮਰੀਕੀ ਸੰਸਥਾ ਸੈਂਟਰ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ ਡੀ ਸੀ) ਦੇ ਅੰਕੜਿਆਂ




ਅਨੁਸਾਰ ਅਮਰੀਕਾ ਨੇ ਮੰਗਲਵਾਰ ਸਵੇਰ ਤੱਕ ਦੇਸ਼ ਵਿੱਚ ਕੋਵਿਡ -19 ਟੀਕਿਆਂ ਦੀਆਂ ਤਕਰੀਬਨ 357,894,995 (357.9 ਮਿਲੀਅਨ) ਖੁਰਾਕਾਂ ਨੂੰ ਲਗਾਇਆ ਹੈ ਅਤੇ 417,477,975 ਖੁਰਾਕਾਂ ਵੰਡੀਆਂ ਹਨ। ਨਵੇਂ ਜਾਰੀ ਕੀਤੇ ਗਏ ਇਹ ਅੰਕੜੇ 16 ਅਗਸਤ ਤੱਕ ਦੇ ਅੰਕੜਿਆਂ ਜੋ ਕਿ ਪ੍ਰਾਪਤ ਖੁਰਾਕਾਂ ਲਈ 357,292,057 ਸਨ ਨਾਲੋਂ ਵਧੇ ਹਨ। ਸੀ ਡੀ ਸੀ ਅਨੁਸਾਰ ਤਕਰੀਬਨ 198,929,642 ਲੋਕਾਂ ਨੂੰ ਮੰਗਲਵਾਰ ਤੱਕ ਕੋਰੋਨਾ ਵੈਕਸੀਨ ਦੀ ਘੱਟੋ ਘੱਟ ਇੱਕ ਖੁਰਾਕ ਅਤੇ ਲਗਭਗ 168,897,604 ਲੋਕਾਂ ਨੂੰ ਵੈਕਸੀਨ ਦੀ ਪੂਰੀ ਖੁਰਾਕ ਮਿਲੀ ਹੈ। ਵੈਕਸੀਨ ਮੁਹਿੰਮ ਦੌਰਾਨ ਲਗਾਏ ਜਾਣ ਵਾਲੇ ਟੀਕਿਆਂ ਵਿੱਚ ਦੋ ਖੁਰਾਕਾਂ ਵਾਲੇ ਮੋਡਰਨਾ ਅਤੇ ਫਾਈਜ਼ਰ/ਬਾਇਓਨਟੈਕ ਦੇ ਨਾਲ ਹੀ ਜੌਹਨਸਨ ਐਂਡ ਜੌਹਨਸਨ ਦਾ ਸਿੰਗਲ ਸ਼ਾਟ ਟੀਕਾ ਵੀ ਸ਼ਾਮਲ ਹੈ।

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਕਾਬੁਲ ਵਿਚਲੇ ਅਮਰੀਕੀ ਸਫਾਰਤਖਾਨੇ ਨੂੰ ਸੰਵੇਦਨਸ਼ੀਲ ਦਸਤਾਵੇਜ ਨਸ਼ਟ ਕਰਨ ਦੇ ਆਦੇਸ਼

**ਸੈਕਰਾਮੈਂਟੋ 14 ਅਗਸਤ** – ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਕਾਬੁਲ ਵਿਚਲੇ ਅਮਰੀਕੀ ਦੂਤਘਰ ਨੂੰ ਸਾਰੇ ਸੰਵੇਦਣਸ਼ੀਲ ਦਸਤਾਵੇਜ ਤੇ ਹੋਰ ਅਜਿਹੀ ਸਮੱਗਰੀ ਨਸ਼ਟ ਕਰਨ ਦੇ ਆਦੇਸ਼ ਦਿੱਤੇ ਹਨ ਜਿਸ ਨੂੰ ਉਸ ਵਿਰੁੱਧ ਪੈਰਚਾਰ ਲਈ ਵਰਤਿਆ ਜਾ ਸਕਦਾ ਹੋਵੇ। ਇਹ ਨਿਰਦੇਸ਼ ਤਾਲਿਬਾਨ ਵੱਲੋਂ ਅਫਗਾਨਿਸਤਾਨ ਸਰਕਾਰ ਦਾ ਤਖਤਾ ਪਲਟ ਦੇਣ ਦੀ ਸੰਭਾਵਨਾ ਦਰਮਿਆਨ ਦਿੱਤੇ ਗਏ ਹਨ। ਇਸ ਤੋਂ ਇਕ ਦਿਨ ਪਹਿਲਾਂ ਪੈਂਟਾਗਨ ਨੇ ਅਮਰੀਕੀ ਦੂਤ ਘਰ ਵਿਚੋਂ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਸੁਰੱਖਿਅਤ ਕੱਢ ਕੇ ਲਿਆਉਣ ਵਾਸਤੇ 3000 ਜਵਾਨ ਕਾਬੁਲ ਭੇਜਣ ਦਾ ਐਲਾਨ ਕੀਤਾ ਸੀ। ਅਮਰੀਕੀ ਵਿਦੇਸ਼ ਵਿਭਾਗ ਦੇ ਮੁੱਖ ਬੁਲਾਰੇ ਨੈਡ ਪਰਾਈਸ ਨੇ ਕਿਹਾ ਹੈ ਕਿ ੌਮੈ ਇਕ ਗੱਲ ਸਪੱਸ਼ਟ ਕਰ ਦੇਣੀ



ਚਹੁੰਦਾ ਹਾਂ ਕਿ ਕਾਬੁਲ ਵਿਚ ਸਾਡਾ ਦੂਤ ਘਰ ਖੁਲਾ ਰਹੇਗਾ ਤੇ ਸਾਡੀ ਯੋਜਨਾ ਅਫਗਾਨਿਸਤਾਨ ਵਿਚ ਕੂਟਨੀਤਿਕ ਕੰਮ ਜਾਰੀ ਰਖਣ ਦੀ ਹੈੌ ਇਕ ਜਾਣਕਾਰੀ ਅਨੁਸਾਰ ਹੁਣ ਕਾਬੁਲ ਵਿਚ ਕੇਵਲ ਪੈਰਮੁੱਖ ਕੂਟਨੀਤਿਕ ਅਧਿਕਾਰੀ ਰਹਿ ਜਾਵੇਗਾ ਤੇ ਬਾਕੀ ਸਾਰਾ ਸਟਾਫ ਕੱਢ ਲਿਆ ਜਾਵੇਗਾ। ਵਿਦੇਸ਼ ਵਿਭਾਗ ਨੇ ਦਿੱਤੇ ਨਿਰਦੇਸ਼ਾਂ ਵਿਚ ਕਿਹਾ ਹੈ ਕਿ ਦੂਤ ਘਰ ਛੱਡਣ ਤੋਂ ਪਹਿਲਾਂ ਕੰਪਿਊਟਰ ਤੇ ਹੋਰ ਅਜਿਹੇ ਦਸਤਾਵੇਜਾਂ ਦੇ ਨਾਲ ਉਹ ਵਸਤਾਂ ਜਿਨਾਂ ਉਪਰ ਅਮਰੀਕੀ ਝੰਡਾ, ਦੂਤ ਘਰ ਦਾ ਲੋਗੋ ਜਾਂ ਹੋਰ ਸਮਾਨ ਜਿਸ ਦੀ ਗਲਤ ਵਰਤੋਂ ਹੋ ਸਕਦੀ ਹੋਵੇ, ਨੂੰ ਨਸ਼ਟ ਕਰ ਦਿੱਤਾ ਜਾਵੇ। ਇਕ ਅਧਿਕਾਰੀ ਨੇ ਕਿਹਾ ਹੈ ਕਿ ਇਹ ਆਦੇਸ਼ ਉਸ ਦੇ ਮਾਪਦੰਡ ਪੈਰਕੈਰਿਆ ਦਾ ਹਿੱਸਾ ਹੈ। ਇਸ ਅਧਿਕਾਰੀ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ ਉਪਰ ਦਸਿਆ ਕਿ ਵਿਸ਼ਵ ਭਰ ਵਿਚ ਇਹ ਮਾਪਦੰਡ ਪੈਰਕੈਰਿਆ ਹੀ ਅਪਣਾਈ ਜਾਂਦੀ ਹੈ। ਅਮਰੀਕੀ ਫੌਜ ਦਾ ਅਨੁਮਾਨ ਹੈ ਕਿ ਕਾਬੁਲ 30 ਦਿਨਾਂ ਵਿਚ ਤਾਲਿਬਾਨ ਦੇ ਕਬਜੇ ਵਿਚ ਆ ਸਕਦਾ ਹੈ ਤੇ ਬਾਕੀ ਦੇਸ਼ ਉਪਰ ਉਹ ਕੁਝ ਮਹੀਨਿਆਂ ਦੌਰਾਨ ਕਾਬਜ਼ ਹੋ ਸਕਦੇ ਹਨ। ਅਫਗਾਨਿਸਤਾਨ ਦੇ ਉੱਤਰ ਤੇ ਪੱਛਮੀ ਖੇਤਰ ਦੇ ਜਿਆਦਾਤਰ ਹਿੱਸੇ ਉਪਰ ਉਹ ਪਹਿਲਾਂ ਹੀ ਕਬਜ਼ਾ ਕਰ ਚੁੱਕੇ ਹਨ।

# ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਟਾਈਮਜ ਚੌਂਕ ਵਿਚ ਮਨਾਵੇਗੀ ਆਜ਼ਾਦੀ ਦਿਵਸ

**ਸੈਕਰਾਮੈਂਟੋ 14 ਅਗਸਤ** – ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਦੀ ਨਿਊਯਾਰਕ, ਨਿਊਜਰਸੀ ਤੇ ਕੋਨੈਟੀਕਟ ਇਕਾਈ ਵੱਲੋਂ 15 ਅਗਸਤ ਨੂੰ ਆਜ਼ਾਦੀ ਦਿਵਸ ਨਿਊਯਾਰਕ ਸ਼ਹਿਰ ਦੇ ਟਾਈਮਜ਼ ਚੌਂਕ ਵਿਚ ਮਨਾਇਆ ਜਾਵੇਗਾ। ਭਾਰਤ ਦੀ ਆਜ਼ਾਦੀ ਦੇ 75 ਵੇਂ ਦਿਵਸ ਦੇ ਜਸ਼ਨ ਸਾਰਾ ਦਿਨ ਚਲਣਗੇ। ਫੈਡਰੇਸ਼ਨ ਵੱਲੋਂ ਜਾਰੀ ਬਿਆਨ ਅਨੁਸਾਰ ਚੌਂਕ ਵਿਚ ਭਾਰਤੀ ਝੰਡਾ ਤਿੰਰਗਾ ਲਹਿਰਾਇਆ ਜਾਵੇਗਾ ਤੇ ਝੰਡਾ ਲਹਿਰਾਉਣ ਦੀ ਰਸਮ ਭਾਰਤ ਦੇ ਨਿਊਯਾਰਕ ਵਿਚਲੇ ਕੌਂਸਲ ਜਨਰਲ ਰਣਧੀਰ ਜੈਸਵਾਲ



ਵੱਲੋਂ ਨਿਭਾਈ ਜਾਵੇਗੀ। ਜਸ਼ਨਾਂ ਦਾ ਸਮਾਪਤੀ ਸਮਾਗਮ ਹੁਡਸਨ ਦਰਿਆ ੱਤੇ ਹੋਵੇਗਾ ਜਿਥੇ ਸਰਕਾਰੀ ਅਧਿਕਾਰੀ, ਵਿਸ਼ੇਸ਼ ਮਹਿਮਾਨ ਤੇ ਭਾਰਤੀ ਭਾਈਚਾਰੇ ਨਾਲ ਸਬੰਧਤ ਲੋਕ ਸ਼ਾਮਿਲ ਹੋਣਗੇ। ਇਸ ਮੌਕੇ ਚੈੱਸ ਦੇ ਗਰੈਂਡਮਾਸਟਰ ਭਾਰਤੀ ਮੂਲ ਦੇ ਅਮਰੀਕੀ ਖਿਡਾਰੀ 12 ਸਾਲਾ ਅਭੀਮਨਿਊ ਮਿਸ਼ਰਾ ਤੇ 17 ਸਾਲਾ ਸਾਮੀਰ ਬੈਨਰਜੀ ਜਿਸ ਨੇ ਪਿਛਲੇ ਮਹੀਨੇ ਲੜਕਿਆਂ ਦਾ ਵਿੰਬਲਡਨ ਫਾਈਨਲ ਮੁਕਾਬਲਾ ਜਿੱਤ ਕੇ ਇਤਿਹਾਸ ਸਿਰਜਿਆ ਸੀ, ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਇਹ ਦੋਨੋ ਖਿਡਾਰੀ ਨਿਊਜਰਸੀ ਦੇ ਰਹਿਣ ਵਾਲੇ ਹਨ।

# ਸ਼ਿਕਾਗੋ ਵਿਚ ਅਣਪਛਾਤੇ ਹਮਲਾਵਰ ਨੇ 2 ਬੱਚੀਆਂ ਦੇ ਮਾਰੀਆਂ ਗੋਲੀਆਂ, ਇਕ ਦੀ ਮੌਤ ਇਕ ਗੰਭੀਰ

**ਸੈਕਰਾਮੈਂਟੋ 16 ਅਗਸਤ**– ਸ਼ਿਕਾਗੋ (ਇਲੀਨੋਇਸ) ਵਿਚ ਅਣਪਛਾਤੇ ਹਮਲਵਾਰ ਨੇ ਇਕ ਕਾਰ ਵਿਚ ਬੈਠੀਆਂ ਦੋ ਬੱਚੀਆਂ ਜਿਨ੍ਹਾਂ ਦੀ ਉਮਰ 7 ਤੇ 6 ਸਾਲ ਦੀ ਸੀ, ਨੂੰ ਗੋਲੀਆਂ ਮਾਰ ਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ। ਦੋਨਾਂ ਨੂੰ ਲੋਯੋਲਾ ਯੂਨੀਵਰਸਿਟੀ ਮੈਡੀਕਲ ਸੈਂਟਰ ਲਿਜਾਇਆ ਗਿਆ ਜਿਥੇ 7 ਸਾਲਾ ਬੱਚੀ ਦੀ ਮੌਤ ਹੋ ਗਈ ਜਦ ਕਿ ਦੂਸਰੀ ਬੱਚੀ ਜਿੰਦਗੀ ਲਈ ਜਦੋਜਹਿਦ ਕਰ ਰਹੀ ਹੈ। 7 ਸਾਲਾ ਬੱਚੀ ਦੀ ਛਾਤੀ ਤੇ ਧੜ ਉਪਰ ਗੋਲੀਆਂ ਵੱਜੀਆਂ ਸਨ ਜਦ ਕਿ ਦੂਸਰੀ ਬੱਚੀ ਦੀ ਛਾਤੀ ਤੇ ਕੱਛ ਵਿਚ ਗੋਲੀ ਵੱਜੀ ਹੈ। ਇਹ ਘਟਨਾ ਦੁਪਹਿਰ 2.50 ਵਜੇ ਵੈਸਟ ਗਰੈਂਡ ਐਵਨਿਊ ਸ਼ਿਕਾਗੋ ਦੇ 6200 ਬਲਾਕ ਵਿਚ ਵਾਪਰੀ ਜਿਥੇ ਇਕ ਖੜੀ ਕਾਰ ਵਿਚ ਬੱਚੀਆਂ ਖੇਡ ਰਹੀਆਂ ਸਨ। ਸ਼ਿਕਾਗੋ ਪੁਲਿਸ ਵਿਭਾਗ ਦੇ ਆਪਰੇਸ਼ਨ ਮੁੱਖੀ ਕਮਾਂਡਰ ਬਰੀਅਨ ਮੈਕਡੈਰਮੋਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੋਨੋਂ ਬੱਚੀਆਂ ਭੈਣਾਂ ਸਨ ਤੇ ਉਨ੍ਹਾਂ ਦੀ ਮਾਂ ਬੱਚੀਆਂ ਨੂੰ ਕਾਰ ਦੀ ਪਿਛਲੀ ਸੀਟ ਉਪਰ ਬੈਠਾ ਕੇ ਗਈ ਸੀ।

ਪੁਲਿਸ ਦਾ ਵਿਚਾਰ ਹੈ ਕਿ ਹਮਲਵਾਰ ਦਾ ਨਿਸ਼ਾਨਾ ਬੱਚੀਆਂ ਜਾਂ ਉਨ੍ਹਾਂ ਦੀ ਮਾਂ ਨਹੀਂ ਸੀ। ਪੁਲਿਸ ਨੇ ਹਮਲਾਵਰ ਦੀ ਗ੍ਰਿਫਤਾਰੀ ਲਈ ਲੋਕਾਂ ਤੋਂ ਮਦਦ ਮੰਗੀ ਹੈ। ਇਥੇ ਜਿਕਰਯੋਗ ਹੈ ਕਿ ਸ਼ਿਕਾਗੋ ਵਿਚ ਪਿਛਲੇ ਹਫਤੇ 42 ਲੋਕਾਂ ਉਪਰ ਗੋਲੀਆਂ ਚਲਾਈਆਂ ਗਈਆਂ ਹਨ ਜਿਨ੍ਹਾਂ ਵਿਚੋਂ 4 ਦੀ ਮੌਤ ਹੋਈ ਹੈ। 2020 ਦੀ ਤੁਲਨਾ ਵਿਚ ਇਸ ਸਾਲ ਸ਼ਿਕਾਗੋ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਵਿਚ 11% ਵਾਧਾ ਹੋਇਆ ਹੈ ਜਦ ਕਿ 2019 ਦੀ ਤੁਲਨਾ ਵਿਚ ਇਹ ਵਾਧਾ 63% ਹੈ।

# ਟੈਕਸਾਸ ਦੇ ਸਕੂਲਾਂ ਨੂੰ ਮਾਸਕ ਜਰੂਰੀ ਪਾਉਣ ਬਾਰੇ ਮਿਲੀ ਆਰਜੀ ਕਾਨੂੰਨੀ ਰਾਹਤ

ਸੈਕਰਾਮੈਂਟੋ 17 ਅਗਸਤ (ਹੁਸਨ ਲੜੋਆ ਬੰਗਾ)– ਦੱਖਣੀ ਟੈਕਸਾਸ ਦੇ ਸਕੂਲਾਂ ਤੇ ਹੈਰਿਸ ਕਾਊਂਟੀ ਨੇ ਵਿਦਿਆਰਥੀਆਂ ਲਈ ਮਾਸਕ ਜਰੂਰੀ ਪਾਉਣ ਦੇ ਮਾਮਲੇ ਵਿਚ ਆਰਜੀ ਤੌਰ ੋਤੇ ਕਾਨੂੰਨ ਲੜਾਈ ਜਿੱਤ ਲਈ ਹੈ ਤੇ ਟਰਾਵਿਸ ਕਾਊਂਟੀ ਦੀ ਇਕ ਅਦਾਲਤ ਨੇ ਦਾਇਰ ਪਟੀਸ਼ਨ ਉਪਰ ਦੋ ਘੰਟਿਆਂ ਦੀ ਸੁਣਵਾਈ ਉਪਰੰਤ ਹੈਰਿਸ ਕਾਊਂਟੀ ਤੇ ਦੱਖਣੀ ਟੈਕਸਾਸ ਸਕੂਲ ਡਿਸਟੈਰਿਕਟਸ ਦੇ ਹੱਕ ਵਿਚ ਆਰਜੀ ਫੈਸਲਾ ਸੁਣਾਉਂਦਿਆਂ ਕਿਹਾ ਕਿ ਉਹ ਗਵਰਨਰ ਗਰੇਗ ਅਬੋਟ ਦੇ ਹੁਕਮਾਂ ਨੂੰ ਨਕਾਰਦਿਆਂ ਮਾਸਕ ਪਾਉਣਾ ਲਾਜਮੀ ਕਰ ਸਕਦੇ ਹਨ। ਗਵਰਨਰ ਨੇ ਇਕ ਆਦਸ਼ ਜਾਰੀ ਕਰਕੇ ਮਾਸਕ ਜਰੂਰੀ ਪਾਉਣ ਉਪਰ ਪਾਬੰਦੀ ਲਾ ਦਿੱਤੀ ਸੀ ਤੇ ਕਿਹਾ ਸੀ ਕਿ ਮਾਸਕ ਪਾਉਣ ਜਾਂ ਨਾ ਪਾਉਣ ਦਾ ਨਿਰਨਾ ਮਾਪਿਆਂ ਉਪਰ ਛੱਡ ਦੇਣਾ ਚਾਹੀਦਾ ਹੈ। ਦਾਇਰ ਪਟੀਸ਼ਨ ਦੇ ਹੱਕ ਵਿਚ ਦਲੀਲੀ ਦਿੱਤੀ ਗਈ ਕਿ ਮਾਸਕ ਨਾ ਪਾਉਣ ਕਾਰਨ ਕੋਵਿਡ–19 ਮਹਾਮਾਰੀ ਭਿਆਨਕ ਰੂਪ ਅਖਤਿਆਰ ਕਰ ਸਕਦੀ ਹੈ।


Law Office of
NIRWAN & ASSOCIATES
www.nirwanlaw.com

Business Incorporation
Articles of Incorp
Dissolution
501 © Non-Profit
Jagdip S. Nirwan, Esq
916-832-3144
IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense
TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020
1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics


Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਨਿਊਯਾਰਕ ਵਿਚ ਸਾਊਥ ਏਸ਼ੀਅਨ ਕੌਂਸਲ ਦੇ ਨਵੇਂ ਕਮਿਊਨਿਟੀ ਸੈਂਟਰ ਦਾ ਉਦਘਾਟਨ

**ਸੈਕਰਾਮੈਂਟੋ 16 ਅਗਸਤ (ਹੁਸਨ ਲੜੋਆ ਬੰਗਾ)-** ਨਿਊਯਾਰਕ ਵਿਚ 'ਸਾਊਥ ਏਸ਼ੀਅਨ ਕੌਂਸਲ ਫਾਰ ਸੋਸ਼ਲ ਸਰਵਿਸਜ਼' ਦੇ ਨਵੇਂ ਕਮਿਊਨਿਟੀ ਸੈਂਟਰ ਦਾ ਉਦਘਾਟਨ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਜਾਰੀ ਪ੍ਰੈਸ ਰਲੀਜ ਅਨੁਸਾਰ ਸਾਊਥ ਏਸ਼ੀਅਨ ਕੌਂਸਲ ਫਾਰ ਸੋਸ਼ਲ ਸਰਵਿਸਜ਼ ਇਕ 20 ਸਾਲ ਪੁਰਾਣੀ ਸਮਾਜ ਸੇਵੀ ਸੰਸਥਾ ਹੈ ਜੋ ਭਾਰਤੀ ਮੂਲ ਦੇ ਅਮਰੀਕੀ ਲੋੜਵੰਦਾਂ, ਦੱਖਣ ਏਸ਼ੀਅਨਾਂ ਤੇ ਹੋਰ ਪਰਵਾਸੀਆਂ ਨੂੰ ਸਮਰਪਿਤ ਹੈ। ਕੌਂਸਲ ਲੋੜਵੰਦ ਬਜ਼ੁਰਗਾਂ ਸਮੇਤ ਹੋਰ ਪਰਵਾਸੀਆਂ ਦੀ ਹਰ ਤਰਾਂ ਮਦਦ ਕਰਨ ਲਈ ਤਿਆਰ ਰਹਿੰਦੀ ਹੈ। ਦੋ ਮੰਜਿਲੇ ਕਮਿਊਨਿਟੀ ਸੈਂਟਰ ਦਾ ਉਦਘਾਟਨ ਕਾਂਗਰਸਮੈਨ ਗਰੇਸ ਮੈਂਗ, ਨਿਊਯਾਰਕ ਸਟੇਟ ਸੈਨੇਟਰ ਟੌਬੀ ਐਨ ਸਤਾਵਿਸਕੀ ਤੇ ਜੌਹਨ ਲਿਊ, ਅਸੈਂਬਲੀ ਮੈਂਬਰ ਨਿਲੀ ਰੋਜ਼ਿਕ, ਕੁਈਨਜ ਬਰੌਘ ਪ੍ਰਧਾਨ ਡੋਨੋਵੈਨ ਰਿਚਰਡ ਜੂਨੀਆ, ਡਿਪਟੀ ਕੁਈਨਜ ਬਰੌਘ ਪ੍ਰਧਾਨ ਰੌਂਡਾ ਬਿੰਦਾ, ਨਿਊਯਾਰਕ ਦੇ ਕੌਂਸਲ ਮੈਂਬਰਾਂ ਪੀਟਰ ਕੂ, ਡੈਨੀਅਲ ਡਰੌਮ ਤੇ ਬੈਰੀ ਗਰੌਡਨਚਿਕ ਨੇ ਸਾਂਝੇ ਤੌਰ 'ਤੇ ਰਿਬਨ ਕੱਟ ਕੇ ਕੀਤਾ। ਇਸ ਮੌਕੇ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਸਾਊਥ ਏਸ਼ੀਅਨ ਕੌਂਸਲ ਦੀ ਕਾਰਜਕਾਰੀ ਮੁੱਖੀ ਸੁਧਾ ਅਚਾਰੀਆ ਨੇ ਕਿਹਾ ਕਿ ਵਧ ਰਹੀਆਂ ਲੋੜਾਂ ਦੇ ਮੱਦੇਨਜਰ ਕਮਿਊਨਿਟੀ ਸੈਂਟਰ ਦੀ ਉਸਾਰੀ ਇਕ ਸੁਪਨਾ ਸੀ ਜੋ ਸੁਪਨਾ ਅੱਜ ਪੂਰਾ ਹੋਇਆ ਹੈ। ਉਨ੍ਹਾਂ ਨੇ ਚੁਣੇ ਹੋਏ ਅਧਿਕਾਰੀਆਂ, ਦਾਨ ਦੇਣ ਵਾਲਿਆਂ ਤੇ ਹੋਰ ਲੋਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਹ ਸੁਪਨਾ ਸਾਕਾਰ ਕਰਨ ਵਿਚ ਯੋਗਦਾਨ ਪਾਇਆ।






# ਅਫਗਾਨਿਸਤਾਨ ਦੀਆਂ ਸੁਰੱਖਿਆ ਫੋਰਸਾਂ ਨੂੰ ਦਿੱਤੇ ਅਮਰੀਕੀ ਹੱਥਿਆਰ ਤਾਲਿਬਾਨ ਨੇ ਕੀਤੇ ਜ਼ਬਤ-ਜੇਕ ਸੁਲੀਵਨ

## ਤਾਲਿਬਾਨ ਨੇ ਕਬਜ਼ੇ ਵਿਚ ਲਏ ਬਲੈਕ ਹਾਕ ਮਿਲਟਰੀ ਹੈਲੀਕਾਪਟਰ ਦੀਆਂ ਤਸਵੀਰਾਂ ਕੀਤੀਆਂ ਜਾਰੀ

**ਸੈਕਰਾਮੈਂਟੋ 18 ਅਗਸਤ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਨੇ ਕਿਹਾ ਹੈ ਕਿ ਅਮਰੀਕਾ ਵੱਲੋਂ ਫੌਜੀ ਹੱਥਿਆਰ ਜੋ ਅਫਗਾਨਿਸਤਾਨ ਦੀਆਂ ਸੁਰੱਖਿਆ ਫੋਰਸਾਂ ਨੂੰ ਦਿੱਤੇ ਸਨ,ਤਾਲਿਬਾਨ ਦੇ ਹੱਥਾਂ ਵਿਚ ਚਲੇ ਗਏ ਹਨ। ਵਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੇਕ ਸੁਲੀਵਨ ਨੇ ਕਿਹਾ ਕਿ ਹਾਲਾਂ ਕਿ ਮੁਕੰਮਲ ਤਸਵੀਰ ਸਾਫ ਨਹੀਂ ਹੈ ਪਰੰਤੂ ਯਕੀਨਨ ਹਥਿਆਰਾਂ ਦਾ ਵੱਡਾ ਹਿੱਸਾ ਤਾਲਿਬਾਨ ਨੇ ਜ਼ਬਤ ਕਰ ਲਿਆ ਹੈ ਤੇ ਅਜੇ ਇਹ ਕਹਿਣਾ ਮੁਸ਼ਕਿਲ ਹੈ ਕਿ ਤਾਲਿਬਾਨ ਇਹ ਹਥਿਆਰ ਕਾਬੁਲ ਹਵਾਈ ਅੱਡੇ ਉਪਰ ਤਾਇਨਾਤ ਅਮਰੀਕੀ ਫੌਜ ਦੇ ਸਪੁਰਦ ਕਰ ਦੇਵੇਗਾ। ਅਫਗਾਨਿਸਤਾਨ ਉਪਰ ਕਾਬਜ਼ ਹੋਣ ਉਪਰੰਤ ਤਾਲਿਬਾਨ ਨੇ ਕਬਜ਼ੇ ਵਿਚ ਲਏ ਕੰਧਾਰ ਕੌਮਾਂਤਰੀ ਹਵਾਈ ਅੱਡੇ ਉਪਰ ਖੜੇ ਬਲੈਕ ਹਾਕ ਮਿਲਟਰੀ ਹੈਲੀਕਾਪਟਰ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ ਜੋ ਹੈਲੀਕਾਪਟਰ ਅਮਰੀਕਾ ਨੇ ਅਫਗਾਨਿਸਤਾਨੀ ਫੌਜ ਨੂੰ ਦਿੱਤੇ ਸਨ। ਸੁਲੀਵਨ ਨੇ ਕਿਹਾ ਕਿ ਇਹ ਹੈਲੀਕਾਪਟਰ ਤਾਲਿਬਾਨ ਨੂੰ ਨਹੀਂ ਬਲਕਿ ਅਫਗਾਨਿਸਤਾਨੀ ਸੁਰੱਖਿਆ ਫੋਰਸਾਂ ਨੂੰ ਆਪਣੀ ਰੱਖਿਆ ਕਰਨ ਲਈ ਦਿੱਤੇ ਗਏ ਸਨ।



ਸੁਲੀਵਨ ਨੇ ਕਿਹਾ ਕਿ ਅਫਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਅਸ਼ਰਫ ਗਨੀ ਨੇ ਵਾਇਟ ਹਾਊਸ ਵਿਚ ਇਸ ਸਾਲ ਜੂਨ ਵਿਚ ਹੋਈ ਮੀਟਿੰਗ ਦੌਰਾਨ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੂੰ ਹੈਲੀਕਾਪਟਰ ਦੇਣ ਦੀ ਬੇਨਤੀ ਕੀਤੀ ਸੀ। ਹਾਲਾਂ ਕਿ ਓਦੋਂ ਵੀ ਇਹ ਖਤਰਾ ਸੀ ਕਿ ਇਹ ਹੈਲੀਕਾਪਟਰ ਤਾਲਿਬਾਨ ਦੇ ਹੱਥਾਂ ਵਿਚ ਜਾ ਸਕਦੇ ਹਨ ਪਰੰਤੂ ਫਿਰ ਵੀ ਅਫਗਾਨਿਸਤਾਨ ਦੀ ਰਾਖੀ ਲਈ ਇਹ ਹੈਲੀਕਾਪਟਰ ਅਫਗਾਨ ਫੋਰਸਾਂ ਨੂੰ ਦਿੱਤੇ ਗਏ। ਉਨਾਂ ਨੇ ਤਾਲਿਬਾਨ ਦੇ ਹੱਥਾਂ ਵਿਚ ਗਏ ਹੋਰ ਵਿਸ਼ੇਸ਼ ਹੱਥਿਆਰਾਂ ਬਾਰੇ ਜਾਣਕਾਰੀ ਨਹੀਂ ਦਿੱਤੀ। ਸੁਲੀਵਨ ਨੇ ਹੋਰ ਕਿਹਾ ਕਿ ਬਾਇਡਨ ਪੈਰਸ਼ਾਸਨ ਦੀ ਇਸ ਵੇਲੇ ਮੁੱਖ ਤਰਜੀਹ ਅਮਰੀਕਨਾਂ ਤੇ ਹੋਰ ਲੋਕਾਂ ਜੋ ਅਫਗਾਨਿਸਤਾਨ ਵਿਚੋਂ ਨਿਕਲਣਾ ਚਹੁੰਦੇ ਹਨ, ਨੂੰ ਸੁਰੱਖਿਅਤ ਲਿਆਉਣ ਦੀ ਹੈ। ਉਨਾਂ ਕਿਹਾ ਕਿ ਅਮਰੀਕੀ ਅਧਿਕਾਰੀ ਤਾਲਿਬਾਨ ਦੇ ਸੰਪਰਕ ਵਿਚ ਹਨ ਤਾਂ ਜੋ ਕਾਬੁਲ ਹਵਾਈ ਅੱਡੇ ਜੋ ਅਮਰੀਕੀ ਫੌਜ ਦੇ ਕਬਜ਼ੇ ਹੇਠ ਹੈ, ਤੱਕ ਪਹੁੰਚਣ ਲਈ ਲੋਕਾਂ ਨੂੰ ਸੁਰੱਖਿਅਤ ਲਾਂਘਾ ਦਿੱਤਾ ਜਾ ਸਕੇ। ਇਸ ਮੌਕੇ ਵਾਇਟ ਹਾਊਸ ਦੇ ਪੈਰੈਸ ਸਕੱਤਰ ਜੇਨ ਪਸਾਕੀ ਨੇ ਕਿਹਾ ਕਿ ਬਾਇਡਨ ਪ੍ਰਸ਼ਾਸਨ ਤਾਲਿਬਾਨ ਵੱਲੋਂ ਕੀਤੇ ਐਲਾਨ ਕਿ ਲੋਕ ਬਿਨਾਂ ਕਿਸੇ ਰੁਕਾਵਟ ਦੇ ਹਵਾਈ ਅੱਡੇ 'ਤੇ ਆ ਸਕਦੇ ਹਨ, ਵੱਲ ਤਵਜੋਂ ਦਿੱਤੇ ਬਿਨਾਂ ਸਥਿੱਤੀ ਉਪਰ ਨਜਰ ਰੱਖ ਰਿਹਾ ਹੈ। ਇਥੇ ਜਿਕਰਯੋਗ ਹੈ ਕਿ 9/11 ਹਮਲੇ ਉਪਰੰਤ ਵਾਸ਼ਿੰਗਟਨ ਵੱਲੋਂ ਅਲਕਾਇਦਾ ਦੇ ਸਫਾਏ ਲਈ ਸ਼ੁਰੂ ਕੀਤੀ ਗਈ ਜੰਗ ਤੋਂ ਬਾਅਦ ਅਮਰੀਕਾ 80 ਅਰਬ ਡਾਲਰ ਅਫਗਾਨ ਸੁਰੱਖਿਆ ਫੋਰਸਾਂ ਨੂੰ ਸਿਖਲਾਈ ਤੇ ਹੱਥਿਆਰ ਦੇਣ ਉਪਰ ਖਰਚ ਕਰ ਚੁੱਕਾ ਹੈ ਪਰੰਤੂ ਇਨਾਂ ਕੋਸ਼ਿਸ਼ਾਂ ਦੇ ਬਾਵਜੂਦ ਅਫਗਾਨੀ ਫੌਜ ਤਾਲਿਬਾਨ ਅੱਗੇ ਕੁਝ ਦਿਨਾਂ ਵਿਚ ਹੀ ਗੋਡੇ ਟੇਕ ਗਈ। ਅਮਰੀਕੀ ਰਾਸ਼ਟਰਪਤੀ ਖੁਦ ਕਹਿ ਚੁੱਕੇ ਹਨ ਕਿ ਅਸ਼ਰਫ ਗਨੀ ਬਿਨਾਂ ਲੜਿਆਂ ਹੀ ਮੈਦਾਨ ਖਾਲੀ ਛੱਡ ਗਏ ਹਨ।






# ਐਲਕ ਗਰੋਵ ਦੀਆਂ ਤੀਆਂ 'ਚ ਹੋਇਆ ਬੀਬੀਆਂ ਦਾ ਭਰਵਾਂ ਇਕੱਠ






**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਇੰਟਰਨੈਸ਼ਨਲ ਪੰਜਾਬੀ ਕਲਚਰਲ ਅਕੈਡਮੀ ਵੱਲੋਂ 14ਵਾਂ ਸਾਲਾਨਾ ਤੀਆਂ ਦਾ ਮੇਲਾ 'ਤੀਆਂ ਤੀਜ ਦੀਆਂ' ਐਲਕ ਗਰੋਵ ਪਾਰਕ, ਸੈਕਰਾਮੈਂਟੋ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਭਾਰੀ ਗਿਣਤੀ ਵਿਚ ਔਰਤਾਂ ਨੇ ਇਸ ਵਿਚ ਪਹੁੰਚ ਕੇ ਭਰਪੂਰ ਮਨੋਰੰਜਨ ਕੀਤਾ। ਅਕੈਡਮੀ ਵੱਲੋਂ ਸਟੇਜ ਨੂੰ ਬਾਖ਼ੂਬੀ ਸਜਾਇਆ ਗਿਆ ਸੀ। ਸੱਭਿਆਚਾਰਕ ਵਸਤੂਆਂ ਸਟੇਜ ਦੀ ਰੌਣਕ ਨੂੰ ਵਧਾ ਰਹੀਆਂ ਸਨ। ਚਰਖੇ, ਪੱਖੀਆਂ, ਛੱਜ, ਢੋਲਕੀਆਂ, ਫੁਲਕਾਰੀਆਂ, ਬਾਜ, ਮੰਜੇ, ਦਰੀਆਂ, ਗਾਗਰਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸੱਭਿਆਚਾਰਕ ਵਸਤੂਆਂ ਨਾਲ ਸਟੇਜ ਨੂੰ ਸਜਾਇਆ ਗਿਆ ਸੀ। ਐਲਕ ਗਰੋਵ ਪਾਰਕ ਦੇ ਖੁੱਲ੍ਹੇ ਮੈਦਾਨ ਵਿਚ ਦਰੱਖਤਾਂ ਦੀ ਛਾਂ ਹੇਠ ਹੋਈਆਂ ਇਹ ਤੀਆਂ ਪੰਜਾਬ ਦੇ ਕਿਸੇ ਪਿੰਡ ਦਾ ਭੁਲੇਖਾ ਪਾ ਰਹੀਆਂ ਸਨ। ਸਮਾਗਮ ਦੇ ਸ਼ੁਰੂ ਵਿਚ ਤੀਆਂ ਦੀ ਆਰਗੇਨਾਈਜ਼ਰ ਪਿੰਕੀ ਰੰਧਾਵਾ ਨੇ ਸਮੂਹ ਆਏ ਹੋਏ ਦਰਸ਼ਕਾਂ ਨੂੰ ਜੀ ਆਇਆਂ ਨੂੰ ਕਿਹਾ। ਉਨ੍ਹਾਂ ਦਾ ਸਾਥ ਦਿੱਤਾ ਪਰਨੀਤ ਗਿੱਲ ਨੇ। ਹਰ ਉਮਰ ਦੀਆਂ ਬੀਬੀਆਂ ਸੱਜ-ਧੱਜ ਕੇ ਪੰਜਾਬੀ ਸੱਭਿਆਚਾਰਕ ਪਹਿਰਾਵੇ ਵਿਚ ਇਥੇ ਪਹੁੰਚੀਆਂ। ਤੀਆਂ ਦੌਰਾਨ ਗੀਤ-ਸੰਗੀਤ, ਗਿੱਧਾ, ਬੋਲੀਆਂ,



ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਗਈਆਂ। ਬਹੁਤ ਸਾਰੇ ਸਟਾਲ ਮੇਲੇ ਦੀ ਸ਼ੋਭਾ ਵਧਾ ਰਹੇ ਸਨ, ਜਿੱਥੋਂ ਬੀਬੀਆਂ ਨੇ ਕੱਪੜੇ, ਗਹਿਣੇ, ਦੇਸੀ ਜੁੱਤੀਆਂ, ਪਰਾਂਦੇ, ਫੁਲਕਾਰੀਆਂ ਆਦਿ ਦੀ ਖਰੀਦੋ-ਫਰੋਖਤ ਕੀਤੀ। ਛੋਲੇ-ਭਟੂਰੇ ਅਤੇ ਸਮੋਸਿਆਂ ਦੀ ਮਹਿਕ ਵਾਤਾਵਰਨ 'ਚ ਫੈਲੀ ਹੋਈ ਸੀ। ਨਾਲੋ-ਨਾਲ ਬੀਬੀਆਂ ਖਾਣ-ਪੀਣ ਦਾ ਆਨੰਦ ਵੀ ਲੈਂਦੀਆਂ ਰਹੀਆਂ। ਹਰ ਵਾਰ ਦੀ ਤਰ੍ਹਾਂ ਇਸ ਵਾਰ ਸਤਬੀਰ ਸਿੰਘ ਬਾਜਵਾ ਅਤੇ ਪਰਮਜੀਤ ਕੌਰ ਬਾਜਵਾ ਵੱਲੋਂ ਛਬੀਲ ਦੀ ਸੇਵਾ ਕੀਤੀ ਗਈ।

ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਈ। ਉਸ ਨੇ ਸਿਟੀ ਵੱਲੋਂ ਇਕ ਰੈਕੋਗਨੇਸ਼ਨ ਸਰਟੀਫਿਕੇਟ ਇੰਟਰਨੈਸ਼ਨਲ ਪੰਜਾਬੀ ਕਲਚਰਲ ਅਕੈਡਮੀ ਨੂੰ ਭੇਂਟ ਕੀਤਾ। ਇਨ੍ਹਾਂ ਤੀਆਂ ਨੂੰ ਜਸਮੇਲ ਸਿੰਘ ਚਿੱਟੀ, ਭੁਪਿੰਦਰ ਸਿੰਘ ਸੰਘੇੜਾ, ਸਤਬੀਰ ਸਿੰਘ ਬਾਜਵਾ, ਬਖਸ਼ੋ ਵੀਸਲਾ, ਪਰਮ ਤੱਖਰ (ਯੂਬਾ ਸਿਟੀ ਤੀਆਂ), ਪਾਲ ਬੋਪਾਰਾਏ (ਇੰਡੀਆ ਸਪਾਈਜ਼ ਐਂਡ ਮਿਊਜ਼ਿਕ, ਬਰੂਸਵਿੱਲ ਰੋਡ, ਐਲਕ ਗਰੋਵ), ਗੁਰਮੀਤ ਸਿੰਘ ਵੜੈਚ, ਜਸਪ੍ਰੀਤ ਸਿੰਘ ਅਟਾਰਨੀ, ਡਾ. ਗੁੱਡੀ ਤੱਖਰ ਨੇ ਸਪਾਂਸਰ ਕੀਤਾ।

# ਨੌਰਥ ਸਿਆਟਲ ਤੀਆਂ ਦਾ ਮੇਲਾ ਆਪਣੇ ਹੀ ਸਾਰੇ ਰਿਕਾਰਡ ਤੋੜ ਗਿਆ







**Change of Name**

I, Sarbjit Kaur w/o Jita Singh
Currently Resident of:
**4464 Destiny Dr,**
Turlock, CA-95382, U.S.A.

Now I have changed my name
From : **Sarbjit Kaur**
To : **Sarbjit Kaur Clair**

All concerned Kindly note it

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਵਾਂ ਨੌਰਥ ਸਿਆਟਲ ਤੀਆਂ ਦਾ ਮੇਲਾ 15 ਅਗਸਤ ਐਤਵਾਰ ਵਾਲੇ ਦਿਨ ਖੁੱਲ੍ਹੇ ਖੇਤਾਂ, ਬਾਗਾਂ ਅਤੇ ਦਰੱਖਤਾਂ ਦੀ ਛਾਵੇਂ ਸਨੋਹੋਮਿਸ ਸਟੋਕਰ ਫਾਰਮ ਵਿਚ 3 ਤੋਂ 8 ਵਜੇ ਤੱਕ ਬੜੇ ਚਾਵਾਂ ਨਾਲ ਪੰਜਾਬ ਦੇ ਰਵਾਇਤੀ ਮਾਹੌਲ ਵਿਚ ਮਨਾਇਆ ਗਿਆ। ਰੰਗ-ਬਿਰੰਗੇ ਫੁੱਲ ਬੂਟਿਆਂ, ਪੀਂਘਾਂ, ਪਾਣੀ ਦੀ ਟੈਂਕੀ, ਹਵੇਲੀ, ਖੇਤੀ ਸੰਦ, ਹਲ, ਟਰੈਕਟਰ, ਗੱਡੇ, ਸਾਇ.ਕਲਾਂ, ਵਿੰਡ ਮਿਲ ਦੇ ਵਿਚਕਾਰ ਖ਼ੂਬਸੂਰਤ ਸਟੇਜ ਤੇ ਗਿੱਧੇ-ਭੰਗੜੇ, ਸਕਿਟ, ਫੁਲਕਾਰੀ, ਗੀਤ, ਬੋਲੀਆਂ, ਸਿੱਠਣੀਆਂ ਪਾਉਂਦੀਆਂ ਮਾਤਾਵਾਂ, ਧੀਆਂ, ਭੈਣਾਂ, ਮੁਟਿਆਰਾਂ ਤੇ ਬੱਚੀਆਂ ਨੇ ਸਾਰੇ ਮੇਲੇ ਵਿਚ ਰੰਗ ਬੰਨ੍ਹੀ ਰੱਖਿਆ ਅਸਮਾਨ ਵਿਚ ਉਡਦੇ ਪੈਰਾਸ਼ੂਟ ਤੇ ਏਅਰ ਸਲੂਨ ਇਕ ਵੱਖਰਾ ਨਜ਼ਾਰਾ ਪੇਸ਼ ਕਰ ਰਹੇ ਸਨ। ਮੇਲੇ ਦੀ ਮੁੱਖ ਪ੍ਰਬੰਧਕ ਜਸਵੀਰ ਕੌਰ ਨਿੱਜਰ ਸਿੱਧੂ ਨੇ ਦੱਸਿਆ ਕਿ ਟੀਨੇਜਰ ਬੱਚੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਮਾਵਾਂ, ਧੀਆਂ ਨੇ ਇਕੱਠੇ ਗਿੱਧਾ ਪਾ ਕੇ ਨਵੀਂ ਤੇ ਪੁਰਾਣੀ ਪੀੜ੍ਹੀ ਦੀ ਜਮ ਕੇ ਤਾਲਮੇਲ ਦੀ ਮਿਸਾਲ ਪੈਦਾ ਕੀਤੀ। ਮੈਰੀਸਵੇਲ ਦੀ ਜੰਮਪਲ ਚੌਦਾਂ ਸਾਲਾ ਮਨਜੀਤ ਕੌਰ ਧਾਲੀਵਾਲ ਦਾ ਗਾਇਆ 'ਤੀਆਂ ਆਈਆਂ' ਗੀਤ ਰਿਕਾਰਡ ਕੀਤਾ ਗਿਆ। ਖਾਣ ਪੀਣ, ਕੱਪੜਿਆਂ, ਜੁੱਤੀਆਂ, ਫੈਸ਼ਨ, ਜਿਊਲਰੀ ਤੇ ਮਹਿੰਦੀ ਦੇ ਸਟਾਲਾਂ ਤੇ ਲੱਗੀਆਂ ਕਤਾਰਾਂ ਵਿਚ ਖਰੀਦ ਹੁੰਦੀ ਰਹੀ, ਪੀਂਘਾਂ ਝੂਟਦੀਆਂ, ਫੋਟੋ ਬੂਥਾਂ ਤੇ ਫੋਟੋ ਖਿਚਵਾਉਂਦੀਆਂ ਮੁਟਿਆਰਾਂ ਨਾਲ ਮੇਲਾ ਖਚਾਖਚ ਭਰਿਆ ਰਿਹਾ। ਮਸ਼ਹੂਰ ਫੋਟੋਗ੍ਰਾਫਰ ਸੁਰਿੰਦਰ ਸਿੰਘ ਗਿੱਲ ਨੇ ਹਮੇਸ਼ਾ ਵਾਂਗ 6 ਘੰਟੇ ਅਣਥੱਕ ਫੋਟੋਗ੍ਰਾਫੀ ਕੀਤੀ। ਅਣਹਦ ਸਿੱਧੂ ਨੇ ਸਾਊਂਡ ਸਿਸਟਮ ਤੇ ਡੀਜੇ ਦੀ ਸੇਵਾ ਨਿਭਾਈ। ਰਵੀ ਗਿੱਲ ਤੇ ਰਾਣੀ ਗਿੱਲ ਦੇ ਅਨੁਸਾਰ ਨੌਰਥ ਸਿਆਟਲ ਤੋਂ ਇਲਾਵਾ ਰੈਨਟਨ, ਕੈਂਟ, ਐਬਰਨ, ਔਰੀਜਨ, ਸਲੋਕੇਨ ਤੋਂ ਵੀ ਔਰਤਾਂ ਨੇ ਸ਼ਿਰਕਤ ਕਰਕੇ ਮੇਲੇ ਦੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ। ਅੰਤ ਵਿਚ ਜਸਵੀਰ ਨਿੱਝਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਜੋਅ ਬਾਈਡੇਨ ਨੇ ਭੂਚਾਲ ਤੋਂ ਪ੍ਰਭਾਵਿਤ ਹੈਤੀ ਲਈ ਤੁਰੰਤ ਸਹਾਇਤਾ ਦਾ ਦਿੱਤਾ ਭਰੋਸਾ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆ)**– ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਹੈਤੀ ਦੇਸ਼ ਵਿੱਚ ਆਏ ਜਬਰਦਸਤ ਭੂਚਾਲ ਕਾਰਨ ਹੋਏ ਨੁਕਸਾਨ ਪ੍ਰਤੀ ਦੁੱਖ ਪ੍ਰਗਟ ਕੀਤਾ ਹੈ। ਹੈਤੀ ਵਿੱਚ ਸ਼ਨੀਵਾਰ ਨੂੰ ਆਏ ਵਿਨਾਸ਼ਕਾਰੀ ਭੂਚਾਲ ਨੇ 300 ਤੋਂ ਵੱਧ ਲੋਕਾਂ ਦੀ ਜਾਨ ਲੈ ਲਈ ਹੈ। 7.2 ਦੀ ਤੀਬਰਤਾ ਵਾਲੇ ਭੂਚਾਲ ਨੇ ਸਵੇਰੇ 8:30 ਵਜੇ ਦੇ ਕਰੀਬ ਇਸ ਗਰੀਬ ਟਾਪੂ ਦੇਸ਼ ਨੂੰ ਹਿਲਾ ਦਿੱਤਾ ਅਤੇ ਜਿਆਦਾਤਰ ਇਮਾਰਤਾਂ ਢਹਿ ਢੇਰੀ ਹੋ ਗਈਆਂ । ਇਸ ਸਬੰਧੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਕਿਹਾ ਕਿ ਅਮਰੀਕਾ ਹੈਤੀ ਦੀ ਤੁਰੰਤ ਮਦਦ ਲਈ ਕੰਮ ਕਰ





ਰਿਹਾ ਹੈ। ਜਿਸ ਲਈ ਰਾਸ਼ਟਰਪਤੀ ਨੇ ਯੂ ਐਸ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ ਦੇ ਐਡਮਨਿਸਟ੍ਰੇਸ਼ਨ ਨੂੰ ਤੁਰੰਤ ਯੂ ਐਸ ਸਹਾਇਤਾ ਲਈ ਨਿਰਦੇਸ਼ਤ ਕੀਤਾ ਹੈ।

ਰਾਸ਼ਟਰਪਤੀ ਨੇ ਜਾਣਕਾਰੀ ਦਿੱਤੀ ਕਿ ਏਜੰਸੀ ਭੂਚਾਲ ਕਾਰਨ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਦੇ ਯਤਨਾਂ ਵਿੱਚ ਸਹਾਇਤਾ ਕਰੇਗੀ ਅਤੇ ਜ਼ਖਮੀਆਂ ਆਦਿ ਨੂੰ ਠੀਕ ਕਰਨ ਦੇ ਯਤਨਾਂ ਵਿੱਚ ਵੀ ਸਹਾਇਤਾ ਕਰੇਗੀ। ਰਾਸ਼ਟਰਪਤੀ ਅਨੁਸਾਰ ਅਮਰੀਕਾ ਹੈਤੀ ਦੇ ਲੋਕਾਂ ਦਾ ਕਰੀਬੀ ਅਤੇ ਸਥਾਈ ਮਿੱਤਰ ਬਣਿਆ ਹੋਇਆ ਹੈ, ਅਤੇ ਇਸ ਦੁਖਾਂਤ ਦੇ ਬਾਅਦ ਵੀ ਇਹ ਮਿੱਤਰਤਾ ਬਣੀ ਰਹੇਗੀ।

# "ਰਾਸ਼ਟਰੀ ਸਵੈਸੇਵਕ ਸੰਘ, ਰਾਖਵੇਂਕਰਨ ਦਾ ਪੱਕਾ ਸਮਰਥਕ" -- ਸਹਿ-ਸਰਕਾਰੇਵਾਹ ਹੋਸਾਬਾਲੇ

## ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਨੇ ਰਾਖਵੇਂਕਰਨ ਦੇ ਸਮਰਥਨ ਵਿੱਚ ਆਰਐਸਐਸ ਦੇ ਬਿਆਨ ਦੀ ਸ਼ਲਾਘਾ

**ਚੰਡੀਗੜ੍ਹ**– ਰਾਸ਼ਟਰੀ ਸਵੈਸੇਵਕ ਸੰਘ (ਆਰਐਸਐਸ) ਦੇ ਸਹਿ-ਸਰਕਾਰੇਵਾਹ ਸ੍ਰੀ ਦੱਤਾਤ੍ਰੇਯ ਹੋਸਾਬਲੇ ਦੀ ਇਸ ਹਫਤੇ ਦੇ ਸ਼ੁਰੂ ਵਿੱਚ 'ਇਤਿਹਾਸਕ ਜ਼ਰੂਰਤ ਵਜੋਂ ਰਾਖਵਾਂਕਰਨ' ਅਤੇ 'ਆਰਐਸਐਸ ਰਾਖਵਾਂਕਰਨ ਨੀਤੀ ਦੇ ਪੱਕੇ ਸਮਰਥਕ ਹੋਣ' ਬਾਰੇ ਟਿੱਪਣੀ ਕਰਦਿਆਂ,ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਕੌਮੀ ਪ੍ਰਧਾਨ, ਪਰਮਜੀਤ ਸਿੰਘ ਕੈਂਥ, ਨੇ ਅੱਜ ਬਿਆਨ ਦੀ ਸ਼ਲਾਘਾ ਕੀਤੀ ਹੈ। ਸ੍ਰੀ ਹੋਸਾਬਾਲੇ ਨੇ ਕਿਹਾ, "ਰਾਖਵਾਂਕਰਨ ਹਾਂ -ਪੱਖੀ ਕਾਰਵਾਈ ਦਾ ਇੱਕ ਸਾਧਨ ਹੈ ਅਤੇ ਇਹ ਉਦੋਂ ਤੱਕ ਜਾਰੀ ਰਹਿਣਾ ਚਾਹੀਦਾ ਹੈ ਜਦੋਂ ਤੱਕ ਸਮਾਜ ਦਾ ਇੱਕ ਵਿਸ਼ੇਸ਼ ਵਰਗ" ਅਸਮਾਨਤਾ "ਦਾ ਅਨੁਭਵ ਕਰਦਾ ਹੈ। ਇੰਡੀਆ ਫਾਊਂਡੇਸ਼ਨ ਵੱਲੋਂ ਮੇਕਰਜ਼ ਆਫ਼ ਮਾਡਰਨ ਦਲਿਤ ਹਿਸਟਰੀ ਦੀ ਕਿਤਾਬ ਦੇ ਲਾਂਚ ਲਈ ਆਯੋਜਿਤ ਇੱਕ ਸਮਾਗਮ ਵਿੱਚ ਬੋਲ ਰਹੇ ਸਨ।

ਭਾਵਨਾ ਦੀ ਸ਼ਲਾਘਾ ਕਰਦਿਆਂ, ਸ੍ਰੀ ਕੈਂਥ ਨੇ ਕਿਹਾ, "ਆਰਐਸਐਸ ਦੇ ਇੱਕ ਚੋਟੀ ਦੇ ਨੇਤਾ ਦੁਆਰਾ ਜਾਰੀ ਕੀਤਾ ਬਿਆਨ ਭਰੋਸੇਯੋਗਤਾ ਵਧਾਉਂਦਾ ਹੈ। ਇਹ ਵਿਸ਼ਵਾਸ ਕਰਨ ਲਈ ਕਿ ਰਾਖਵਾਂਕਰਨ ਨੀਤੀ ਦੇਸ਼ ਵਿੱਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਹਾਸ਼ੀਏ 'ਤੇ ਗਏ ਸਮੂਹਾਂ ਲਈ ਸਮਾਜਿਕ ਨਿਆਂ ਅਤੇ ਸਮਾਨਤਾ ਅਤੇ ਆਜ਼ਾਦੀ ਨੂੰ ਉਤਸ਼ਾਹਤ ਕਰਨ ਦਾ ਇੱਕ ਸਾਧਨ ਹੈ। "ਭਾਰਤ ਦਾ ਇਤਿਹਾਸ ਦਲਿਤਾਂ ਦੇ ਇਤਿਹਾਸ ਤੋਂ ਵੱਖਰਾ ਨਹੀਂ ਹੈ। &;ਉਨ੍ਹਾਂ ਦੇ ਇਤਿਹਾਸ ਤੋਂ ਬਿਨਾਂ ਭਾਰਤ ਦਾ ਇਤਿਹਾਸ ਅਧੂਰਾ ਹੈ।

"ਰਾਖਵੇਂਕਰਨ ਬਾਰੇ ਗੱਲ ਕਰਦਿਆਂ ਹੋਸਾਬਾਲੇ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਉਹ ਅਤੇ ਉਨ੍ਹਾਂ ਦਾ ਸੰਗਠਨ ਰਾਸ਼ਟਰੀ ਸਵੈਸੇਵਕ ਸੰਘ "ਰਾਖਵੇਂਕਰਨ ਦੇ ਮਜ਼ਬੂਤ ਸਮਰਥਕ" ਹਨ। ਉਨ੍ਹਾਂ ਕਿਹਾ ਕਿ "ਸਮਾਜਿਕ ਸਦਭਾਵਨਾ ਅਤੇ ਸਮਾਜਿਕ ਨਿਆਂ ਸਾਡੇ ਲਈ ਰਾਜਨੀਤਿਕ ਰਣਨੀਤੀਆਂ ਨਹੀਂ ਹਨ ਅਤੇ ਦੋਵੇਂ ਸਾਡੇ ਲਈ ਵਿਸ਼ਵਾਸ ਦੀਆਂ ਵਸਤੂਆਂ ਹਨ,"।



ਰਾਖਵੇਂਕਰਨ ਨੂੰ ਭਾਰਤ ਦੀ "ਇਤਿਹਾਸਕ ਲੋੜ" ਦੱਸਦਿਆਂ ਹੋਸਾਬਲੇ ਨੇ ਕਿਹਾ, "ਇਹ ਉਦੋਂ ਤੱਕ ਜਾਰੀ ਰਹਿਣਾ ਚਾਹੀਦਾ ਹੈ ਜਦੋਂ ਤੱਕ ਸਮਾਜ ਦੇ ਇੱਕ ਖਾਸ ਵਰਗ ਦੁਆਰਾ ਅਸਮਾਨਤਾ ਦਾ ਅਨੁਭਵ ਕੀਤਾ ਜਾ ਰਿਹਾ ਹੈ" ਰਾਖਵੇਂਕਰਨ ਨੂੰ "ਸਕਾਰਾਤਮਕ ਕਾਰਵਾਈ" ਦਾ ਇੱਕ ਸਾਧਨ ਦੱਸਦਿਆਂ ਹੋਸਾਬਾਲੇ ਨੇ ਕਿਹਾ ਕਿ ਰਾਖਵਾਂਕਰਨ ਅਤੇ ਤਾਲਮੇਲ (ਸਮਾਜ ਦੇ ਸਾਰੇ ਵਰਗਾਂ ਵਿੱਚ) ਨਾਲ -ਨਾਲ ਚੱਲਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਮਾਜ ਵਿੱਚ ਸਮਾਜਿਕ ਤਬਦੀਲੀ ਲਿਆਉਣ ਵਾਲੀਆਂ ਸ਼ਖਸੀਅਤਾਂ ਨੂੰ "ਦਲਿਤ ਨੇਤਾ" ਕਹਿਣਾ ਗਲਤ ਹੋਵੇਗਾ ਕਿਉਂਕਿ ਉਹ ਸਮੁੱਚੇ ਸਮਾਜ ਦੇ ਆਗੂ ਸਨ। ਕੋਵਿਡ ਸੰਕਟ ਦੇ ਇਸ ਸਮੇਂ ਵਿੱਚ, ਅਸੀਂ ਆਰਐਸਐਸ ਦੇ ਇਸ ਸੁਝਾਅ ਦਾ ਸਵਾਗਤ ਕਰਦੇ ਹਾਂ। ਉਨ੍ਹਾਂ ਨੂੰ ਸਮਾਜ ਵਿੱਚ ਬਰਾਬਰ ਦਾ ਸਥਾਨ ਦਿੰਦਾ ਹੈ। ਸੰਵਿਧਾਨ ਦੇ ਅਨੁਛੇਦ 15 (4) ਅਤੇ 16 (4) - ਸਮਾਜਿਕ ਅਤੇ ਵਿਦਿਅਕ ਤੌਰ ਤੇ ਪਛੜੀਆਂ ਸ਼੍ਰੇਣੀਆਂ ਨੂੰ ਰਾਖਵੇਂਕਰਨ ਦਾ ਲਾਭ ਦਿੰਦਾ ਹੈ ਅਤੇ ਜੋ ਵੀ ਸਮਾਜ ਲਈ ਰਾਖਵੇਂਕਰਨ ਦੇ ਵਿਚਾਰ ਦੀ ਉਲੰਘਣਾ ਕਰਦਾ ਹੈ ਉਹ ਸੰਵਿਧਾਨ ਦੀ ਜ਼ਮੀਰ ਨਾਲ ਸਪਸ਼ਟ ਤੌਰ ਤੇ ਸਹਿਮਤ ਨਹੀਂ ਹੈ।"

ਆਰਐਸਐਸ ਦੇ ਸਹਿ-ਸਰਕਾਰੇਵਾਹ ਨੇ ਇਹ ਵੀ ਕਿਹਾ ਸੀ, "ਦਲਿਤ ਭਾਈਚਾਰੇ ਦੇ ਯੋਗਦਾਨ ਦਾ ਬੜੇ ਮਾਣ ਨਾਲ ਜ਼ਿਕਰ ਕੀਤੇ ਬਗੈਰ, ਇਸ ਦੇਸ਼ ਦਾ ਰਾਜਨੀਤਕ, ਸਮਾਜਿਕ ਅਤੇ ਅਧਿਆਤਮਕ ਇਤਿਹਾਸ ਅਧੂਰਾ, ਬੇਈਮਾਨ ਅਤੇ ਝੂਠਾ ਹੋਵੇਗਾ। ਦਲਿਤ ਇਤਿਹਾਸ ਅਤੇ ਭਾਰਤ ਦਾ ਇਤਿਹਾਸ ਦੋ ਵੱਖਰੀਆਂ ਚੀਜ਼ਾਂ ਨਹੀਂ ਹਨ।

ਜੇ ਅਸੀਂ ਭਾਰਤ ਦੇ ਸੱਚੇ ਇਤਿਹਾਸ ਨੂੰ ਪੜ੍ਹਨ ਜਾਂ ਲਿਖਣ ਲਈ ਅਧਿਐਨ ਕਰੋ ਜਾਂ ਅਸੀਂ ਭਾਰਤ ਦੇ ਇਤਿਹਾਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ, ਸਾਡੇ ਦਲਿਤ ਸਮਾਜ ਦੇ ਯੋਗਦਾਨ ਦੀ ਚਰਚਾ ਕੀਤੇ ਬਿਨਾਂ ਭਾਰਤ ਦਾ ਰਾਜਨੀਤਿਕ, ਆਰਥਿਕ, ਸੱਭਿਆਚਾਰਕ ਇਤਿਹਾਸ ਸੰਪੂਰਨ ਨਹੀਂ ਹੋਵੇਗਾ। ਨਾਲ ਹੀ ਹੋਰ ਸੰਸਥਾਵਾਂ ਜੋ ਅਨੁਸੂਚਿਤ ਜਾਤੀ ਭਾਈਚਾਰੇ ਦੀ ਖੁਸ਼ਹਾਲੀ ਲਈ ਕੰਮ ਕਰਦੀਆਂ ਹਨ। ਸਦੀਆਂ ਦੀ ਅਸਮਾਨਤਾ ਦੇ ਬਾਵਜ਼ੂਦ, ਐਸਸੀ ਭਾਈਚਾਰੇ ਦਾ ਯੋਗਦਾਨ ਮਾਣ ਵਾਲੀ ਗੱਲ ਹੈ ਅਤੇ ਸਾਡੀ ਪ੍ਰੇਰਣਾ ਵੱਡੇ ਪੱਥਰ 'ਤੇ ਸਮਾਜ ਦੇ ਬਿਹਤਰ ਭਵਿੱਖ ਦੀ ਉਸਾਰੀ ਵੱਲ ਹੈ।"

ਸ੍ਰੀ ਕੈਂਥ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਵਿੱਚ ਆਰਐਸਐਸ ਵਿਰੁੱਧ ਨਿਰਾਸ਼ਾਵਾਦੀ ਅਤੇ ਗੁੰਮਰਾਹਕੁੰਨ ਪ੍ਰਚਾਰ ਦਾ ਪਰਦਾਫਾਸ਼ ਹੋਇਆ ਹੈ। ਸ੍ਰੀ ਕੈਂਥ ਨੇ ਅਨੁਸੂਚਿਤ ਜਾਤੀ ਭਾਈਚਾਰੇ ਨੂੰ ਰਾਸ਼ਟਰੀ ਸਵੈ ਸੇਵਕ ਸੰਘ (ਆਰਐਸਐਸ) ਦੇ ਨੀਤੀ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਤਾਂ ਜੋ ਬਦਲਾਅ ਦੇ ਮੱਦੇਨਜ਼ਰ ਨਕਾਰਾਤਮਕ ਸੋਚ ਨੂੰ ਛੱਡ ਕੇ ਦਲਿਤਾਂ ਵਿੱਚ ਪੈਦਾ ਹੋਈਆਂ ਗਲਤ ਧਾਰਨਾਵਾਂ ਨੂੰ ਦੂਰ ਕੀਤਾ ਜਾ ਸਕੇ।

# ਨਿਊਜ਼ੀਲੈਂਡ 'ਚ ਪੰਜਾਬੀ ਨੌਜਵਾਨ ਵੱਲੋਂ ਪੁਲਿਸ ਨੂੰ ਰਿਸ਼ਵਤ ਦੀ ਕੋਸ਼ਿਸ਼ ਨੇ ਦੇਸ਼ ਨਿਕਾਲਾ ਦਿਵਾਇਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਪੂਰੀ ਦੁਨੀਆ ਦੇ ਵਿਚ ਨਿਊਜ਼ੀਲੈਂਡ ਅਤੇ ਡੈਨਮਾਰਕ ਇਸ ਵੇਲੇ ਘੱਟ ਤੋਂ ਘੱਟ ਭ੍ਰਿਸ਼ਟਾਚਾਰ ਦੇਸ਼ਾਂ ਦੀ ਦਰਜਾਬੰਦੀ ਦੇ ਵਿਚ ਪਹਿਲੇ ਨੰਬਰ ਉਤੇ ਹਨ ਜਦ ਕਿ ਭਾਰਤ ਇਸ ਵੇਲੇ 86ਵੇਂ ਨੰਬਰ ਉਤੇ ਹੈ। ਭ੍ਰਿਸ਼ਟਾਚਾਰ ਕਿਵੇਂ ਘੱਟ ਹੋਵੇ? ਇਹ ਹਰ ਇਕ ਦੇਸ਼ ਦੇ ਨਾਗਰਿਕਾਂ, ਅਫਸਰਾਂ ਅਤੇ ਸਰਕਾਰਾਂ ਉਤੇ ਨਿਰਭਰ ਕਰਦਾ ਹੈ। ਨਿਊਜ਼ੀਲੈਂਡ ਦੇ ਪੁਲਿਸ ਅਫਸਰ ਨੇ ਰਿਸ਼ਵਤ ਨਾ ਲੈ ਕੇ ਇਕ ਅਜਿਹੀ ਹੀ ਉਦਾਹਰਣ ਪੇਸ਼ ਕੀਤੀ। ਅੰਮ੍ਰਿਤਸਰ ਜ਼ਿਲ੍ਹੇ ਦਾ 27 ਸਾਲਾ ਇਕ ਪੰਜਾਬੀ ਜਿਸ ਦਾ ਨਾਂਅ ਗੁਰਵਿੰਦਰ ਸਿੰਘ ਹੈ, ਅਗਸਤ 2014 ਦੇ ਵਿਚ ਇਥੇ ਉਚ ਸਿੱਖਿਆ ਲੈਣ ਆਇਆ ਸੀ। ਵਧੀਆ ਪੜ੍ਹਾਈ ਕੀਤੀ, ਕੰਮ ਕਾਰ ਕੀਤਾ ਪਰ ਮਈ 2019 ਦੇ ਵਿਚ ਇਕ ਵਾਰ ਪੁਲਿਸ ਨੇ ਉਸਨੂੰ ਨਿਰਧਾਰਤ ਮਾਤਰਾ ਤੋਂ ਦੁੱਗਣੀ ਸ਼ਰਾਬ ਪੀ ਕੇ ਡ੍ਰਾਈਵਿੰਗ ਕਰਨ ਦੀ ਹਾਲਤ ਵਿਚ ਫੜ ਲਿਆ। ਇਸ ਨੌਜਵਾਨ ਨੇ ਪੁਲਿਸ ਅਫਸਰ ਨੂੰ ਮੌਕੇ 'ਤੇ ਹੀ 200 ਡਾਲਰ ਦੀ ਪੇਸ਼ਕਸ਼ ਕਰ ਦਿੱਤੀ ਸੀ ਅਤੇ ਕਿਹਾ ਸੀ ਕਿ ਉਹ ਅਗਲੀ ਕਾਰਵਾਈ ਨਾ ਕਰੇ। ਪਰ ਇਮਾਨਦਾਰ ਪੁਲਿਸ ਅਫਸਰ ਨੇ ਉਸਦੀ ਪੇਸ਼ਕਸ਼ ਠੁਕਰਾਈ ਹੀ ਨਹੀਂ, ਸਗੋਂ ਉਸਨੂੰ ਅਧਾਰ ਬਣਾ ਕੇ ਅਗਲੀ ਕਾਰਵਾਈ 'ਡਰਿੰਕ ਡ੍ਰਾਈਵਿੰਗ' ਦੇ ਨਾਲ ਹੀ ਪਾ ਦਿੱਤੀ। ਅਕਤੂਬਰ-ਨਵੰਬਰ 2019 ਦੇ ਵਿਚ ਇਹ ਨੌਜਵਾਨ ਇੰਡੀਆ ਗਿਆ ਅਤੇ ਫਿਰ ਵਾਪਿਸ ਆ ਗਿਆ। ਉਸਨੇ ਮਾਰਚ 2020 ਦੇ ਵਿਚ ਇਕ ਕੀਵੀ ਫਰੂਟ ਠੇਕੇਦਾਰ ਕੋਲ ਕੰਮ ਕੀਤਾ ਅਤੇ ਇੰਸੈਂਸ਼ੀਅਲ ਵਰਕ ਵੀਜ਼ਾ ਵੀ ਪ੍ਰਾਪਤ ਕੀਤਾ। ਹੌਲੀ-ਹੌਲੀ ਹੁਣ ਅਦਾਲਤੀ




ਚੱਕਰ ਰੇੜ੍ਹੇ ਪੈ ਗਿਆ ਅਤੇ 3 ਫਰਵਰੀ 2021 ਨੂੰ ਇਹ ਨੌਜਵਾਨ ਦੋਸ਼ੀ ਸਾਬਿਤ ਹੋ ਗਿਆ। ਉਸਨੂੰ 6 ਮਹੀਨੇ ਦੀ ਘਰ ਨਜ਼ਰਬੰਦੀ ਦੀ ਸਜ਼ਾ, 170 ਡਾਲਰ ਹਰਜਾਨਾ ਅਤੇ 6 ਮਹੀਨੇ ਲਈ ਡ੍ਰਾਈਵਿੰਗ ਲਾਇਸੰਸ ਰੱਦ ਕਰ ਦਿੱਤਾ ਗਿਆ।

25 ਫਰਵਰੀ ਨੂੰ ਇਸਨੂੰ 'ਇਮੀਗ੍ਰੇਸ਼ਨ ਅਤੇ ਪ੍ਰੋਟੈਕਸ਼ਨ ਟ੍ਰਿਬਿਊਨਲ' ਵੱਲੋਂ ਦੇਸ਼ ਨਿਕਾਲੇ ਦਾ ਹੁਕਮ (Deportation Liability Notice.) ਦੇ ਦਿੱਤਾ ਗਿਆ। ਇਨਸਾਨੀਅਤ ਦੇ ਸੰਦਰਭ ਵਿਚ ਇਸ ਨੌਜਵਾਨ ਨੇ ਆਪਣਾ ਸਕਾਰਾਤਮਕ ਪੱਖ ਪੇਸ਼ ਕਰਦਿਆਂ ਦੇਸ਼ ਨਿਕਾਲੇ ਨੂੰ ਵਾਪਿਸ ਲੈਣ ਦੀ ਬਹੁਤ ਅਪੀਲ ਕੀਤੀ। ਆਪਣੇ ਰੁਜ਼ਗਾਰ ਦਾਤਾ ਦੀ ਚਿੱਠੀ ਲਾਈ, ਮਿੱਤਰਾਂ-ਦੋਸਤਾਂ ਦੀ ਚਿੱਠੀਆਂ ਲਾਈ, ਅੰਮ੍ਰਿਤਸਰ ਸਮੇਤ ਭਾਰਤ ਵਿਚ ਫੈਲੇ ਕਰੋਨਾ ਕਾਰਨ ਨੌਕਰੀ ਨਾ ਮਿਲਣ ਦਾ ਵਾਸਤਾ ਪਾਇਆ, ਆਪਣੇ ਪਰਿਵਾਰ ਨੂੰ ਪੈਸੇ ਭੇਜਣ ਦੀ ਉਦਾਹਰਣ ਦੇ ਕੇ ਉਨ੍ਹਾਂ ਲਈ ਕੰਮ ਕਰਨ ਦਾ ਵਾਸਤਾ ਪਾਇਆ, ਇਕ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਦੀ ਚਿੱਠੀ ਵੀ ਲਗਾਈ ਕਿ ਉਹ ਇਥੇ ਕਾਫੀ ਸੇਵਾ ਕਰਦਾ ਹੈ, ਪਰ ਸਾਰੇ ਪੱਖਾਂ ਨੂੰ ਵੇਖਦਿਆਂ ਆਖਿਰ ਫੈਸਲਾ ਹੋਇਆ ਕਿ ਦਿੱਤੇ ਸਾਰੇ ਕਾਰਨ ਇਮੀਗ੍ਰੇਸ਼ਨ ਦੇ ਮਾਪਦੰਡਾਂ ਉਤੇ ਖਰੇ ਨਹੀਂ ਉਤਰਦੇ। ਇਥੋਂ ਤੱਕ ਕਿ ਇਮੀਗ੍ਰੇਸ਼ਨ/ਟ੍ਰਿਬਿਊਨਿਲ ਵੱਲੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਸਿਹਤ ਅੰਕੜੇ ਪੇਸ਼ ਕਰ ਦਿੱਤੇ ਗਏ ਕਿ ਉਥੇ ਤਾਂ ਕਰੋਨਾ ਹੁਣ ਕਾਫੀ ਘਟ ਗਿਆ ਹੈ। ਪੁਰਾਣੀ ਅਤੇ ਨਵੀਂ ਗਿਣਤੀ ਦੱਸ ਦਿੱਤੀ ਗਈ। ਇਹ ਕਿਹਾ ਗਿਆ ਕਿ ਹੁਣ ਤੇਰੇ ਕੋਲ ਉਚ ਪੜ੍ਹਾਈ ਅਤੇ ਤਜ਼ਰਬਾ ਹੈ ਜੋ ਕਿ ਨੌਕਰੀ ਮਿਲਣ ਵਿਚ ਸਹਾਈ ਹੋ ਸਕਦਾ ਹੈ। ਪੈਸੇ ਭੇਜਣ ਦੇ ਮਾਮਲੇ ਵਿਚ ਕਹਿ ਦਿਤਾ ਗਿਆ ਕਿ ਇਹ ਸਭ ਕਰਦੇ ਨੇ। 11 ਜੂਨ ਨੂੰ ਹੋਏ ਫੈਸਲੇ ਮੁਤਾਬਿਕ ਇਸ ਨੌਜਵਾਨ ਨੂੰ ਅਦਾਲਤ ਨੇ ਤਿੰਨ ਮਹੀਨੇ ਦਾ ਵਰਕ ਵੀਜ਼ਾ ਲਾ ਕੇ ਇਹ ਸਮਾਂ ਦਿੱਤਾ ਹੈ ਕਿ ਉਹ ਵਾਪਿਸ ਵਤਨ ਪਰਤਣ ਤੋਂ ਪਹਿਲਾਂ ਆਪਣੇ ਸਾਰੇ ਕੰਮ ਨਿਪਟਾ ਲਵੇ। ਉਸਦੀ ਇਨਸਾਨੀਅਤ ਦੇ ਨਾਤੇ, ਇਕ ਵਧੀਆ ਕਾਮੇ ਅਤੇ ਚੰਗੇ ਕਿਰਦਾਰ ਵਾਲੇ ਵਿਅਕਤੀ ਦੀ ਅਪੀਲ ਬੀਤੇ ਦਿਨੀਂ ਸਫਲ ਨਾ ਹੋ ਸਕੀ, ਜਿਸ ਕਰਕੇ ਇਸ ਨੌਜਵਾਨ ਨੂੰ ਵਾਪਿਸ ਪਰਤਣਾ ਪੈ ਸਕਦਾ ਹੈ। ਅੰਤ ਆਮ ਵਿਅਕਤੀ ਤਾਂ ਇਹੀ ਕਰੇਗਾ ਕਿ 'ਨਾ ਬਈ ਬੱਲਿਆ... ਇਥੇ ਨਹੀਂ ਚਲਦੀ ਰਿਸ਼ਵਤ'।

# '2021 ਨਾਬਾ ਸਾਊਥਲੈਂਡ ਬੌਡੀ ਬਿਲਡਿੰਗ ਚੈਂਪੀਅਨਸ਼ਿਪ' 'ਚ ਅਤੁੱਲ ਸਹਿਗਲ ਰਿਹਾ ਉਪ ਜੇਤੂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਨਿਊਜ਼ੀਲੈਂਡ ਦੇ ਦੱਖਣੀ ਟਾਪੂ ਦੇ ਸ਼ਹਿਰ ਇਨਵਰਕਾਰਗਿਲ ਵਿਖੇ ਰਹਿੰਦੇ 26 ਸਾਲਾ ਪੰਜਾਬੀ ਨੌਜਵਾਨ ਅਤੁੱਲ ਸਹਿਗਲ ਨੇ ਬੀਤੇ ਦਿਨੀਂ 'ਨਾਬਾ ਸਾਊਥਲੈਂਡ ਬੌਡੀ ਬਿਲਡਿੰਗ ਚੈਂਪੀਅਨਸ਼ਿਪ' ਦੇ ਵਿਚ ਉਪ ਜੇਤੂ ਰਹਿ ਕੇ ਨਿਊਜ਼ੀਲੈਂਡ ਵਸਦੇ ਸਾਰੇ ਪੰਜਾਬੀਆਂ ਦਾ ਮਾਣ ਵਧਾਇਆ ਹੈ। ਇਸ ਨੌਜਵਾਨ ਨੇ ਪਹਿਲੀ ਵਾਰ ਬੌਡੀ ਬਿਲਡਿੰਗ ਮੁਕਾਬਲਿਆਂ ਦੇ ਵਿਚ 'ਮਿਸਟਰ ਬੌਡੀ ਬੋਰਡ ਸ਼ਾਰਟਸ' ਸ਼੍ਰੇਣੀ (ਫਿੱਟਨੈਸ ਮਾਡਲ) ਵਿਚ ਭਾਗ ਲਿਆ ਸੀ। ਇਸ ਮੁਕਾਬਲੇ ਦੇ ਵਿਚ ਜੇਤੂ ਹੋਣ ਲਈ ਕਈ ਤਰ੍ਹਾਂ ਦੇ ਗਠੀਲੇ ਸਰੀਰਕ ਪ੍ਰਦਰਸ਼ਨ ਦੀਆਂ ਪ੍ਰੀਖਿਆਵਾਂ ਦੇ ਵਿਚੋਂ ਲੰਘਣਾ ਪੈਣਾ ਹੁੰਦਾ ਹੈ, ਜਿਵੇਂ 'ਟੀ ਵਾਕ', 'ਜ਼ਰੂਰੀ ਸਰੀਰਕ ਪੋਜ਼' ਜਿਸ ਦੇ ਵਿਚ ਬਾਹਾਂ ਅਤੇ ਲੱਤਾਂ ਦੇ ਪੱਠੇ ਵਿਖਾਏ ਜਾਂਦੇ ਹਨ ਆਦਿ। ਇਸ ਮੁਕਾਬਲੇ ਦੇ ਵਿਚ ਦੋ ਦਰਜਨ ਤੋਂ ਵੱਧ ਤਜ਼ਰਬੇਕਾਰ ਬੌਡੀਬਿਲਡਰ ਮੁਕਾਬਲਾ ਦੇ ਰਹੇ ਸਨ ਅਤੇ ਇਹ ਇਕੋ-ਇਕ




ਪੰਜਾਬੀ ਜਾਂ ਕਹਿ ਲਈਏ ਭਾਰਤੀ ਨੌਜਵਾਨ ਸੀ, ਜੋ ਕਿ ਪਹਿਲੀ ਵਾਰ ਭਾਗ ਲੈ ਰਿਹਾ ਸੀ।

ਕਰੜੇ ਮੁਕਾਬਲੇ ਬਾਅਦ ਇਸ ਨੂੰ ਉਪ ਜੇਤੂ ਐਲਾਨਿਆ ਗਿਆ ਅਤੇ ਇਕ ਸੁੰਦਰ ਟ੍ਰਾਫੀ ਦਿੱਤੀ ਗਈ। ਅਤੁੱਲ ਸਹਿਗਲ ਸ਼ਹਿਰ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ ਦਾ ਜੰਮਪਲ ਹੈ ਅਤੇ ਇਥੇ 2012 'ਚ ਪੜ੍ਹਨ ਆਇਆ ਸੀ ਅਤੇ ਹੁਣ ਵਰਕ ਪਰਮਿਟ ਉਤੇ ਇਕ ਲੱਕੜ ਦੀ ਫੈਕਟਰੀ ਦੇ ਵਿਚ ਮਸ਼ੀਨਿਸਟ ਵਜੋਂ ਕੰਮ ਕਰ ਰਿਹਾ ਹੈ ਪਰ ਸਿਹਤ ਨੂੰ ਪਹਿਲ ਦੇਣੀ ਇਸਦੀ ਪ੍ਰਮੁੱਖ ਖਾਹਿਸ਼ ਲੰਮੇ ਸਮੇਂ ਤੋਂ ਬਣੀ ਹੋਈ ਹੈ। ਅਜਿਹੇ ਨੌਜਵਾਨ ਦੂਜੇ ਨੌਜਵਾਨਾਂ ਲਈ ਆਦਰਸ਼ਿਕ ਹੁੰਦੇ ਹਨ। ਸ਼ਾਲਾ! ਇਹ ਨੌਜਵਾਨ ਇਸੇ ਤਰ੍ਹਾਂ ਆਪਣੀ ਮਿਹਨਤ ਦੇ ਨਾਲ ਗਠੀਲੇ ਸਰੀਰ ਦਾ ਪ੍ਰਦਰਸ਼ਨ ਕਰਦਿਆਂ ਇਥੇ ਦੇ ਬੌਡੀ ਬਿਲਡਿੰਗ ਮੁਕਾਬਲਿਆਂ ਵਿਚ ਹੋਰ ਜਿੱਤਾਂ ਹਾਸਿਲ ਕਰਕੇ ਭਾਰਤੀ ਭਾਈਚਾਰੇ ਦਾ ਮਾਣ ਵਧਾਏ।

# ਗ਼ਦਰੀ ਬਾਬਿਆਂ ਦੇ ਮੇਲੇ ਸਬੰਧੀ ਵਿਚਾਰ-ਚਰਚਾ ਮੇਲੇ ਦੇ ਕੇਂਦਰ 'ਚ ਹੋਣਗੇ ਭਖ਼ਵੇ ਲੋਕ-ਮਸਲੇ

**ਜਲੰਧਰ–** ਗ਼ਦਰੀ ਬਾਬਿਆਂ ਦੇ 30ਵੇਂ ਮੇਲੇ ਦੀ ਲਾ-ਮਿਸਾਲ ਤਿਆਰੀ ਅਤੇ ਸਫ਼ਲਤਾ ਲਈ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਵਿਸ਼ਾਲ ਮੀਟਿੰਗ 'ਚ ਵੱਖ-ਵੱਖ ਸੰਸਥਾਵਾਂ ਦੇ ਪ੍ਰਤੀਨਿਧਾਂ, ਲੇਖਕਾਂ, ਸਾਹਿਤਕਾਰਾਂ, ਤਰਕਸ਼ੀਲਾਂ ਅਤੇ ਜਮਹੂਰੀ ਕਾਮਿਆਂ ਨੇ ਅਮੁੱਲੇ ਸੁਝਾਅ ਦਿੱਤੇ ਅਤੇ ਹੁਣ ਤੋਂ ਹੀ ਮੇਲੇ ਦੀਆਂ ਤਿਆਰੀਆਂ ਵਿੱਢਣ ਦਾ ਅਹਿਦ ਲਿਆ।

ਮੀਟਿੰਗ ਦਾ ਆਗਾਜ਼, ਮੁਲਕ ਦੀ ਦੁਖ਼ਦਾਈ ਵੰਡ ਸਮੇਂ ਹਿਰਦੇਵੇਦਕ ਭਰਾ-ਮਾਰ ਕਤਲੋਗਾਰਦ ਵਿੱਚ ਮਾਰੇ ਗਏ 10 ਲੱਖ ਤੋਂ ਵੱਧ ਲੋਕਾਂ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਅਰਪਤ ਕਰਨ ਨਾਲ ਹੋਇਆ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੀਟਿੰਗ ਦੇ ਮਕਸਦ ਅਤੇ ਮੇਲੇ ਨਾਲ ਜੁੜਵੇਂ ਕਾਰਜਾਂ 'ਤੇ ਰੌਸ਼ਨੀ ਪਾਉਂਦਿਆਂ ਦੱਸਿਆ ਕਿ 30ਵਾਂ ਮੇਲਾ ਉਸ ਵੇਲੇ ਹੋਣ ਜਾ ਰਿਹਾ ਹੈ, ਜਦੋਂ ਆਜ਼ਾਦੀ ਸੰਗਰਾਮ ਵਿੱਚ ਇਨਕਲਾਬੀ ਭੂਮਿਕਾ ਅਦਾ ਕਰਨ ਵਾਲੀ ਗ਼ਦਰ ਪਾਰਟੀ ਦੀ ਅਗਲੀ ਇਤਿਹਾਸਕ ਕੜੀ ਬੱਬਰ ਅਕਾਲੀ ਲਹਿਰ ਦੀ ਸਥਾਪਨਾ ਸ਼ਤਾਬਦੀ ਮਨਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਇਸ ਦੌਰ ਦੇ ਸਭ ਤੋਂ ਭਖ਼ਵੇਂ ਮੁੱਦਿਆਂ, ਕਿਸਾਨ ਮਜ਼ਦੂਰ, ਲੋਕ-ਹਿੱਸਿਆਂ ਦੇ ਸੰਘਰਸ਼, ਫ਼ਿਰਕੂ ਫਾਸ਼ੀ ਹੱਲੇ ਦੇ ਝੱਖੜਾਂ ਦੇ ਲੋਕਾਂ ਦੇ ਸਿਰ 'ਤੇ ਕੂਕਦੇ ਖ਼ਤਰੇ, ਜਮਹੂਰੀ ਹੱਕਾਂ ਦਾ ਗ਼ਲਾ ਘੁੱਟਣ ਲਈ ਮੜ੍ਹੇ ਜਾ ਰਹੇ ਕਾਲ਼ੇ ਕਾਨੂੰਨ, ਔਰਤਾਂ ਤੇ ਜਬਰ, ਦੇਸੀ-ਵਿਦੇਸ਼ੀ ਕਾਰਪੋਰੇਟਾਂ ਨੂੰ ਮੁਲਕ ਦੇ ਕੁੰਜੀਵਤ ਅਦਾਰੇ ਪਰੋਸਕੇ ਦੇਣ ਅਤੇ ਗ਼ਦਰ, ਬੱਬਰ ਅਕਾਲੀ ਲਹਿਰ ਦੀ ਪਰਸੰਗਕਤਾ ਉਭਾਰਨ ਦੇ ਤਿੱਖੜੇ ਮੁੱਦਿਆਂ ਨੂੰ ਮੇਲੇ 'ਚ ਵੱਖ-ਵੱਖ ਵਿਧਾਵਾਂ, ਕਲਾ ਕ੍ਰਿਤਾਂ ਰਾਹੀਂ ਮੁਖ਼ਾਤਬ ਹੋਣ ਲਈ ਖ਼ਾਕਾ ਤਿਆਰ ਕਰਨ ਵਾਸਤੇ ਮੀਟਿੰਗ ਵਿੱਚ ਮੁੱਲਵਾਨ ਵਿਚਾਰ-ਚਰਚਾ ਹੋਈ। ਇਸ ਵਿਚਾਰ-ਚਰਚਾ ਵਿੱਚ ਬਲਦੇਵ ਕਿਸ਼ੋਰ, ਸੁਖਵਿੰਦਰ ਕੋਟਲੀ, ਰਾਮੇਸ਼ ਚੋਹਕਾ, ਡਾ. ਹਰਜਿੰਦਰ ਸਿੰਘ ਅਟਵਾਲ, ਜੋਗਾ ਸਿੰਘ, ਨਸੀਬ ਚੰਦ ਬੱਬੀ, ਰਵਿੰਦਰ ਸਿੰਘ ਧੂਤ, ਚਾਨਣ ਰਾਮ, ਗੁਰਦੇਵ ਚੰਦ, ਅਮਰੀਕ ਸਿੰਘ, ਹਰਮਨਦੀਪ ਸਿੰਘ ਨੇ ਇਤਿਹਾਸ, ਵਿਰਾਸਤ, ਮੋਦੀ ਹਕੂਮਤ ਵੱਲੋਂ ਛੇੜੀ ਲੋਕਾਂ ਖਿਲਾਫ਼ ਜੰਗ ਦੇ ਵਿਰੁੱਧ ਲੋਕਾਂ ਨੂੰ ਚੇਤਨ ਕਰਨ ਅਤੇ ਦੇਸ਼ ਭਗਤਾਂ ਦੀ ਵਿਰਾਸਤ ਬੁਲੰਦ ਕਰਨ ਲਈ ਮੇਲੇ 'ਚ ਵਿਦਵਾਨਾਂ, ਰੰਗ ਕਰਮੀਆਂ, ਲੇਖਕਾਂ, ਇਤਿਹਾਸਕਾਰਾਂ ਅਤੇ ਵਿਸ਼ੇਸ਼ ਕਰਕੇ ਬੱਬਰ ਅਕਾਲੀ ਲਹਿਰ ਦੇ ਪਿੰਡਾਂ ਦੇ ਲੋਕਾਂ ਅਤੇ ਜੁਆਨੀ ਨੂੰ ਮੇਲੇ 'ਚ ਸ਼ਾਮਲ ਕਰਨ ਲਈ ਵਿਸ਼ੇਸ਼ ਉੱਦਮ ਕਰਨ ਦੇ ਵਿਚਾਰ ਸਾਹਮਣੇ ਆਏ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ 30ਵੇਂ ਮੇਲੇ ਦੀ ਅਜੇਹੀ ਰੂਪ ਰੇਖਾ ਉਲੀਕਣ ਦਾ ਯਤਨ ਹੋਏਗਾ ਜੋ ਸਮਾਜ ਦੀ ਦੁਖ਼ਦੀ ਰਗ ਫੜਦਿਆਂ ਲੋਕਾਂ ਨੂੰ ਨਵੀਂ ਜ਼ਿੰਦਗੀ ਲਈ ਉਤਸ਼ਾਹ ਨਾਲ ਸੰਘਰਸ਼ ਲਈ ਪ੍ਰੇਰਤ ਕਰਦੀ ਹੋਵੇ। ਵਿਚਾਰ-ਚਰਚਾ ਤੇ ਸਮੇਟਵੀਂ ਟਿੱਪਣੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਗ਼ਦਰ ਪਾਰਟੀ ਦੀ ਜੋ ਸਾਮਰਾਜ ਵਿਰੋਧੀ, ਧਰਮ-ਨਿਰਪੱਖ, ਜਮਹੂਰੀ ਅਤੇ ਸਾਂਝੀਵਾਲਤਾ ਵਾਲੀ ਸੋਚ-ਦ੍ਰਿਸ਼ਟੀ ਹੈ; ਮੇਲਾ ਇਸਨੂੰ ਰੂਪਮਾਨ ਕਰੇ ਇਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਮੀਟਿੰਗ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਸਹਾਇਕ ਸਕੱਤਰ ਡਾ.ਪਰਮਿੰਦਰ ਸਿੰਘ, ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਇਤਿਹਾਸ ਕਮੇਟੀ ਦੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ, ਮਿਊਜ਼ੀਅਮ ਕਮੇਟੀ ਕਨਵੀਨਰ ਹਰਵਿੰਦਰ ਭੰਡਾਲ, ਕਮੇਟੀ ਮੈਂਬਰ ਵਿਜੈ ਬੰਬੇਲੀ ਅਤੇ ਹਰਮੇਸ਼ ਮਾਲੜੀ ਵੀ ਹਾਜ਼ਰ ਸਨ। **ਜਾਰੀ ਕਰਤਾ– ਅਮੋਲਕ ਸਿੰਘ**

# ਸਮਾਜ ਸੇਵੀ ਗਰਚਾ ਵੱਲੋਂ ਆਪਣੇ ਜਨਮ ਦਿਨ 'ਤੇ ਸਕੂਲ ਦੀ ਇਮਾਰਤ ਦਾ ਨੀਂਹ ਪੱਥਰ

**ਬੰਗਾ–** ਨੇੜੇ ਪਿੰਡ ਸੱਲ੍ਹ ਕਲਾਂ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਖ਼ਸਤਾ ਹਾਲਤ ਇਮਾਰਤ ਦੀ ਜਗ੍ਹਾ ਸਕੂਲ ਦੀ ਨਵੀਂ ਸਮਾਰਟ ਇਮਾਰਤ ਉਸਾਰਨ ਲਈ ਇਲਾਕੇ ਦੇ ਜਾਣੇ ਪਛਾਣੇ ਸਮਾਜ-ਸੇਵੀ ਸ਼ਮਿੰਦਰ ਸਿੰਘ ਗਰਚਾ ਵੱਲੋਂ ਅੱਜ ਨੀਂਹ ਪੱਥਰ ਰੱਖਿਆ ਗਿਆ। ਇਸ ਸਕੂਲ ਤੋਂ ਪੜ੍ਹਕੇ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਿੱਚ ਕਾਰੋਬਾਰ ਕਰ ਰਹੇ ਪ੍ਰਵਾਸੀ ਵੀਰਾਂ ਵੱਲੋਂ ਬਣਾਈ ਗਈ 'ਚੜ੍ਹਦੀ ਕਲਾ ਸਕੂਲ ਭਲਾਈ ਕਮੇਟੀ ਸੱਲ੍ਹ ਕਲਾਂ' ਅਤੇ ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਸਾਂਝੇ ਤੌਰ 'ਤੇ ਉਸਾਰੀ ਜਾ ਰਹੀ ਇਸ ਡਿਜੀਟਲ ਸਹੂਲਤਾਂ ਭਰਪੂਰ ਇਮਾਰਤ ਦਾ ਨੀਂਹ




ਪੱਥਰ ਗਰਚਾ ਵੱਲੋਂ ਆਪਣੇ 70ਵਾਂ ਜਨਮ ਦਿਨ ਮਨਾਉਂਦੇ ਸਮੇਂ ਰੱਖਿਆ ਗਿਆ।

ਇਸ ਮੌਕੇ ਸ਼ਮਿੰਦਰ ਸਿੰਘ ਹੋਰਾਂ ਦੱਸਿਆ ਕਿ ਇਹ ਸਕੂਲ ਅੱਜ ਦੇ ਸਮੇਂ ਦੇ ਹਾਣ ਦਾ ਹੋਵੇਗਾ ਅਤੇ ਇਸ ਸਕੂਲ ਵਿੱਚ ਸੁੱਖ- ਸਹੂਲਤਾਂ ਵਿਚ ਕਿਸੇ ਵੀ ਪੱਖ ਤੋਂ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ। ਉਹਨਾਂ ਸਿਖਿਆ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਆਖਿਆ ਕਿ ਇਸ ਸਕੂਲ ਦੀ ਇਮਾਰਤ ਉਸਾਰਨ ਵਿਚ ਜਿੱਥੇ ਐਨ ਆਰ ਆਈ ਵੀਰਾਂ ਨੇ ਹਰ ਪੱਖੋਂ ਸਹਿਯੋਗ ਦਿੱਤਾ ਹੈ ਉੱਥੇ ਸਿੱਖਿਆ ਸਕੱਤਰ ਨੇ ਵੀ ਖੁੱਲ੍ਹੇ ਦਿਲ ਨਾਲ ਸਾਡੀ ਬਾਂਹ ਫੜੀ ਹੈ। ਮੌਕੇ ਤੇ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਛੋਟੂ ਰਾਮ ਅਤੇ ਬੀ ਪੀ ਈ ਓ ਬੰਗਾ ਸ੍ਰੀ ਅਸ਼ੋਕ ਕੁਮਾਰ ਨੇ ਇਸ ਵੱਡਮੁੱਲੇ ਕਾਰਜ ਲਈ ਪ੍ਰਵਾਸੀ ਪੰਜਾਬੀਆਂ ਦੀ ਸ਼ਲਾਘਾ ਕੀਤੀ। ਸਕੂਲ ਮੁਖੀ ਰਾਜ ਕੁਮਾਰ ਹੀਉਂ ਅਨੁਸਾਰ ਇਸ ਸਕੂਲ ਦੀ ਉਸਾਰੀ 15 ਅਗਸਤ ਤੋਂ ਸ਼ੁਰੂ ਹੋਵੇਗੀ ਅਤੇ ਹਰ ਹਾਲਤ ਵਿੱਚ 26 ਜਨਵਰੀ ਤੱਕ ਮੁਕੰਮਲ ਕਰ ਲਈ ਜਾਵੇਗੀ। ਇਸ ਮੌਕੇ ਸਮਾਰਟ ਸਕੂਲਾਂ ਦੇ ਜ਼ਿਲ੍ਹਾ ਅਧਿਕਾਰੀ ਬਲਜਿੰਦਰ ਸਿੰਘ ਵਿਰਕ ਵੱਲੋਂ ਵੀ ਸਮੁੱਚੀ ਕਮੇਟੀ ਨੂੰ ਸ਼ੁਭਕਾਮਨਾਵਾਂ ਭੇਂਟ ਕੀਤੀਆਂ ਗਈਆਂ। ਇਸ ਮੌਕੇ ਸਤਨਾਮ ਸਿੰਘ ਹੇੜੀਆਂ, ਮਹਿੰਦਰ ਸਿੰਘ ਗਰਚਾ, ਸੀ ਐੱਚ ਟੀ ਸ਼ਾਲਿਨੀ ਪੁੰਨ, ਮਾਇਕਲ ਪੁੰਨ ਜਸਵਿੰਦਰ ਸਿੰਘ ਭੱਟੀ ਮੈਡਮ ਸਵਿਤਾ ਅਤੇ ਜਸਵੀਰ ਕੌਰ ਹਾਜ਼ਰ ਸਨ। ਅੰਤ ਵਿੱਚ ਪਿੰਡ ਦੇ ਸਰਪੰਚ ਸੁਖਦੀਪ ਸਿੰਘ ਖਾਲਸਾ ਵੱਲੋਂ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। **– ਸੰਤੋਖ ਸਿੰਘ ਜੱਸੀ**

# ਧਾਰਮਿਕ ਸ਼ਬਦ, ਚੱਲੀਏ ਪਿੰਡ ਮਜਾਰੇ, ਦੀ ਵੀਡੀਓ ਹੋਈ ਮੁਕੰਮਲ

**ਲਸਾੜਾ/ ਉੜਾਪੜ (ਬੱਗਾ ਸੇਲਕੀਆਣਾ)–** ਹਜੂਰ ਪੂਰਨ ਬ੍ਰਹਮ ਗਿਆਨੀ ਧੰਨ ਧੰਨ ਸ੍ਰੀ ਨਾਭ ਕੰਵਲ ਰਾਜਾ ਸਹਿਬ ਜੀ ਦੀ ਜੀਵਨੀ ਨੂੰ ਸਮਰਪਿਤ ਧਾਰਮਿਕ ਗੀਤ 'ਚੱਲੀਏ ਪਿੰਡ ਮਜ਼ਾਰੇ' ਗੀਤ ਦਾ ਵੀਡੀਓ ਫਿਲਮਾਂਕਣ ਮੁਕੰਮਲ ਕਰ ਲਿਆ ਗਿਆ। ਇਸ ਗੀਤ ਨੂੰ ਪੰਜਾਬੀ ਲੋਕ ਗਾਇਕੀ ਦੇ ਬਾਬਾ ਬੋਹੜ ਸ੍ਰੀ ਸੁਰਿੰਦਰ ਛਿੰਦਾ ਜੀ ਦੇ ਲਾਡਲੇ ਸ਼ਾਗਿਰਦ ਲੋਕ ਗਾਇਕ ਦੀਪ ਛਿੰਦਾ ਅਤੇ ਬਹੁਤ ਹੀ ਸੁਰੀਲੀ ਗਾਇਕਾ ਮੀਨੂੰ ਅਟਵਾਲ ਦੀ ਅਵਾਜ਼ ਵਿਚ ਰਿਕਾਰਡ ਕੀਤਾ ਗਿਆ। ਇਸ ਡਿਊਟ ਗੀਤ ਨੂੰ ਅਮੋਲਕ ਸਿੰਘ ਢਿੱਲੋਂ ਝਿੰਗੜਾਂ ਵਲੋਂ ਕਲਮਬੱਧ ਕੀਤਾ ਗਿਆ। ਇਸ ਦਾ ਸੰਗੀਤਕਾਰ ਜੱਸੀ ਮਹਾਲੋਂ ਨੇ ਮਿੱਠੀਆਂ ਸੰਗੀਤਕ ਧੁਨਾਂ ਨਾਲ ਸਿੰਗਾਰਿਆ ਗਿਆ। ਗੀਤ ਦੇ ਵੀਡੀਓ ਫ਼ਿਲਮਾਂਕਣ ਨਿਰਦੇਸ਼ਕ ਪੇਂਡੂ ਢਿੱਲੋਂ ਵਲੋ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗਾਇਕ ਦੀਪ ਛਿੰਦਾ ਤੇ ਮੀਨੂ ਅਟਵਾਲ ਨੇ ਦੱਸਿਆ ਕਿ ਇਹ ਗੀਤ ਬਹੁਤ ਹੀ ਜਲਦੀ ਹੀ ਯੂ.ਐਸ.ਏ ਦੀ ਨਾਮਵਾਰ ਕੰਪਨੀ ਪੀ.ਸਹੋਤਾ ਮਿਊਜ਼ਕਿ ਕੰਪਨੀ ਵਲੋਂ ਰਾਜਾ ਸਾਹਿਬ ਜੀ ਦੇ ਮੇਲੇ ਤੇ ਰਿਲੀਜ਼ ਕੀਤਾ ਜਾਵੇਗਾ। ਉਨ੍ਹਾਂ ਨੇ ਸਮੁੱਚੀ ਟੀਮ ਦਾ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕਰਦਿਆਂ ਦਸਿਆ ਕਿ ਗੀਤ ਫਿਲਮਾਂਕਣ ਮੰਨਣਹਾਣਾ ਸਾਹਿਬ, ਗੁਣਾਚੌਰ, ਮਜਾਰਾ ਰਾਜਾ ਸਾਹਿਬ ਨੌਂ ਆਬਾਦ ਅਤੇ ਝਿੰਗੜਾਂ ਪਿੰਡ ਦੇ ਦੂਖ ਨਿਵਾਰਨ ਸਾਹਿਬ ਵਿਖੇ ਕੀਤਾ ਗਿਆ। ਉਹਨਾਂ ਨੇ ਸਮੂਹ ਸੰਗਤਾਂ ਵਲੋਂ ਇਸ ਸ਼ਬਦ ਨੂੰ ਸੰਗਤਾਂ ਭਰਪੂਰ ਹੁੰਗਾਰਾ ਦੇਣਗੀਆਂ।



# 'ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਹਿ' ਲਈ ਮੌਲਿਕ, ਅਣਛਪੀਆਂ ਰਚਨਾਵਾਂ ਦੀ ਮੰਗ

ਅਮਰੀਕਾ ਨਿਵਾਸੀ ਪਿਆਰੇ ਕਹਾਣੀਕਾਰ ਦੋਸਤੋ, ਇਸ ਨਵੇਂ ਸਾਲ 2021 ਦੌਰਾਨ ਤੁਹਾਡੇ ਨਾਲ ਇਹ ਖੁਸ਼ੀ ਭਰੀ ਖ਼ਬਰ ਸਾਂਝੀ ਕਰਨ ਜਾ ਰਹੇ ਹਾਂ ਕਿ ਪਰਵਾਸੀ ਪੰਜਾਬੀ ਲੇਖਕਾਂ ਵਿੱਚ ਕਹਾਣੀ ਵਿਧਾ ਪ੍ਰਤੀ ਲਗਾਤਾਰ ਵਧ ਰਹੇ ਸਿਰਜਨਾਤਮਕ ਉਤਸ਼ਾਹ ਨੂੰ ਵੇਖਦਿਆਂਡਾ. ਰਵੀ ਸ਼ੇਰ ਗਿੱਲ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ ਦੇ ਸੰਪਾਦਕੀ ਮੰਡਲ ਵਲੋਂ ਇਕ ਹੋਰ ਨਵਾਂ ਕਹਾਣੀ ਸੰਗ੍ਰਹਿ ਛਾਪਣ ਦਾ ਫੈਸਲਾ ਲਿਆ ਗਿਆ ਹੈ। ਇਸ ਵਿੱਚ ਅਮਰੀਕਾ ਵਸਦੇ ਕਹਾਣੀਕਾਰਾਂ ਦੀਆਂ ਮੌਲਿਕ, ਅਣਛਪੀਆਂ, ਤੇ ਪਾਇਦਾਰ ਰਚਨਾਵਾਂ ਸ਼ਾਮਲ ਕੀਤੀਆਂ ਜਾਣਗੀਆਂ।

ਇਸ ਨਵੇਂ ਕਹਾਣੀ-ਸੰਗ੍ਰਹਿ ਨੂੰ ਵੀ ਅਸੀਂ ਪਹਿਲੇ ਪ੍ਰਕਾਸ਼ਿਤ ਕਹਾਣੀ-ਸੰਗ੍ਰਹਿਆਂ ਵਾਂਗ ਖੂਬਸੂਰਤੀ ਅਤੇ ਵਿਲੱਖਣਤਾ ਪ੍ਰਦਾਨ ਕਰਨੀ ਚਾਹੁੰਦੇ ਹਾਂ, ਤਾਂ ਕਿ ਇਹ ਵੀ ਅਮਰੀਕਨ ਪੰਜਾਬੀ ਕਹਾਣੀ ਦਾ ਇਕ ਪ੍ਰਮੁੱਖ ਦਸਤਾਵੇਜ ਬਣਨ ਦਾ ਮਾਣ ਪ੍ਰਾਪਤ ਕਰ ਸਕੇ। ਇਸ ਲਈ ਕੁਝ ਨਿਯਮਾਂ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੈ।

ਸੰਪਾਦਕੀ ਮੰਡਲ ਨੂੰ ਆਪਣੀਆਂ ਰਚਨਾਵਾਂ ਭੇਜਣ ਵਾਲੇ ਸਮੂਹ ਕਹਾਣੀਕਾਰਾਂ ਨੂੰ ਗੁਜਾਰਸ਼ ਹੈ ਕਿ ਸੰਪਾਦਕੀ ਬੋਰਡ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਹੇਠ ਲਿਖੇ ਨੁਕਤਿਆਂ ਤੇ ਗੌਰ ਨਾਲ ਨਜ਼ਰਸਾਨੀ ਕੀਤੀ ਜਾਵੇ।

:- ਸੰਪਾਦਕੀ ਮੰਡਲ ਨੂੰ ਆਪਣੀ ਕੋਈ ਨਵੀਂ, ਮੌਲਿਕ ਅਤੇ ਅਣਪ੍ਰਕਾਸ਼ਤ ਕਹਾਣੀ ਹੀ ਭੇਜੀ ਜਾਵੇ।

:- ਵਿਸ਼ੇ-ਵਸਤੂ ਪੱਖੋਂ ਪਰਵਾਸੀ ਸਰੋਕਾਰ ਅਤੇ ਗਲੋਬਲੀ ਪਰਿਪੇਖ ਵਾਲੀਆਂ ਲੋਕ ਪੱਖੀ ਹੁੰਗਾਰੇ, ਅਗਾਂਹਵਧੂ ਪਹੁੰਚ ਅਤੇ ਉਸਾਰੂ ਦ੍ਰਿਸ਼ਟੀਕੋਣ ਵਾਲੀਆਂ ਰਚਨਾਵਾਂ ਨੂੰ ਵਿਸ਼ੇਸ਼ ਪਹਿਲ ਦਿੱਤੀ ਜਾਵੇਗੀ।

ਨਿਰੋਲ ਦੇਸੀ ਸਰੋਕਾਰ ਵਾਲੀ ਕਹਾਣੀ ਨਾ ਭੇਜੀ ਜਾਵੇ। ਇਸ ਸੰਗ੍ਰਹਿ ਦਾ ਸੰਪਾਦਕੀ ਬੋਰਡ ਪਾਠਕ ਦੇ ਮਨ ਵਿੱਚ ਸਿਹਤਮੰਦ ਕਦਰਾਂ ਕੀਮਤਾਂ ਦੀ ਬਹਾਲੀ ਅਤੇ ਬਿਹਤਰ ਦੁਨੀਆਂ ਦਾ ਸੁਪਨਾ ਸਜਾਉਣਾ ਚਾਹੁੰਦਾ ਹੈ। ਇਸ ਮਕਸਦ ਦੀ ਪੂਰਤੀ ਲਈ ਤੁਸੀਂ ਆਪਣੀ ਕੋਈ ਵੀ ਮਨਪਸੰਦ ਰਚਨਾ ਸੰਪਾਦਕੀ ਮੰਡਲ ਦੇ ਹੇਠ ਲਿਖੇ ਕਿਸੇ ਵੀ ਪਤੇ ਤੇ ਭੇਜ ਸਕਦੇ ਹੋ।

1- DR. Ravi Sher Gill :
9024 Wharton Way. Elk Grove CA, 9562
(Email : drgilldvm@ yahoo.com.)
Phone: 916-753-2868

2- Surinder Sohal:
15 Remsen Ave, Valley Stream, NY, 11580
(Email: surindersohal @hotmail.com;
Phone: 646- 220 2586.

3- Harjinder Pandher:
3974 Chatsworth Circle, Stockton, CA, 95209 (Email: pandher@gmail.com
Phone: 209- 610- 5055.

# ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਇਜਲਾਸ 12 ਸਤੰਬਰ, 2021 ਨੂੰ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦਾ ਜਨਰਲ ਇਜਲਾਸ 12 ਸਤੰਬਰ , ਐਤਵਾਰ, 2021 ਨੂੰ ਠੀਕ 10 ਵਜੇ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਵਾਗਾ। ਨਾਮਵਰ ਖੇਤੀ ਮਾਹਰ ਤੇ ਖਾਧ-ਖੁਰਾਕ ਵਿਸੇਸ਼ਗ ਡਾ. ਦਵਿੰਦਰ ਸ਼ਰਮਾ ਖੇਤੀ ਮਸਲਿਆਂ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਕੇਂ-ਦਰੀ ਪੰਜਾਬੀ ਲੇਖਕ ਸਭਾ ਵੱਲੋਂ ਗਿਆਨੀ ਹੀਰਾ ਸਿੰਘ ਦਰਦ, ਡਾ. ਰਵਿੰਦਰ ਸਿੰਘ ਰਵੀ ਅਤੇ ਡਾ. ਐਸ. ਤਰਸੇਮ ਦੀ ਯਾਦ ਵਿੱਚ ਦਿੱਤੇ ਜਾਣ ਵਾਲੇ ਸਨਮਾਨ ਇਸ ਸਾਲ ਕ੍ਰ-ਮਵਾਰ ਸ੍ਰੀ ਸੁਸ਼ੀਲ ਦੁਸਾਂਝ, ਡਾ. ਸਰਬਜੀਤ ਸਿੰਘ ਅਤੇ ਸ੍ਰੀ ਗੁਰਬਚਨ ਸਿੰਘ ਭੁੱਲਰ ਜੀ ਨੂੰ ਪ੍ਰਦਾਨ ਕੀਤੇ ਜਾਣਗੇ। ਕੇਂ-ਦਰੀ ਪੰਜਾਬੀ ਲੇਖਕ ਸਭਾ ਵੱਲੋਂ ਪਿਛਲੇ ਡੇਢ ਸਾਲ ਵਿੱਚ ਕੀਤੇ ਗਏ ਕੰਮਾਂ ਬਾਰੇ ਰਿ-ਪੋਰਟ ਪੇਸ਼ ਕੀਤੀ ਜਾਵੇਗੀ ਅਤੇ ਭਵਿੱਖ ਵਿਚ ਕੀਤੇ ਜਾਣ ਵਾਲੇ ਕਾਰਜਾਂ ਦੀ ਰੂਪ-ਰੇਖਾ ਤਹਿ ਕੀਤੀ ਜਾਵੇਗੀ। ਕੇਂਦਰੀ ਦੇ ਹਾਜ਼ਰ ਮੈਂਬਰਾਂ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਸਭਾ ਦੇ ਕੰਮ ਨੂੰ ਹੋਰ ਸਚਾਰੂ ਬਣਾਉਣ ਦੀ ਵਿਉਂਤ-ਬੰਦੀ ਕੀਤੀ ਜਾਵੇਗੀ।

**ਜਾਰੀ ਕਰਤਾ –**
**ਸੁਖਦੇਵ ਸਿੰਘ ਸਿਰਸਾ**
**ਜਨਰਲ ਸਕੱਤਰ,**
**ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.)**

# 'ਅਸੀਂ ਨੀ ਜਾਣਾ ਪਤਾਲ ਲੋਕ' ਨਾਵਲ 'ਤੇ ਚਰਚਾ 5 ਸਤੰਬਰ ਨੂੰ

**ਜਲੰਧਰ–** ਹਰਮੇਸ਼ ਮਾਲੜੀ ਦੁਆਰਾ ਲਿਖੇ 'ਅਸੀਂ ਨੀ ਜਾਣਾ ਪਤਾਲ ਲੋਕ' ਨਾਵਲ 'ਤੇ 5 ਸਤੰਬਰ, ਦਿਨ ਐਤਵਾਰ, ਠੀਕ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਵਿਚਾਰ-ਚਰਚਾ ਕੀਤੀ ਜਾਏਗੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰ-ਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨ-ਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਵਿਚਾਰ-ਚਰਚਾ ਵਿੱਚ ਡਾ.ਪਰਮਿੰਦਰ ਸਿੰਘ, ਪ੍ਰੋ. ਮਨਪ੍ਰੀਤ ਜਸ, ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ, ਡਾ. ਰਜਨੀਸ਼ ਬਹਾਦਰ ਆਪਣੇ ਵਿਚਾਰ ਰੱਖਣਗੇ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਲੇਖਕਾਂ, ਬੁੱਧੀਜੀਵੀਆਂ ਅਤੇ ਆਲੋਚਕਾਂ ਨੂੰ ਵਿਚਾਰ-ਚਰਚਾ 'ਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਹੈ।

# ਵੀਡੀਓ ਕਾਲ ਕਰ ਰਹੀ ਔਰਤ ਦੇ ਸਿਰ ਵਿੱਚ ਬੱਚੇ ਨੇ ਮਾਰੀ ਗੋਲੀ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**
**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੇ ਫਲੋਰਿਡਾ ਵਿੱਚ ਇੱਕ ਛੋਟੇ ਬੱਚੇ ਦੁਆਰਾ ਵੀਡੀਓ ਕਾਲ ਕਰ ਰਹੀ ਆਪਣੀ ਮਾਂ ਦੇ ਸਿਰ ਵਿੱਚ ਗੋਲੀ ਮਾਰ ਕੇ ਉਸਦੀ ਜਾਨ ਲੈਣ ਦੀ ਘਟਨਾ ਵਾਪਰੀ ਹੈ। ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਮਾਂ ਨੂੰ ਉਸ ਦੇ ਛੋਟੇ ਬੱਚੇ ਨੇ ਕੰਮ ਸਬੰਧੀ ਜ਼ੂਮ ਵੀਡੀਓ ਕਾਲ ਦੇ ਦੌਰਾਨ ਗੋਲੀ ਮਾਰ ਦਿੱਤੀ, ਜਿਸ ਦੀ ਪੁਲਿਸ ਨੂੰ ਸੂਚਨਾ ਵੀਡਿਓ ਕਾਲ ਵਿੱਚ ਮੌਜੂਦ ਮਹਿਲਾ ਦੇ ਇੱਕ ਸਾਥੀ ਨੇ 911 'ਤੇ ਕਾਲ ਕਰਕੇ ਦਿੱਤੀ। ਪੁਲਿਸ ਦੇ ਅਨੁਸਾਰ, 21 ਸਾਲਾਂ ਸ਼ਮਾਇਆ ਲੀਨ ਬੁੱਧਵਾਰ ਨੂੰ ਫਲੋਰਿਡਾ ਦੇ ਅਲਟਾਮੋਂਟੇ ਸਪਰਿੰਗਸ ਦੇ ਅਪਾਰਟਮੈਂਟ ਵਿੱਚ ਆਪਣੇ ਕੰਮ ਨਾਲ ਸਬੰਧਿਤ ਜ਼ੂਮ ਵੀਡੀਓ ਮੀਟਿੰਗ ਵਿੱਚ ਹਿੱਸਾ ਲੈ ਰਹੀ ਸੀ। ਇਸੇ ਦੌਰਾਨ ਹੀ ਉਸਦੇ ਦੋ ਬੱਚਿਆਂ ਵਿੱਚੋਂ ਇੱਕ ਨੇ ਘਰ ਵਿੱਚ ਅਸੁਰੱਖਿਅਤ ਪਈ ਲੋਡ ਕੀਤੀ ਹੋਈ ਗੰਨ ਚੁੱਕ ਲਈ ਅਤੇ ਉਸਦੇ ਸਿਰ ਵਿੱਚ ਗੋਲੀ ਮਾਰ ਦਿੱਤੀ। ਜਿਸ ਉਪਰੰਤ ਜ਼ੂਮ ਵੀਡੀਓ ਕਾਲ 'ਚ ਸ਼ਾਮਲ ਇੱਕ ਔਰਤ ਨੇ ਰੌਲਾ ਅਤੇ ਲੀਨ ਨੂੰ ਪਿੱਛੇ ਵੱਲ ਡਿੱਗਦਿਆਂ ਵੇਖ ਕੇ 911 'ਤੇ ਸੂਚਨਾ ਦਿੱਤੀ।

# ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦਗਾਰ ਬਣਾਉਣ ਤੇ ਇੰਗਲੈਂਡ ਤੋਂ ਉਸ ਦੀਆਂ ਨਿਸ਼ਾਨੀਆਂ ਲਿਆਉਣ ਦੀ ਮੰਗ ਕੀਤੀ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਨੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਢੁਕਵੀਂ ਯਾਦਗਾਰ ਬਨਾਉਣ ਤੇ ਇੰਗਲੈਂਡ ਤੋਂ ਉਸ ਦੀਆਂ ਨਿਸ਼ਾਨੀਆਂ ਲਿਆਉਣ ਦੀ ਮੰਗ ਕੀਤੀ ਹੈ। ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਪ੍ਰਧਾਨ ਹਰਦੀਪ ਸਿੰਘ ਚਾਹਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੇ ਇੱਕ ਪੱਤਰ ਵਿੱਚ ਕਿਹਾ ਹੈ ਸ਼ਹੀਦ ਮਦਨ ਲਾਲ ਢੀਂਗਰਾ ਅਜਿਹੇ ਪਹਿਲੇ ਸ਼ਹੀਦ ਹਨ ਜਿਸ ਨੇ 1 ਜੁਲਾਈ 1909 ਨੂੰ ਭਾਰਤ ਵਿਚਲੇ ਸੈਕਟਰੀ ਆਫ ਸਟੇਟ ਦੇ ਰਾਜਸੀ ਸਹਾਇਕ ਸਰ ਵਿਲੀਅਮ ਹਟ ਕਰਜਨ ਵਾਇਲੀ ਨੂੰ ਲੰਡਨ ਵਿਚ ਮਾਰ ਮੁਕਾਇਆ ਜੋ ਭਾਰਤੀ ਵਿਦਿਆਰਥੀਆਂ ਦੀ ਖ਼ੁਫ਼ੀਆ ਨਿਗਰਾਨੀ ਕਰਦਾ ਸੀ।ਉਹ ਉਨੈਹਾਂ ਨੂੰ ਪੈਰੇਸ਼ਾਨ ਕਰਦਾ ਸੀ। ਭਾਰਤੀ ਵਿਦਿਆਰਥੀ ਉਸ ਤੋਂ ਬਹੁਤ ਦੁੱਖੀ ਸਨ। ਸਿੱਟੇ ਵਜੋਂ ਢੀਂਗਰਾ ਨੂੰ 17 ਅਗਸਤ 1909 ਨੂੰ ਲੰਡਨ ਦੀ ਪੈਂਟੋਨਵਿਲੇ ਜੇਲੈਹ ਵਿੱਚ ਫਾਂਸੀ 'ਤੇ ਚੜਾ ਕੇ ਸ਼ਹੀਦਕਰ ਦਿੱਤਾ ਗਿਆ।

ਢੀਂਗਰਾ ਦੀ ਇਸ ਦਲੇਰਾਨਾ ਕਾਰਵਾਈ ਅਤੇ ਸ਼ਹਾਦਤ ਨੇ ਭਾਰਤੀ ਨੌਜੁਆਨਾਂ ਨੂੰ ਹਥਿਆਰਬੰਦ ਸੰਘਰਸ਼ ਲਈ ਇਕ ਚਿੰਗਿਆੜੀ ਦਾ ਕੰਮ ਕੀਤਾ, ਤੇ ਉਹ ਉਹਨਾਂ ਲਈ ਪਹਿਲਾ ਰੋਲ ਮਾਡਲ ਬਣਿਆ। ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਚੰਦਰ ਸ਼ੇਖਰ ਆਜ਼ਾਦ ਆਦਿ ਨੌਜੁਆਨਾਂ ਦਾ ਉਹ ਪੈਰੇਰਨਾ ਸੈਰੋਤ ਸੀ।ਡਾ.ਸੈਫ਼ੁਲ ਦੀਨ ਕਿਚਲੂ ਵੀ ਉਸ ਸਮਾਗਮ ਵਿਚ ਸ਼ਾਮਲ ਸੀ,ਜਿਸ ਵਿਚ ਢੀਂਗਰਾ ਨੇ ਵਾਇਲੀ ਦਾ ਕਤਲ ਕੀਤਾ ਸੀ ਤੇ ਸ਼ਾਇਦ ਇਹੋ ਹੀ ਕਾਰਨ ਸੀ ਕਿ ਉਸ ਨੇ ਅੰਮ੍ਰਿਤਸਰ ਆ ਕੇ ਆਜ਼ਾਦੀ ਦੀ ਲਹਿਰ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ ਤੇ ਉਸ ਨੇ ਸਾਰੀ ਉਮਰ ਹਿੰਦੂ ਮੁਸਲਮ ਏਕਤਾ ਤੇ ਦੇਸ਼ ਦੀ ਆਜ਼ਾਦੀ ਵਿਚ ਲਾ ਦਿੱਤੀ ਸੀ।



13 ਦਸੰਬਰ 1976 ਨੂੰ ਵੱਡੀ ਜੱਦੋ-ਜਹਿਦ ਪਿੱਛੋਂ ਲੰਡਨ ਤੋਂ ਸ਼ਹੀਦ ਮਦਨ ਲਾਲ ਢੀਂਗਰਾ ਦੀਆਂ ਅਸਥੀਆਂ ਭਾਰਤ ਮੰਗਵਾਈਆਂ ਗਈਆਂ। ਸ਼ਰਧਾਂਜਲੀ ਭੇਂਟ ਕਰਨ ਹਿਤ ਸ਼ਹੀਦ ਦੀਆਂ ਅਸਥੀਆਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚੋਂ ਹੁੰਦੀਆਂ ਹੋਈਆਂ 20 ਦਸੰਬਰ 1976 ਨੂੰ ਸ਼ਹੀਦ ਦੀ ਜਨਮ ਭੂਮੀ ਅੰਮ੍ਰਿਤਸਰ ਪੁੱਜੀਆਂ। ਸ਼ਹਿਰ ਦੀ ਮਾਲ ਮੰਡੀ ਨੇੜੇ ਉਨੈਹਾਂ ਦਾ ਸਸਕਾਰ ਕੀਤਾ ਗਿਆ। ਉਸੇ ਦੌਰਾਨ ਸਸਕਾਰ ਵਾਲੇ ਸਥਾਨ 'ਤੇ ਤਤਕਾਲੀ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਵੱਲੋਂ ਸ਼ਹੀਦ ਢੀਂਗਰਾ ਦੀ ਸਮਾਧ ਤੇ ਸਮਾਰਕ ਦਾ ਨੀਂਹ ਪਥੱਰ ਰੱਖਿਆ ਗਿਆ।ਇਸ ਥਾਂ 'ਤੇ ਸ਼ਹੀਦ ਦਾ ਬੁੱਤ ਲੱਗਾ ਹੋਇਆ ਹੈ। ਦੂਸਰਾ ਬੁੱਤ ਟਾਊਨ ਹਾਲ ਵਿਚ ਲੁਗਾ ਹੋਇਆ ਹੈ।

ਹਰ ਸਾਲ ਰਾਜ ਪੱਧਰੀ ਸਮਾਗਮ ਅੰਮ੍ਰਿਤਸਰ ਵਿਚ ਕੀਤਾ ਜਾਂਦਾ ਹੈ ਪਰ ਕਿਸੇ ਵੀ ਸਰਕਾਰ ਨੇ ਉਸ ਦੇ ਜੱਦੀ ਘਰ ਨੂੰ ਸਾਂਭਣ ਤੇ ਉਸ ਦੀ ਯਾਦ ਵਿਚ ਅਜਾਇਬ ਘਰ ਬਨਾਉਣ ਦਾ ਯਤਨ ਨਹੀਂ ਕੀਤਾ।ਪੈਰਵਾਰਿਕ ਮੈਂਬਰਾਂ ਵਿਚੋਂ ਇਕ ਨੇ ਜੱਦੀ ਘਰ ਨੂੰ 2012 ਵਿਚ ਵੇਚ ਦਿੱਤਾ। ਖਰੀਦਣ ਵਾਲੇ ਨੇ ਇਸ ਨੂੰ ਢਾਹ ਢੇਰੀ ਕਰ ਦਿੱਤਾ ਤੇ ਇਹ ਮਾਮਲਾ ਮਾਨਯੋਗ ਪੰਜਾਬ ਅਤੇ ਹਾਈਕੋਰਟ ਵਿਚ ਪਹੁੰਚ ਗਿਆ, ਜਿਸ ਦਾ ਰਿਟ ਨੰਬਰ ਸਿਵਲ ਰਿਟ ਪਟੀਸ਼ਨ 3197 ਆਫ਼ 2012 ਹੈ।

ਕੁਝ ਖੱਬੇ ਪੱਖੀ ਜਥੇਬੰਦੀਆਂ, ਸਾਬਕਾ ਮੰਤਰੀ ਸ੍ਰੀਮਤੀ ਲਕਛਮੀ ਕਾਂਤਾ ਚਾਵਲਾ, ਦੇਸ਼ ਭਗਤ ਭਗਤ ਯਾਦਗਾਰ ਕਮੇਟੀ ਜਲੰਧਰ, ਸ਼ਹੀਦ ਢੀਂਗਰਾ ਦੇ ਘਰ ਨੂੰ ਕੌਮੀ ਵਿਰਾਸਤ ਦਾ ਦਰਜਾ ਦੇਣ ਲਈ ਆਵਾਜ਼ ਬੁਲੰਦ ਕਰਦੀਆਂ ਰਹੀਆ ਹਨ, ਪਰ ਅਫ਼ਸੋਸ ਦੀ ਗੱਲ ਕਿਸੇ ਵੀ ਸਰਕਾਰ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ ਹੈ ਤੇ ਇਹ ਘਰ ਖੰਡਰ ਬਣਿਆ ਪਿਆ ਹੈ। ਇਸ ਲਈ ਮੰਚ ਨੇ ਕੈਪਟਨ ਸਾਹਿਬ ਨੂੰ ਇਸ ਜਗਾਹ ਦਾ ਦੌਰਾ ਕਰਨ ਦੀ ਅਪੀਲ ਕੀਤੀ ਹੈ ਤੇ ਇਸ ਨੂੰ ਕੌਮੀ ਵਿਰਾਸਤ ਦਾ ਦਰਜਾ ਦੇਣ ਤੇ ਢੁਕਵੀਂ ਯਾਦਗਾਰ ਬਨਾਉਣ ਲਈ ਲੋੜੀਂਦੇ ਫੰਡ ਜਾਰੀ ਕਰਨ ਦੀ ਅਪੀਲ ਕੀਤੀ ਹੈ।

## ਉੱਘੇ ਸਮਾਜਸੇਵੀ ਜਸਵਿੰਦਰ ਸਿੰਘ ਬੋਪਾਰਾਏ ਵਾਸੀ ਮਿੰਨੀ ਛਪਾਰ ਦਾ ਅਕਾਲ ਚਲਾਣਾ

ਉੱਘੇ ਸਮਾਜ ਸੇਵੀ ਜਸਵਿੰਦਰ ਸਿੰਘ ਬੋਪਾਰਾਏ ਸਪੁੱਤਰ ਜਗੀਰ ਸਿੰਘ ਮਾਤਾ ਸੁਰਜੀਤ ਕੌਰ ਵਾਸੀ ਪਿੰਡ ਮਿੰਨੀ ਛਪਾਰ ਜੋ ਡੈਨਮਾਰਕ ਵਿਚ ਆਪਣੀ ਜਿੰਦਗੀ ਦਾ ਨਿਰਬਾਹ ਕਰ ਰਹੇ ਸਨ। ਉਨ੍ਹਾਂ ਦੀ 27 ਜੁਲਾਈ ਨੂੰ ਡੈਨਮਾਰਕ ਤੋਂ ਸਵਿਟਜ਼ਰਲੈਂਡ ਟ੍ਰੇਨ ਵਿਚ ਜਾਂਦਿਆਂ ਦਿਮਾਗ ਦੀ ਨਾੜੀ ਫਟਣ ਕਾਰਨ ਅਚਨਚੇਤ ਮੌਤ ਹੋ ਗਈ ਹੈ। ਜਸਵਿੰਦਰ ਸਿੰਘ ਬਹੁਤ ਹੀ ਨਿਮਰਤਾ ਅਤੇ ਦਿਆਲੂ ਸੁਭਾਅ ਦੇ ਇਨਸਾਨ ਸਨ। ਓਹ ਹਰ ਸਮਾਜ ਸੇਵੀ ਕੰਮਾਂ ਵਿੱਚ ਤਨ ਮਨ ਧਨ ਨਾਲ ਵੱਡੇ ਪੱਧਰ ਤੇ ਸੇਵਾ ਕਰਦੇ ਸਨ।



ਉਨ੍ਹਾਂ ਦੀ ਬੇਵਕਤੀ ਮੌਤ ਨੇ ਬੋਪਾਰਾਏ ਪਰਿਵਾਰ ਅਤੇ ਇਲਾਕੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਸਵਰਗੀ ਜਸਵਿੰਦਰ ਸਿੰਘ ਦੀ ਮ੍ਰਿਤਕ ਦੇਹ ਨੂੰ ਡੈਨਮਾਰਕ ਤੋਂ ਪੰਜਾਬ ਲਿਆਂਦਾ ਗਿਆ ਉਨ੍ਹਾਂ ਦਾ ਅੰਤਿਮ ਸੰਸਕਾਰ ਭਲਕੇ 12 ਅਗਸਤ ਦਿਨ ਵੀਰਵਾਰ ਨੂੰ ਦੁਪਹਿਰ 1 ਵਜੇ ਪਿੰਡ ਮਿੰਨੀ ਛਪਾਰ ਨੇੜੇ ਮੰਡੀ ਅਹਿਮਦਗੜ੍ਹ ਜਿਲ੍ਹਾ ਮਲੇਰਕੋਟਲਾ ਵਿਖੇ ਹੋਵੇਗਾ। ਸਵਰਗੀ ਜਸਮਿੰਦਰ ਸਿੰਘ ਬੋਪਰਾਏ ਆਪਣੇ ਪਿੱਛੇ ਧਰਮ ਪਤਨੀ ਕੁਲਵਿੰਦਰ ਕੌਰ ਅਤੇ ਇਕ ਬੇਟਾ ਛੱਡ ਗਏ ਹਨ। ਉਨ੍ਹਾਂ ਦੀ ਬੇਵਕਤੀ ਮੌਤ ਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਕੈਪਟਨ ਸੰਦੀਪ ਸਿੰਘ ਸੰਧੂ, ਹਲਕਾ ਅਮਰਗੜ੍ਹ ਤੋਂ ਆਪ ਆਗੂ ਜਸਵੰਤ ਸਿੰਘ ਗੱਜਣ ਮਾਜਰਾ, ਸੁਖਦੇਵ ਸਿੰਘ ਚੱਕਕਲਾ, ਜਗਰੂਪ ਸਿੰਘ ਜਰਖੜ ਅਤੇ ਹੋਰ ਆਗੂਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਬੋਪਾਰਾਏ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ।

## ਮਹਾਂਰਿਸ਼ੀ ਵਾਲਮੀਕ ਚੇਅਰ ਬਰਕਰਾਰ ਰੱਖਣ ਦੀ ਮੰਗ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਇਕ ਵਿਸ਼ੇਸ਼ ਮੀਟਿੰਗ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਸ੍ਰੀ ਦੀਪਕ ਸਹੋਤਾ ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਪੰਜਾਬੀ ਯੂਨੀ- ਵਰਸਿਟੀ ਪਟਿਆਲਾ ਵਿਖੇ ਚੱਲ ਰਹੀ ਮਹਾਂਰਿਸ਼ੀ ਵਾਲਮੀਕ ਚੇਅਰ ਨੂੰ ਸਰਕਾਰ ਤੇ ਯੂਨੀਵਰਸਿਟੀ ਵੱਲੋਂ ਖਤਮ ਕਰਨ ਦੀ ਚਾਲ ਸਬੰਧੀ ਸੰਤੋਖ ਸਿੰਘ ਗਿੱਲ ਵੱਲੋਂ ਮਤਾ ਰੱਖਿਆ ਗਿਆ। ਮੀਟਿੰਗ 'ਚ ਵੱਡੀ ਗਿਣਤੀ ਸੰਗਤਾਂ ਤੋਂ ਇਲਾਵਾ ਚੇਅਰਮੈਨ ਪ੍ਰੇਮ ਸੌਂਧੀ, ਪ੍ਰਧਾਨ ਜਗਜੀਤ ਸਿੰਘ ਗਿੱਲ, ਦੀਪਕ ਸਹੋਤਾ, ਪਰਦੀਪ ਗਿੱਲ, ਪਵਿੱਤਰ ਸਿੰਘ ਸਹੋਤਾ, ਹੈਪੀ ਮੱਟੂ, ਰਮਨ ਥਾਪਰ, ਮੁਨੀਸ਼ ਸੌਂਧੀ, ਵਿਨੋਦ ਗਿੱਲ, ਰਵੀ ਚੌਹਾਨ, ਵਿਸ਼ਾਲ ਸ਼ਰਬਤੀ, ਜੋਗਿੰਦਰ ਸਿੰਘ ਸ਼ੌਂਕੀ, ਰੋਹਤਾਸ਼ ਸਿੰਘ ਭਗਾਣੀਆ ਆਦਿ ਨੇ ਭਾਗ ਲਿਆ। ਮੀਟਿੰਗ 'ਚ ਲੰਮੀ ਵਿਚਾਰ ਚਰਚਾ ਤੋਂ ਬਾਅਦ ਸਰਬਸੰਮਤੀ ਨਾਲ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬੀ ਯੂਨੀ- ਵਰਸਿਟੀ ਪਟਿਆਲਾ ਵਿਖੇ ਚੱਲ ਰਹੀ ਮਹਾਂਰਿਸ਼ੀ ਵਾਲਮੀਕ ਚੇਅਰ ਨੂੰ ਬਹਾਲ ਰੱਖਿਆ ਜਾਵੇ ਅਤੇ ਉਸ ਚੇਅਰ ਦੀਆਂ ਕਾਰਗੁਜ਼ਾਰੀਆਂ ਨੂੰ ਜਾਰੀ ਰੱਖਣ ਲਈ ਪੰਜਾਬ ਸਰਕਾਰ ਘੱਟੋ ਘੱਟ ਦਸ ਕਰੋੜ ਦਾ ਫੰਡ ਜਾਰੀ ਕਰੇ, ਜਿਸ ਤਰ੍ਹਾਂ ਬਾਕੀ ਚੇਅਰਾਂ ਨੂੰ ਕੀਤਾ ਜਾਂਦਾ ਹੈ। ਇਹ ਵੀ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਨੂੰ ਇਸ ਸਬੰਧੀ ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਤੁਰੰਤ ਇਕ ਬੇਨਤੀ ਪੱਤਰ ਲਿਖਿਆ ਜਾਵੇ ਤਾਂ ਕਿ ਇਸ ਚੇਅਰ ਨੂੰ ਮੁਕੰਮਲ ਰੂਪ ਵਿਚ ਬਰਕਰਾਰ ਰੱਖਿਆ ਜਾਵੇ ਤਾਂ ਕਿ ਮਹਾਂਰਿਸ਼ੀ ਵਾਲਮੀਕ ਜੀ ਸਬੰਧੀ ਇਸ ਚੇਅਰ ਉਪਰ ਕੰਮ ਕਰ ਰਹੇ ਸਕਾਲਰ ਰਵਿੰਦਰ ਕੁਮਾਰ ਜੀ ਅਤੇ ਹੋਰ ਆਪਣੀ ਰਿਸਰਚ ਕਰ ਸਕਣ ਤੇ ਉਹ ਸਾਰੀ ਜਾਣਕਾਰੀ ਵਾਲਮੀਕ ਭਾਈਚਾਰੇ ਤੱਕ ਪਹੁੰਚ ਸਕੇ।



## ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜਾ 5 ਸਤੰਬਰ ਨੂੰ ਮਨਾਇਆ ਜਾਵੇਗਾ

**ਯੂਬਾ ਸਿਟੀ–** ਬੀਤੇ ਐਤਵਾਰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਕੈਲੇਫੋਰਨੀਆ ਦੀ ਮੀਟਿੰਗ ਦੀਪਕ ਸਹੋਤਾ ਜੀ ਦੀ ਪ੍ਰਧਾਨਗੀ ਹੇਠ ਬਹੁਤ ਹੀ ਸਾਜ਼ਗਾਰ ਮਾਹੌਲ ਵਿਚ ਹੋਈ, ਜਿਸ ਵਿਚ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦਾ ਜਨਮ ਦਿਹਾੜਾ 5 ਸਤੰਬਰ 2021 ਦਿਨ ਐਤਵਾਰ ਨੂੰ ਸਵੇਰੇ 9 ਵਜੇ ਤੋਂ 3 ਵਜੇ ਤੱਕ ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇਗਾ। ਜਿਸ ਵਿਚ ਅਲੱਗ ਅਲੱਗ ਕਲਾਕਾਰਾਂ, ਭੁਪਿੰਦਰ ਭਿੰਦਾ, ਜੋਗਿੰਦਰ ਸਿੰਘ ਸ਼ੌਂਕੀ, ਰੋਹਤਾਸ਼ ਸਿੰਘ ਭਗਾਣੀ, ਵਿਸ਼ਾਲ ਸ਼ਰਬਤੀ, ਲਤਾ ਸੌਂਧੀ, ਛੋਟੀ ਬੱਚੀ ਸਿਮਰਨ ਭਗਾਣੀਆ ਤੋਂ ਇਲਾਵਾ ਢਾਡੀ ਜਥੇ ਵੱਲੋਂ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ ਤੇ ਵੱਖ-ਵੱਖ ਬੁਲਾਰੇ ਵੀ ਆਪਣੇ ਵਿਚਾਰ ਰੱਖਣਗੇ। ਲੰਗਰਾਂ ਦੀ ਸੇਵਾ ਸਵੇਰ ਤੋਂ ਸ਼ਾਮ ਤੱਕ ਅਤੁੱਟ ਵਰਤੇਗੀ। ਲੰਗਰ ਦੀ ਸੇਵਾ ਕੁਲਦੀਪ (ਦੀਪਕ) ਥਾਪਰ ਪਰਿਵਾਰ ਵੱਲੋਂ ਬਹੁਤ ਹੀ ਸ਼ਰਧਾ ਨਾਲ ਕੀਤੀ ਜਾਵੇਗੀ। ਸਭਾ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ 5 ਸਤੰਬਰ 2021 ਦਿਨ ਐਤਵਾਰ ਮਹਾਂਰਿਸ਼ੀ ਵਾਲਮੀਕ ਟੈਂਪਲ 'ਚ ਹਾਜ਼ਰੀਆਂ ਲਗਵਾ ਕੇ ਜੀਵਨ ਸਫਲਾ ਕਰੋ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਜਨਰਲ ਸਕੱਤਰ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ।



# ਪੰਜਾਬੀ ਯੂਨੀਵਰਸਿਟੀ ਵਿਖੇ "ਮਹਾਰਿਸ਼ੀ ਵਾਲਮੀਕੀ ਚੇਅਰ" ਦੀ ਸਥਾਪਨਾ ਬਰਕਰਾਰ ਰੱਖੀ ਜਾਵੇ

ਬੀਤੇ ਦਿਨ ਲਾਹੌਰੀ ਗੇਟ ਪਟਿਆਲਾ ਤੋਂ "ਮਹਾਰਿਸ਼ੀ ਵਾਲਮੀਕੀ ਜਣ ਕਲਿਆਣ ਪਰਿਸ਼ਦ" ਦੇ ਪ੍ਰਧਾਨ ਜੀ ਦੀ ਯੋਗ ਅਗਵਾਈ ਵਿਚ ਰਿਟਾਇਰ ਸੀਨੀਅਰ ਕਮਾਡਿੰਗ ਅਫਸਰ ਸ੍ਰੀ ਪਵਨ ਕੁਮਾਰ, ਐਡਵੋਕੇਟ ਜੀ, ਸ੍ਰੀ ਹੇਮ ਰਾਜ ਭੱਟੀ, ਰਿਟਾਇਡ ਸੀਨੀਅਰ ਮੈਨੇਜਰ, ਪ੍ਰਧਾਨ, ਡਾ. ਅੰਬੇਦਕਰ ਲਾਇਬਰੇਰੀ ਅਤੇ ਸਟੱਡੀ ਸਰਕਲ ਪਟਿਆਲਾ, ਸ੍ਰੀ ਰਾਜੇਸ ਮਨਚੰਦਾ, ਪੰਜਾਬ ਪ੍ਰਧਾਨ ਡਾ. ਅੰਬੇਦਕਰ ਸੋਸ਼ਲ ਵੇਲਫੇਅਰ ਸੋਸਾਇਟੀ, ਸਰਹੰਦ। ਵਾਲਮੀਕੀ ਕੌਮ ਦੇ ਨੋਜਵਾਨ ਆਚਾਰਿਆ ਰਵਿੰਦਰ ਕੁਮਾਰ ਜੀ ਜ਼ੋ ਕਿ ਮੌਜੂਦਾ ਚੇਅਰ ਤੇ ਰਿਸਰਚ ਕਰ ਰਹੇ ਹਨ। ਉਨ੍ਹਾਂ ਨਾਲ ਹੋ ਰਹੀਆ ਤਕਲੀਫਾ ਨੂੰ ਦੂਰ ਕਰਵਾਉਣ ਲਈ "ਪੰਜਾਬ ਦੇ ਵਾਲਮੀਕੀ ਅਤੇ ਮਜਹਬੀ ਸਿੱਖ ਕੌਮ ਦੀ ਆਨ-ਸ਼ਾਨ ਸਰਦਾਰ ਅਜਾਇਬ ਸਿੰਘ ਜੀ ਭੱਟੀ ਜੀ, ਜ਼ੋ ਕਿ ਮੌਜੂਦਾ ਡਿਪਟੀ ਸਪੀਕਰ ਹਨ ਉਨ੍ਹਾਂ ਨੂੰ ਵਫਦ ਮਿਲਿਆ।

ਪ੍ਰਧਾਨ ਪਵਨ ਕੁਮਾਰ ਜੀ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ "ਸ਼੍ਰੀ ਮਹਾਰਿਸ਼ੀ ਵਾਲਮੀਕੀ ਚੇਅਰ" ਦੀ ਸਥਾਪਨਾ ਪੰਜਾਬ ਸਰਕਾਰ ਨੇ 16.10.1995 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੈਂਪਸ ਵਿੱਚ ਕੀਤੀ ਸੀ।ਚੇਅਰ ਦੀ ਸਥਾਪਨਾ ਦਾ ਮੁੱਖ ਉਦੇਸ਼ ਮਹਾਂਰਿਸ਼ੀ ਵਾਲਮੀਕ ਜੀ ਦੇ ਜੀਵਨ ਅਤੇ ਸਿਖਿਆਵਾਂ ਬਾਰੇ ਪ੍ਰਮਾਣਿਕ ਖੋਜ ਕਰਨਾ ਸੀ ਜੋ ਕਿ ਭਗਵਾਨ ਵਾਲਮੀਕ ਜੀ ਵਿਸ਼ਵ ਦੇ ਪਹਿਲੇ ਅਦਿ ਕਵੀ ਸਨ।

ਇਸ ਚੇਅਰ ਤੇ ਯੂਨੀਵਰਸਿਟੀ ਪ੍ਰਸਾਸਨ ਤੇ ਪੰਜਾਬ ਸਰਕਾਰ ਵਲੋਂ ਕੋਈ ਖਾਸ ਧਿਆਨ ਨਹੀ ਦਿਤਾ ਜਾ ਰਿਹਾ।ਜੋ ਕਿ ਮਹਾਰਿਸ਼ੀ ਵਾਲਮੀਕੀ ਜੀ ਵਲੋਂ ਦਿਤੇ ਮਹਾਨ ਗ੍ਰੰਥਾਂ ਦੇ ਇਤਿਹਾਸ ਨੂੰ ਆਉਣ ਵਾਲੀਆ ਪੀੜੀਆ ਦੇ ਮਾਰਗ-ਦਰਸਨ ਲਈ ਇਤਿਹਾਸ ਨੂੰ ਪ੍ਰਫੁਲਤ ਕਰਨ ਲਈ ਕੰਮ ਕੀਤਾ ਜਾ ਸਕੇ। ਇਸ ਦੇ ਲਈ ਲੰਬਾ ਸਮਾ ਉਪਰਾਲਾ ਕਰਨ ਤੇ ਇਕ ਜੂਨੀਅਰ ਫੈਲੋ ਦੀ ਅਸਾਮੀ ਤੇ ਕਰਮਚਾਰੀ ਤੈਨਾਤ ਕੀਤਾ ਗਿਆ ਹੈ। ਜੋ ਕਿ ਅਪਣੀ ਸਮਰੱਥਾ ਅਨੁਸਾਰ ਬੜੀ ਹੀ ਸਿਦਤ ਦੇ ਨਾਲ ਇਸ ਚੇਅਰ ਤੇ ਵਾਲਮੀਕੀ ਫਲਸਫੇ ਤੇ ਕੰਮ ਕਰ ਰਿਹਾ ਹੈ। "ਮਹਾਰਿਸ਼ੀ ਵਾਲਮੀਕੀ ਸੰਦੇਸ਼" ਨਾਮ ਦੀ ਪਤ੍ਰਿਕਾ ਚਲਾ ਰਿਹਾ, ਅਪਣੇ ਡੀਨ ਅਤੇ ਮੁੱਖੀ ਸਰਦਾਰ ਸਤਿਨਾਮ ਸਿੰਘ ਸੰਧੂ ਜੀ ਦੀ ਸੰਪਾਦਕੀ ਵਿਚ, ਇਸ ਨੂੰ ਕਿ ਇਕ ਬਹੁਤ ਹੀ ਘੱਟ ਤਨਖਾਹ ਤੇ ਰੱਖਿਆ ਗਿਆ ਹੈ। ਜਿਵੇ ਕਿ ਸਭ ਨੂੰ ਪਤਾ ਹੈ ਕਿ ਯੂਨੀਵਰਸਿਟੀ ਪ੍ਰਸਾਸਨ ਕਾਫੀ ਮਾੜੇ ਵਿਤੀ ਹਾਲਾਤ ਤੋਂ ਗੁਜਰ ਰਹੀ ਹੈ। ਇਸ ਲਈ ਪੰਜਾਬ ਸਰਕਾਰ ਨੂੰ ਵਾਲਮੀਕ ਸਮਾਜ ਦੀਆ ਸਾਰੀਆ ਜਥੇਬੰਦੀਆਂ ਖਾਸ ਕਰਕੇ ਪਟਿਆਲੇ ਹੋਮ ਟਾਉਣ ਦੀਆ ਜਥੇਬੰਦੀਆਂ ਵਲੋਂ ਪੁਰਜੋਰ ਬੇਨਤੀ ਹੈ ਕਿ ਯੂਨੀਵਰਸਿਟੀ ਵਿਖੇ ਹੋਰ ਵੱਖ-ਵੱਖ ਸਥਾਪਿਤ ਚੇਅਰ ਨੂੰ ਜਿਵੇਂ ਗ੍ਰਾਂਟ ਜਾਰੀ ਕੀਤੀ ਜਾ ਰਹੀ ਹੈ।ਉਦਾਹਰਣ ਤੌਰ ਤੇ ਜਿਵੇਂ ਕਿ "ਮਹਾਰਾਣਾ ਪ੍ਰਤਾਪ ਚੇਅਰ" ਅਤੇ "ਮਹਾਰਾਜਾ ਅਗਰਸੈਨ ਚੇਅਰ" ਨੂੰ ਪੰਜਾਬ ਸਰਕਾਰ ਵਲੋਂ ਐਂਡੋਮੈਂਟ ਫੰਡ ਮੁਹੱਈਆ ਕਰਵਾਏ ਗਏ ਹਨ। ਇਹ ਚੇਅਰਾ ਐਂਡੋਮੈਂਟ ਫੰਡ ਦੇ ਵਿਆਜ ਦੇ ਅਧਾਰ ਤੇ, ਅਪਣਾ ਰਿਸਰਚ ਦਾ ਕੰਮ ਕਰ ਰਹੀਆ ਹਨ। ਪ੍ਰੰਤੂ ਸਾਡੀ ਚੇਅਰ ਵੱਲ ਕਿਸੀ ਦਾ ਧਿਆਨ ਨਹੀ ਗਿਆ, ਇਸ ਲਈ ਅਸੀ ਅਪਣੀ ਫਰਿਆਦ ਆਪ ਜੀ ਕੋਲ ਲੈ ਕੇ ਆਏ ਹਾਂ। ਦੂਜੀਆ ਚੇਅਰਾ ਵਾਂਗ ਸਾਨੂੰ ਵੀ ਗ੍ਰਾਂਟ ਦਿਤੀ ਜਾਵੇ ਤਾਂ ਜ਼ੋ ਇਸ ਚੇਅਰ ਦਾ ਰਿਸਰਚ ਵਰਕ ਆਸਾਨੀ ਨਾਲ ਚਲਦਾ ਰਹੇ।



ਮਾਨਯੋਗ ਡਿਪਟੀ ਸਪੀਕਰ ਸਾਹਿਬ ,ਸਰਦਾਰ ਅਜਾਇਬ ਸਿੰਘ ਭੱਟੀ ਜੀ, ਤੇ ਸਾਨੂੰ ਅਟੁੱਟ ਵਿਸ਼ਵਾਸ ਹੈ। ਉਮੀਦ ਹੈ ਕਿ ਤੁਸੀਂ ਸਾਡੀ ਅਪੀਲ ਨੂੰ ਹਮਦਰਦੀ ਨਾਲ ਸਵੀਕਾਰ ਕਰੋਗੇ ਅਤੇ ਪੰਜਾਬ ਸਰਕਾਰ ਦਾ ਧਿਆਨ ਇਸ ਚੇਅਰ ਵੱਲ ਐਂਡੋਮੈਂਟ ਫੰਡ ਦੀ ਰਿਹਾਈ ਤੱਕ ਆਪਣੇ ਚੰਗੇ ਵਿਵਹਾਰ ਦੀ ਵਰਤੋਂ ਕਰੋਗੇ। ਇਹ ਚੇਅਰ ਸਾਡੇ ਸਮਾਜ ਦੀ ਪ੍ਰੇਰਣਾ ਹੈ ਆਪ ਜੀ ਇਸ ਚੇਅਰ ਨੂੰ ਕੋਈ ਤੱਤੀ ਹਵਾ ਵੀ ਨਹੀ ਲੱਗਣ ਦੇਵੋਗੇ ਸਾਨੂੰ ਤੁਹਾਡੇ ਉਤੇ, ਪੰਜਾਬ ਸਰਕਾਰ ਅਤੇ ਮਹਾਰਾਣੀ ਕੌਰ ਜੀ ਤੇ ਪੂਰਨ ਭਰੋਸਾ ਹੈ ਕਿ ਉਹ ਇਸ ਮੰਗ ਨੂੰ ਜਰੂਰ ਪੂਰਾ ਕਰਨਗੇ, ਪੂਰੀ ਵਾਲਮੀਕੀ ਕੌਮ ਨੂੰ ਤੁਹਾਡੇ ਫੈਸਲਾ ਦਾ ਇੰਤਜਾਰ ਹੈ।ਕਿ ਤੁਸੀ ਜਲਦੀ ਤੋਂ ਜਲਦੀ ਹੀ ਚੀਫ ਸੈਕਟਰੀ, ਚੀਫ ਮਨੀਸ਼ਟਰ ਸਾਹਿਬ ਦੀ ਨਜਰਾ ਵਿਚ ਇਹ ਮਾਮਲਾ ਜਰੂਰ ਲਿਆਉਗੇ।ਅਤੇ ਜਲਦੀ ਹੀ ਚੇਅਰ ਨੂੰ ਬੰਦ ਹੋਣ ਤੋਂ ਬਚਾਉਗੇ।

ਤੁਹਾਡਾ ਵਿਸ਼ਵਾਸ ਪਾਤਰ,

**Pawan Kumar**
**91-88390-23245**

# ਵਾਸ਼ਿੰਗਟਨ ਡੀਸੀ, ਮੈਰੀਲੈਂਡ ਅਤੇ ਵਰਜੀਨੀਆ ਦੇ ਭਾਰਤੀ ਭਾਈਚਾਰੇ ਨੇ ਧੂਮਧਾਮ ਨਾਲ ਮਨਾਇਆ 75ਵਾਂ ਆਜ਼ਾਦੀ ਦਿਵਸ







**ਵਾਸ਼ਿੰਗਟਨ, ਡੀ.ਸੀ, (ਰਾਜ ਗੋਗਨਾ)** ਵਾਸ਼ਿੰਗਟਨ ਡੀ.ਸੀ, ਮੈਰੀਲੈਂਡ ਅਤੇ ਵਰਜ਼ੀਨੀਆ ਦੇ ਭਾਰਤੀ ਮੂਲ ਦੇ ਭਾਈਚਾਰੇ ਵੱਲੋਂ ਬੁਲਰਨ ਪਾਰਕ 'ਚ ਭਾਰਤ ਦੀ ਆਜ਼ਾਦੀ ਦਾ 75ਵਾਂ ਦਿਹਾੜਾ ਬਹੁਤ ਹੀ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਜਿੱਥੇ ਇਸ ਸਮਾਗਮ ਚ' ਪ੍ਰਸਿੱਧ ਪੰਜਾਬੀ ਲੋਕ ਗਾਇਕ ਸੁਖਬੀਰ ਤੇ ਹੋਰ ਕਲਾਕਾਰ ਪਹੁੰਚੇ ਉੱਥੇ ਬੌ-ਲੀਵੁੱਡ ਦੇ ਉੱਘੇ ਅਦਾਕਾਰ ਅਨੁਪਮ ਖੇਰ ਵੀ ਭਾਰਤ ਤੋ&;ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਸਮਾਗਮ ਵਿਚ ਸਿੱਖਸ ਆਫ ਅਮੈਰੀਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਜੱਸੀ ਦੀ ਅਗਵਾਈ ਚ' ਪਹੁੰਚੇ ਸਿੱਖ ਭਾਈਚਾਰੇ ਨੇ ਲਿਸ਼ਕਦੀਆਂ ਰੰਗ ਬਿਰੰਗੀਆਂ ਦਸਤਾਰਾਂ ਦੀ ਖਿੱਚ ਨਾਲ ਸਮਾਗਮ ਚ' ਇਕ ਵਿਲੱਖਣ ਰੰਗ ਭਰਿਆ ਅਤੇ ਇਸ ਸਮਾਗਮ ਵਿੱਚ ਪ੍ਰਬੰਧਕਾਂ ਵੱਲੋਂ ਇਕ ਸਨਮਾਨ ਸਮਾਰੋਹ ਵੀ ਆਯੋਜਿਤ ਕੀਤਾ ਗਿਆ ਜਿਸ ਦੌਰਾਨ ਸਮਾਜ ਸੇਵਾ ਵਿਚ ਵੱਖਰੇ ਮੀਲ ਪੱਥਰ ਸਥਾਪਿਤ ਕਰਨ ਵਾਲੇ ਸ: ਜਸਦੀਪ ਸਿੰਘ ਜੱਸੀ ਨੂੰ ਸ਼ਾਂਤੀ ਦਾ ਰਾਜਦੂਤ ਐਵਾਰਡ ਦ ਨਾਲ ਸਨਮਾਨਿਤ ਕੀਤਾ ਗਿਆ ਇਹ ਐਵਾਰਡ ਸਰਦਾਰ ਜੱਸੀ ਨੂੰ ਬੌਲੀਵੁੱਡ ਅਦਾਕਾਰ ਅਨੁਪਮ ਖੇਰ ਵੱਲੋਂ ਭੇਟ ਕੀਤਾ ਗਿਆ ਸਨਮਾਨ ਪ੍ਰਾਪਤ ਕਰਨ ਉਪਰੰਤ ਸ: ਜਸਦੀਪ ਸਿੰਘ ਜੱਸੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਹ ਮਾਣ ਮਹਿਸੂਸ ਕਰ ਰਹੇ ਹਨ ਕਿ ਭਾਈਚਾਰੇ ਨੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਇਸ ਯੋਗ ਸਮਝਿਆ ਹੈ ਉਨ੍ਹਾਂ ਕਿਹਾ ਕਿ ਉਹ ਆਪਣੀ ਸਾਰੀ ਜ਼ਿੰਦਗੀ ਹੀ ਸਿੱਖਸ ਆਫ ਅਮਰੀਕਾ ਵੱਲੋਂ ਸਮਾਜ ਸੇਵਾ ਵਿੱਚ ਹਿੱਸਾ ਪਾਉਂਦੇ ਰਹਿਣਗੇ ਅਤੇ ਅਕਾਲ ਪੁਰਖ ਜੋ ਵੀ ਉਨ੍ਹਾਂ ਤੋਂ ਸੇਵਾ ਲਵੇਂਗਾ ਉਸ ਲਈ ਸ਼ੁਕਰਾਨਾ ਕ ਰ ਦ ਰਹਿਣਗੇ ਇਸ ਮੌਕੇ ਬੌਲੀਵੁੱਡ ਦੇ ਅਦਾਕਾਰ ਅਨੁਪਮ ਖੇਰ ਨੇ ਵੰਦੇ ਮਾਤਰਮ ਭਾਰਤ ਮਾਤਾ ਕੀ ਜੈ ਦੇ ਨਾਅਰਿਆਂ ਤੋਂ ਇਲਾਵਾ ਜੋ ਬੋਲੇ ਸੋ ਨਿਹਾਲ ਦੇ ਜੈਕਾਰੇ ਵੀ ਲਾਏ ਇਸ ਮੌਕੇ ਮੈਰੀਲੈਂਡ ਦੇ ਗਵਰਨਰ ਲੈਰੀ ਹੋਗਨ ਦੇ ਦਫ਼ਤਰ ਵੱਲੋਂ ਸਟੀਵ ਮੈਡਮ ਤੇ ਗਵਰਨਰ ਸਰ ਮਿਸ਼ਨ ਦੇ ਸਾਊਥ ਏਸ਼ੀਅਨ ਮੈਰਕਾ ਅਫੇਅਰ ਦੇ ਕਮਿਸ਼ਨਰ ਉੱਘੇ ਸਿੱਖ ਆਗੂ ਬਲਜਿੰਦਰ ਸਿੰਘ ਸ਼ੰਮੀ ਨੇ ਸਾਂਝੇ ਤੌਰ ਤੇ ਅਨੁਪਮ ਖੇਰ ਨੂੰ ਗਵਰਨਰ ਸਾਈਟੇਸ਼ਨ

## ਯੂਕੇ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਯੂਕੇ ਵਿੱਚ ਤਕਰੀਬਨ 20,000 ਅਫਗਾਨੀ ਲੋਕਾਂ ਨੂੰ ਦਿੱਤੀ ਜਾਵੇਗੀ ਪਨਾਹ

**ਗਲਾਸਗੋ / ਲੰਡਨ–** ਅਫਗਾਨਿਸਤਾਨ ਵਿੱਚ ਤਾਲਿਬਾਨ ਵੱਲੋਂ ਕਬਜਾ ਕਰਕੇ ਸੱਤਾ ਦਾ ਤਖਤਾਪਲਟ ਕਰ ਦਿੱਤਾ ਗਿਆ ਹੈ। ਜਿਸ ਕਾਰਨ ਲੱਖਾਂ ਅਫਗਾਨੀ ਲੋਕ ਆਪਣੀ ਜਾਨ ਗਵਾਉਣ ਦੇ ਡਰੋਂ ਮੁਲਕ ਛੱਡ ਰਹੇ ਹਨ। ਇਸ ਗੰਭੀਰ ਸੰਕਟ ਦੇ ਸਮੇਂ ਕਈ ਦੇਸ਼ਾਂ ਵੱਲੋਂ ਅਫਗਾਨੀ ਲੋਕਾਂ ਨੂੰ ਪਨਾਹ ਦੇਣ ਦੇ ਦਾਅਵੇ ਕੀਤੇ ਜਾ ਰਹੇ ਹਨ , ਜਿਹਨਾਂ ਵਿੱਚ ਯੂਕੇ ਵੀ ਸ਼ਾਮਲ ਹੈ। ਯੂਕੇ ਸਰਕਾਰ ਨੇ ਵਾਅਦਾ ਕੀਤਾ ਹੈ ਕਿ ਹਜ਼ਾਰਾਂ ਅਫਗਾਨ ਸ਼ਰਨਾਰਥੀਆਂ ਨੂੰ ਯੂਕੇ ਵਿੱਚ ਪਨਾਹ ਦਿੱਤੀ ਜਾਵੇਗੀ।

ਇਸ ਤਹਿਤ ਆਉਣ ਵਾਲੇ ਸਾਲਾਂ ਵਿੱਚ ਤਕਰੀਬਨ 20,000 ਅਫਗਾਨੀ ਲੋਕਾਂ ਨੂੰ ਯੂਕੇ ਵਿੱਚ ਪਨਾਹ ਦੀ ਪੇਸ਼ਕਸ਼ ਕੀਤੀ ਜਾਵੇਗੀ। ਇਸ ਦੌਰਾਨ ਪਹਿਲੇ ਸਾਲ ਵਿੱਚ 5,000 ਸ਼ਰਨਾਰਥੀ ਪਨਾਹ ਦੇ ਯੋਗ ਹੋਣਗੇ ਜਿਨ੍ਹਾਂ ਵਿੱਚ ਔਰਤਾਂ, ਲੜਕੀਆਂ ਅਤੇ ਹੋਰ ਲੋੜਵੰਦਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇਹ ਯੋਜਨਾ ਟ੍ਰਾਂਸਲੇਟਰਾ ਅਤੇ ਯੂਕੇ ਲਈ ਕੰਮ ਕਰਨ ਵਾਲੇ ਹੋਰ ਸਟਾਫ ਲਈ ਮੌਜੂਦਾ ਯੋਜਨਾ ਦੇ ਉੱਪਰ ਹੈ।



ਯੂਕੇ ਦੇ ਪ੍ਰਧਾਨ ਮੰਤਰੀ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਬੁੱਧਵਾਰ ਨੂੰ ਅਫਗਾਨਿਸਤਾਨ ਦੀ ਸਥਿਤੀ ਬਾਰੇ ਹਾਊਸ ਆਫ ਕਾਮਨਜ਼ ਵਿੱਚ ਬਹਿਸ ਵੀ ਸ਼ੁਰੂ ਕਰਨਗੇ। ਅਫਗਾਨ ਨਾਗਰਿਕਾਂ ਲਈ ਯੂਕੇ ਵਿੱਚ ਮੁੜ ਵਸੇਬੇ ਲਈ ਇੱਕ ਵੱਖਰਾ ਰਸਤਾ, ਅਫਗਾਨ ਰਿਲੋਕੇਸ਼ਨਸ ਐਂਡ ਅਸਿਸਟੈਂਸ ਪਾਲਿਸੀ (ਏ ਆਰ ਏ ਪੀ) ਪਹਿਲਾਂ ਹੀ ਉਹਨਾਂ ਅਫਗਾਨੀ ਲੋਕਾ ਨੂੰ ਯੂਕੇ ਵਿੱਚ ਰਹਿਣ ਦਾ ਮੌਕਾ ਪ੍ਰਦਾਨ ਕਰਦੀ ਹੈ ਜਿਨ੍ਹਾਂ ਨੇ ਯੂਕੇ ਸਰਕਾਰ ਲਈ ਫਰੰਟਲਾਈਨ ਭੂਮਿਕਾਵਾਂ ਵਿੱਚ ਕੰਮ ਕੀਤਾ ਸੀ। ਲਗਭਗ 5,000 ਅਫਗਾਨੀ ਸਟਾਫ ਮੈਂਬਰ ਅਤੇ ਉਨ੍ਹਾਂ ਦੇ ਪਰਿਵਾਰ ਇਸ ਸਾਲ ਉਸ ਯੋਜਨਾ ਰਾਹੀਂ ਯੂਕੇ ਆ ਜਾਣਗੇ। 22 ਜੂਨ ਤੋਂ ਹੁਣ ਤੱਕ ਤਕਰੀਬਨ 2,000 ਅਫਗਾਨੀ ਯੂਕੇ ਪਹੁੰਚੇ ਵੀ ਹਨ। ਯੂਕੇ ਸਰਕਾਰ ਅਨੁਸਾਰ ਇਹ ਨਵੀਂ ਸਕੀਮ ਰਾਸ਼ਟਰੀ ਸੁਰੱਖਿਆ ਨਾਲ ਸਮਝੌਤਾ ਨਹੀਂ ਕਰੇਗੀ ਅਤੇ ਇਸ ਤਹਿਤ ਯੂਕੇ ਆਉਣ ਵਾਲੇ ਸਾਰੇ ਅਫਗਾਨੀ ਲੋਕਾਂ ਨੂੰ ਸਖਤ ਸੁਰੱਖਿਆ ਜਾਂਚ ਪਾਸ ਕਰਨੀ ਪਵੇਗੀ।

# ਬ੍ਰਿਟਿਸ਼ ਨਾਗਰਿਕਾਂ ਨੂੰ ਅਫਗਾਨਿਸਤਾਨ 'ਚੋਂ ਲੈ ਕੇ ਪਹਿਲੀ ਉਡਾਣ ਯੂਕੇ ਪਹੁੰਚੀ

**ਗਲਾਸਗੋ / ਲੰਡਨ–** ਮੌਜੂਦਾ ਸਮੇਂ ਅਫਗਾਨਿਸਤਾਨ ਵਿੱਚ ਤਾਲਿਬਾਨ ਦੁਆਰਾ ਸੱਤਾ ਦਾ ਕਬਜਾ ਲੈਣ ਦਾ ਮਾਮਲਾ ਵਿਸ਼ਵ ਪੱਧਰ 'ਤੇ ਇੱਕ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਵੇਲੇ ਸੈਂਕੜੇ ਬ੍ਰਿਟਿਸ਼ ਨਾਗਰਿਕ ਵੀ ਅਫਗਾਨਿਸਤਾਨ ਵਿੱਚ ਫਸੇ ਹੋਏ ਸਨ, ਜਿਹਨਾਂ ਨੂੰ ਵਾਪਸ ਲਿਆਉਣ ਦੀ ਸਰਕਾਰ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਾਪਸੀ ਦੇ ਯਤਨਾਂ ਦੇ ਸਿੱਟੇ ਵਜੋਂ ਯੂਕੇ ਦੇ ਰੱਖਿਆ ਮੰਤਰਾਲੇ (ਐਮ ਓ ਡੀ) ਨੇ ਜਾਣਕਾਰੀ ਦਿੱਤੀ ਕਿ ਅਫਗਾਨਿਸਤਾਨ ਵਿਚਲੇ ਬ੍ਰਿਟਿਸ਼ ਨਾਗਰਿਕਾਂ ਦੀ ਵਾਪਸੀ ਦੀ ਪਹਿਲੀ ਉਡਾਣ ਐਤਵਾਰ ਰਾਤ ਨੂੰ ਯੂਕੇ ਪਹੁੰਚੀ ਹੈ। ਕਾਬੁਲ ਵਿੱਚ ਬ੍ਰਿਟਿਸ਼ ਅੰਬੈਸੀ ਦਾ ਸਟਾਫ ਅਤੇ ਹੋਰ ਬ੍ਰਿਟਿਸ਼



ਨਾਗਰਿਕ ਇਸ ਉਡਾਣ ਰਾਹੀਂ ਆਕ-ਸਫੋਰਡਸ਼ਾਇਰ ਵਿੱਚ ਆਰ ਏ ਐਫ ਬ੍ਰਿਜ਼ ਨੌਰਟਨ ਵਿਖੇ ਪਹੁੰਚੇ। ਵਿਭਾਗ ਅਨੁਸਾਰ ਇਸ ਵਾਪਸੀ ਲਈ 'ਓਪਰੇਸ਼ਨ ਪਿਟਿੰਗ' ਦੇ ਹਿੱਸੇ ਵਜੋਂ 16 ਏਅਰ ਅਸਾਲਟ ਬ੍ਰਿਗੇਡ ਦੇ ਮੈਂ-ਬਰਾਂ ਦੁਆਰਾ ਸਹਾਇਤਾ ਕੀਤੀ ਗਈ, ਜੋ ਕਿ ਐਤਵਾਰ ਨੂੰ ਅਫਗਾਨਿਸਤਾਨ ਪਹੁੰਚੇ ਸਨ। ਇਸਦੇ ਇਲਾਵਾ ਬ੍ਰਿਟਿਸ਼ ਫ਼ੌਜਾਂ ਇਸ ਵੇਲੇ ਅਮਰੀਕੀ ਸੈਨਾ ਨੂੰ ਹਾਮਿਦ ਕਰਜ਼ਈ ਹਵਾਈ ਅੱਡੇ ਦਾ ਕੰਟਰੋਲ ਕਰਨ ਵਿੱਚ ਵੀ ਮਦਦ ਕਰ ਰਹੀਆਂ ਹਨ। ਇਸਦੇ ਇਲਾਵਾ ਐਮ ਓ ਡੀ ਅਨੁਸਾਰ ਹੋਰ ਬ੍ਰਿਟਿਸ਼ ਸੈਨਿਕਾਂ ਨੂੰ ਵੀ ਲੋੜ ਪੈਣ ਦੀ ਸਥਿਤੀ ਲਈ ਤਿਆਰ ਰੱਖਿਆ ਗਿਆ ਹੈ। ਯੂਕੇ ਦੇ ਰੱਖਿਆ ਸਕੱਤਰ ਬੇਨ ਵਾਲਿਸ ਅਨੁਸਾਰ ਯੂਕੇ ਵਿੱਚ ਪ੍ਰਤੀ ਦਿਨ 1,000 ਤੋਂ ਵੱਧ ਲੋਕਾਂ ਨੂੰ ਅਫਗਾਨਿਸਤਾਨ ਵਿੱਚੋਂ ਬਾਹਰ ਕੱਢਣ ਦੀ ਸਮਰੱਥਾ ਹੋਵੇਗੀ, ਜਿਸ ਕਰਕੇ ਇਸ&; ਪ੍ਰਕਿਰਿਆ ਵਿੱਚ ਸਮਾਂ ਲੱਗ ਸਕਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਅਫਗਾਨਿਸਤਾਨ ਵਿੱਚ ਤਕਰੀਬਨ 4000 ਬਰਤਾਨਵੀ ਅਤੇ ਉੱਥੋ ਤਬਦੀਲ ਹੋਣ ਯੋਗ ਸਥਾਨਕ ਨਾਗਰਿਕ ਰਹਿ ਰਹੇ ਸਨ।

# ਬਰਤਾਨੀਆ ਨੇ ਆਪਣੇ ਨਾਗਰਿਕਾਂ ਨੂੰ ਬਚਾਉਣ ਲਈ 200 ਹੋਰ ਸੈਨਿਕ ਅਫਗਾਨਿਸਤਾਨ ਭੇਜੇ

**ਗਲਾਸਗੋ / ਲੰਡਨ–**ਬਰਤਾਨਵੀ ਸਰਕਾਰ ਅਫਗਾਨਿਸਤਾਨ ਵਿੱਚ ਤਾਲਿਬਾਨ ਦੁਆਰਾ ਸੱਤਾ ਦਾ ਤਖਤਾਪਲਟ ਕੀਤੇ ਜਾਣ 'ਤੇ ਉੱਥੇ ਫਸੇ ਬ੍ਰਿਟਿਸ਼ ਲੋਕਾਂ ਨੂੰ ਬਚਾਉਣ ਲਈ ਢੁੱਕਵੇਂ ਯਤਨ ਕਰ ਰਹੀ ਹੈ। ਇਸ ਕਾਰਵਾਈ ਲਈ ਪਹਿਲਾਂ ਹੀ ਯੂਕੇ ਸਰਕਾਰ ਵੱਲੋਂ ਸੈਂਕੜੇ ਸੈਨਿਕ ਅਫਗਾਨਿਸਤਾਨ ਭੇਜੇ ਗਏ ਹਨ ਅਤੇ ਸਰਕਾਰ ਨੇ ਇਸੇ ਹੀ ਸੁਰੱਖਿਆ ਅਭਿਆਨ ਤਹਿਤ ਬਰਤਾਨਵੀ ਨਾਗਰਿਕਾਂ ਅਤੇ ਹੋਰ ਸਹਿਯੋਗੀਆਂ ਨੂੰ ਕਾਬੁਲ ਤੋਂ ਕੱਢਣ ਲਈ ਯੂਕੇ ਦੀਆਂ ਹੋਰ 200 ਫੌਜੀ ਭੇਜੇ ਹਨ। ਇਹਨਾਂ ਭੇਜੇ ਗਏ 200 ਪੁਰਸ਼ ਅਤੇ ਮਹਿਲਾ ਸੈਨਿਕਾਂ ਦੇ ਨਾਲ ਕਾਬੁਲ ਵਿੱਚ ਯੂਕੇ ਦੇ ਹਥਿਆਰਬੰਦ ਬਲਾਂ ਦੀ ਗਿਣਤੀ 900 ਦੇ ਕਰੀਬ ਹੋ ਗਈ ਹੈ। ਇਸਦੇ ਇਲਾਵਾ ਰੱਖਿਆ ਮੰਤਰਾਲੇ ਦੇ ਅਨੁਸਾਰ, ਹੋਰ ਲੋੜ ਪੈਣ ਦੀ ਸਥਿਤੀ ਲਈ ਹੋਰ ਸੈਨਿਕਾਂ ਨੂੰ ਵੀ ਤਿਆਰ ਰੱਖਿਆ ਗਿਆ ਹੈ। ਅਫਗਾਨਿਸਤਾਨ ਦੀ ਇਸ ਵਿਗੜੀ ਹੋਈ ਸਥਿਤੀ 'ਚ ਨਾਗਰਿਕਾਂ ਵਿੱਚ ਭਾਜੜ ਪੈਦਾ ਹੋ ਗਈ ਹੈ। ਸੋਮਵਾਰ ਨੂੰ ਕਾਬੁਲ ਵਿੱਚ ਦੇਸ਼ ਛੱਡਣ ਦੀ ਕੋਸ਼ਿਸ਼ ਕਰਦਿਆਂ ਘੱਟੋ ਘੱਟ ਅੱਠ ਲੋਕਾਂ ਦੀ ਮੌਤ ਵੀ ਹੋਈ ਹੈ। ਕਈ



ਸਮਾਜਿਕ ਸੰਸਥਾਵਾਂ ਨੂੰ ਡਰ ਹੈ ਕਿ ਤਾਲਿਬਾਨ ਅੱਤਵਾਦੀ ਸਮੂਹ ਅਫਗਾਨਿਸਤਾਨ ਵਿੱਚ ਇੱਕ ਬੇਰਹਿਮ ਸ਼ਾਸਨ ਲਾਗੂ ਕਰੇਗਾ।

ਇਸ ਦੌਰਾਨ ਯੂਕੇ ਦੇ ਵਿਦੇਸ਼ ਸਕੱਤਰ ਡੋਮੀਨਿਕ ਰਾਬ ਨੇ ਤਾਲਿਬਾਨ ਦੀ ਕਾਰਵਾਈ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਤਾਲਿਬਾਨ ਨੇ ਦੇਸ਼ ਭਰ ਵਿੱਚ ਜਿਸ ਗਤੀ ਨਾਲ ਹੱਲਾ ਬੋਲਿਆ ਹੈ, ਉਸ ਤੋਂ ਸਬਕ ਸਿੱਖਿਆ ਜਾ ਸਕਦਾ ਹੈ। ਉਹਨਾਂ ਅਨੁਸਾਰ ਇਸ ਵੇਲੇ ਯੂਕੇ ਸਰਕਾਰ ਵੱਲੋਂ ਬ੍ਰਿਟਿਸ਼ ਨਾਗਰਿਕਾਂ ਨੂੰ ਅਫਗਾਨਿਸਤਾਨ 'ਚੋਂ ਬਾਹਰ ਕੱਢਣ ਲਈ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ।

# ਇੰਗਲੈਂਡ ਦੇ ਸਾਊਥਾਲ 'ਚ ਲੱਗੀਆਂ ਤੀਆਂ ਦੀਆਂ ਰੌਣਕਾਂ

**ਗਲਾਸਗੋ / ਲੰਡਨ–**ਲੰਡਨ ਵਿੱਚ ਬਿੱਟੂ ਦਾ ਕੈਮਰਾ ਅਤੇ ਐਕਟਿਵ ਪੰਜਾਬੀਜ ਵੱਲੋਂ ਤੀਆਂ ਦੇ ਰੌਣਕ ਮੇਲੇ ਦਾ ਪ੍ਰਬੰਧ ਕੀਤਾ ਗਿਆ। ਪੰਜਾਬਣਾਂ ਦੇ ਦਿਲਾਂ ਦੇ ਵਲਵਲੇ, ਹੱਸਣ ਨੱਚਣ ਟੱਪਣ ਦੇ ਚਾਅ, ਜਵਾਨ ਵੇਗਮਈ ਮਨੋਭਾਵਾਂ ਦੇ ਖੁੱਲ੍ਹੇ ਪ੍ਰਗਟ-ਾਵੇ, ਪੰਜਾਬ ਦੇ ਵਿਰਸੇ ਦੀ ਸੰਭਾਲ਼ ਦਾ ਜਜ਼ਬਾ ਅਤੇ ਇਸ ਖ਼ਿੱਤੇ ਦੀ ਅਮੀਰ ਵਿਰਾਸਤ ਨੂੰ ਰੂਪਮਾਨ ਕਰਦਾ ਸਾਉਣ ਮਹੀਨੇ ਵਿੱਚ ਕੁੜੀਆਂ ਦੇ ਹੱਸਣ, ਨੱਚਣ ਟੱਪਣ ਵਾਲਾ ਗਿੱਧੇ ਦਾ ਤਿਉਹਾਰ ਜਿਸਨੂੰ ਮਾਲਵੇ ਵਿੱਚ ਤੀਆਂ, ਮਾਝੇ ਵਿੱਚ ਸਾਂਵੇ ਕਹਿੰਦੇ ਹਨ, ਮਨਾਉਣ ਦਾ ਉਪਰਾਲਾ ਕੀਤਾ ਗਿਆ। ਇਸ ਵਿੱਚ ਹਰ ਉਮਰ ਦੀਆਂ ਸੁਆਣੀਆਂ ਨੇ ਵੱਧ ਚੜਕੇ ਹਿੱਸਾ ਲਿਆ। ਰਵਾਇਤੀ ਹਾਸਾ ਠੱਠਾ, ਗਿੱਧਾ ਬੋਲੀਆਂ, ਲੰਮੀ ਹੇਕ ਦੇ ਗੀਤਾਂ ਨਾਲ ਖ਼ੂਬ ਰੌਣਕਾਂ ਲੱਗੀਆਂ। ਇਸ ਵਿੱਚ ਇੰਗਲੈਂਡ ਦੇ ਵੱਖ ਵੱਖ ਹਿ-ੱਸਿਆਂ ਤੋਂ ਆਈਆਂ ਕੁੜੀਆਂ ਨੇ ਹਿੱਸਾ ਲਿਆ। ਸਾਉਣ ਦੇ ਛਰਾਟੇ ਵਾਂਗ ਬੋਲੀਆਂ ਦਾ ਮੀਂਹ ਵਰ੍ਹਿਆ, ਝੜੀ ਵਾਂਗੂ ਲਗਾਤਾਰ ਗਿੱਧੇ ਵਿੱਚ ਪੈਰ ਖਿਰਕੇ। ਇਸ ਮੌਕੇ 'ਤੇ ਪੰਜਾਬੀ ਸਾਹਿਤ ਤੇ



ਕਲਾ ਕੇਂਦਰ ਦੇ ਪ੍ਰਧਾਨ ਕੁਲਵੰਤ ਕੌਰ ਢਿੱਲੋ ਨੇ ਕਿਹਾ ਜਦੋਂ ਸਭ ਔਰਤਾਂ ਗਿੱਧੇ ਵਿੱਚ ਜੁੜਕੇ ਇੱਕਸਾਰ ਤਾੜੀਆਂ ਵਜਾਉਂ-ਦੀਆਂ ਹਨ ਤਾਂ ਇੰਜ ਲਗਦਾ ਹੈ ਜਿਵੇਂ ਹਰ ਵਰਗ ਦੀਆ ਔਰਤਾਂ ਵਿਰਸੇ ਦੀ ਸੰਭਾਲ਼ ਲਈ ਲੈਅਬੱਧ ਹੋ ਗਈਆਂ ਹੋਣ। ਦੇਸੀ ਰੇਡੀਓ ਪਰੈਜੈਂਟਰ ਪੰਮੀ, ਅਨੀਤਾ, ਅੰਨੂ, ਇੱਕ ਦੂਜੇ ਤੋਂ ਵੱਧ ਚੜਕੇ ਬੋਲੀਆਂ ਪਾ ਰਹੀਆਂ ਸਨ, ਗਾਇਕਾ ਗੁਰਮੇਲ ਸੰਘਾ ਨੇ ਆਪਣੀ ਸੁਰੀਲੀ ਅਵਾਜ਼ ਨਾਲ ਗੀਤ ਸੁਣਾਏ, ਸਾਹਿਤਕਾਰ ਮਨਜੀਤ ਪੱਡਾ, ਭਿੰਦਰ ਜਲਾਲਾਬਾਦੀ ਨੇ ਰਵਾਇਤੀ ਬੋਲੀਆਂ ਦੀ ਝੜੀ ਲਾ ਦਿੱਤੀ। ਕੁਲਦੀਪ ਕੌਰ ਕਿੱਟੀ ਨੇ ਆਪਣੇ ਗਿੱਧੇ ਅਤੇ ਬੋਲੀਆਂ ਨਾਲ ਅਜਿਹਾ ਮਾਹੌਲ ਸਿਰਜਿਆ ਜਿਵੇਂ ਕੋਈ ਯੂਥ ਫੈਸਟੀਵਲ ਹੋ ਰਿਹਾ ਹੋਵੇ। ਮਨਜੀਤ ਕੌਰ ਸੁੰਨੜ ਨੇ ਤੀਆਂ ਦੀ ਸ਼ੁਰੂਆਤ ਕਰਦਿਆਂ ਤੀਆਂ ਦੀ ਮਹੱਤਤਾ ਬਾਰੇ ਦੱਸਿਆ। ਕੁੜੀਆਂ ਦੇ ਪਾਏ ਰਵਾਇਤੀ ਸੂਟ, ਫੁਲਕਾਰੀਆਂ, ਪਰਾਂਦੀਆਂ, ਟਿੱਕੇ, ਵੰਗਾਂ ਰੰਗ ਬਿਰੰਗੇ ਦੁਪੱਟੇ, ਚੁੰਨੀਆਂ ਇੰਜ ਲਗਦਾ ਸੀ, ਜਿਵੇਂ ਪੰਜਾਬ ਇੰਗਲੈਂਡ ਵਿੱਚ ਉੱਤਰ ਆਇਆ ਹੋਵੇ, ਅੰਤ ਵਿੱਚ ਬਿੱਟੂ ਖੰਗੂੜਾ ਵੱਲੋਂ ਸਾਰਿਆ ਦਾ ਧੰਨਵਾਦ ਕੀਤਾ ਗਿਆ ਤੇ ਕਿਹਾ ਕਿ ਗੀਤ ਸੰਗੀਤ ਆਪਣੀ ਵਿਰਾਸਤ ਨੂੰ ਆਉਣ ਵਾਲ਼ੀਆਂ ਪੀੜੀਆ ਤੱਕ ਪਹੁੰਚਾਉਣ ਦਾ ਸਭ ਤੋਂ ਕਾਰਗਰ ਹਥਿਆਰ ਹੈ। ਬੱਲੋ ਪਾਉਣ ਤੋਂ ਬਾਅਦ ਖੀਰ ਪੂੜੇ ਛੱਕ ਕੇ ਅਗਲੇ ਸਾਲ ਮਿਲਣ ਦਾ ਵਾਅਦਾ ਕਰਕੇ ਮੇਲਾ ਵਿੱਛੜ ਗਿਆ।

# ਸਦੀ ਦਾ ਸਭ ਤੋਂ ਵੱਡਾ ਸੰਕਟ (ਆਈ.ਪੀ.ਸੀ.ਸੀ. ਦੀ ਛੇਵੀਂ ਰਿਪੋਰਟ ਦਾ ਖ਼ੁਲਾਸਾ)



ਡਾ. ਗੁਰਿੰਦਰ ਕੌਰ
001-408-493-9776



9 ਅਗਸਤ 2021 ਨੂੰ ਆਈ.ਪੀ.ਸੀ.ਸੀ. (ਇੰਟਰ ਗਵਰਨ-ਮੈਂਟਲ ਪੈਨਲ ਔਨ ਕਲਾਈਮੇਟ ਚੇਂਜ) ਨੇ ਛੇਵੀਂ ਮੁਲਾਂਕਣ ਰਿਪੋਰਟ (ਏ.ਆਰ.6) 'ਕਲਾਈਮੇਟ ਚੇਂਜ 2021' ਦੀ ਪਹਿਲੀ ਕਿਸ਼ਤ ਵਿਚ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਬਾਰੇ ਚਿੰਤਾਜਨਕ ਅਤੇ ਚੇਤਾਵਨੀਆਂ ਭਰਪੂਰ ਖ਼ੁਲਾਸੇ ਕੀਤੇ ਹਨ। ਇਸ ਰਿਪੋਰਟ ਅਨੁਸਾਰ ਧਰਤੀ ਦਾ ਔਸਤ ਤਾਪਮਾਨ ਪਹਿਲੇ ਅਨੁਮਾਨਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਧ ਰਿਹਾ ਹੈ। ਵਿਗਿਆਨੀਆਂ ਦੇ ਪਹਿਲੇ ਅਨੁਮਾਨਾਂ ਅਨੁਸਾਰ ਧਰਤੀ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਤੋਂ ਪਹਿਲਾਂ ਦੇ ਸਮੇਂ ਦੇ ਤਾਪਮਾਨ ਤੋਂ 2050 ਤੱਕ 1.5 ਡਿਗਰੀ ਸੈਲਸੀਅਸ ਤੱਕ ਵਧ ਜਾਣ ਦਾ ਸੀ। ਇਸ ਰਿਪੋਰਟ ਅਨੁਸਾਰ 2040 ਭਾਵ ਅਗਲੇ 20 ਸਾਲ ਵਿਚ, ਪੈਰਿਸ ਮੌਸਮੀ ਸਮਝੌਤੇ (2015) ਵਿਚ ਨਿਰਧਾਰਤ 1.5 ਡਿਗਰੀ ਦੀ ਹੱਦ ਨੂੰ ਪਾਰ ਕਰ ਜਾਵੇਗਾ ਜਿਸ ਨੂੰ ਇਸ ਸਦੀ ਦੇ ਅੰਤ ਤੱਕ ਪਾਰ ਕਰਨਾ ਸੀ। ਧਰਤੀ, ਸਮੁੰਦਰ ਦੇ ਪਾਣੀ, ਅਤੇ ਵਾਯੂਮੰਡਲ ਦੇ ਔਸਤ ਤਾਪਮਾਨ ਵਿਚ ਵਾਧਾ ਮਨੁੱਖੀ ਗਤੀਵਿਧੀਆਂ ਕਾਰਨ ਹੀ ਹੋ ਰਿਹਾ ਹੈ। ਇਸ ਰਿਪੋਰਟ ਅਨੁਸਾਰ ਇਸ ਸਦੀ ਦੇ ਅੰਤ ਤੱਕ ਸਮੁੰਦਰ ਦੇ ਜਲਪੱਧਰ ਵਿਚ 2 ਮੀਟਰ ਤੱਕ ਦੇ ਵਾਧੇ ਨੂੰ ਨਕਾਰਿਆ ਨਹੀਂ ਜਾ ਸਕਦਾ। ਰਿਪੋਰਟ ਤਿਆਰ ਕਰਨ ਵਾਲੇ ਵਿਗਿਆਨੀਆਂ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ 2050 ਤੋਂ ਪਹਿਲਾਂ ਘੱਟੋ-ਘੱਟ ਇਕ ਵਾਰ ਸਤੰਬਰ ਵਿਚ ਆਰਕਟਿਕ ਤੋਂ ਪੂਰੀ ਤਰ੍ਹਾਂ ਸਮੁੰਦਰੀ ਬਰਫ਼ ਪਿਘਲ ਜਾਣ ਦੀ ਸੰਭਾਵਨਾ ਹੈ।

ਇਸ ਰਿਪੋਰਟ ਅਨੁਸਾਰ ਪਿਛਲੇ ਚਾਰ ਦਹਾਕਿਆਂ ਵਿਚ ਹਰ ਦਹਾਕਾ ਆਪਣੇ ਤੋਂ ਪਹਿਲੇ ਦਹਾਕੇ ਤੋਂ ਜ਼ਿਆਦਾ ਗਰਮ ਰਿਹਾ ਹੈ। 1970 ਤੋਂ ਬਾਅਦ ਤਾਪਮਾਨ ਵਿਚ ਤੇਜ਼ੀ ਨਾਲ ਵਾਧਾ ਹੋਣਾ ਸ਼ੁਰੂ ਹੋ ਗਿਆ ਸੀ। ਆਉਣ ਵਾਲੇ ਦਹਾਕਿਆਂ ਵਿਚ ਗਰਮੀ ਦੀ ਰੁੱਤ ਲੰਮੀ ਅਤੇ ਸਰਦੀ ਦੀ ਰੁੱਤ ਛੋਟੀ ਹੁੰਦੀ ਜਾਵੇਗੀ। ਕਈ ਥਾਵਾਂ ਉੱਤੇ ਅੱਤ ਦੀ ਗਰਮੀ ਪਵੇਗੀ ਅਤੇ ਉੱਥੋਂ ਦਾ ਤਾਪਮਾਨ ਔਸਤ ਤਾਪਮਾਨ ਨਾਲੋਂ ਕਈ ਡਿਗਰੀ ਵਧ ਸਕਦਾ ਹੈ। ਗਰਮ ਲਹਿਰਾਂ ਦੀਆਂ ਘਟਨਾਵਾਂ ਵਿਚ ਤੇਜ਼ੀ ਨਾਲ ਵਾਧਾ ਹੋਵੇਗਾ। ਗਰਮੀ ਦੀ ਰੁੱਤ ਲੰਮੀ ਹੋਣ ਅਤੇ ਗਰਮ ਲਹਿਰਾਂ ਦੀਆਂ ਘਟਨਾਵਾਂ ਵਿਚ ਵਾਧਾ ਹੋਣ ਨਾਲ ਖੇਤੀ ਖੇਤਰ ਉੱਤੇ ਬੁਰਾ ਪ੍ਰਭਾਵ ਪਵੇਗਾ। ਕੁਝ ਥਾਵਾਂ ਉੱਤੇ ਜ਼ਿਆਦਾ ਮੀਂਹ ਪੈਣ ਨਾਲ ਹੜ੍ਹ ਆਉਣਗੇ ਅਤੇ ਘੱਟ ਮੀਂਹ ਪੈਣ ਕਾਰਨ ਕੁਝ ਥਾਵਾਂ ਸੋਕੇ ਦੀ ਲਪੇਟ ਵਿਚ ਆ ਜਾਣਗੀਆਂ। ਤਾਪਮਾਨ ਦੇ ਵਾਧੇ ਨਾਲ ਧਰੁਵਾਂ ਉਤਲੀ ਬਰਫ਼ ਅਤੇ ਗਲੇਸ਼ੀਅਰ ਪਿਘਲਣ ਨਾਲ ਸਮੁੰਦਰ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ ਜਿਸ ਨਾਲ ਸਮੁੰਦਰਾਂ ਦੇ ਤੱਟਵਰਤੀ ਖੇਤਰਾਂ ਵਿਚਲੇ ਸ਼ਹਿਰਾਂ, ਪਿੰਡਾਂ ਅਤੇ ਟਾਪੂਆਂ ਉੱਤੇ ਵੱਸੇ ਲੋਕਾਂ ਨੂੰ ਭਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿਚ ਵਾਧੇ ਨਾਲ ਚੱਕਰਵਾਤਾਂ, ਸੁਨਾਮੀ ਵਰਗੀਆਂ ਸਮੁੰਦਰੀ ਆਫ਼ਤਾਂ ਵਿਚ ਹੋਰ ਵਾਧਾ ਹੋ ਜਾਵੇਗਾ।

ਇਸ ਰਿਪੋਰਟ ਵਿਚ ਵਿਗਿਆਨੀਆਂ ਨੇ ਸਾਫ਼ ਸ਼ਬਦਾਂ ਵਿਚ ਕਿਹਾ ਕਿ ਧਰਤੀ ਦੇ ਔਸਤ ਤਾਪਮਾਨ ਵਿਚ ਵਾਧਾ ਮਨੁੱਖੀ ਗਤੀਵਿਧੀਆਂ ਕਾਰਨ ਹੋ ਰਿਹਾ ਹੈ ਜਦੋਂਕਿ ਪਹਿਲੀਆਂ ਰਿਪੋਰਟਾਂ ਵਿਚ ਮਨੁੱਖੀ ਗਤੀਵਿਧੀਆਂ ਹੋਣ ਦੀ ਸੰਭਾਵਨਾ ਕਹੀ ਜਾਂਦੀ ਸੀ। ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਦਾ ਅਸਲ ਕਾਰਨ ਆਰਥਿਕ ਵਿਕਾਸ ਮਾਡਲ ਹੈ। ਦੁਨੀਆ ਦੇ ਜ਼ਿਆਦਾਤਰ ਦੇਸਾਂ ਨੇ ਆਰਥਿਕ ਵਿਕਾਸ ਦੀ ਅੰਨ੍ਹੀ ਦੌੜ ਵਿਚ ਕੁਦਰਤੀ ਸਰੋਤਾਂ ਦਾ ਅੰਨ੍ਹੇਵਾਹ ਉਜਾੜਾ ਕੀਤਾ ਹੈ। ਆਈ.ਪੀ.ਸੀ.ਸੀ. ਦੀ 2019 ਵਿਚ ਆਈ 'ਕਲਾਈਮੇਟ ਚੇਂਜ ਐਂਡ ਲੈਂਡ' ਨਾਂ ਦੀ ਇਕ ਸਪੈਸ਼ਲ ਰਿਪੋਰਟ ਅਨੁਸਾਰ ਮਨੁੱਖੀ ਗਤੀਵਿਧੀਆਂ ਨੇ ਧਰਤੀ ਦਾ (ਬਰਫ਼ ਰਹਿਤ) 70 ਫ਼ੀਸਦ ਖੇਤਰ ਬਦਲ ਦਿੱਤਾ ਹੈ।

ਮਨੁੱਖ ਗਤੀਵਿਧੀਆਂ ਨਾਲ ਸਮੁੰਦਰਾਂ ਦਾ ਵੀ ਭਾਰੀ ਨੁਕਸਾਨ ਹੋ ਰਿਹਾ ਹੈ। ਹਾਰਵੇ ਦੀ ਇਕ ਖੋਜ ਅਨੁਸਾਰ ਦੋ-ਤਿਹਾਈ ਸਮੁੰਦਰੀ ਖੇਤਰ ਮਨੁੱਖੀ ਗਤੀਵਿਧੀਆਂ ਨਾਲ ਭਾਰੀ ਦਬਾਅ ਥੱਲੇ ਹੈ। ਸਮੁੰਦਰ ਦੇ ਪਾਣੀ ਵਿਚ ਤੇਜ਼ਾਬੀ ਮਾਦੇ ਅਤੇ ਗੰਦਗੀ ਦੀ ਮਾਤਰਾ ਵਧ ਰਹੀ ਹੈ ਜਿਸ ਨਾਲ ਸਮੁੰਦਰੀ ਜੀਵ-ਜੰਤੂਆਂ ਨੂੰ ਤਰ੍ਹਾਂ ਤਰ੍ਹਾਂ ਦੀ ਬਿਮਾਰੀਆਂ ਲੱਗ ਰਹੀਆਂ ਹਨ ਅਤੇ ਉਹ ਕਾਫ਼ੀ ਵੱਡੀ ਮਾਤਰਾ ਵਿਚ ਖ਼ਤਮ ਹੋ ਰਹੇ ਹਨ। ਅਮਰੀਕਾ ਅਤੇ ਕੈਨੇਡਾ ਦੇ ਪੱਛਮੀ ਖੇਤਰ ਵਿਚ ਜੂਨ ਦੇ ਅਖ਼ੀਰਲੇ ਹਫ਼ਤੇ ਵਿਚ 'ਹੀਟ ਵੇਵ' (ਗਰਮ ਲਹਿਰ) ਨਾਲ ਇਕ ਬਿਲੀਅਨ ਤੋਂ ਵੱਧ ਸਮੁੰਦਰੀ ਜਾਨਵਰ ਮਰ ਗਏ ਸਨ। ਸਮੁੰਦਰ ਦੇ ਤਾਪਮਾਨ ਦੇ ਵਾਧੇ ਨਾਲ ਚੱਕਰਵਾਤਾਂ ਅਤੇ ਸੁਨਾਮੀ ਵਰਗੀਆਂ ਕੁਦਰਤੀ ਆਫ਼ਤਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਸਿੰਘਾਪੁਰ ਦੀ ਨਾਨਯਾਂਗ ਟੈਕਨੋਜੀਕਲ ਯੂਨੀਵਰਸਟੀ ਦੀ ਇਕ ਖੋਜ ਅਨੁਸਾਰ ਸਮੁੰਦਰ ਦੇ ਜਲਪੱਧਰ ਵਿਚ 0.5 ਮੀਟਰ ਵਾਧੇ ਨਾਲ ਸੁਨਾਮੀ ਦੇ ਖ਼ਤਰਿਆਂ ਵਿਚ 2.4 ਗੁਣਾ ਅਤੇ ਇਕ ਮੀਟਰ ਨਾਲ 4.7 ਗੁਣਾ ਵਾਧਾ ਹੋ ਸਕਦਾ ਹੈ। ਡੈਲੀਅਲ ਲੈਵਿਟ ਅਤੇ ਨਿਕੋ ਕੈਮਨੇਡਾ ਦੀ ਇਕ ਖੋਜ ਅਨੁਸਾਰ ਸਮੁੰਦਰੀ ਪਾਣੀ ਦੇ ਤਾਪਮਾਨ ਵਿਚ ਇਕ ਡਿਗਰੀ ਵਾਧੇ ਨਾਲ ਸਮੁੰਦਰੀ ਤੂਫ਼ਾਨ ਵਿਚਲੀ ਹਵਾ ਦੀ ਗਤੀ ਵਿਚ 5 ਫ਼ੀਸਦ ਵਾਧਾ ਹੁੰਦਾ ਅਤੇ ਵੱਧ ਗਤੀ ਵਾਲਾ ਸਮੁੰਦਰੀ ਤੂਫ਼ਾਨ ਭਾਰੀ ਤਬਾਹੀ ਮਚਾਉਂਦਾ ਹੈ। ਇਸ ਦੀਆਂ ਪੁਖਤਾ ਉਦਾਹਰਨਾਂ ਹਾਰਵੇ, ਫ਼ਲੋਰੈਂਸ, ਮਾਰੀਆ, ਇਰਮਾ ਆਦਿ ਸਮੁੰਦਰੀ ਤੂਫ਼ਾਨਾਂ ਦੀਆਂ ਹਨ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਮੁੰਦਰ ਦਾ ਜਲਪੱਧਰ ਇਸ ਸਦੀ ਦੇ ਅੰਤ ਤੱਕ 2 ਮੀਟਰ ਤੱਕ ਵਧ ਸਕਦਾ ਹੈ। ਜੇਕਰ ਸਮੁੰਦਰ ਦਾ ਜਲਪੱਧਰ ਇੰਨਾ ਵਧ ਜਾਂਦਾ ਹੈ ਤਾਂ ਸ਼ਾਂਤ ਮਹਾਸਾਗਰ ਵਿਚਲੇ ਕਈ ਟਾਪੂਆਂ ਅਤੇ ਸਮੁੰਦਰਾਂ ਦੇ ਤੱਟੀਵਰਤੀ ਖੇਤਰਾਂ ਵਿਚ ਵੱਸੇ ਸ਼ਹਿਰਾਂ ਨੂੰ ਭਾਰੀ ਨੁਕਸਾਨ ਪਹੁੰਚੇਗਾ।

ਇਸ ਰਿਪੋਰਟ ਵਿਚ ਸਾਫ਼ ਤੌਰ ਉਤੇ ਦੱਸਿਆ ਗਿਆ ਹੈ ਕਿ ਸਦੀ ਦੇ ਅੰਤ ਤੱਕ ਤਾਪਮਾਨ ਵਿਚ ਵਾਧਾ 1.5 ਸੈਲਸੀਅਸ ਤੱਕ (ਪੈਰਿਸ ਮੌਸਮੀ ਸਮਝੌਤੇ ਅਨੁਸਾਰ ਸੁਰੱਖਿਅਤ ਸੀਮਾ) ਸੀਮਤ ਕਰਨਾ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਪਿਛਲੀ ਸਦੀ ਵਿਚ ਗਰੀਨਹਾਊਸ ਗੈਸਾਂ ਦੀ ਤੇਜ਼ੀ ਨਾਲ ਨਿਕਾਸੀ ਹੋਣ ਕਾਰਨ ਉਦਯੋਗਿਕ ਇਨਕਲਾਬ ਤੋਂ ਪਹਿਲਾਂ ਦੇ ਸਮੇਂ ਨਾਲੋਂ ਧਰਤੀ ਦੇ ਔਸਤ ਤਾਪਮਾਨ ਵਿਚ 1.1 ਡਿਗਰੀ ਸੈਲੀਸਸ ਵਾਧਾ ਹੋ ਚੁੱਕਿਆ ਹੈ ਅਤੇ ਹੁਣ ਸਾਡੇ ਕੋਲ ਸਿਰਫ਼ 0.4 ਡਿਗਰੀ ਸੈਲਸੀਅਸ ਦੀ ਹੀ ਗੁੰਜ਼ਾਇਸ ਬਾਕੀ ਰਹਿ ਗਈ ਹੈ। ਤਾਪਮਾਨ ਦੇ ਵਾਧੇ ਦੀ ਇਕ ਡਿਗਰੀ ਦਾ ਹਰੇਕ ਹਿੱਸਾ ਬਹੁਤ ਮਹੱਤਵਪੂਰਨ ਹੈ। ਤਾਪਮਾਨ ਵਿਚ ਹਰ ਇਕ ਡਿਗਰੀ ਵਾਧੇ ਨਾਲ ਬਹੁਤ ਜ਼ਿਆਦਾ ਮੀਂਹ ਪੈਣ ਦੀਆਂ ਘਟਨਾਵਾਂ ਵਿਚ 7 ਫ਼ੀਸਦ ਵਾਧਾ ਹੁੰਦਾ ਹੈ। ਅਕਤੂਬਰ 2018 ਵਿਚ ਆਈ ਆਈ.ਪੀ.ਸੀ.ਸੀ. ਦੀ ਇੱਕ ਸਪੈਸ਼ਲ ਰਿਪੋਰਟ ਅਨੁਸਾਰ ਤਾਪਮਾਨ ਵਿਚ ਸਿਰਫ਼ ਅੱਧਾ ਡਿਗਰੀ ਸੈਲਸੀਅਸ ਦੇ ਵਾਧੇ ਨਾਲ ਸਮੁੰਦਰ ਦਾ ਜਲਪੱਧਰ 8 ਫੁੱਟ ਤੱਕ ਵਧ ਸਕਦਾ ਹੈ ਜਿਸ ਨਾਲ 3 ਤੋਂ 8 ਕਰੋੜ ਤੱਕ ਮਨੁੱਖੀ ਆਬਾਦੀ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਸ ਦੇ ਨਾਲ ਨਾਲ 41 ਕਰੋੜ ਸ਼ਹਿਰੀ ਆਬਾਦੀ ਪਾਣੀ ਦੀ ਕਮੀ ਦੀ ਮਾਰ ਝੱਲੇਗੀ ਅਤੇ 18 ਫ਼ੀਸਦ ਕੀੜੇ ਮਕੌੜੇ, 16 ਫ਼ੀਸਦ ਬਨਸਪਤੀ ਅਤੇ 8 ਫ਼ੀਸਦ ਚਾਰ-ਪੈਰਾਂ ਵਾਲੇ ਜਾਨਵਰ ਧਰਤੀ ਤੋਂ ਸਦਾ ਲਈ ਅਲੋਪ ਹੋ ਜਾਣਗੇ।

ਧਰਤੀ ਦੇ ਔਸਤ ਤਾਪਮਾਨ ਵਿਚ ਵਾਧਾ ਹੋਣ ਨਾਲ ਗਰਮ ਲਹਿਰਾਂ ਦੀ ਆਮਦ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਤਾਪਮਾਨ ਵਿਚ ਇਕ ਡਿਗਰੀ ਸੈਲਸੀਅਸ ਵਾਧਾ ਹੋਣ ਨਾਲ ਗਰਮ ਲਹਿਰਾਂ ਵਿੱਚ 5 ਗੁਣਾ ਵਾਧਾ ਹੋ ਸਕਦਾ ਹੈ ਅਤੇ 2 ਡਿਗਰੀ ਸੈਲਸੀਅਸ ਦੇ ਵਾਧੇ ਨਾਲ 14 ਗੁਣਾ ਵਾਧਾ ਹੋਣ ਦੀ ਸੰਭਾਵਨਾ ਹੈ। ਤਾਪਮਾਨ ਵਿਚ ਵਾਧੇ ਨਾਲ ਸਿਰਫ਼ ਗਰਮ ਲਹਿਰਾਂ ਦੀ ਆਮਦ ਵਿਚ ਹੀ ਵਾਧਾ ਨਹੀਂ ਹੋ ਰਿਹਾ, ਸਗੋਂ ਇਸ ਨਾਲ ਸੋਕੇ ਅਤੇ ਜੰਗਲੀ ਅੱਗ ਵਰਗੀਆਂ ਕੁਦਰਤੀ ਆਫ਼ਤਾਂ ਦੀਆਂ ਘਟਨਾਵਾਂ ਵਿਚ ਵੀ ਵਾਧਾ ਹੋ ਰਿਹਾ ਹੈ। ਕੈਨੇਡਾ ਦੇ ਸ਼ਹਿਰ ਲੈਟਿਨ ਵਿਚ ਗਰਮ ਲਹਿਰਾਂ ਦੀ ਆਮਦ ਤੋਂ ਬਾਅਦ ਜੰਗਲੀ ਅੱਗ ਨਾਲ ਉਹ ਸ਼ਹਿਰ ਬਿਲਕੁਲ ਤਬਾਹ ਹੋ ਗਿਆ। ਇਸੇ ਤਰ੍ਹਾਂ ਦਾ ਵਰਤਾਰਾ ਗਰੀਸ ਦੇ ਐਲੀਨੀਕਾ ਪਿੰਡ ਅਤੇ ਕੈਲੇਫੋਰੀਆ ਦੇ ਡਿਕਸੀ ਸ਼ਹਿਰ ਵਿਚ ਵਾਪਰਿਆ ਹੈ।

ਤਾਪਮਾਨ ਦਾ ਵਾਧੇ ਨਾਲ ਆਈ ਮੌਸਮ ਤਬਦੀਲੀ ਸੋਕੇ ਦੀਆਂ ਘਟਨਾਵਾਂ ਨੂੰ ਵਧਾ ਰਹੀ ਹੈ। ਕੌਂਸਿਲ ਔਨ ਅਨਰਜੀ, ਇਨਵਾਰਨਮੈਂਟ ਅਤੇ ਵਾਟਰ ਦੀ 2020 ਦੀ ਇਕ ਰਿਪੋਰਟ ਅਨੁਸਾਰ ਭਾਰਤ ਦੇ 68 ਫ਼ੀਸਦ ਖੇਤਰ ਸੋਕੇ ਵਰਗੀ ਸਥਿਤੀ ਦਾ ਸਾਹਮਣਾ ਕਰ ਰਹੇ ਹਨ। ਅਮਰੀਕਾ ਦਾ ਪੱਛਮੀ ਰਾਜ ਕੈਲੇਫੋਰਨੀਆ ਅੱਜਕੱਲ੍ਹ ਸੋਕੇ ਦੀ ਮਾਰ ਝੱਲ ਰਿਹਾ ਹੈ। ਇੱਥੇ ਸੋਕੇ ਦੀ ਘਟਨਾ ਇਕ ਦਹਾਕੇ ਵਿਚ ਇਕ ਵਾਰ ਵਾਪਰਦੀ ਸੀ, ਪਰ ਹੁਣ ਇਸ ਵਿਚ 70 ਫ਼ੀਸਦ ਵਾਧਾ ਹੋ ਗਿਆ ਹੈ।

ਮੌਸਮੀ ਤਬਦੀਲੀਆਂ ਦੇ ਨਾਲ ਹੜ੍ਹਾਂ ਦੀ ਆਮਦ ਵਿਚ ਵਾਧਾ ਹੋ ਰਿਹਾ ਹੈ। ਜੁਲਾਈ 2021 ਵਿਚ ਵਿਚ ਪਿਛਲੇ ਕਈ ਦਹਾਕਿਆਂ ਵਿਚ ਪਹਿਲੀ ਵਾਰ ਅਤੇ ਜਰਮਨੀ, ਬੈਲਜੀਅਮ, ਲਕਸਮਬਰਗ, ਸਵਿਟਜਰਲੈਂਡ, ਅਤੇ ਨੀਂਦਰਲੈਂਡ ਵਿਚ ਭਾਰਤੀ ਮੀਂਹ ਪੈਣ ਕਾਰਨ ਆਏ ਹੜ੍ਹਾਂ ਨਾਲ ਸੈਂਕੜੇ ਲੋਕਾਂ ਦੀ ਮੌਤ ਹੋ ਗਈ ਸੀ। ਚੀਨ ਵਿਚ ਵੀ ਜੁਲਾਈ ਦੇ ਮਹੀਨੇ ਵਿਚ ਹੈਨਾਂਨ ਪ੍ਰਾਂਤ ਵਿਚ ਭਿਆਨਕ ਹੜ੍ਹ ਆਉਣ ਕਾਰਨ ਲਗਭਗ 300 ਲੋਕਾਂ ਦੀ ਮੌਤ ਹੋ ਗਈ ਸੀ ਅਤੇ 1.3 ਮਿਲੀਅਨ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਸਨ। ਦੁਨੀਆ ਦੇ ਸਾਰੇ ਦੇਸਾਂ ਵਿਚ ਭਾਰੀ ਮੀਂਹ ਪੈਣ ਦੀਆਂ ਘਟਨਾਵਾਂ ਵਿਚ ਔਸਤਨ 30 ਫ਼ੀਸਦ ਵਾਧਾ ਹੋ ਚੁੱਕਾ ਹੈ।

ਅਸਲ ਵਿਚ ਸੋਕੇ ਅਤੇ ਜ਼ਿਆਦਾ ਗਰਮੀ ਪੈਣ ਨਾਲ ਜੰਗਲਾਂ ਵਿਚ ਅੱਗ ਲੱਗਣ ਦੀਆਂ ਘਟਨਾਵਾਂ ਅਤੇ ਅੱਗ ਲੱਗੀ ਰਹਿਣ ਦੇ ਅਰਸੇ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਖੁਸ਼ਕ ਲੰਮੇ ਮੌਸਮ ਕਾਰਨ ਜੰਗਲੀ ਅੱਗਾਂ ਦੀ ਭਿਆਨਕਤਾ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਕੈਲਫਾਇਰ ਦੇ ਅਨੁਸਾਰ ਕੈਲੇਫੋਰਨੀਆਂ ਵਿਚ ਸਭ ਤੋਂ ਭਿਆਨਕ 10 ਜੰਗਲੀ ਅੱਗਾਂ 2020 ਅਤੇ 2021 ਵਿਚ ਲਗੀਆਂ ਹਨ।

ਆਈ.ਪੀ.ਸੀ.ਸੀ. ਦੀ ਇਸ ਰਿਪੋਰਟ ਅਨੁਸਾਰ ਭਾਰਤ ਵੀ ਕੁਦਰਤੀ ਆਫ਼ਤਾਂ ਦੀ ਲਪੇਟ ਵਿਚ ਆਇਆ ਰਹੇਗਾ ਕਿਉਂਕਿ ਤਾਪਮਾਨ ਵਿਚ ਵਾਧੇ ਨਾਲ ਸਮੁੰਦਰੀ ਜਲਪੱਧਰ ਉੱਚਾ ਹੋਣ ਨਾਲ ਇਸ ਦੇ ਤੱਟਵਰਤੀ ਇਲਾਕਿਆਂ ਵਿਚ ਵੱਸੇ ਸਾਰੇ ਲੋਕਾਂ ਨੂੰ ਸਮੁੰਦਰ ਨਾਲ ਸੰਬੰਧਿਤ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨਾ ਪਵੇਗਾ। ਸਮੁੰਦਰ ਦੇ ਪਾਣੀ ਦੇ ਤਾਪਮਾਨ ਵਿਚ ਵਾਧਾ ਹੋਣ ਨਾਲ ਬੰਗਾਲ ਦੀ ਖਾੜੀ ਦੇ ਨਾਲ ਨਾਲ ਹੁਣ ਅਰਬ ਸਾਗਰ ਵਿਚ ਚੱਕਰਵਾਤਾਂ ਦੀ ਆਮਦ ਦੀ ਗਿਣਤੀ ਅਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਵਾਧਾ ਹੋ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਨਟੋਨੀਓ ਗੁਟਰਸ ਨੇ ਕਿਹਾ ਹੈ ਕਿ ਇਸ ਰਿਪੋਰਟ ਨੇ ਬਹੁਤ ਹੀ ਚਿੰਤਾਜਨਕ ਤੱਥ ਪੇਸ਼ ਕੀਤੇ ਹਨ। ਸਾਡੇ ਕੋਲ ਕੁਦਰਤੀ ਆਫ਼ਤਾਂ ਤੋਂ ਹੋਣ ਵਾਲੇ ਨੁਕਸਾਨ ਤੋਂ ਧਰਤੀ ਅਤੇ ਲੋਕਾਂ ਨੂੰ ਬਚਾਉਣ ਲਈ ਬਹੁਤ ਥੋੜ੍ਹਾ ਸਮਾਂ ਬਚਿਆ ਹੈ।

ਪੈਰਿਸ ਮੌਸਮੀ ਸਮਝੌਤੇ ਅਨੁਸਾਰ ਧਰਤੀ ਦੇ ਔਸਤ ਤਾਪਮਾਨ ਵਿਚ ਉਦਯੋਗਿਕ ਇਨਕਲਾਬ ਦੇ ਸਮੇਂ ਦੇ ਪੱਧਰ ਤੋਂ 21ਵੀਂ ਸਦੀ ਦੇ ਅੰਤ ਤੱਕ 1.5 ਡਿਗਰੀ ਸੈਲਸੀਅਸ ਦੇ ਵਾਧੇ ਦੇ ਟੀਚੇ ਉੱਤੇ ਪੂਰਾ ਉਤਰਨ ਲਈ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਭਾਰੀ ਕਮੀ ਕਰਨੀ ਪਵੇਗੀ। ਡੀਜ਼ਲ, ਪੈਟਰੋਲ, ਅਤੇ ਕੋਲੇ ਦੀ ਖ਼ਪਤ ਨੂੰ ਤੇਜ਼ੀ ਨਾਲ ਘਟਾਇਆ ਜਾਣਾ ਚਾਹੀਦਾ ਹੈ। ਅਫ਼ਸੋਸ! ਇਨ੍ਹਾਂ ਦੀ ਖ਼ਪਤ ਘਟਣ ਦੀ ਥਾਂ ਹਰ ਸਾਲ 2 ਫ਼ੀਸਦ ਦੀ ਦਰ ਨਾਲ ਵਧ ਰਹੀ ਹੈ।

ਚੀਨ, ਅਮਰੀਕਾ, ਅਤੇ ਭਾਰਤ ਜੋ ਅੱਜਕੱਲ੍ਹ ਵਾਤਾਵਰਨ ਵਿਚ ਸਭ ਦੇਸਾਂ ਤੋਂ ਜ਼ਿਆਦਾ ਗਰੀਨਹਾਊਸ ਗੈਸਾਂ ਦੀ ਨਿਕਾਸੀ ਕਰ ਰਹੇ ਹਨ, ਇਨ੍ਹਾਂ ਦੇਸਾਂ ਨੂੰ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ ਨੂੰ ਬਿਨਾਂ ਦੇਰੀ ਕੀਤੇ ਬੰਦ ਕਰਨਾ ਚਾਹੀਦਾ ਹੈ। ਚੀਨ, ਅਤੇ ਭਾਰਤ ਵਿਚ ਹਾਲੇ ਵੀ ਕੋਲੇ ਨਾਲ ਚੱਲਣ ਵਾਲੇ ਪਲਾਂਟ ਲੱਗ ਰਹੇ ਹਨ। ਚੀਨ, ਅਤੇ ਅਮਰੀਕਾ ਨੂੰ ਆਰਥਿਕ ਵਿਕਾਸ ਕਰਨ ਲਈ ਊਰਜਾ ਦੇ ਨਵਿਆਉਣਯੋਗ ਸਰੋਤਾਂ ਵੱਲ ਤੇਜ਼ੀ ਨਾਲ ਮੋੜਾ ਪਾਉਣਾ ਚਾਹੀਦਾ ਹੈ। ਇਨ੍ਹਾਂ ਦੇਸਾਂ ਨੂੰ ਯੂਰਪੀਅਨ ਦੇਸਾਂ ਵਾਂਗ ਕਾਰਬਨ ਨਿਕਾਸੀ ਵਿਚ ਤੇਜ਼ੀ ਨਾਲ ਕਟੌਤੀ ਕਰਨੀ ਚਾਹੀਦੀ ਹੈ। ਗਲੋਬਲ ਪੱਧਰ ਉੱਤੇ ਗਰੀਨ-ਹਾਊਸ ਗੈਸਾਂ ਦੀ ਨਿਕਾਸੀ ਵਿਚ ਭਾਰਤ ਦਾ ਭਾਵੇਂ (2.65 ਗੀਗਾ ਟਨ), ਚੀਨ (10.06 ਗੀਗਾ ਟਨ), ਅਤੇ ਅਮਰੀਕਾ (5.4 ਗੀਗਾ ਟਨ) ਦੇ ਮੁਕਾਬਲੇ ਬਹੁਤ ਹੀ ਥੋੜ੍ਹਾ ਹਿੱਸਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਭਾਰਤ ਨੂੰ ਕਾਰਵਾਈ ਕਰਨ ਦੀ ਲੋੜ ਨਹੀਂ ਹੈ। ਮੌਸਮੀ ਤਬਦੀਲੀਆਂ ਨਾਲ ਨਜਿੱਠਣ ਲਈ ਚੁੱਕੇ ਗਏ ਕਦਮ ਸਾਡੇ ਦੇਸ ਅਤੇ ਦੇਸਵਾਸੀਆਂ ਦੇ ਹਿੱਤ ਵਿਚ ਹਨ ਕਿਉਂਕਿ ਕੌਂਸਿਲ ਔਨ ਅਨਰਜੀ, ਇਨਵਾਰਨਮੈਂਟ ਐਂਡ ਵਾਟਰ ਅਨੁਸਾਰ ਸਾਡੇ ਦੇਸ ਦੇ 75 ਫ਼ੀਸਦ ਜ਼ਿਲ੍ਹੇ ਕਿਸੇ ਨਾ ਕਿਸੇ ਕੁਦਰਤ ਆਫ਼ਤ ਦੀ ਮਾਰ ਝੱਲ ਰਹੇ ਹਨ।

ਆਈ.ਪੀ.ਸੀ.ਸੀ. ਦੀ ਇਹ ਰਿਪੋਰਟ ਸੰਯੁਕਤ ਰਾਸ਼ਟਰ ਦੀ ਅਗਵਾਈ ਵਾਲੀ ਕਾਨਫ਼ਰੰਸ ਆਫ਼ ਪਾਰਟੀਜ਼ 26 ਦੀ ਮੀਟਿੰਗ ਤੋਂ ਸਿਰਫ਼ ਛੇ ਮਹੀਨੇ ਪਹਿਲਾਂ ਆਈ ਹੈ। ਇਸ ਲਈ ਦੁਨੀਆ ਦੇ ਸਾਰੇ ਦੇਸਾਂ ਦੇ ਨੇਤਾਵਾਂ ਨੂੰ ਗਰੀਨਹਾਊਸ ਗੈਸਾਂ ਨੂੰ ਘਟਾਉਣ ਲਈ ਠੋਸ ਵਿਉਂਤਬੰਦੀ ਬਣਾਕੇ ਸੰਜੀਦਗੀ ਨਾਲ ਲਾਗੂ ਕਰਨ ਦੀ ਸਖ਼ਤ ਲੋੜ ਹੈ। ਹੁਣ ਤੱਕ 90 ਦੇਸਾਂ ਨੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਦੀ ਵਿਉਂਤਬੰਦੀ ਸੰਯੁਕਤ ਰਾਸ਼ਟਰ ਕੋਲ ਭੇਜ ਦਿੱਤੀ ਗਈ ਹੈ, ਪਰ ਉਸ ਨਾਲ 2030 ਤੱਕ ਸਿਰਫ਼ 2.3 ਬਿਲੀਅਨ ਟਨ ਗਰੀਨਹਾਊਸ ਗੈਸਾਂ ਦੀ ਨਿਕਾਸੀ ਹੀ ਘਟੇਗੀ। ਇਸ ਲਈ ਚੀਨ, ਅਮਰੀਕਾ, ਅਤੇ ਭਾਰਤ ਨੂੰ ਚਾਹੀਦਾ ਹੈ ਕਿ ਉਹ ਵੀ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਵੱਧ ਕਟੌਤੀ ਕਰਨ ਕਿਉਂਕਿ ਇਹ ਤਿੰਨੇ ਦੇਸ ਕੁੱਲ ਨਿਕਾਸੀ ਦਾ 50 ਫ਼ੀਸਦ ਹਿੱਸਾ ਵਾਤਾਵਰਨ ਵਿਚ ਛੱਡਦੇ ਹਨ। ਦੁਨੀਆ ਦੇ ਸਾਰੇ ਦੇਸਾਂ ਨੂੰ ਇਕਜੁੱਟ ਹੋਕੇ ਸਖ਼ਤ ਅਤੇ ਠੋਸ ਕਦਮ ਚੁਕਣੇ ਚਾਹੀਦੇ ਹਨ। ਇਨ੍ਹਾਂ ਕਦਮਾਂ ਵਿਚ ਮੌਜੂਦਾ ਆਰਥਿਕ ਵਿਕਾਸ ਮਾਡਲ ਅਤੇ ਲੋਕਾਂ ਦੀ ਜੀਵਨ ਜਾਂਚ ਨੂੰ ਬਦਲਣ ਦੇ ਨਾਲ ਨਾਲ ਵਿਕਸਤ ਦੇਸ, ਵਿਕਾਸਸ਼ੀਲ ਅਤੇ ਘੱਟ ਵਿਕਸਤ ਦੇਸਾਂ ਨੂੰ ਕਲੀਨ ਤਕਨਾਲੋਜੀ ਅਤੇ ਮਾਲੀ ਸਹਾਇਤਾ ਦੇਣੀ ਯਕੀਨੀ ਬਣਾਉਣ।

# ਅਜ਼ਾਦੀ ਮਹਾ ਅੰਮ੍ਰਿਤ ਦੇ ਅਧੀਨ ਇਨਾਮ ਵੰਡ ਸਮਾਰੋਹ ਕਰਵਾਇਆ



**ਬੰਗਾ-** ਬਾਬਾ ਗੋਲਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੰਗਾ ਵਿਖੇ 74ਵੇਂ ਆਜ਼ਾਦੀ ਦਿਵਸ ਤੇ ਅਜ਼ਾਦੀ ਮਹਾ ਅੰਮ੍ਰਿਤ ਦੇ ਅਧੀਨ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਏ.ਡੀ.ਸੀ (ਸ਼ਹੀਦ ਭਗਤ ਸਿੰਘ ਨਗਰ) ਸ. ਜਸਬੀਰ ਸਿੰਘ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸ.ਜਗਜੀਤ ਸਿੰਘ ਵੱਲੋਂ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਭਗਤ ਸਿੰਘ ਦੀ ਲਸਾਨੀ ਕੁਰਬਾਨੀ 'ਤੇ ਆਧਾਰਿਤ ਕੋਰੀਓਗ੍ਰਾਫੀ ਨਾਲ ਕੀਤੀ ਗਈ। ਏ.ਡੀ.ਸੀ ਸ.ਜਸਬੀਰ ਸਿੰਘ ਜੀ ਵੱਲੋਂ ਬੱਚਿਆਂ ਨੂੰ ਸਫਲਤਾ ਪ੍ਰਾਪਤੀ ਲਈ ਨਿਰੰਤਰ ਕੋਸ਼ਿਸ਼ ਕਰਦੇ ਰਹਿਣ ਲਈ ਕਿਹਾ। ਸਕੂਲ ਵਿੱਚ ਸਵੀਪ ਨਾਲ ਸਬੰਧਿਤ ਜਾਗਰੂਕਤਾ ਮੁਹਿੰਮ ਨੂੰ ਵੀ ਭਰਵਾਂ ਹੁੰਗਾਰਾ ਮਿਲਿਆ। ਡਾ ਬਿੰਦੂ ਕੈਂਥ ਵੱਲੋਂ ਤਿਆਰ ਕੀਤਾ ਗਿਆ ਈ ਵੀ ਐੱਮ ਮਾਡਲ ਖਿੱਚ ਦਾ ਕੇਂਦਰ ਬਣਿਆ ਰਿਹਾ। ਜ਼ਿਲ੍ਹਾ ਸਿੱਖਿਆ ਅਫਸਰ ਸ ਜਗਜੀਤ ਸਿੰਘ ਜੀ ਵੱਲੋਂ ਵਿਦਿਆਰਥੀਆਂ ਨੂੰ ਨੈਸ਼ ਵਿੱਚ ਵੀ ਅੱਵਲ ਆਉਣ ਲਈ ਪ੍ਰੇਰਿਤ ਕੀਤਾ ਗਿਆ। ਬਾਬਾ ਗੋਲਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੰਗਾ ਨੂੰ ਮਦਦ ਦੇਣ ਵਾਲੇ ਦਾਨੀ ਸੱਜਣਾਂ ਵਿੱਚ ਮੈਡਮ ਕੁਲਵਿੰਦਰ ਕੌਰ ,ਪ੍ਰੋ ਐਚ ਐਮ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

ਮਾਣਯੋਗ ਏ.ਡੀ.ਸੀ ਜਸਬੀਰ ਸਿੰਘ ਜੀ ਵੱਲੋਂ ਪੱਤਰਕਾਰ ਨਰਿੰਦਰ ਮਾਹੀ ਅਤੇ ਮਨਜਿੰਦਰ ਸਿੰਘ ਨੂੰ ਪੱਤਰਕਾਰਤਾ ਵਿੱਚ ਵਧੀਆ ਸੇਵਾਵਾਂ ਨਿਭਾਉਣ ਬਦਲੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਸ੍ਰੀ ਮਹੇਸ਼ ਕੁਮਾਰ ਜੀ ਵੱਲੋਂ ਆਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ ਸਟੇਜ ਸੰਚਾਲਨ ਦੀ ਭੂਮਿਕਾ ਡਾ ਬਿੰਦੂ ਕੈਂਥ ਨੇ ਨਿਭਾਈ । ਇਸ ਮੌਕੇ ਮੈਡਮ ਜਸਵਿੰਦਰ ਕੌਰ, ਨਵਨੀਤ ਕੌਰ, ਰਮੇਸ਼ ਕੁਮਾਰ ਪੀ ਟੀ , ਦਲਜੀਤ ਕੌਰ, ਕਿਰਨਜੀਤ ਕੌਰ, ਗੁਰਪ੍ਰੀਤ ਕੌਰ ਆਦਿ ਹਾਜ਼ਰ ਸਨ। **-ਸੰਤੋਖ ਸਿੰਘ ਜੱਸੀ**

# ਅਜਾਦੀ ਦੀ 75ਵੀਂ ਵਰ੍ਹੇਗੰਢ ਮਨਾਉਣ ਸਬੰਧੀ 15 ਅਗਸਤ, 2021 ਲਈ ਵਿਸ਼ੇਸ ਪ੍ਰੋਗਰਾਮ



ਕੁਲਦੀਪ ਚੰਦ
91-9417563054

ਅੱਜ ਅਸੀਂ ਪਿਛਲੇ 74 ਸਾਲਾਂ ਵਾਂਗ ਅਜ਼ਾਦੀ ਦਿਹਾੜਾ ਮਨਾ ਰਹੇ ਹਾਂ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹਰ ਸਾਲ ਵਾਂਗ ਵੱਡੇ ਵੱਡੇ ਸਮਾਗਮ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਰਾਸਟਰੀ ਝੰਡਾ ਲਹਿਰਾਇਆ ਜਾਵੇਗਾ ਅਤੇ ਵੱਡੇ ਵੱਡੇ ਰਾਜਨੇਤਾ ਅਤੇ ਅਧਿਕਾਰੀ ਲੋਕਾਂ ਨੂੰ ਅਜ਼ਾਦੀ ਦੇ ਮਹੱਤਵ ਅਤੇ ਅਜ਼ਾਦੀ ਤੋਂ ਬਾਦ ਹੋਏ ਵਿਕਾਸ ਸਬੰਧੀ ਲੰਬੇ ਲੰਬੇ ਭਾਸਣ ਦੇਣਗੇ। ਭਾਰਤ ਸਰਕਾਰ ਵਲੋਂ ਅਜਾਦੀ ਦੀ 75ਵੀਂ ਵਰ੍ਹੇਗੰਢ ਮਨਾਉਣ ਸਬੰਧੀ ਵਿਸ਼ੇਸ ਪ੍ਰੋਗਰਾਮ ਤਿਆਰ ਕੀਤੇ ਗਏ ਹਨ। ਇਸ ਸਬੰਧੀ 12 ਮਾਰਚ 2021 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਗੁਜਰਾਤ ਤੋਂ ਅਜਾਦੀ ਦਾ ਅਮ੍ਰਿਤ ਮਹਾਂ ਉੱਤਸਵ ਲਾਂਚ ਕੀਤਾ ਗਿਆ ਹੈ ਜੋਕਿ 75 ਹਫਤੇ ਚੱਲੇਗਾ ਅਤੇ 15 ਅਗੱਸਤ 2022 ਨੂੰ ਮੁਕਮਲ ਹੋਵੇਗਾ। ਜਿਵੇਂ ਅਸੀਂ ਜਾਣਦੇ ਹਾਂ ਕਿ ਪਿਛਲੇ ਸਾਲ 2020 ਵਿੱਚ ਵਿਸ਼ਵ ਵਿੱਚ ਫੈਲੇ ਕੋਰੋਨਾ ਨੇ ਕਾਫੀ ਨੁਕਸਾਨ ਕੀਤਾ ਹੈ ਅਤੇ ਇਸਦਾ ਖਤਰਾ ਅਜੇ ਵੀ ਬਰਕਰਾਰ ਹੈ ਇਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਆਤਮ ਨਿਰਭਰ ਭਾਰਤ ਦਾ ਨਾਹਰਾ ਦਿਤਾ ਹੈ ਜਿਸਨੂੰ ਸਰਕਾਰ ਵਲੋਂ ਹੁਣ 15 ਅਗੱਸਤ, 2021 ਲਈ ਅਜਾਦੀ ਦਿਵਸ ਦਾ ਥੀਮ ਬਣਾਇਆ ਗਿਆ ਹੈ। ਇਸ ਵਾਰ ਅਜਾਦੀ ਦਿਵਸ ਸਬੰਧੀ ਹੋਣ ਵਾਲੇ ਸਮਾਰੋਹਾਂ ਤੇ ਵੀ ਕੋਵਿਡ-19 ਅਤੇ ਚੱਲ ਰਹੇ ਕਿਸਾਨ ਅੰਦੋਲਨ ਦਾ ਅਸਰ ਹੋ ਰਿਹਾ ਹੈ। ਕੋਰੋਨਾ ਤੋਂ ਬਚਾਓ ਲਈ ਇਤਿਹਾਸਕ ਲਾਲ ਕਿਲਾ ਵਿੱਚ ਕੰਮ ਕਰਨ ਵਾਲੇ ਸਮੂਹ ਸਟਾਫ ਦੇ ਟੀਕਾਕਰਨ ਲਈ ਦੋ ਰੋਜਾ ਕੈਂਪ ਲਗਾਇਆ ਗਿਆ ਹੈ। ਪਿਛਲੇ ਸਾਲ ਤੋਂ ਦਿੱਲੀ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦਾ ਵੀ ਇਸ ਵਾਰ ਹੋਣ ਵਾਲੇ ਅਜਾਦੀ ਸਮਾਰੋਹ ਤੇ ਵਿਸ਼ੇਸ ਪ੍ਰਭਾਵ ਪਵੇਗਾ। 26 ਜਨਵਰੀ 2021 ਨੂੰ ਗਣਤੰਤਰ ਦਿਵਸ ਮੌਕੇ ਕਿਸਾਨਾਂ ਵਲੋਂ ਦਿੱਲੀ ਵਿੱਚ ਕੀਤੇ ਗਏ ਟ੍ਰੈਕਟਰ ਮਾਰਚ ਅਤੇ ਲਾਲ ਕਿਲਾ ਵਿੱਚ ਹੋਏ ਦਾਖਲੇ ਤੋਂ ਬਾਦ ਸਰਕਾਰ ਨੇ ਲਾਲ ਕਿਲਾ ਦੀ ਸੁਰੱਖਿਆ ਹੋਰ ਸੱਖਤ ਕਰ ਦਿਤੀ ਹੈ। ਕੋਰੋਨਾ ਕਾਰਨ ਹਾਜਰ ਹੋਣ ਵਾਲੇ ਅਧਿਕਾਰੀਆਂ ਅਤੇ ਮਹਿਮਾਨਾਂ ਦੀ ਗਿਣਤੀ ਵੀ ਘਟਾ ਦਿਤੀ ਗਈ ਹੈ ਅਤੇ ਕਈ ਪ੍ਰੋਗਰਾਮ ਰੱਦ ਕੀਤੇ ਗਏ ਹਨ। ਅਸੀਂ ਸਾਰੇ ਜਾਣਦੇ ਹਾਂ ਕਿ ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਪਹਿਲਾਂ ਮੁਗਲਾਂ ਅਤੇ ਫਿਰ ਅੰਗਰੇਜਾਂ ਕੋਲ ਅਤੇ ਇਸਨੂੰ ਅਜ਼ਾਦ ਕਰਵਾਉਣ ਲਈ ਅਣਗਿਣਤ ਦੇਸ਼ਭਗਤਾਂ ਨੇ ਲੜਾਈਆਂ ਲੜੀਆਂ ਤੇ ਕੁਰਬਾਨੀਆਂ ਦਿਤੀਆਂ ਜਿਸਤੋਂ ਬਾਦ ਆਖਿਰ 15 ਅਗੱਸਤ 1947 ਨੂੰ ਸਾਨੂੰ ਅਜ਼ਾਦੀ ਹਾਸਲ ਹੋਈ। ਇਸ ਅਜਾਦੀ ਦਾ ਮੁੱਲ ਭਾਰਤ ਦੀ ਦੋ ਭਾਗਾਂ ਵਿੱਚ ਵੰਡ, ਵੰਡ ਮਗਰੋਂ ਹੋਈ ਹਿੰਸਾ ਵਿੱਚ ਲੱਖਾਂ ਵਿਅੱਕਤੀਆਂ ਦੀ ਮੌਤ ਅਤੇ ਲੱਗਭੱਗ ਡੇਢ ਕਰੋੜ ਲੋਕਾਂ ਨੂੰ ਅਪਣਾ ਘਰ ਛੱਡਕੇ ਤਾਰਨਾ ਪਿਆ ਸੀ। ਬੇਸ਼ੱਕ ਦੇਸ ਅਜ਼ਾਦ ਹੋਏ 74 ਸਾਲ ਬੀਤ ਗਏ ਹਨ ਪਰ ਇਸ ਅਜ਼ਾਦੀ ਦੀ ਰੋਸ਼ਨੀ ਅਜੇ ਤੱਕ ਵੀ ਬਹੁਤੇ ਦੇਸ਼ ਵਾਸੀਆਂ ਤੱਕ ਨਹੀਂ ਪਹੁੰਚੀ ਹੈ ਅਤੇ ਉਹ ਅਜੇ ਵੀ ਗੁਲਾਮਾਂ ਵਰਗਾ ਜੀਵਨ ਜੀਅ ਰਹੇ ਹਨ। ਬਹੁਤੇ ਲੋਕ ਅਜੇ ਵੀ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ ਅਤੇ ਇਸ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ ਦੇ ਸੁਪਨੇ ਅਧੂਰੇ ਪਏ ਹਨ। ਦੇਸ਼ ਵਿੱਚ ਬਹੁਤੇ ਲੋਕ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਦੇ ਸ਼ਿਕਾਰ ਹਨ ਅਤੇ ਇਨ੍ਹਾਂ ਲੋਕਾਂ ਨੂੰ ਜੀਵਨ ਜਿਉਣ ਲਈ ਮੁਢਲੇ ਜ਼ਰੂਰੀ ਸਾਧਨ ਵੀ ਉਪਲਬੱਧ ਨਹੀਂ ਹੋਏ ਹਨ। ਆਰਥਿਕ ਵਿਕਾਸ ਦੇ ਵੱਡੇ ਵੱਡੇ ਦਾਅਵੇ ਕਰਨ ਵਾਲੇ ਆਗੂਆਂ ਅਤੇ ਅਧਿਕਾਰੀਆਂ ਨੂੰ ਇਹ ਸਭ ਨਜ਼ਰ ਨਹੀਂ ਆ ਰਿਹਾ ਹੈ।

ਬਹੁਤੀ ਆਬਾਦੀ ਨੂੰ ਅੱਜ ਵੀ ਪੀਣ ਵਾਲਾ ਸਾਫ ਪਾਣੀ, ਵਿਦਿੱਅਕ ਅਤੇ ਸਿਹਤ ਸਹੂਲਤਾਂ ਪ੍ਰਾਪਤ ਨਹੀਂ ਹਨ, ਕਰੋੜਾਂ ਲੋਕਾਂ ਕੋਲ ਅੱਜ ਵੀ ਰਹਿਣ ਲਈ ਮਕਾਨ ਨਹੀਂ ਹਨ ਅਤੇ ਫੁੱਟਪਾਥਾਂ, ਰੇਲਵੇ ਸਟੇਸਨਾਂ ਆਦਿ ਤੇ ਰਾਤਾਂ ਕੱਟਦੇ ਹਨ, ਮਹਿਲਾਵਾਂ ਅਤੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ ਭੁੱਖੇ ਪੇਟ ਮੌਤਾਂ ਹੋ ਰਹੀਆਂ ਹਨ, ਕਈ ਮਹਿਲਾਵਾਂ ਨੂੰ ਪਰਿਵਾਰ ਦਾ ਪੇਟ ਪਾਲਣ ਲਈ ਜਿਸਮ ਤੱਕ ਵੇਚਣੇ ਪੈਂਦੇ ਹਨ, ਬਹੁਤੇ ਲੋਕ




ਦਵਾਈਆਂ ਅਤੇ ਸਮੇਂ ਸਿਰ ਸਿਹਤ ਸਹੂਲਤਾਂ ਨਾਂ ਮਿਲਣ ਕਾਰਨ ਇਲਾਜ਼ ਬਿਨਾਂ ਮਰ ਜਾਂਦੇ ਹਨ ਜਦਕਿ ਸਾਡੇ ਬਹੁਤੇ ਰਾਜਨੇਤਾ ਅਤੇ ਅਧਿਕਾਰੀ ਛੋਟੀ-ਛੋਟੀ ਬਿਮਾਰੀ ਹੋਣ ਤੇ ਵੀ ਸਰਕਾਰੀ ਖਰਚੇ ਤੇ ਮਹਿੰਗੇ ਇਲਾਜ਼ ਕਰਵਾਂਦੇ ਹਨ। ਇੱਕ ਪਾਸੇ ਹਰ ਸਾਲ ਲੱਖਾਂ ਟਨ ਆਨਾਜ ਗੋਦਾਮਾਂ ਵਿੱਚ ਸੜ੍ਹ ਰਿਹਾ ਹੈ ਪਰ ਸਰਕਾਰੀ ਅਧਿਕਾਰੀ ਕਿਸੇ ਗਰੀਬ ਦੇ ਮੂੰਹ ਵਿੱਚ ਨਹੀਂ ਪੈਣ ਦਿੰਦੇ ਹਨ, ਉਲਟਾ ਆਨਾਜ ਦੀ ਥੁੜ੍ਹ ਦੱਸ ਕੇ ਬਾਹਰਲੇ ਦੇਸ਼ਾਂ ਤੋਂ ਆਨਾਜ ਮੰਗਵਾਂਦੇ ਹਨ ਅਤੇ ਕਮੀਸ਼ਨਾਂ ਨਾਲ ਆਪਣੀਆਂ ਤਿਜੋਰੀਆਂ ਭਰਦੇ ਹਨ। ਇੱਕ ਗਰੀਬ ਵਿਅਕਤੀ ਦਿਨ ਭਰ ਦੀ ਹੱਡ ਭੰਨਵੀ ਮਿਹਨਤ ਕਰਕੇ ਦੋ ਵਕਤ ਦੀ ਰੋਟੀ ਬੜੀ ਮੁਸ਼ਕਿਲ ਨਾਲ ਖਾਂਦਾ ਹੈ ਦੂਸਰੇ ਪਾਸੇ ਸਾਡੇ ਬਹੁਤੇ ਰਾਜਨੇਤਾ, ਮੰਤਰੀ ਅਤੇ ਸਰਕਾਰੀ ਅਧਿਕਾਰੀ ਸਰਕਾਰ ਤੋਂ ਮੋਟੀ ਤਨਖਾਹ ਵੀ ਲੈਂਦੇ ਹਨ ਅਤੇ ਲੋਕਾਂ ਦੇ ਕੰਮ ਕਰਨ ਦੇ ਬਦਲੇ ਰਿਸ਼ਵਤ ਵੀ ਲੈਂਦੇ ਹਨ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਕਾਨੂੰਨ ਇਸ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ ਕਿ ਅਮੀਰ ਜੁਰਮ ਕਰਕੇ ਵੀ ਬਚ ਜਾਂਦਾ ਹੈ ਪਰ ਗਰੀਬ ਜੁਰਮ ਨਾ ਕਰਕੇ ਵੀ ਫਸ ਜਾਂਦਾ ਹੈ। ਹਜਾਰਾਂ ਰੁਪਏ ਦੇ ਕਰਜ਼ਦਾਰ ਗਰੀਬ ਨੂੰ ਤਾਂ ਬੈਂਕ ਅਤੇ ਪ੍ਰਸ਼ਾਸ਼ਨ ਇੰਨਾ ਤੰਗ ਪ੍ਰੇਸ਼ਾਨ ਕਰਦਾ ਹੈ ਕਿ ਉਹ ਆਤਮ ਹੱਤਿਆ ਤੱਕ ਕਰ ਲੈਂਦਾ ਹੈ ਪਰ ਦੂਜੇ ਪਾਸੇ ਰਾਜਨੀਤਿਕ ਪਹੁੰਚ ਵਾਲੇ ਕਈ ਵਿਅਕਤੀ ਬੈਂਕਾਂ ਦਾ ਕਰੋੜ੍ਹਾਂ ਰੁਪਏ ਲੈਕੇ ਵਿਦੇਸ਼ਾਂ ਨੂੰ ਭੱਜ ਜਾਂਦੇ ਹਨ। ਬਹੁਤੇ ਮੰਤਰੀ ਅਤੇ ਅਧਿਕਾਰੀ ਕਾਨੂੰਨ ਤੋਂ ਵੀ ਉਪਰ ਹਨ ਅਤੇ ਅਪਰਾਧ ਕਰਕੇ ਵੀ ਆਜ਼ਾਦ ਘੁੰਮਦੇ ਹਨ ਅਤੇ ਕਾਨੂੰਨ ਦਾ ਮਜ਼ਾਕ ਉਡਾਉਂਦੇ ਹਨ। ਸਾਡੇ ਦੇਸ਼ ਦੇ ਬਹੁਤੇ ਬੱਚੇ ਸਕੂਲ ਜਾਣ ਦੀ ਉਮਰੇ ਵੀ ਸਿਰ ਤੇ ਮੈਲ ਢੋਕੇ ਆਪਣਾ ਢਿੱਡ ਭਰਦੇ ਹਨ ਕੂੜੇ ਦੇ ਢੇਰਾਂ ਤੇ ਕਾਗਜ ਇਕੱਠੇ ਕਰਦਿਆਂ ਬਚਪਨ ਗੁਜਾਰਦੇ ਹਨ।

ਬਹੁਤੇ ਰਾਜਨੀਤਿਕ ਆਗੂ ਆਏ ਦਿਨ ਗਿਰਗਿਟ ਵਾਂਗ ਰੰਗ ਬਦਲਦੇ ਹਨ ਅਤੇ ਰਾਜਨੀਤਿਕ ਲਾਭ ਲੈਣ ਲਈ ਅਕਸਰ ਰਾਜਨੀਤਿਕ ਪਾਰਟੀਆਂ ਬਦਲਦੇ ਹਨ ਅਤੇ ਰਾਤੋ ਰਾਤ ਇੱਕ ਨੰਬਰ ਦੀ ਦੁਸ਼ਮਣ ਅਤੇ ਦੇਸ਼ ਵਿਰੋਧੀ ਪਾਰਟੀ ਇਨ੍ਹਾਂ ਨੂੰ ਜਾਨ ਤੋਂ ਪਿਆਰੀ ਲੱਗਣ ਲੱਗ ਜਾਂਦੀ ਹੈ ਅਤੇ ਬਹੁਤੇ ਪਰਿਵਾਰਾਂ ਵਿੱਚ ਤਾਂ ਵੱਖ-ਵੱਖ ਮੈਂਬਰ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਿੱਚ ਬੈਠੇ ਹੋਏ ਹਨ। ਸੈਕੜ੍ਹੇ ਸਮਾਜਿਕ ਕੁਰੀਤੀਆਂ ਨਸ਼ੇ, ਦਾਜ ਪ੍ਰਥਾ, ਬਾਲ ਵਿਆਹ ਪ੍ਰਥਾ, ਸਤੀ ਪ੍ਰਥਾ,ਬਾਲ ਮਜਦੂਰੀ, ਧਰਮ- ਜਾਤਿ ਦੇ ਨਾਮ ਤੇ ਕੀਤੇ ਜਾ ਰਹੇ ਅਤਿਆਚਾਰ ਬਹੁਤੇ ਰਾਜਨੀਤਿਕ ਆਗੂਆਂ ਲਈ ਸਿਰਫ ਚੋਣ ਮੁੱਦਾ ਹੀ ਰਹਿੰਦੇ ਹਨ ਅਤੇ ਇਨ੍ਹਾਂ ਸਮੱਸਿਆਵਾਂ ਦਾ ਠੋਸ ਹੱਲ ਕਰਨ ਦੀ ਬਜਾਏ ਫੋਕੀ ਰਾਜਨੀਤੀ ਹੀ ਚਮਕਾਈ ਜਾਂਦੀ ਹੈ।

ਵਿਧਾਨ ਸਭਾਵਾਂ ਅਤੇ ਸੰਸਦ ਵਿੱਚ ਬੈਠੇ ਹਜਾਰਾਂ ਵਿਧਾਇਕ ਅਤੇ ਸਾਂਸਦ ਅਪਣੀਆਂ ਸਹੂਲਤਾਂ ਲਈ ਇੱਕਮੁੱਠ ਹੋ ਜਾਂਦੇ ਹਨ ਜਦਕਿ ਲੋਕਾਂ ਦੀਆਂ ਸਹੂਲਤਾਂ ਵਾਲੇ ਬਿੱਲ ਸਾਲਾਂ ਵੱਧੀ ਲਟਕਦੇ ਰਹਿੰਦੇ ਹਨ। ਸਾਡੇ ਦੇਸ ਵਿੱਚ ਆਮ ਵਿਅਕਤੀ ਦੀ ਜਿੰਦਗੀ ਦੀ ਅਹਮੀਅਤ ਜਾਨਵਰਾਂ ਨਾਲੋਂ ਵੀ ਘੱਟ ਹੈ। ਮਹਿਲਾਵਾਂ ਨਾਲ ਵਾਪਰਦੀਆਂ ਅਪਰਾਧਿਕ ਅਤੇ ਹਿੰਸਕ ਘਟਨਾਵਾਂ, ਬੱਚੀਆਂ ਨਾਲ ਵਾਪਰ ਰਹੀਆਂ ਬਲਾਤਕਾਰ ਦੀਆਂ ਘਟਨਾਵਾਂ, ਜਾਤਿ ਅਧਾਰਤ ਹਿੰਸਾ ਦੀਆਂ ਘਟਨਾਵਾਂ, ਥਾਣਿਆਂ ਅਤੇ ਅਦਾਲਤਾਂ ਵਿੱਚ ਇਨਸਾਫ ਲਈ ਤੜਫਦੇ ਲੋਕ ਅਜਾਦੀ ਦੇ ਜਸ਼ਨਾ ਦਾ ਮੂੰਹ ਚਿੜਾਉਂਦੇ ਹਨ। ਇੰਝ ਜਾਪਦਾ ਹੈ ਕਿ ਦੇਸ਼ ਵਿੱਚ ਮੰਤਰੀਆਂ ਨੂੰ ਘੋਟਾਲੇ ਕਰਨ ਦੀ ਆਜ਼ਾਦੀ, ਸਰਕਾਰੀ ਕਰਮਚਾਰੀਆਂ ਅਤੇ ਅਫਸਰਾਂ ਨੂੰ ਰਿਸ਼ਵਤ ਲੈਣ ਦੀ ਆਜ਼ਾਦੀ, ਮਿਲਾਵਟਖੋਰਾਂ ਨੂੰ ਮਿਲਾਵਟ ਕਰਨ ਦੀ ਆਜ਼ਾਦੀ, ਡਾਕਟਰਾਂ ਨੂੰ ਮਰੀਜ਼ਾਂ ਦੀ ਜਾਨ ਨਾਲ ਖੇਡਣ ਦੀ ਆਜ਼ਾਦੀ, ਪੁਲਿਸ ਨੂੰ ਜਨਤਾ ਤੇ ਅਤਿਆਚਾਰ ਕਰਨ ਦੀ ਆਜ਼ਾਦੀ, ਠੇਕੇਦਾਰਾਂ ਨੂੰ ਘਟੀਆਂ ਨਿਰਮਾਣ ਕਰਨ ਦੀ ਆਜ਼ਾਦੀ, ਸਰਕਾਰੀ ਅਧਿਆਪਕਾਂ ਨੂੰ ਵਿਦਿੱਅਕ ਅਦਾਰਿਆਂ ਵਿੱਚ ਨਾ ਪੜ੍ਹਾਉਣ ਦੀ ਆਜ਼ਾਦੀ ਮਿਲੀ ਹੋਈ ਹੈ। ਬਹੁਤੇ ਜਨਤਕ ਅਦਾਰੇ ਜਿਹੜੇ ਜਨਤਾ ਦੇ ਦਿੱਤੇ ਟੈਕਸਾਂ ਨਾਲ ਬਣਾਏ ਗਏ ਹਨ ਨੂੰ ਪ੍ਰਾਈਵੇਟ ਹੱਥਾਂ ਕੋਲ ਕੋਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ ਅਤੇ ਇਨ੍ਹਾਂ ਨੂੰ ਖਰੀਦਣ ਵਾਲੇ ਵੀ ਮੰਤਰੀਆਂ ਦੇ ਰਿਸ਼ਤੇਦਾਰ ਅਤੇ ਸੰਗੀ ਸਾਥੀ ਹੀ ਹਨ। ਦੇਸ਼ ਦੇ ਵਿਕਾਸ ਵਿੱਚ ਵੱਡਾ ਹਿੱਸਾ ਪਾਣ ਵਾਲੇ ਕਿਸਾਨ ਅਤੇ ਮਜਦੂਰ ਸਰਕਾਰਾਂ ਦੀਆਂ ਬਦਨੀਤੀਆਂ ਕਾਰਨ ਆਤਮ ਹੱਤਿਆਵਾਂ ਕਰਨ ਲਈ ਮਜਬੂਰ ਹਨ ਅਤੇ ਸਰਕਾਰਾਂ ਫੋਕੇ ਵਿਕਾਸ ਦੇ ਦਾਅਵੇ ਕਰ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਧਰਮ ਅਧਾਰਿਤ ਅਤੇ ਜਾਤ ਅਧਾਰਿਤ ਹੋਏ ਦੰਗਿਆ ਕਾਰਨ ਅਤੇ ਘੱਟ ਗਿਣਤੀਆਂ ਤੇ ਹੋ ਰਹੇ ਹਮਲਿਆਂ ਕਾਰਨ ਬਹੁਤੇ ਲੋਕ ਅਪਣੇ ਆਪ ਨੂੰ ਹੁਣ ਵੀ ਗੁਲਾਮ ਹੀ ਸਮਝਣ ਲੱਗ ਪਏ ਹਨ ਜੋ ਸਾਡੇ ਸਭ ਲਈ ਚਿੰਤਾ ਦਾ ਵਿਸ਼ਾ ਹੈ। ਕਈ ਸਥਾਨਾਂ ਤੇ ਸਰਕਾਰੀ ਸਿਸਟਮ ਤੋਂ ਵਿਸਵਾਸ਼ ਉਠਣ ਕਾਰਨ ਲੋਕ ਅਪਣੇ ਫੈਸਲੇ ਅਪਣੇ ਤਰੀਕੇ ਨਾਲ ਕਰਨ ਲੱਗ ਪਏ ਹਨ। ਵਿਕਾਸ ਦਾ ਅਧਾਰ ਮੰਨੇ ਜਾਂਦੇ ਵਿਦਿਅਕ ਅਤੇ ਸਿਹਤ ਅਦਾਰਿਆਂ ਨੂੰ ਵੀ ਸਰਕਾਰਾਂ ਨੇ ਨਿੱਜੀ ਹੱਥਾਂ ਵਿੱਚ ਦੇਕੇ ਲੋਕਾਂ ਦੀ ਲੁੱਟ ਕਰਨ ਦੀ ਖੁੱਲ ਦਿਤੀ ਹੋਈ ਹੈ।

ਅੱਜ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਕੋਰੋਨਾ ਦੌਰਾਨ ਸੜ੍ਹਕਾਂ ਤੇ ਰੁਲਦੇ ਲੋਕਾਂ ਨੇ ਸਰਕਾਰ ਦੇ ਪ੍ਰਬੰਧਾਂ ਦੀ ਪੋਲ ਖੋਲ ਦਿਤੀ ਹੈ ਅਤੇ ਲੋਕਾਂ ਦੀ ਹੋਈ ਖੱਜਲ ਖੁਆਰੀ ਨੇ ਲੋਕਾਂ ਦਾ ਸਰਕਾਰ ਤੋਂ ਭਰੋਸਾ ਹੀ ਖਤਮ ਕਰ ਦਿਤਾ ਹੈ। ਦੇਸ਼ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੇ ਸੁਪਨੇ ਉਦੋਂ ਹੀ ਪੂਰੇ ਹੋਣਗੇ ਜਦੋਂ ਦੇਸ ਦਾ ਆਮ ਵਿਅਕਤੀ ਸਮਾਜਿਕ, ਆਰਥਿਕ, ਰਾਜਨੀਤਿਕ ਤੋਰ ਤੇ ਅਜਾਦ ਹੋਵੇਗਾ, ਸਮਾਜਿਕ ਤੇ ਆਰਥਿਕ ਪਾੜਾ ਘੱਟ ਹੋਵੇਗਾ, ਆਮ ਲੋਕਾਂ ਦੀਆਂ ਸਮਸਿਆਵਾਂ ਦੇ ਹੱਲ ਅਤੇ ਵਿਕਾਸ ਲਈ ਸਰਕਾਰਾਂ ਤਨਦੇਹੀ ਨਾਲ ਕੰਮ ਕਰਨਗੀਆਂ, ਦੇਸ਼ ਵਿਚੋਂ ਭੁੱਖਮਰੀ ਖਤਮ ਹੋ ਜਾਵੇਗੀ, ਕੋਈ ਵੀ ਨਾਗਰਿਕ ਇਲਾਜ ਲਈ ਨਹੀਂ ਤਰਸੇਗਾ, ਜਾਤ ਅਤੇ ਧਰਮ ਦੇ ਅਧਾਰ ਤੇ ਹੋ ਰਿਹਾ ਵਿਤਕਰਾ ਖਤਮ ਹੋ ਜਾਵੇਗਾ। ਅਜਾਦੀ ਦਾ ਸਮੇਂ ਸਮੇਂ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਵਿਰੋਧ ਕੀਤਾ ਗਿਆ ਹੈ ਅਤੇ ਸਰਕਾਰ ਨੂੰ ਅਜਾਦੀ ਦਿਵਸ ਮੌਕੇ ਵਿਸੇਸ ਸੁਰੱਖਿਆ ਪ੍ਰਬੰਧ ਕਰਨੇ ਪਏ ਹਨ।

ਅੱਜ ਅਜ਼ਾਦੀ ਦਿਵਸ ਤੇ ਸਰਕਾਰਾਂ ਅਤੇ ਲੋਕਾਂ ਨੂੰ ਇਹ ਨਿਸਚੈ ਕਰਨਾ ਹੋਵੇਗਾ ਕਿ ਇਸ ਅਜ਼ਾਦੀ ਦੀ ਹਵਾ ਦੇਸ਼ ਦੇ ਹਰ ਨਾਗਰਿਕ ਤੱਕ ਪਹੁੰਚਾਣ ਲਈ ਕੰਮ ਕਰਾਂਗੇ ਤਾਂ ਜੋ ਸਹੀ ਅਰਥਾਂ ਵਿੱਚ ਦੇਸ਼ ਵਿਕਸਿਤ ਹੋ ਸਕੇ ਅਤੇ ਅਜਾਦੀ ਦਾ ਆਨੰਦ ਹਰ ਕੋਈ ਮਾਣ ਸਕੇ ਅਤੇ ਭਰਿਤ ਦੇਸ਼ ਸਹੀ ਅਰਥਾਂ ਵਿੱਚ ਮਹਾਨ ਬਣ ਸਕੇ।

# ਨਿਊਜ਼ੀਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਭਾਰਤ ਦਾ 75ਵਾਂ ਆਜ਼ਾਦੀ ਦਿਵਸ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਭਾਰਤ ਦਾ 75ਵਾਂ ਆਜ਼ਾਦੀ ਦਿਵਸ ਨਿਊਜ਼ੀਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਬੜੇ ਜੋਸ਼ੋ-ਖਰੋਸ਼ ਅਤੇ ਦੇਸ਼ ਭਗਤੀ ਦੇ ਗੀਤਾਂ ਨਾਲ ਮਨਾਇਆ ਗਿਆ। ਆਜ਼ਾਦੀ ਦਿਵਸ ਦਾ ਪਹਿਲਾ ਸਮਾਗਮ ਸ਼ਹਿਰ ਹਮਿਲਟਨ ਵਿਖੇ 14 ਅਗਸਤ ਦੀ ਸ਼ਾਮ ਨੂੰ ਕੰਟਰੀ ਸੈਕਸ਼ਨ ਨਿਊਜੀਲੈਂਡ ਇੰਡੀਅਨ ਐਸੋਸੀਏਸ਼ਨ ਵੱਲੋਂ ਮਨ-ਾਇਆ ਗਿਆ। 1926 ਤੋਂ ਬਣੀ ਇਸ ਸੰਸਥਾ ਨੂੰ 95 ਸਾਲ ਹੋ ਗਏ ਹਨ ਤੇ ਭਾਰਤੀ ਲੋਕਾਂ ਦੀ ਤਰਜ਼ਮਾਨੀ ਕਰਦੀ ਇਸ ਸੰਸਥਾ ਦਾ ਵੱਡਾ ਇਤਿਹਾਸ ਹੈ। 75ਵੇਂ ਆਜ਼ਾਦੀ ਸਮਾਗਮ ਦੇ ਵਿਚ ਸਥਾਨਿਕ ਸਾਂਸਦ, ਅੰਦਰੂਨੀ ਮਾਮਲਿਆਂ ਦਾ ਵਿਭਾਗ ਅਤੇ ਕੌਂਸਿਲ ਮੈਂਬਰ ਇਸ ਮੌਕੇ ਪਹੁੰਚੇ ਸਨ। ਸਮਾਗਮ ਦੀ ਸ਼ੁਰੂਆਤ ਪ੍ਰਧਾਨ ਸ. ਰੁਪਿੰਦਰ ਸਿੰਘ ਵਿਰਕ ਹੋਰਾਂ ਜੀ ਆਇਆਂ ਆਖ ਕੇ ਕੀਤੀ। ਝੰਡਾ ਲਹਿਰਾਉਣ ਦੀ ਰਸਮ ਸਮੁੱਚੇ ਕਮੇਟੀ ਮੈਂਬਰਾਂ ਵੱਲੋਂ ਸਾਂਝੇ ਰੂਪ ਵਿਚ ਕੀਤੀ ਗਈ। ਭਾਰਤ ਅਤੇ ਨਿਊਜ਼ੀਲੈਂਡ ਦਾ ਝੰਡਾ ਇਕੱਠਿਆਂ ਲਹਿਰਾਇਆ ਗਿਆ। ਰਾਸ਼ਟਰੀ ਗੀਤ ਵੱਜਿਆ। ਸਭਿਆਚਾਰਕ ਪ੍ਰੋਗਰਾਮ ਦੇ ਵਿਚ ਬੱਚਿਆਂ ਨੇ ਕਈ ਆਈਟਮਾਂ ਪੇਸ਼ ਕੀਤੀਆਂ। 7 ਵੱਖ-ਵੱਖ ਸਮਾਜਿਕ ਸੰਸਥਾਵਾਂ ਦੇ ਪ੍ਰਤੀਨਿਧੀ ਉਥੇ ਪਹੁੰਚੇ ਸਨ। ਗੌਰਡਨ ਹਾਲ ਦੇ ਵਿਚ ਹੋਇਆ ਇਹ ਹਾਲ ਬਿਲਕੁਲ ਭਰ ਗਿਆ ਸੀ ਅਤੇ ਲੋਕਾਂ ਨੇ ਇਕ ਦੂਜੇ ਨੂੰ ਆਜ਼ਾਦੀ ਦਿਵਸ ਮੁਬਾਰਕ ਆਖਿਆ। ਚਾਹ-ਪਾਣੀ ਦਾ ਵੀ ਵਧੀਆ ਪ੍ਰਬੰਧ ਕੀਤਾ ਗਿਆ ਅਤੇ ਇਸਦਾ ਕੁਝ ਹਿੱਸਾ ਵੀ ਸਮਾਜਿਕ ਕਾਰਜਾਂ ਵਾਸਤੇ ਭੇਜਿਆ ਗਿਆ।



ਦੂਜਾ ਵੱਡਾ ਸਮਾਗਮ ਭਾਰਤੀ ਹਾਈ ਕਮਿਸ਼ਨ ਅਤੇ ਆਨਰੇਰੀ ਕੌਂਸਿਲ ਔਕਲੈਂਡ ਦਫਤਰ ਵੱਲੋਂ ਸਾਂਝੇ ਰੂਪ ਵਿਚ ਮਹਾਤਮਾ ਗਾਂਧੀ ਸੈਂਟਰ ਔਕਲੈਂਡ ਵਿਖੇ ਕੀਤਾ ਗਿਆ। ਇਸ ਮੌਕੇ ਭਾਰਤੀ ਹਾਈ ਕਮਿਸ਼ਨਰ ਸ੍ਰੀ ਮੁਕਤੇਸ਼ ਪ੍ਰਦੇਸ਼ੀ ਨੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਤੇ ਰਾਸ਼ਟਰੀ ਗੀਤ ਦਾ ਗਾਇਨ ਕੀਤਾ ਗਿਆ। ਇਸ ਉਪਰੰਤ ਨਿਊਜ਼ੀਲੈਂਡ ’ਚ ਪਹਿਲੀ ਭਾਰਤੀ ਮੂਲ ਦੀ ਮਹਿਲਾ ਮੰਤਰੀ ਪ੍ਰਿਅੰਕਾ ਰਾਧਾਕ੍ਰਿਸ਼ਨ ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਭੇਜਿਆ ‘ਪ੍ਰਵਾਸੀ ਭਾਰਤੀਆ ਐਵਾਰਡ’ ਭੇਟ ਕੀਤਾ ਗਿਆ। ਇਹ ਪਹਿਲੀ ਵਾਰ ਸੀ ਕਿ 1500 ਦੀ ਸਮਰੱਥਾ ਵਾਲਾ ਸਾਰਾ ਹਾਲ ਭਰ ਗਿਆ ਸੀ ਅਤੇ ਲੋਕ ਬਾਹਰ ਖੜ੍ਹੇ ਸਨ। ਰੰਗਾ-ਰੰਗ ਪ੍ਰੋਗਰਾਮ ਦੇ ਵਿਚ ਦੇਸ਼ ਭਗਤੀ ਦੇ ਗੀਤ, ਲੋਕ ਨਾਚ ਅਤੇ ਹੋਰ ਕਈ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਔਕਲੈਂਡ ਦੇ ਮੇਅਰ ਸ੍ਰੀ ਫਿਲ ਗੌਫ, ਮੰਤਰੀ ਸ੍ਰੀ ਮਾਈਕਲ ਵੁੱਡ ਅਤੇ ਅਨੇਕਾਂ ਹੋਰ ਸਾਬਕਾ ਅਤੇ ਮੌਜੂਦਾ ਸੰਸਦ ਮੈਂਬਰ ਹਾਜ਼ਿਰ ਸਨ। ਦੇਸ਼ ਦੀ ਰਾਜਧਾਨੀ ਵਲਿੰਗਨ ਵਿਖੇ ਸਥਿਤ ਭਾਰਤ ਭਵਨ ਦੇ ਵਿਚ ਵੀ ਰਾਸ਼ਟਰੀ ਤਿਰੰਗਾ ਲਹਿਰਾਇਆ ਗਿਆ।

**ਸਾਊਥ ਔਕਲੈਂਡ ਦੇ ਹਾਈ ਸਕਲ ’ਚ ਪਹਿਲੀ ਵਾਰ ਭਾਰਤੀ ਤਿਰੰਗਾ:** ਅੱਜ ਸਵੇੱਰੇ ਵੱਡੇ ਸਮਾਗਮ ਤੋਂ ਪਹਿਲਾਂ ਆਨਰੇਰੀ ਕੌਂਸਿਲ ਸ੍ਰੀ ਭਵ ਢਿੱਲੋਂ ਨੇ ਮੈਨੁਰੇਵਾ ਹਾਈ ਸਕੂਲ ਦੇ ਵਿਚ ਭਾਰਤੀ ਤਿਰੰਗਾ ਲਹਿਰਾਇਆ। ਇਸ ਮੌਕੇ ਸਾਬਕਾ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ, ਮਾਣਯੋਗ ਜੱਜ ਸ੍ਰੀ ਅਜੀਤ ਸਵਰਨ ਸਿੰਘ, ਸਕੂਲ ਦਾ ਪ੍ਰਿੰਸੀਪਲ, ਸਟਾਫ, ਬੱਚੇ ਅਤੇ ਕੁਝ ਹੋਰ ਪਤਵੰਤੇ ਸੱਜਣ ਹਾਜ਼ਿਰ ਸਨ। ਇਹ ਸਮਾਗਮ ਸ਼ਾਇਦ ਪਹਿਲੀ ਵਾਰ ਇਥੇ ਦੇ ਕਿਸੇ ਸਕੂਲ ਵਿਚ ਹੋਇਆ।

ਜਿਸ ਦਾ ਸਿੱਧਾ ਮਤਲਬ ਹੈ ਕਿ ਸਾਊਥ ਔਕਲੈਂਡ ਦੇ ਵਿਚ ਭਾਰਤੀ ਕਮਿਊਨਿਟੀ ਅਤੇ ਕੀਵੀ ਕਮਿਊਨਿਟੀ ਦੇ ਨਾਲ ਆਪਸੀ ਸਮਝ ਹੋਰ ਵਧੀ ਹੈ। ਦੋਹਾਂ ਦੇਸ਼ਾਂ ਦੀ ਆਪਸੇ ਮਿਲਵਰਤਣ ਪ੍ਰਤੀ ਸ੍ਰੀ ਭਵ ਢਿੱਲੋਂ ਨੇ ਕਿਹਾ ਹੈ ਕਿ ਅਗਲੇ ਸਾਲ ਸ਼ਾਇਦ ਇਸ ਤੋਂ ਵੱਧ ਸਕੂਲਾਂ ਦੇ ਵਿਚ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਕੀਤੀ ਜਾਵੇ। ਅਜਿਹਾ ਹੋਣਾ ਸਾਬਿਤ ਕਰਦਾ ਹੈ ਕਿ ਭਾਰਤੀ ਅਤੇ ਨਿਊਜ਼ੀਲੈਂਡ ਦੇ ਸਮਾਜ ਵਿਚ ਰਿਸ਼ਤਿਆਂ ਦੀ ਪ੍ਰਵਾਨਗੀ ਹੋਰ ਪ੍ਰਵਾਨ ਹੋ ਰਹੀ ਹੈ। ਇਸ ਖੇਤਰ ਦੇ ਵਿਚ ਭਾਰਤੀ ਦੀ ਵਸੋਂ ਬਹੁਤ ਸੰਘਣੀ ਹੈ ਅਤੇ ਬਹੁਤ ਸਾਰੇ ਧਾਰਮਿਕ ਅਸਥਾਨ ਹਨ।

**ਨਹਿਰੂ ਹਾਲ ਪੁੱਕੀਕੋਹੀ ਵਿਖੇ ਮਨਾਇਆ ਗਿਆ ਆਜ਼ਾਦੀ ਦਿਵਸ:** ਲਾਗਲੇ ਸ਼ਹਿਰ ਪੁੱਕੀਕੋਹੀ ਵਿਖੇ 1953 ਦੇ ਵਿਚ ਬਣੇ ਨਹਿਰੂ ਹਾਲ ’ਚ ਵੀ ਭਾਰਤੀ ਤਿਰੰਗਾ ਲਹਿਰਾਇਆ ਗਿਆ। ਇਥੇ ਪਹਿਲੀ ਵਾਰ 1953 ਦੇ ਵਿਚ ਝੰਡਾ ਲਹਿਰਾਇਆ ਗਿਆ ਸੀ ਅਤੇ ਹਰ ਸਾਲ ਪੁੱਕੀਕੋਹੀ ਇੰਡੀਅਨ ਐਸੋਸੀਏਸ਼ਨ ਵੱਲੋਂ ਇਹ ਸਮਾਗਮ ਉਲੀਕਿਆ ਜਾਂਦਾ ਹੈ। ਇਸ &;ਵਾਰ ਝੰਡਾ ਲਹਿਰਾਉਣ ਦੀ ਰਸਮ ਸ੍ਰੀ ਲਾਲੂ ਭਗਤਾ (ਸੀਨੀਅਰ ਮੈਂਬਰ) ਵੱਲੋਂ ਕੀਤੀ ਗਈ। ਇਸ ਤੋਂ ਬਾਅਦ ਰਾਸ਼ਟਰੀ ਗਾਨ ਕੀਤਾ ਗਿਆ। ਇਸ ਤੋਂ ਬਾਅਦ ਸਾਰੇ ਪੁੱਜੇ ਮਹਿਮਾਨਾਂ ਨੂੰ ਚਾਹ ਪਾਣੀ ਪਿਲਾਇਆ ਗਿਆ।

# 21ਵੀਂ ਸਦੀ 'ਚ ਵੀ ਮਹਿਲਾਵਾਂ ਨਾਲ ਬਦਸਲੂਕੀ ਤੇ ਵਿਤਕਰਾ ਚਿੰਤਾ ਦਾ ਵਿਸ਼ਾ







ਮਰਦ ਪ੍ਰਧਾਨ ਸਮਾਜ 'ਚ ਔਰਤ ਬਰਾਬਰ ਮੋਢੇ ਨਾਲ ਮੋਢਾ ਲਗਾਕੇ ਆਪਣਾ ਫਰਜ ਅਦਾ ਕਰ ਰਹੀ ਹੈ ਪਰ ਕੁਝ ਘਟੀਆ ਸੋਚ ਦੇ ਮਾਲਕ ਉਸ ਜੱਗ ਜਨਣੀ ਦੀ ਕੁੱਖੋ ਪੈਦਾ ਹੋਕੇ ਔਰਤ ਨਾਲ ਬਦਸਲੂਕੀਆਂ, ਛੇੜਛਾੜ, ਰੇਪ ਕਰਨ ਚ ਕੋਈ ਕਸਰ ਂਨਹੀ ਛੱਡਦੇ ਤੇ ਪਿਛਲੇ ਦਿਨੀ ਦਿਲੀ 'ਚ ਬਲਾਤਕਾਰੀ ਦਰਿੰਦਿਆ ਵਲੋਂ ਇੱਕ ਲੜਕੀ ਦਾ ਰੇਪ ਕਰਕੇ ਉਸ ਨੂੰ ਮੋਤ ਦੇ ਘਾਟ ਉਤਾਰ ਦਿਤਾ ਗਿਆ ਦੇਸ਼ ਦੀ ਉੱਚ ਕੋਟੀ ਦੀ ਖਿਡਾਰਨ ਵੰਦਨਾ ਕਟਾਰੀਆ ਹਰਿਦੁਆਰ 'ਚ ਉਸਦੇ ਘਰ ਦੇ ਬਾਹਰ ਭੱਦੀ ਸ਼ਬਦਾਵਲੀ ਵਰਤੀ ਗਈ ਤੇ ਇਨਾਂ ਮੁਦਿਆਂ ਤੇ ਮਹਿਲਾਵਾਂ ਵਲੋਂ ਆਪਣੇ ਵਿਚਾਰ ਪੇਸ਼ ਕੀਤੇ ਬਲਵਿੰਦਰ ਕੋਰ ਸਾ. ਸਰਪੰਚ ਝਿੰਗੜਾਂ ਨੇ ਆਖਿਆ ਕਿ ਘਟੀਆ ਸੋਚ ਤੇ ਗਿੱਟੇ ਦੀ ਮੋਚ ਓਹਿ ਇਨਸਾਨ ਨੂੰ ਅੱਗੇ ਨਹੀਂ ਵੱਧਣ ਦਿੰਦੀ ਤੇ ਇਸ ਤਰਾਂ ਹਰਕਤਾ ਉਹ ਲੋਕ ਕਰਦੇ ਹਨ ਜਿਨਾਂ ਔਰਤ ਦੀ ਸਮਾਜ ਪ੍ਰਤੀ ਕੀ ਦੇਣ ਹੈ ਬਲਕਿ ਇੱਕ ਔਰਤ ਨੇ ਇਹ ਸਮਾਜ ਸਿਰਜਿਆ ਹੈ ਤੇ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜਾ ਵੀ ਔਰਤ ਜਾਤ ਪ੍ਰਤੀ ਕੋਈ ਘਟੀਆ ਹਰਕਤ ਕਰਦਾ ਹੈ ਉਸ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ ਤੇ ਉਹ ਲੋਕ ਕਿੰਨੀ ਵੀ ਵੱਡੀ ਪੱਦਵੀ ਵਾਲਾ ਹੋਵੇ ਸਿਮਰਨ ਅੰਬੇਡਕਰ ਨੇ ਆਖਿਆ ਕਿ ਬੜੀ ਮਾੜੀ ਗੱਲ ਹੈ ਕਿ ਉਨਾਂ ਸਮਾਜ ਵਿਰੋਧੀ ਅਨਸਰਾਂ ਲਈ ਜਿਹੜੇ ਖੁਦ ਇਸ ਔਰਤ ਦੀ ਕੁਖੋ ਜਨਮ ਲੇਕੇ ਉਸ ਔਰਤ ਦਾ ਅਪਮਾਨ ਕਰਦੇ ਹਨ ਬਲਕਿ ਔਰਤ ਸਮਾਜ ਚ ਮਾਂ, ਭੈਣ, ਪਤਨੀ ਅਤੇ ਧੀ ਦਾ ਰੋਲ ਅਦਾ ਕਰਦੀ ਹੈ ਸਰਕਾਰ ਨੂੰ ਚਾਹੀਦਾ ਕਿ ਕਾਨੂੰਨ ਸਾਰਿਆਂ ਲਈ ਇੱਕ ਹੈ ਬੇਸ਼ੱਕ ਉਹ ਮਹਿਲਾ ਪ੍ਰਤੀ ਮਾੜਾ ਸਲੂਕ ਕਰਨ ਵਾਲਾ ਕਿੰਨੇ ਵੀ ਵੱਡੇ ਅਹੁਦੇ ਜਾਂ ਉਚ ਜਾਤੀ ਦਾ ਹੋਵੇ ਉਸ ਨੂੰ ਸਖਤ ਸਜਾ ਮਿਲਣੀ ਚਾਹੀਦੀ ਹੈ ਪੰਮੀ ਰੁੜਕਾ ਨੇ ਆਖਿਆ ਕਿ ਮੈਂ ਲੱਖ ਵਾਰ ਸ਼ੁਕਰੀਆ ਅਦਾ ਕਰਦੀ ਹਾਂ ਭਾਰਤ ਰਤਨ ਡਾ.ਭੀਮ ਰਾਓ ਅੰਬੇਡਕਰ ਜੀ ਦਾ ਜਿੰਨਾ ਨੇ ਔਰਤ ਵਰਗ ਨੂੰ ਸੰਵਿਧਾਨ ਮੁਤਾਬਕ ਮਰਦ ਦੇ ਬਰਾਬਰ ਦਾ ਕਾਨੂਨ ਬਣਾਕੇ ਬਹੁਤ ਵੱਡਾ ਉਪਕਾਰ ਕੀਤਾ ਅਸੀ ਬਾਬਾ ਸਾਹਿਬ ਦੀ ਦੇਣ ਸਾਰੀ ਉਮਰ ਨਹੀਂ ਦੇ ਸਕਦੇ ਪਰ ਜੋ ਦੇਸ਼ ਦੀ ਧੀ ਵੰਦਨਾ ਕਟਾਰੀਆ ਨਾਲ ਸ਼ਰਾਰਤੀ ਅਨਸਰਾਂ ਵਲੋਂ ਉਸ ਦੇ ਘਰ ਅੱਗੇ ਹੁਲੜਬਾਜੀ ਕੀਤੀ ਬੜੀ ਸ਼ਰਮਨਾਕ ਗੱਲ ਹੈ ਉਥੇ ਦੀ ਸਰਕਾਰ ਨੂੰ ਚਾਹੀਦਾ ਕਿ ਉਨਾਂ ਖਿਲਾਫ ਸਖਤ ਕਾਰਵਾਈ ਹੋਵੇ ਜਿਨਾ ਨੇ ਉਸ ਧੀ ਨੂੰ ਨੀਵੀ ਜਾਤ ਦੀ ਹੋਣ ਕਰਕੇ ਬਤਮੀਜੀ ਕੀਤੀ ਜਿਸ ਨੇ ਦੇਸ਼ ਦਾ ਨਾਮ ਚਮਕਾਇਆ।

ਨੀਲਮ ਸਹਿਜਲ ਨੇ ਆਖਿਆ ਕਿ ਅੱਜ 21ਵੀ ਸਦੀ 'ਚ ਵੀ ਬਹੁਤੇ ਮਰਦ ਔਰਤ ਨੂੰ ਬਰਾਬਰ ਬੈਠਣ ਤੱਕ ਨਹੀਂ ਦਿੰਦੇ ਤੇ ਔਰਤ ਨੂੰ ਘਰ ਦੀ ਚਾਰ ਦਿਵਾਰੀ ਚ ਕੈਦ ਕਰਕੇ ਰੱਖ ਰਹੇ ਹਨ ਪਰ ਅੱਜ ਦੀ ਔਰਤ ਇੱਕ ਮਹਾਨ ਹੈ ਜੋ ਆਪਣੇ ਦੇਸ਼ ਦੀ ਖਾਤਰ ਜਾਨ ਦੀ ਬਾਜੀ ਲਗਾਉਣ ਲਈ ਤਿਆਰ ਹੋ ਜਾਂਦੀ ਹੈ ਅੱਜ ਦੀ ਮਹਿਲਾ ਆਪਣੇ ਦੇਸ਼ ਦੇ ਬਾਡਰਾਂ ਤੇ ਰਾਖੀ ਕਰਦੀ ਹੈ ਤੇ ਖੇਡਾਂ ਚ ਤਮਗੇ ਲਿਆਉਣ ਲਈ ਦਿਨ ਰਾਤ ਇੱਕ ਕਰਦੀ ਹੈ ਪਰ ਸਮਾਜ ਦੇ ਘਟੀਆ ਲੋਕ ਔਰਤ ਜਾਤ ਨਾਲ ਵਿਤਕਰਾ ਤੇ ਬਦਸਲੂਕੀ ਕਰਕੇ ਉਹ ਔਰਤ ਜਾਤ ਨਾਲ ਨਹੀਂ ਸਗੋਂ ਆਪਣੇ ਪਰਿਵਾਰ ਦੀਆਂ ਮਹਿਲਾਵਾਂ ਨਾਲ ਇਹ ਘਟੀਆਂ ਸਲੂਕ ਕਰ ਰਹੇ ਹਨ ਉਨਾਂ ਨੂੰ ਚਾਹੀਦਾ ਕਿ ਇਹ ਔਰਤ ਝਾਂਸੀ ਦੀ ਰਾਣੀ,ਕਲਪਨਾ ਚਾਵਲਾ,ਰਾਮਾ ਬਾਈ,ਫੂਲਨ ਦੇਵੀ ਆਦਿ ਆਪਣੀਆ ਅਹਿਮ ਭੂਮਿਕਾ ਨਿਭਾ ਰਹੀਆ ਹਨ।

ਨਿਰਮਲ ਕੋਰ ਸਾਬਕਾ ਸਰਪੰਚ ਨੇ ਗੜੀ ਅਜੀਤ ਸਿੰਘ ਨੇ ਆਖਿਆ ਕਿ ਅੱਜ ਮੈਂ ਸਰਪੰਚ ਬਣੀ ਹਾਂ ਤਾਂ ਡਾ.ਭੀਮ ਰਾਓ ਜੀ ਦੀ ਬਦੋਲਤ ਹਾਂ ਪਰ ਕੁਝ ਸਮਾਜ ਚ ਘਟੀਆ ਸੋਚ ਵਾਲੇ ਲੋਕਾਂ ਨੇ ਅੱਜ ਦੇ ਸਮੇਂ ਚ ਵੀ ਔਰਤਾਂ ਤੇ ਅੱਤਿਆਚਾਰ ਕਰਨ ਚ ਕੋਈ ਕਸਰ ਨਹੀਂ ਛੱਡੀ ਜੋ ਹਰ ਸ਼ੋਸਲ ਮੀਡੀਆਤੇ ਔਰਤਾਂ ਨਾਲ ਹੋਪ ਰਹੀਆਂ ਬਦਸਲੂਕੀਆਂ ਮਹਿਲਾਵਾਂ ਨੂੰ ਸ਼ਰ-ਮਸ਼ਾਰ ਕਰ ਰਹੀਆਂ ਹਨ ਤੇ ਸਮੈਂ ਸਮੇਂ ਦੀਆਂ ਸਰਕਾਰਾਂ ਇਸ ਤਰਾ ਦੇ ਕੇਸਾਂ ਚ ਲਿਪਾ ਪੋਚੀ ਕਰਕੇ ਪਰਾਂ ਹੁੰਦੀਆਂ ਹਨ ਬਲਕਿ ਕੋਈ ਦਾਜ ਦੀ ਬਲੀ ਚੜ ਗਈ,ਕੋਈ ਰੇਪ ਦੀ ਸ਼ਿਕਾਰ ਹੋ ਗਈ ,ਕੋਈ ਤੇਜਾਬ ਚ ਝੁਲਸ ਗਈ, ਕੋਈ ਛੇੜਛਾੜ ਦੇ ਚੱਕਰ ਬੇਇਜਤੀ ਤੋਂ ਡਰਦੀ ਖੁਦਕਸ਼ੀ ਕਰਕੇ ਜਹਾਨ ਛੱਡ ਜਾਂਦੀ ਹੈ ਤੇ ਮਾੜੀ ਹਰਕਤ ਕਰਨ ਵਾਲੇ ਸ਼ਰੇਆਮ ਬਾਹਰ ਘੁੰਮਦੇ ਹਨ ਤੇ ਉਨਾਂ ਖਿਲਾਫ ਸਖਤ ਕਰਾਵਾਈ ਕਰਨ ਦੀ ਲੋੜ ਹੇ ਤਾਂ ਜੋ ਆਉਣ ਵਾਲੇ ਸਮੇਂ 'ਚ ਔਰਤ ਜਾਤ ਨਾਲ ਕੋਈ ਮਾੜੀ ਹਰਕਤ ਨਾਂ ਕਰੇ ਤੇ ਬੇਟੀ ਬਚਾਓ ਬੇਟੀ ਪੜਾਓ ਦਾ ਨਾਅਰਾ ਤਾਂਹੀ ਸਫਲ ਹੋਵੇਗਾ ਜੇਕਰ ਹਰ ਥਾਂ ਔਰਤਾਂ ਦਾ ਮਾਣ ਸਨਮਾਨ ਹੋਵੇ।

– ਬੱਗਾ ਸੇਲਕੀਆਣਾ

# ਦੇਸ਼ ਦੇ ਬਹੁ ਮੰਤਵੀ ਰਣਜੀਤ ਸਾਗਰ ਡੈਮ ਪ੍ਰਾਜੈਕਟ ਤੋਂ 32467 ਮਿਲੀਅਨ ਯੂਨਿਟ ਬਿਜਲੀ ਪੈਦਾ ਕੀਤੀ: ਮੁੱਖ ਇੰਜੀਨੀਅਰ



**ਪਠਾਨਕੋਟ,16 ਅਗਸਤ** – ਦੇਸ਼ ਦੇ ਬਹੁ ਮੰਤਵੀ ਰਣਜੀਤ ਸਾਗਰ ਡੈਮ ਪ੍ਰਾਜੈਕਟ ਤੋਂ 32467 ਮਿਲੀਅਨ ਯੂਨਿਟ ਬਿਜਲੀ ਪੈਦਾ ਕੀਤੀ ਜਾ ਚੁੱਕੀ ਹੈ, ਜਿਸ ਕਾਰਨ ਸਰਕਾਰ ਨੂੰ ਹੁਣ ਤੱਕ 14309 ਕਰੋੜ ਰੁਪਏ ਦੀ ਬਿਜਲੀ ਉਤਪਾਦਨ ਤੋਂ ਆਮਦਨ ਹੋਈ ਹੈ। ਇਹ ਗੱਲ ਰਣਜੀਤ ਸਾਗਰ ਡੈਮ ਅਤੇ ਸ਼ਾਹਪੁਰ ਕੰਢੀ ਬੈਰਾਜ ਡੈਮ ਦੇ ਮੁੱਖ ਇੰਜੀਨੀਅਰ ਰਾਮ ਦਰਸ਼ਨ ਸਾਬਾ ਨੇ ਦੇਸ਼ ਦੇ 75 ਵੇਂ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਸੀਨੀਅਰ ਸੈਕੰਡਰੀ ਸਕੂਲ, ਸ਼ਾਹਪੁਰ ਕੰਢੀ (ਪਠਾਨਕੋਟ) ਵਿਖੇ ਆਯੋਜਿਤ ਪ੍ਰੋਗਰਾਮ ਵਿੱਚ ਇਕੱਠ ਨੂੰ ਸੰ-ਬੋਧਨ ਕਰਦਿਆਂ ਕਹੀ।ਉਨ੍ਹਾਂ ਕਿਹਾ ਕਿ ਰਣਜੀਤ ਸਾਗਰ ਡੈਮ ਪ੍ਰਾਜੈਕਟ 'ਤੇ ਸਰਕਾਰ ਦਾ ਕੁੱਲ ਖਰਚਾ 3800 ਕਰੋੜ ਰੁਪਏ ਸੀ ਅਤੇ ਇਹ ਸਾਲ 2001 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਅਟਲ ਵਿਹਾਰੀ ਵਾਜਪਾਈ ਦੁਆਰਾ ਦੇਸ਼ ਨੂੰ ਸਮਰਪਿਤ ਕੀਤਾ ਗਿਆ ਸੀ। ਇਸ ਦੇ ਨਾਲ ਹੀ ਇਸ ਡੈਮ ਪ੍ਰਾਜੈਕਟ ਦੀ ਦੂਜੀ ਇਕਾਈ ਸ਼ਾਹਪੁਰ ਕੰਡੀ ਡੈਮ ਪ੍ਰਾਜੈਕਟ ਦਾ ਨਿਰਮਾਣ ਕਾਰਜ ਵੀ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਅਤੇ ਇਸ ਦਾ ਨਿਰਮਾਣ ਸਾਲ 2022 ਵਿੱਚ ਮੁਕੰਮਲ ਹੋ ਜਾਵੇਗਾ। ਇਸ ਪ੍ਰਾਜੈਕਟ ਦੇ ਨਿ-ਰਮਾਣ ਨਾਲ ਜਿੱਥੇ ਸ਼ਾਹਪੁਰ ਕੰਡੀ ਬੈਰਾਜ ਡੈਮ ਤੋਂ 206 ਮੈਗਾਵਾਟ ਬਿਜਲੀ ਪੈਦਾ ਕੀਤੀ ਜਾਵੇਗੀ, ਉੱਥੇ ਹੀ ਰਣਜੀਤ ਸਾਗਰ ਡੈਮ ਪ੍ਰਾਜੈਕਟ ਪੂਰੀ ਸਮਰੱਥਾ ਨਾਲ 600 ਮੈਗਾਵਾਟ ਬਿਜਲੀ ਪੈਦਾ ਕਰੇਗਾ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਸਰਕਾਰ ਨੂੰ ਸੈਰ -ਸਪਾਟੇ, ਮੱਛੀ ਪਾਲਣ, ਸੱਭਿਆਚਾਰਕ ਪ੍ਰੋ-ਗਰਾਮਾਂ ਦੇ ਨਾਲ ਕਰੋੜਾਂ ਰੁਪਏ ਦੀ ਵਾਧੂ ਸਾਲਾਨਾ ਆਮਦਨ ਪ੍ਰਾਪਤ ਹੋ ਰਹੀ ਹੈ, ਜਿਸ ਕਾਰਨ ਰਾਜ ਦਾ ਵਿਕਾਸ ਹੋ ਰਿਹਾ ਹੈ।ਇਸ ਦੇ ਨਾਲ ਹੀ ਬਿਜਲੀ ਸੰਕਟ ਨੂੰ ਦੂਰ ਕਰਨ ਲਈ ਮਹੱਤਵਪੂਰਨ ਕੰਮ ਕੀਤਾ ਜਾ ਰਿਹਾ ਹੈ। ਹੜ੍ਹਾਂ ਨੂੰ ਕੰਟਰੋਲ ਕਰਨ ਅਤੇ ਪਾਣੀ ਨੂੰ ਪਾਕਿਸਤਾਨ ਵੱਲ ਜਾਣ ਤੋਂ ਰੋਕਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਰਣਜੀਤ ਸਾਗਰ ਡੈਮ ਪ੍ਰਾਜੈਕਟ ਦੇ ਨਿਰਮਾਣ ਨੂੰ ਪੂਰਾ ਕਰਨ ਲਈ 125 ਤੋਂ ਵੱਧ ਕਰਮਚਾਰੀਆਂ ਨੇ ਆਪਣੀਆਂ ਜਾਨਾਂ ਦੀ ਕੁਰਬਾਨੀ ਦੇ ਕੇ ਇਸ ਪ੍ਰੋਜੈਕਟ ਨੂੰ ਪੂਰਾ ਕੀਤਾ ਸੀ ਜਿਸ ਦੇ ਲਈ ਅਸੀਂ ਸਾਰੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ। ਇਸ ਦੇ ਨਾਲ ਹੀ ਡੈਮ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਮੁੱਖ ਇੰਜੀਨੀਅਰ ਆਰ ਡੀ ਸਾਬਾ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਐਸ ਈ ਹੈੱਡਕੁਆਰਟਰ ਨਰੇਸ਼ ਮਹਾਜਨ, ਐਸ ਈ ਐਡਮਿਨ ਜਨਕ ਰਾਜ ਡੋਗਰਾ, ਐਕਸੀਅਨ ਹੈਡਕੁਆਰਟਰ ਲਖਵਿੰਦਰ ਸਿੰਘ, ਐਕਸੀਅਨ ਹੈੱਡਕੁਆਰਟਰ ਵਿਕਾਂਤ ਆਨੰਦ, ਡਾ: ਆਕਾਸ਼ ਲੂਣਾ, ਡਾ: ਡੀ ਐਨ ਚੌਧਰੀ, ਡਾ: ਰਾਣੀ ਚੌਧਰੀ, ਐਕਸੀਅਨ ਐਮ ਐਮ ਗਿੱਲ, ਐਕਸੀਅਨ ਸੁਰਿੰਦਰ ਕੁਮਾਰ, ਐਸ ਡੀ ਓ ਹਰਭਜਨ ਸਿੰਘ, ਐਸ.ਡੀ.ਓ ਰਮਨਦੀਪ ਸਿੰਘ, ਪ੍ਰਿੰਸੀਪਲ ਮੋਨਿਕਾ ਸ਼ਰਮਾ ਆਦਿ ਹਾਜ਼ਰ ਸਨ।

**ਰਾਜਿੰਦਰ ਸਿੰਘ ਰਾਜਨ ਪਠਾਨਕੋਟ**
**ਮੋਬਾਇਲ ਫੋਨ ਨੰਬਰ 9417427656**

# ਦੋਗਾਣਾ ਗੀਤ ਗੱਪਾਂ ਦਾ ਨਾਨਾ. ਨਾਲ ਚਰਚਾ 'ਚ ਮੀਤ ਬਰਾੜ ਤੇ ਹਰਮਨਦੀਪ



ਅਨੇਕਾਂ ਸੱਭਿਆਚਾਰਕ ਮੇਲਿਆਂ ਦੀ ਸ਼ਿੰਗਾਰ ਸੁਪ੍ਰਸਿੱਧ ਤੇ ਸੁਰੀਲੀ ਦੋਗਾਣਾ ਜੋੜੀ ਮੀਤ ਬਰਾੜ ਤੇ ਬੀਬਾ ਹਰਮਨਦੀਪ ਕੋਰ ਨੇ ਹੁਣ ਤੱਕ ਜਿੰਨੇ ਵੀ ਸੋਲੋ ਜਾਂ ਡਿਊਟ ਗੀਤ ਮਾਰਕੀਟ ਚ ਸਰੋਤਿਆ ਦੇ ਸਨਮੁੱਖ ਕੀਤੇ ਤੇ ਅੱਗਿਓ ਸਰੋਤਿਆਂ ਨੇ ਉਨਾਂ ਗੀਤਾਂ ਨੂੰ ਬੜਾ ਮਾਣ ਸਤਿਕਾਰ ਦਿਤਾ ਤੇ ਸ਼ੋਸਲ ਮੀਡੀਆ ਤੇ ਉਨਾਂ ਗੀਤਾਂ ਬੜਾ ਪਸੰਦ ਕੀਤਾ ਗਿਆ ਤੇ ਕਰੋਨਾ ਮਹਾਂਮਾਰੀ ਦੇ ਚੱਲਦਿਆਂ ਸੰਗੀਤ ਜਗਤ ਚ ਬੜੀ ਨਾਮੋਸ਼ੀ ਛਾ ਗਈ ਸੀ ਤੇ ਕਲਾਕਾਰ, ਸਾਜੀ, ਸਾਊਡ ਆਦਿ ਬਿਲਕੁਲ ਵੇਹਲੇ ਹੋਣ ਕਾਰਨ ਰੋਟੀ ਦੇ ਜੁਗਾੜ ਲਈ ਸਰਕਾਰ ਅੱਗੇ ਅਪੀਲਾਂ ਕੀਤੀਆਂ ਤੇ ਉਸ ਅਕਾਲ ਪੁਰਖ ਦੀ ਹੁਕਮ ਮੁਤਾਬਕ ਦੇਸ਼ ਚ ਕਾਰਬਾਰ ਸੱਭਿਆਚਾਰਕ ਮੇਲੇ ਸ਼ੁਰੂ ਹੋਏ ਸਰੋਤਿਆਂ ਦੀ ਮੰਗ ਅਨੁਸਾਰ ਲੋਕ ਗਾਇਕ ਜੋੜੀ ਮੀਤ ਬਰਾੜ ਤੇ ਬੀਬਾ ਹਰਮਨਦੀਪ ਵਲੋਂ ਇੱਕ ਸਿੰਗਲ ਟਰੈਕ ਪਰਿਵਾਰਕ ਮਾਹੋਲ ਦੀ ਚੋਹਲ ਮੋਹਲ ਦੇ ਮਾਹੋਲ ਤੇ ਸਿੰਗਲ ਟਰੈਕ, ਗੱਪਾਂ ਦਾ ਨਾਨਾ, ਸ਼ੋਸਲ ਮੀਡੀਆਂ ਤੇ ਸੰਗੀਤਕ ਸ਼ਖਸ਼ੀਅਤਾਂ ਵਲੋਂ ਜਗਜੀਤ ਸਿੰਘ ਬਰਾੜ ਦੀ ਪੇਸ਼ਕਸ਼ ਚ ਮਾਰਕੀਟ ਚ ਭੇਜੀ ਤੇ ਸਰੋਤੇ ਇਸ ਗੀਤ ਬੜਾ ਸੁਣ ਰਹੇ ਹਨ ਤੇ ਇਸ ਸਬੰਧੀ ਗੱਲਬਾਤ ਕਰਦਿਆ ਡਿਊਟ ਜੋੜੀ ਹਰਮਨਦੀਪ ਤੇ ਮੀਤ ਬਰਾੜ ਨੇ ਆਂਖਿਆ ਕਿ ਇਸ ਗੀਤ ਨੂੰ ਪ੍ਰਸਿੱਧ ਗੀਤਕਾਰ ਤੇ ਲੋਕ ਗਾਇਕ ਬਾਈ ਹਰਿੰਦਰ ਸੰਧੂ ਨੇ ਕਲਮਬੱਧ ਕੀਤਾ ਤੇ ਇਸ ਸੰਗੀਤ ਸੁਖਵੀਰ ਰੰਧਾਵਾ ਨੇ ਤਿਆਰ ਕੀਤਾ ਇਸ ਦਾ ਵੀਡੀਓ ਨਵਜੋਤ ਸਿੱਧੂ ਵਲੋਂ ਫਿਲਮਾਇਆ ਤੇ ਇਸ ਗੀਤ ਦੀ ਆਨਲਾਇਨ ਪ੍ਰਮੋਸ਼ਨ ਵੀਰ ਹਰਿੰਦਰ ਸੰਧੂ ਨੇ ਕੀਤੀ ਹੈ ਤੇ ਸੰਗੀਤ ਦੀ ਨਾਮਵਰ ਕੰਪਨੀ ਵਲੋਂ ਤਿਆਂਰ ਕੀਤੀ ਸੀ ਤੇ ਧਮਨਵਾਦ ਰੇ ਸਾਰੇ ਸਰੋਤਿਆਂ ਦਾ ਜੋ ਇੰਨਾਂ ਪਿਆਰ ਦੇ ਰਹੇ ਹਨ। **–ਬੱਗਾ ਸੇਲਕੀਆਣਾ**


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691





Email: myfuturetruck@gmail.com

# ਇਤਿਹਾਸਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਕੋਟਾਂ, ਲੁਧਿਆਣਾ



ਤਸਵਿੰਦਰ ਸਿੰਘ ਬੜੈਚ
91-98763-22677

'ਜਿਥੈ ਜਾਇ ਬਹਿ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ' ਦੇ ਮਹਾਂਵਾਕ ਅਨੁਸਾਰ ਜਿੱਥੇ ਜਿੱਥੇ ਵੀ ਗੁਰੂ ਸਾਹਿਬਾਨਾਂ ਨੇ ਆਪਣੇ ਪਵਿੱਤਰ ਚਰਨ ਪਾਏ ਉਹ ਅਸਥਾਨ ਪੂਜਣਯੋਗ ਹੋ ਗਏ। ਇਸੇ ਤਰ੍ਹਾਂ ਦਾ ਇਕ ਇਤਿਹਾਸਕ ਅਸਥਾਨ ਹੈ,ਗੁਰਦੁਆਰਾ ਮੰਜੀ ਸਾਹਿਬ ਕੋਟਾਂ। ਇਹ ਗੁਰਦੁਆਰਾ ਸਾਹਿਬ ਲੁਧਿਆਣਾ ਅੰਬਾਲਾ ਰੋਡ 'ਤੇ ਸਥਿਤ ਕਸਬਾ ਬੀਜਾ ਤੋਂ ਕੁੱਝ ਕਿਲੋਮੀਟਰ ਦੀ ਦੂਰੀ 'ਤੇ ਨੈਸਨਲ ਹਾਈਵੇ 1 'ਤੇ ਸੁਭਾਇਮਾਨ ਹੈ। ਜਿਸ ਦੀ ਸੁੰਦਰ ਇਮਾਰਤ ਕਾਫੀ ਦੂਰ ਤੋਂ ਦਿਖਾਈ ਦਿੰਦੀ ਹੈ। ਗੁਰਦੁਆਰਾ ਸਾਹਿਬ ਦਾ ਇਤਿਹਾਸਕ ਵੇਰਵਾ ਇਸ ਤਰ੍ਹਾਂ ਹੈ ਕਿ 12 ਅਗਸਤ 1953 ਨੂੰ ਸਰਦਾਰ ਹਰਭਜਨ ਸਿੰਘ ਪੁੱਤਰ ਬਾਬਾ ਕ੍ਰਿਪਾਲ ਸਿੰਘ ਅਤੇ ਇਨ੍ਹਾਂ ਦਾ ਸੀਰੀ ਗੁਰਦੇਵ ਸਿੰਘ ਦੋਵੇਂ ਹੀ ਹਲ ਚਲਾ ਰਹੇ ਸੀ। ਆਖਰੀ ਸਿਆੜਾਂ ਵੇਲੇ ਗੁਰਦੇਵ ਸਿੰਘ ਦੇ ਹਲ ਦਾ ਫਾਲਾ ਮੰਜੀ ਸਾਹਿਬ ਦੇ ਵਿਚ ਦੋ ਤਿੰਨ ਵਾਰ ਲੱਗਿਆ, ਬਲਦ ਤੇ ਗੁਰਦੇਵ ਸਿੰਘ ਕੁੱਝ ਡਰੇ, ਹਲ ਵਾਹੁਣਾ ਬੰਦ ਕਰਕੇ ਵਾਪਸ ਘਰ ਪਰਤ ਗਏ। ਘਰ ਜਾ ਕੇ ਬਾਬਾ ਕ੍ਰਿਪਾਲ ਸਿੰਘ ਪਾਸ ਇਹ ਜਿਕਰ ਕੀਤਾ । ਬਾਬਾ ਜੀ ਗੁਰੂ ਘਰ ਦੇ ਸਰਧਾਲੂ ਸਿੱਖ ਇਤਿਹਾਸ ਦੇ ਜਾਣੂ ਚਾਰੇ ਕੋਟਾਂ ਵਿਚ ਵੱਡੀ ਉਮਰ ਦੇ ਬਜੁਰਗ ਸਨ। ਉਨ੍ਹਾਂ ਇਲਾਕੇ ਦੀਆਂ ਸੰਗਤਾਂ ਨੂੰ ਇਕੱਠਾ ਕੀਤਾ ਤੇ ਜਗ੍ਹਾਂ ਪੁੱਟ ਕੇ ਵੇਖੀ ਤਾਂ ਪਵਿੱਤਰ ਮੰਜੀ ਸਾਹਿਬ ਦੇ ਦਰਸਨ ਹੋਏ ਅਤੇ ਉਨ੍ਹਾਂ ਕਿਹਾ ਕਿ ਇਹ ਆਸਣ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਾਤਸਾਹੀ ਛੇਵੀਂ ਦਾ ਹੈ। ਉਨ੍ਹਾਂ ਨੇ ਆਪਣੇ ਪਵਿੱਤਰ ਚਰਨ ਇਸ ਥਾਂ ਤੇ ਪਾਏ ਸਨ, ਜਦੋਂ ਗਵਾਲੀਅਰ ਕਿਲ੍ਹੇ 'ਚੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਰਿਹਾਅ ਹੋ ਕੇ ਜਹਾਂਗੀਰ ਦੇ ਨਾਲ ਇਸ ਅਸਥਾਨ 'ਤੇ ਬਿਰਾਜੇ ਸਨ। ਗੁਰਦੁਆਰਾ ਮੰਜੀ ਸਾਹਿਬ ਕੋਟਾਂ ਵਿਖੇ ਜਿਥੇ ਹਰ ਮਹੀਨੇ ਸੰਗਰਾਂਦ ਦਾ ਦਿਹਾੜਾ ਬੜੀ ਸਰਧਾ ਨਾਲ ਮਨਾਇਆ ਜਾਂਦਾ ਹੈ ਉਥੇ ਹਰ ਸਾਲ 12 ਤੋਂ 14 ਅਗਸਤ ਤੱਕ ਇਸ ਅਸਥਾਨ 'ਤੇ ਤਿੰਨ ਰੋਜਾ ਭਾਰੀ ਜੋੜ ਮੇਲਾ ਵੀ ਲੱਗਦਾ ਹੈ। ਜਿਸ ਵਿਚ ਰਾਗੀ, ਢਾਡੀ, ਕਥਾਵਾਚਕ, ਪ੍ਰਚਾਰਕ, ਕਵੀਸਰੀ ਜੱਥੇ ਅਤੇ ਮਹਾਨ ਵਿਦਵਾਨ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਦੂਰ ਦੁਰਾਂਡੇ ਲੱਖਾਂ ਸੰਗਤਾਂ ਇਸ ਸਾਲਾਨਾ ਜੋੜ ਮੇਲੇ 'ਚ ਹਾਜਰੀ ਭਰਦਿਆ ਇਸ ਪਾਵਨ ਅਸਥਾਨ 'ਤੇ ਸਰਧਾ ਸਹਿਤ ਨਮਸਤਕ ਹੁੰਦੀਆ ਹਨ। ਇਤਿਹਾਸਕ ਗੁਰਦੁਆਰਾ ਛੇਵੀਂ ਪਾਤਸਾਹੀ ਸ੍ਰੀ ਮੰਜੀ ਸਾਹਿਬ ਕੋਟਾਂ ਇਕ ਸੰਸਾਰ ਪ੍ਰਸਿੱਧ ਤੀਰਥ ਅਸਥਾਨ ਬਣ ਚੁੱਕਾ ਹੈ। ਗੁਰਦੁਆਰਾ ਸਾਹਿਬ ਵਿਖੇ 24 ਘੰਟੇ ਗੁਰੂ ਕਾ ਲੰਗਰ ਵੀ ਸੰਗਤਾਂ ਨੂੰ ਛਕਾਇਆ ਜਾਂਦਾ ਹੈ,ਯਾਤਰੂਆਂ ਦੇ ਠਹਿਰਣ ਲਈ ਸਰਾਂ ਵੀ ਬਣੀ ਹੋਈ ਹੈ। ਇਥੋਂ ਦੇ ਪ੍ਰਬੰਧਾਂ ਦੀ ਦੇਖ ਰੇਖ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਕਰ ਰਹੀ ਹੈ।



# ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦੀ ਪੁਸਤਕ "ਪੰਜਾਬੀ ਸੰਸਾਰ-2021" ਫਗਵਾੜਾ ਵਿਖੇ ਲੋਕ ਅਰਪਣ



ਪੁਸਤਕ ਰਿਲੀਜ਼ ਕਰਦੇ ਹੋਏ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਡਾ: ਹਰਜਿੰਦਰ ਸਿੰਘ ਵਾਲੀਆ, ਡਾ: ਸਰਬਜੀਤ ਸਿੰਘ ਛੀਨਾ, ਸ: ਨਰਪਾਲ ਸਿੰਘ ਸ਼ੇਰਗਿੱਲ, ਪ੍ਰੋ:ਜਸਵੰਤ ਸਿੰਘ ਗੰਡਮ ਅਤੇ ਪ੍ਰਿੰ: ਗੁਰਮੀਤ ਸਿੰਘ ਪਲਾਹੀ।



ਪੰਜਾਬੀ ਵਿਰਸਾ ਟਰੱਸਟ ਵਲੋਂ ਸ: ਨਰਪਾਲ ਸਿੰਘ ਸ਼ੇਰਗਿਲ, ਡਾ: ਹਰਜਿੰਦਰ ਸਿੰਘ ਵਾਲੀਆ, ਡਾ: ਸਰਬਜੀਤ ਸਿੰਘ ਛੀਨਾ ਨੂੰ ਸਨਮਾਨਿਤ ਕਰਦੇ ਹੋਏ ਪ੍ਰੋ: ਜਸਵੰਤ ਸਿੰਘ ਗੰਡਮ ਅਤੇ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ।

**ਫਗਵਾੜਾ–** ਪੰਜਾਬੀ ਵਿਰਸਾ ਟਰਸਟ ਵਲੋਂ ਅੰਤਰਰਾਸ਼ਟਰੀ ਪੱਤਰਕਾਰ ਸ: ਨਰਪਾਲ ਸਿੰਘ ਸ਼ੇਰਗਿੱਲ ਦੀ ਪੁਸਤਕ "ਇੰਡੀਅਨਜ਼ ਐਬਰੋਡ ਐਂਡ ਪੰਜਾਬ ਇੰਪੈਕਟ, ਪੰਜਾਬੀ ਸੰਸਾਰ-2021" ਅੱਜ ਫਗਵਾੜਾ ਵਿਖੇ ਲੋਕ ਅਰਪਣ ਕੀਤੀ ਗਈ। ਇਸ ਸਮੇਂ ਕਰਵਾਏ ਗਏ ਸਮਾਗਮ ਦੀ ਪ੍ਰਧਾਨਗੀ ਡਾ: ਸਰਬਜੀਤ ਸਿੰਘ ਛੀਨਾ, ਡਾ: ਹਰਜਿੰਦਰ ਸਿੰਘ ਵਾਲੀਆ, ਪ੍ਰੋ: ਜਸਵੰਤ ਸਿੰਘ ਗੰਡਮ, ਸ:ਨਰਪਾਲ ਸਿੰਘ ਸ਼ੇਰਗਿੱਲ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਕੀਤੀ।

ਇਸ ਮੌਕੇ ਤੇ ਹਾਜ਼ਰ ਲੇਖਕਾਂ, ਸਰੋਤਿਆਂ ਨੂੰ ਜੀ ਆਇਆਂ ਕਹਿੰਦਿਆਂ ਟਰੱਸਟ ਦੇ ਪ੍ਰਧਾਨ ਪ੍ਰੋ: ਜਸਵੰਤ ਸਿੰਘ ਗੰਡਮ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਨਿਰਪੱਖ ਪੱਤਰਕਾਰੀ ਕਰਨਾ ਅਤੇ ਲਿਖਣਾ ਬਹੁਤ ਜੋਖ਼ਮ ਭਰਿਆ ਕੰਮ ਹੈ, ਕਿਉਂਕਿ ਸਥਾਪਤੀ, ਅਸਹਿਮਤੀ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰਦੀ। ਭਾਵੇਂ ਦੇਸ਼ ਦੀ ਸਰਬ ਉੱਚ ਅਦਾਲਤ ਨੇ ਅਸਿਹਮਤੀ ਨੂੰ ਲੋਕਤੰਤਰ ਦੀ ਆਤਮਾ ਕਿਹਾ ਹੈ, ਪਰ ਮੌਜੂਦਾ ਸਰਕਾਰੀ ਤੰਤਰ, ਆਪਣੇ ਵਿਰੁੱਧ ਲਿਖਣ ਅਤੇ ਬੋਲਣ ਵਾਲਿਆਂ ਵਿਰੁੱਧ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ਼ ਕਰਦਾ ਹੈ ਅਤੇ ਛੋਟੀ ਉਮਰ ਤੋਂ ਵੱਡੀ ਉਮਰ ਦੇ ਲੋਕਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਦਾ ਹੈ। ਉਹਨਾ ਨੇ ਸੁਪਰੀਮ ਕੋਰਟ ਦੀ ਉਸ ਟਿਪਣੀ ਦਾ ਵੀ ਹਵਾਲਾ ਦਿੱਤਾ, ਜਿਸ ਵਿੱਚ ਦੇਸ਼ ਦੀ ਸਿਖਰਲੀ ਅਦਾਲਤ ਨੇ ਇਹ ਸੁਝਾਅ ਦਿੱਤਾ ਸੀ ਕਿ ਦੇਸ਼ ਧ੍ਰੋਹ ਦੀ ਧਾਰਾ 124 ਏ ਨੂੰ ਇੰਡੀਅਨ ਪੀਨਲ ਕੋਡ ਵਿੱਚੋਂ ਕੱਢ ਦਿੱਤਾ ਜਾਵੇ, ਕਿਉਂਕਿ ਇਸਦਾ ਬਹੁਤ ਜਿਆਦਾ ਦੁਰਉਪਯੋਗ ਹੋ ਰਿਹਾ ਹੈ। ਉਹਨਾ ਨੇ ਨਿਡਰ ਲੇਖਨੀ ਅਤੇ ਪੱਤਰਕਾਰਤਾ ਕਰਨ ਵਾਲੇ ਸੂਰਮਿਆਂ ਨੂੰ ਵਧਾਈ ਦਿੰਦਿਆਂ ਹਾਜ਼ਰੀਨ ਨੂੰ ਪ੍ਰੇਰਿਤ ਕੀਤਾ ਕਿ ਸੱਚ ਦੀ ਖਾਤਰ ਸਿਰ ਵੀ ਦੇਣਾ ਪਵੇ ਤਾਂ ਦੇ ਦੇਣਾ ਚਾਹੀਦਾ ਹੈ,&;ਪਰ ਕਦੇ ਵੀ ਜ਼ਮੀਰ ਮਰਨ ਨਹੀਂ ਦੇਣੀ ਚਾਹੀਦੀ। ਉਹਨਾ ਨੇ ਸ: ਨਰਪਾਲ ਸਿੰਘ ਸ਼ੇਰਗਿੱਲ ਦੀ ਪੁਸਤਕ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਪੁਸਤਕ ਸੰਸਾਰ ਪ੍ਰਤੀ ਪੰਜਾਬ ਦੇ ਸਾਰੇ ਬੂਹੇ ਬਾਰੀਆਂ ਖੋਲ੍ਹਦੀ ਹੈ ਤੇ ਕੌਮਾਂਤਰੀ ਪੱਧਰ ਦੀ ਜਾਣਕਾਰੀ ਦਿੰਦੀ ਹੈ। ਪ੍ਰਸਿੱਧ ਪੱਤਰਕਾਰ ਡਾ: ਹਰਜਿੰਦਰ ਸਿੰਘ ਵਾਲੀਆ ਪਟਿਆਲਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਨਰਪਾਲ ਸਿੰਘ ਸ਼ੇਰਗਿੱਲ ਪੰਜਾਬੀਆਂ ਦੀ ਹਰ ਸ਼੍ਰੇਣੀ ਦੇ ਲੋਕਾਂ ਤੱਕ ਗੱਲ ਪਹੁੰਚਾਉਂਦੇ ਹਨ ਅਤੇ ਉਹਨਾ ਦੀ ਪੁਸਤਕ ਸੂਚਨਾ, ਸਾਹਿਤ ਅਤੇ ਪੱਤਰਕਾਰੀ ਦਾ ਸੰਗਮ ਹੈ। ਉਹਨਾ ਨੇ ਸਰੋਤਿਆਂ, ਜਿਹਨਾ ਵਿੱਚ ਲੜਕੀਆਂ ਸਮੇਤ ਕਾਫ਼ੀ ਗਿਣਤੀ ਨੌਜਵਾਨਾਂ ਦੀ ਸੀ, ਨੂੰ ਪ੍ਰੇਰਨਾ ਦਿੰਦਿਆਂ ਕਿਹਾ ਕਿ ਵੱਡੇ ਸੁਪਨੇ ਲਵੋ ਅਤੇ ਉਹਨਾ ਨੂੰ ਸਾਕਾਰ ਕਰਨ ਲਈ ਸਖ਼ਤ ਮਿਹਨਤ ਕਰੋ।

ਚੀਫ਼ ਖਾਲਸਾ ਦੀਵਾਨ ਦੇ ਸਿੱਖਿਆ ਵਿੰਗ ਦੇ ਆਨਰੇਰੀ ਸਕੱਤਰ, ਅਰਥ ਸ਼ਾਸ਼ਤਰੀ ਤੇ ਕਾਲਮ ਨਵੀਸ ਡਾ: ਐਸ. ਐਸ. ਛੀਨਾ, ਅੰਮ੍ਰਿਤਸਰ ਨੇ ਕਿਹਾ ਕਿ ਵਿਰਸਾ ਸੰਭਾਲਣਾ ਬਹੁਤ ਵੱਡੀ ਗੱਲ ਹੈ ਅਤੇ ਸ਼ੇਰਗਿੱਲ ਦੀ ਪੁਸਤਕ ਪੰਜਾਬ ਦੀ ਵਿਰਾਸਤ ਯਾਦ ਕਰਾਉਂਦੀ ਹੈ।

ਪੁਸਤਕ ਦੇ ਲੇਖਕ ਨਰਪਾਲ ਸਿੰਘ ਸ਼ੇਰਗਿੱਲ ਨੇ ਉਹਨਾ ਦੀ ਪੁਸਤਕ "ਇੰਡੀਅਨਜ਼ ਐਬਰੋਡ ਐਂਡ ਪੰਜਾਬ ਇੰਪੈਕਟ, ਪੰਜਾਬੀ ਸੰਸਾਰ-2021"ਰਲੀਜ਼ ਕਰਨ ਲਈ ਪੰਜਾਬੀ ਵਿਰਸਾ ਟਰੱਸਟ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹਨਾ ਦੀ ਪੁਸਤਕ ਵਿੱਚ 55 ਮੁਲਕਾਂ 'ਚ ਵਸਦੇ ਪੰਜਾਬੀਆਂ ਦੀ ਗੱਲ ਕੀਤੀ ਗਈ ਹੈ, ਉਹਨਾ ਬਹੁਤ ਦਾਈਏ ਨਾਲ ਕਿਹਾ ਕਿ ਭਾਰਤ ਸਾਰੇ ਭਾਰਤੀਆਂ ਦਾ ਹੈ, ਅਤੇ ਪੰਜਾਬ ਸਾਰੇ ਪੰਜਾਬੀਆਂ ਦਾ ਹੈ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਠਾਕਰ ਦਾਸ ਚਾਵਲਾ, ਗੁਰਮੀਤ ਸਿੰਘ ਪਲਾਹੀ, ਐਡਵੋਕੇਟ ਸੰਤੋਖ ਲਾਲ ਵਿਰਦੀ, ਪਰਵਿੰਦਰਜੀਤ ਸਿੰਘ, ਸੁਖਵਿੰਦਰ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮੇਂ ਗੁਰਮੀਤ ਸਿੰਘ ਪਲਾਹੀ ਨੇ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦੀਆਂ ਪੰਜਾਬੀ ਪੱਤਰਕਾਰੀ ਲਈ ਦਿੱਤੀਆਂ ਸੇਵਾਵਾਂ ਦੀ ਭਰਪੂਰ ਸਰਾਹੁਣਾ ਕੀਤੀ।

ਇਸ ਸਮੇਂ ਕਰਵਾਏ ਕਵੀ ਦਰਬਾਰ ਵਿੱਚ ਬਲਦੇਵ ਰਾਜ ਕੋਮਲ, ਮਨੋਜ ਫਗਵਾੜਵੀ, ਭਜਨ ਵਿਰਕ, ਰਵਿੰਦਰ ਚੋਟ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਤ੍ਰਿਪਤਾ ਸ਼ਰਮਾ ਸਾਬਕਾ ਕੌਂਸਲਰ, ਪ੍ਰਿਤਪਾਲ ਕੌਰ ਤੁਲੀ, ਗੁਰਦੀਪ ਸਿੰਘ ਤੁਲੀ, ਬਲਜੀਤ ਕੌਰ, ਜਗਜੀਤ ਸਿੰਘ ਸੇਠ, ਸਾਕਸ਼ੀ ਤ੍ਰਿਖਾ, ਪੰਜਾਬੀ ਗਾਇਕ ਮਨਮੀਤ ਮੇਵੀ, ਗੁਰਪ੍ਰੀਤ ਕੌਰ, ਸੁਖਜੀਤ ਕੌਰ, ਚੇਤਨਾ ਰਾਜਪੂਤ, ਬਬੀਤਾ, ਸੁਖਵਿੰਦਰ ਸਿੰਘ ਪ੍ਰਧਾਨ ਸਰਬ ਨੌਜਵਾਨ ਸਭਾ, ਕੋਚ ਗੋਬਿੰਦ ਸਿੰਘ ਸੱਲ ਪਲਾਹੀ, ਸੁਖਵਿੰਦਰ ਸਿੰਘ ਸੱਲ ਪਲਾਹੀ, ਪੱਤਰਕਾਰ ਅਸ਼ੋਕ ਕੁਮਾਰ ਸ਼ਰਮਾ, ਮਾਸਟਰ ਮਲਕੀਤ ਸਿੰਘ, ਜਸਪ੍ਰੀਤ ਸੰਧੂ ਆਦਿ ਹਾਜ਼ਰ ਸਨ।

# ਪੁੰਗਰਦੇ ਹਰਫ਼ (ਵਿਸ਼ਵ ਕਾਵਿ ਮਹਿਫਲ) ਦੁਆਰਾ ਸੁਤੰਤਰਤਾ ਦਿਵਸ ਦੇ ਮੌਕੇ ਤੇ ਕਵੀ ਦਰਬਾਰ

**ਸਿਆਟਲ:–** ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਲੜੀ ਵਿੱਚ ਇਕ ਹੋਰ ਹੰਭਲਾ ਮਾਰਿਆ ਗਿਆ – 'ਪੁੰਗਰਦੇ ਹਰਫ਼ (ਵਿਸ਼ਵ ਕਾਵਿ ਮਹਿਫਲ) ਵੱਲੋਂ ਭਾਰਤੀ ਸੁਤੰਤਰਤਾ ਦਿਵਸ ਦੇ ਮੌਕੇ ਤੇ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਅਮਰੀਕਾ ਦੇ ਸਹਿਯੋਗ ਦੇ ਨਾਲ ਕਵੀ ਦਰਬਾਰ ਕਰਵਾ ਕੇ।' ਇਸ ਕਵੀ ਦਰਬਾਰ ਵਿੱਚ ਜਿੱਥੇ ਉਭਰਦੇ ਕਵੀਆਂ ਕਵਿੱਤਰੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਉਥੇ ਨਾਮਵਰ ਲੇਖਕਾਂ ਨੇ ਵੀ ਸ਼ਮੂਲੀਅਤ ਕੀਤੀ। ਸੰਸਾਰ ਪੱਧਰ ਤੇ ਕੋਰੋਨਾ ਦੀ ਦਹਿਸ਼ਤ ਨਾਲ ਬਣੇ ਮਾਹੌਲ ਨੂੰ ਅਤੇ ਕੋਰੋਨਾ ਤੋਂ ਬਚਾਅ ਦੇ ਉਪਰਾਲਿਆਂ ਨੂੰ ਧਿਆਨ 'ਚ ਰੱਖਦਿਆਂ ਇਹ ਕਵੀ ਦਰਬਾਰ ਜ਼ੂਮ ਮਾਧਿਅਮ ਰਾਹੀਂ ਕੀਤਾ ਗਿਆ, ਪੰਜਾਬੀ ਲਿਖਾਰੀ ਸਭਾ ਸਿਆਟਲ ਅਤੇ ਪੁੰਗਰਦੇ ਹਰਫ਼ ਦੇ ਫੇਸਬੁੱਕ ਪੇਜ ਉੱਤੇ ਇਸ ਦਾ ਸਿੱਧਾ ਪ੍ਰਸਾਰਣ ਵੀ ਚੱਲਿਆ ਜੋ ਕਿ ਹੁਣ ਵੀ ਵੇਖਿਆ ਜਾ ਸਕਦਾ ਹੈ। ਸਤਿਕਾਰਿਤ ਕਵਿੱਤਰੀ ਸ਼੍ਰੀਮਤੀ ਸਿਮਰਤ ਸੁਮੈਰਾ ਜੀ ਇਸ ਕਾਵਿ-ਮਹਿਫ਼ਲ ਦੇ ਮੁੱਖ ਮਹਿਮਾਨ ਸਨ। 'ਪੁੰਗਰਦੇ ਹਰਫ਼ (ਵਿਸ਼ਵ ਕਾਵਿ ਮਹਿਫ਼ਲ )ਦੀ ਪ੍ਰਧਾਨ ਰਮਨਦੀਪ ਕੌਰ ਰੰਮੀ ਦੀ ਪ੍ਰਧਾਨਗੀ 'ਚ ਚੱਲੇ ਇਸ ਪ੍ਰੋਗਰਾਮ ਦਾ ਸੰਚਾਲਨ ਸਕੱਤਰ ਹਰਮੀਤ ਕੌਰ ਮੀਤ ਦੁਆਰਾ ਕੀਤਾ ਗਿਆ। ਸੱਭ ਤੋਂ ਪਹਿਲਾ ਆਜ਼ਾਦੀ ਦਿਵਸ ਦੀਆਂ ਮੁਬਾਰਕਾਂ ਦਿੰਦਿਆਂ ਉਹਨਾਂ ਹਾਜ਼ਰ ਕਵੀਆਂ ਕਵਿੱਤਰੀਆਂ ਨੂੰ ਜੀ ਆਇਆਂ ਕਿਹਾ। ਵੱਖੋ ਵੱਖਰੇ ਵਿਸ਼ਿਆਂ ਨੂੰ ਲੈਕੇ ਸਿਰਜੀਆਂ ਗਈਆਂ ਨਜ਼ਮਾਂ, ਕਵਿਤਾਵਾਂ, ਗੀਤਾਂ ਦੇ ਵੰਨ-ਸਵੰਨੇ ਰੰਗ, ਹਾਜ਼ਰ ਲੇਖਕਾਂ ਹਰਮਿੰਦਰ ਸਿੰਘ, ਰਜੇਸ਼ ਕੁਮਾਰ ਭਗਤ, ਕਿਰਨਜੀਤ ਕੌਰ ਮੋਗਾ, ਅਮਰਦੀਪ ਕੌਰ ਲੱਕੀ,ਕਰਨੈਲ ਸਿੰਘ ਅਸਪਾਲ, ਸੁਰਜੀਤ ਕੌਰ ਭੋਗਪੁਰ,





ਜਗਦੀਸ਼ ਕੌਰ,ਹਰਪ੍ਰੀਤ ਕੌਰ ਸੋਹਲ, ਸੁਖਵਿੰਦਰ ਆਹੀ, ਡਾ.ਕਮਲਪ੍ਰੀਤ ਕੌਰ (ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਗਰਲਜ਼ ਕਾਲਜ ਗਿੱਦੜਬਾਹਾ), ਨੇ ਆਪਣੀ ਆਪਣੀ ਸੁਰੀਲੀ ਆਵਾਜ਼ ਵਿੱਚ ਬਿਖੇਰੇ। ਇਸ ਮਹਿਫਲ ਦਾ ਹਿੱਸਾ ਬਣੀ ਸਤਿਕਾਰਯੋਗ ਕੁਲਵੰਤ ਕੌਰ ਢਿੱਲੋਂ (ਪ੍ਰਧਾਨ ਪੰਜਾਬੀ ਸਾਹਿਤ ਕਲਾ ਕੇਂਦਰ ਸਾਊਥਹਾਲ, ਇੰਗਲੈਂਡ) ਜੀ ਨੇ ਸਾਰੇ ਕਵੀਆਂ ਕਵਿਤਰੀਆਂ ਨੂੰ ਆਪਣਾ ਅਸ਼ੀਰਵਾਦ ਦਿੱਤਾ ਅਤੇ ਉਹਨਾਂ ਦੀ ਹੌਸਲਾ ਅਫਜਾਈ ਕੀਤੀ। ਲਿਖਾਰੀ ਸਭਾ ਸਿਆਟਲ (ਰਜ਼ਿ.) ਦੇ ਪ੍ਰਧਾਨ ਹਰਪਾਲ ਸਿੰਘ ਸਿੱਧੂ ਨੇ ਆਪਣੇ ਭਾਸ਼ਨ ਦੇ ਵਿੱਚ ਉੱਭਰ ਰਹੇ ਕਵੀਆਂ ਨੂੰ ਆਪਣੀ ਕਾਵਿ-ਕਲਾ ਨੂੰ ਹੋਰ ਨਿਖਾਰਨ ਦਾ ਸੁਝਾਅ ਦਿੰਦਿਆ ਕਾਵਿ ਦੀਆਂ ਬਰੀਕੀਆਂ ਨੂੰ ਸਮਝਣ ਲਈ ਪ੍ਰੇਰਿਆ। ਲਿਖਾਰੀ ਸਭਾ ਦੇ ਉਪ-ਪ੍ਰਧਾਨ ਬਲਿਹਾਰ ਲੇਹਲ ਨੇ ਸਾਰੇ ਹੀ ਕਵੀਆਂ ਦੀ ਸਿਰਜਨ-ਕਲਾ ਅਤੇ ਪੇਸ਼ਕਾਰੀ ਦੀ ਸਰਾਹਨਾ ਕੀਤੀ ਨਾਲ ਹੀ ਉਹਨਾਂ ਪ੍ਰੋਗਰਾਮ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਤਕਨੀਕੀ ਪੱਖ ਲਈ ਸੇਵਾਵਾਂ ਦਿੱਤੀਆਂ। ਲਿਖਾਰੀ ਸਭਾ ਦੇ ਜਨਰਲ ਸਕੱਤਰ ਡਾ.ਸੁਖਵੀਰ ਬੀਹਲਾ ਨੇ ਪੇਸ਼ ਰਚਨਾਵਾਂ ਦੇ ਵਿਸ਼ਾ ਅਤੇ ਕਲਾ ਪੱਖ ਨੂੰ ਸਮਝਦਿਆਂ ਵਿਸ਼ੇਸ਼ ਤੌਰ ਤੇ ਨਵ-ਉਭਰਦਿਆਂ ਲੇਖਕਾਂ ਨੂੰ ਹੱਲਾ ਸ਼ੇਰੀ ਦਿੱਤੀ ਅਤੇ ਆਪਣੀ ਬੜੀ ਹੀ ਪ੍ਰਭਾਵਸ਼ਾਲੀ ਨਜ਼ਮ ਨਾਲ ਕਵੀ ਦਰਬਾਰ ਵਿੱਚ ਹਾਜ਼ਰੀ ਲਵਾਈ । ਬੜੇ ਹੀ ਸਚਾਰੂ ਢੰਗ ਨਾਲ ਪ੍ਰੋਗਰਾਮ ਨੂੰ ਆਪਣੀ ਮੰਜ਼ਿਲ ਤੇ ਪਹੁੰਚਾਉਦਿਆਂ ਸੰਚਾਲਕਾ ਹਰਮੀਤ ਕੌਰ ਮੀਤ ਗੁਰਦਾਸਪੁਰ ਨੇ ਆਜ਼ਾਦੀ ਦਿਹਾੜੇ ਦੇ ਮੌਕੇ ਤੇ ਇਕ ਗੀਤ ਬੋਲ ਕੇ ਪ੍ਰੋਗਰਾਮ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾ ਦਿੱਤੇ। ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ, ਪੁੰਗਰਦੇ ਹਰਫ਼ ਗਰੁੱਪ ਦੀ ਪ੍ਰਧਾਨ ਰਮਨਦੀਪ ਕੌਰ ਰੰਮੀ ਨੇ ਆਪਣੇ ਖ਼ੂਬਸੂਰਤ ਸੰਖੇਪ ਪ੍ਰਧਾਨਗੀ ਭਾਸ਼ਨ ਨਾਲ ਇਸ ਕਾਵਿ ਮਹਿਫਲ ਦੀ ਰੌਚਕਤਾ ਨੂੰ ਦੁੱਗਣਾ ਕਰ ਦਿੱਤਾ ਅਤੇ ਅਗਲੀ ਕਾਵਿ-ਮਿਲਣੀ ਛੇਤੀ ਕਰਵਾਉਣ ਦਾ ਵਾਅਦਾ ਕਰਦਿਆਂ ਸੱਭ ਦਾ ਧੰਨਵਾਦ ਵੀ ਕੀਤਾ। ਯਾਦਗਾਰੀ ਬਣਿਆ ਇਹ ਪ੍ਰੋਗਰਾਮ ਸਾਰਿਆਂ ਦੇ ਸੁਹਿਰਦ ਸਹਿਯੋਗ ਨਾਲ ਸਫ਼ਲਤਾ ਪੂਰਵਕ ਨੇਪਰੇ ਚੜ੍ਹਿਆ।

**ਮੰਗਤ ਕੁਲਜਿੰਦ ਮੋ. ਤੇ ਵੱਟਸਐਪ**
**+1 425 286 0163**

# ਜਾਤੀਵਾਦੀ ਬਿਮਾਰੀ ਦੇ ਤਿੰਨ ਡਾਕਟਰ



ਹਰਦੀਪ ਸਿੰਘ ਚੁੰਬਰ
91-94636-01616

### ਇਰੋਡ ਪੇਰੀਯਰ ਰਾਮਾਸਾਮੀ ਨਾਕਰ

1924 ਦੇ ਵੈਕੋਮ ਸੱਤਿਆਗ੍ਰਹਿ ਵਿੱਚ, ਪੇਰੀਯਾਰ ਅਤੇ ਗਾਂਧੀ ਜੀ ਦੋਵਾਂ ਨੇ ਸਮਾਜਕ-ਰਾਜਨੀਤਿਕ ਕਾਰਵਾਈ ਵਿੱਚ ਇੱਕ ਦੂਜੇ ਦਾ ਸਾਥ ਦਿੱਤਾ ਅਤੇ ਵਿਚਾਰਕ ਟਕਰਾਉ ਵੀ ਹੋਇਆ। ਸਮਾਜਿਕ ਮੁੱਦਿਆਂ ਨੂੰ ਲੈ ਕੇ ਪੇਰੀਯਾਰ ਅਤੇ ਉਹਨਾਂ ਦੇ ਪੈ-ਰੋਕਾਰਾਂ ਨੇ ਅਛੂਤਤਾ ਦੇ ਅੰਤ ਕਰਨ ਦ ਨਾਲ ਜਾਤਪਾਤ ਦੇ ਖ਼ਾਤਮੇ ਉੱਤੇ ਜੋਰ ਦਿੱਤਾ। ਉਹ ਬ੍ਰਾਹਮਣਾਂ ਦੇ ਅਣਮਨੁੱਖੀ ਵਿਵਹਾਰ ਨੂੰ ਗੈਰ-ਬ੍ਰਾਹਮਣਾਂ ਲਈ ਅੰਗਰੇਜ਼ ਸਰਕਾਰ ਨਾਲੋਂ ਅਧਿਕ ਸ਼ੋਸ਼ਣ ਕਰਤਾ ਵਜੋਂ ਮੰਨਦੇ ਸਨ, ਬ੍ਰਾਹਮਣਵਾਦ ਵਰਣਵਾਦੀ, ਜਾਤੀਵਾਦ ਪ੍ਰਬੰਧਨ ਦੀ ਜਨਮ ਦਾਤਾ ਅਤੇ ਅਨਿਆਇ ਕਰਤਾ ਮੰਨਦੇ ਸਨ। ਗੈਰ ਬ੍ਰਾਹਮਣ ਏਕਤਾ ਅਤੇ ਸੰਗਠਨ ਹੀ ਇਸ ਦਾ ਇਲਾਜ ਅਤੇ ਬਦਲ ਮੰਨਦੇ ਸਨ।

ਗਾਂਧੀ ਜੀ ਦਾ ਸਮਾਜਿਕ ਮੁੱਦਿਆਂ ਜਿਵੇਂ ਕਿ ਛੂਤ-ਛਾਤ ਦੇ ਨਿਯਮਾਂ ਨਾਲ ਲੜਨਾ ਅਤੇ ਜਾਤ-ਪਾਤ ਦੇ ਖ਼ਾਤਮੇ ਦੇ ਦ੍ਰਿਸ਼ਟੀਕੋਣ ਵਿੱਚ ਅੰਤਰ ਸੀ। ਉਹ ਬ੍ਰਾਹਮਣਵਾਦੀ ਪ੍ਰਬੰਧਨ ਨੂੰ ਬਣਾ ਕੇ ਰਖਣਾ ਚਾਹੁੰਦੇ ਸਨ। ਉਹ ਬ੍ਰਾਹਮਣਾਂ ਦੇ ਮਨਾਂ ਵਿੱਚ ਬਦਲਾਓ ਕਰਕੇ ਅਛੂਤਾਂ ਦੇ ਪ੍ਰਤੀ ਉਹਨਾਂ ਦੇ ਮਨਾਂ ਵਿੱਚ ਆਦਰ ਭਰਕੇ ਬਦਲਾਓ ਕਰਨਾ ਚਾਹੁੰਦੇ ਸਨ। ਉਹਨਾਂ ਦੀ ਬ੍ਰਾਹਮਣਾਂ ਦੇ ਅਨੈਤਿਕ ਕੰਮਾਂ ਨੂੰ ਰੋਕਣ ਲਈ ਕਦੇ ਸਖ਼ਤੀ ਨਹੀਂ ਦਿਖਾਈ, ਉਹ ਉਨ੍ਹਾਂ ਪ੍ਰਤੀ ਨਰਮ ਰਵਈਆ ਅਤੇ ਉਹਨਾਂ ਨੂੰ ਸੱਤਾਧਾਰੀ ਬਣਾ ਕੇ ਰਖਣਾ ਚਾਹੁੰਦੇ ਸਨ। ਉਹ ਸਧਾਰਨ ਮਨੁੱਖ ਦੀਆਂ ਭਾਵਨਾਵਾਂ ਨਾਲ ਖੇਡਣ ਦੀ ਕਲਾ ਦੇ ਮਾਹਰ ਹੋ ਗਏ ਸਨ, ਲੇਕਿਨ ਸਮਝਦਾਰ ਅਤੇ ਉੱਚ ਸਿਖਿਆ ਪ੍ਰਾਪਤ ਕਰਤਾ ਉਹਨਾਂ ਦੀਆਂ ਚਾਲਾਂ ਵਿੱਚ ਨਹੀਂ ਆਉਂਦੇ ਸਨ। ਇਰੋਡ ਪੇਰੀਅਰ ਰਾਮਾਸਮੀ ਬੈਕਵਰਡ ਸਮਾਜ ਦੇ ਵਿੱਚੋਂ ਸਨ ਅਤੇ ਡਾ. ਅੰਬੇਡਕਰ ਅਛੂਤ ਸਮਾਜ ਨਾਲ ਸਬੰਧ ਰਖਦੇ ਸਨ। ਦੋਨੋਂ ਕਾਬਿਲ ਅਤੇ ਸਮਝਦਾਰ ਨੇਤਾ ਸਨ। ਉਹ ਗਾਂਧੀ ਜੀ ਦੀਆਂ ਚਾਲਾ ਨੂੰ ਬਖ਼ੂਬੀ ਸਮਝਦੇ ਸਨ। ਪੇਰੀਯਰ ਦਾ ਸਮਾਜ ਅਤੇ ਸਮਾਜਿਕ ਸੰਗਠਨ ਡਾ. ਅੰਬੇਡਕਰ ਦੇ ਸਮਾਜ ਅਤੇ ਸਮਾਜਿਕ ਸੰਗਠਨ ਨਾਲੋਂ ਕਾਫੀ ਮਜ਼ਬੂਤ ਸੀ।



'ਗਾਂਧੀ ਐਂਡ ਪੇਰੀਯਾਰ' ਕਿਤਾਬ ਦੇ ਅਨੁਸਾਰ, ਪੇਰੀਯਾਰ ਨੇ 1925 ਵਿੱਚ ਆਪਣੇ ਪੇਪਰ ਕੁਡੀ ਅਰਸੂ ਵਿੱਚ ਇਸ ਤੱਥ ਦੇ ਬਾਰੇ ਵਿੱਚ ਲਿਖਿਆ ਕਿ ਗਾਂਧੀ ਨੂੰ ਮਹਾਸਭਾ ਤੋਂ ਇਸ ਲਈ ਬਾਹਰ ਰਖਿਆ ਸੀ ਕਿਉਂਕਿ ਉਹਨਾਂ ਨੇ ਜਾਤ ਅਤੇ ਅਛੂਤਤਾ ਦੇ ਕਾਨੂੰਨਾਂ ਨੂੰ ਬਰਕਰਾਰ ਰੱਖਣ ਦੇ ਪ੍ਰਸਤਾਵਾਂ ਦਾ ਪੱਖ ਕੀਤਾ ਸੀ, ਜੋ ਉਹਨਾਂ ਦੇ ਹਿੰਦੂ-ਮੁਸਲਿਮ ਏਕਤਾ ਯਤਨਾਂ ਨੂੰ ਵਿਗਾੜ ਦੇਵੇਗਾ।ਗਾਂਧੀ ਨੇ ਬ੍ਰਾਹਮਣਾਂ ਦੀ ਚਾਪਲੂਸੀ ਹੀ ਲੋੜ ਸਮਝੀ ਹੈ ਇਸ ਤੋਂ ਬਿਨਾ ਉਹਨਾਂ ਹੋਰ ਕੁੱਝ ਵੀ ਪ੍ਰਾਪਤ ਨਹੀਂ ਕੀਤਾ।

1927 ਵਿੱਚ, ਪੇਰੀਯਾਰ ਅਤੇ ਗਾਂਧੀ ਇਸ ਮਾਮਲੇ ਤੇ ਵਿਚਾਰ ਵਟਾਂਦਰੇ ਲਈ ਬੰਗਲੌਰ ਵਿੱਚ ਮਿਲੇ ਸਨ। ਪੇਰੀਯਾਰ ਨੇ ਆਪਣੀਆਂ ਲਿਖਤਾਂ ਵਿੱਚ ਗਾਂਧੀ ਜੀ ਨੂੰ ਬ੍ਰਾਹਮਣਾਂ ਦੇ ਪ੍ਰਮੁੱਖ ਸੇਵਾਦਾਰ ਮੰਨਿਆ ਹੈ। ਉਹਨਾਂ ਦੇ ਵਿੱਚ ਮੁੱਖ ਅੰਤਰ ਉਦੋਂ ਸਾਹਮਣੇ ਆਇਆ ਜਦੋਂ ਪੇਰੀਆਰ ਹਿੰਦੂ ਧਰਮ ਦੇ ਪੂਰੀ ਤਰਾਂ ਖ਼ਾਤਮੇ ਲਈ ਖੜੇ ਹੋਏ। ਕੁਡੀ ਅਰਸੂਪੇਪਰ ਵਿੱਚ, ਪੇਰੀਆਰ ਨੇ ਸਮਝਾਇਆ ਕਿ: 'ਗਾਂਧੀ ਦਾ ਇਹ ਚੰਗਾ ਗੁਣ ਹੈ ਕਿ ਉਹ ਲੋਕਾਂ ਨੂੰ ਉਹਨਾਂ ਦੀ ਮੂਰਖਤਾ ਅਤੇ ਮਾੜੇ ਤਰੀਕੇ ਵਰਤ ਕੇ ਕਿਸੇ ਹੋਰ ਨੂੰ ਅੱਗੇ ਨਹੀਂ ਆਉਣ ਦਿੰਦਾ, ਇਹ ਉਸ ਦੇ ਆਪਣੇ ਲਈ ਚੰਗੇ ਗੁਣਾਂ ਵਿਚੋਂ ਸੀ। ਉਹਨਾਂ ਲੋਕਾਂ ਦਾ ਕਾਤਲ, ਪੜਿਆ-ਲਿਖਿਆ ਆਦਮੀ ਸੀ। ਇਸ ਲਈ ਕੋਈ ਵੀ ਇਹ ਨਹੀਂ ਕਹਿ ਸਕਦਾ ਸੀ ਕਿ ਇਹ ਉੱਚ-ਸੰਸਕ੍ਰਿਤੀ ਦਾ ਸਮਾਂ ਚਲ ਰਿਹਾ ਸੀ। ਜੇ ਤੁਸੀਂ ਜ਼ਹਿਰ ਖਾਂਦੇ ਹੋ, ਤਾਂ ਤੁਸੀਂ ਮਰ ਜਾਵੋਗੇ। ਜੇ ਤੁਹਾਡੇ ਸਰੀਰ ਨੂੰ ਬਿਜਲੀ ਦੇ ਸੰਪਰਕ ਵਿੱਚ ਆਉਂਦਾ ਹੈ, ਤੁਸੀਂ ਮਰ ਜਾਵੋਗੇ। ਜੇਕਰ ਤੁਸੀਂ ਬ੍ਰਾਹਮਣ ਦਾ ਵਿਰੋਧ ਕਰਦੇ ਹੋ, ਤਾਂ ਤੁਸੀਂ ਮਰ ਜਾਵੋਗੇ। ਗਾਂਧੀ ਨੇ ਹਿੰਦੂਆਂ ਦੇ ਵਰਣਵਾਦੀ ਧਾਰਮਿਕ ਢਾਂਚੇ ਦੇ ਖ਼ਾਤਮੇ ਦੀ ਵਕਾਲਤ ਨਹੀਂ ਕੀਤੀ, ਪਰ ਉਹ ਇਸਦੇ ਢਾਂਚੇ ਦੇ ਅੰਦਰ ਮਾਮੂਲੀ ਜਿਹੇ ਸਮਾਜਿਕ ਪਰਿਵਰਤਨ ਦੇ ਕਾਰਜ ਨਾਲ ਸਮਾਜ ਦੇ ਮਾਨਵਤਾਵਾਦੀ ਸੰਭਾਵਨਾਵਾਂ ਨੂੰ ਵੇਖਦਾ ਹੈ। ਇਸਦਾ ਨਤੀਜਾ ਉੱਚ ਜਾਤੀ ਦੀ ਅਗਵਾਈ ਜਾਰੀ ਰੱਖੇਗਾ। ਗਾਂਧੀ ਨੇ ਬ੍ਰਾਹਮਣਾਂ ਨੂੰ ਉਹਨਾਂ ਦੀ ਲੀਡਰਸ਼ੈਪ ਤੋਂ ਵਾਂਝੇ ਕੀਤੇ ਬਿਨਾਂ ਸਮਾਜਕ ਤਬਦੀਲੀ ਲਈ ਢਾਲਿਆ ਹੈ।

ਗਾਂਧੀ ਨੇ ਕਰਮ ਨੂੰ ਇਸ ਅਰਥ ਵਿੱਚ ਸਵੀਕਾਰ ਕੀਤਾ ਕਿ ਅਛੂਤ ਲੋਕਾਂ ਨੂੰ ਉਹਨਾਂ ਦੇ ਪਿਛਲੇ ਜਨਮ ਦੇ ਕਰਮਾ ਦਾ ਫ਼ਲ ਮਿਲਦਾ ਹੈ, ਪਰ ਉਹ ਹਰੀਜਨ ਭਾਵ ਰੱਬ ਦੇ ਬੰਦੇ ਸ਼ਬਦਦੀ ਵਰਤੋਂ ਕਰਦੇ ਹੋਏ ਉਹਨਾਂ ਨਾਲ ਭੇਦਭਾਵ ਨਾਂ ਕਰਨ ਦੀ ਸਿੱਖਿਆ ਦਿੰਦੇ ਸਨ। ਜਿਵੇਂ ਕਿ ਵੈਕੌਮ ਵਿਖੇ ਗੱਲਬਾਤ ਵਿੱਚ ਦਿਖਾਇਆ ਗਿਆ ਸੀ ਵਿਤਕਰੇ ਨੂੰ ਖ਼ਤਮ ਕਰਨ ਦੇ ਉਸਦੇ ਬ੍ਰਾਹਮਣਾਂ ਦੀ ਚਾਪਲੂਸੀ ਦੇ ਢੰਗ ਸਨ: ਰੂੜੀਵਾਦੀਆਂ ਦਾ, ਅਛੂਤਾਂ ਨਾਲ ਅਣਮਨੁੱਖੀ ਸਲੂਕਸ ਹਿੰਦੂਆਂ ਦੇ ਹਿਰਦੇ ਪੈਰਿਵਰਤਨ ਕਰਕੇ ਸਵੈ-ਇੱਛਾ ਨਾਲ ਜਾਤੀਵਾਦ ਹਟਾਉਣ ਲਈ, ਅਤੇ ਵਿਚਾਰਾਂ ਦੇ ਬਦਲਾ ਨੂੰ ਹਿੰਦੂ ਢਾਂਚੇ ਦੇ ਅੰਦਰ ਕੰਮ ਕਰਨਾ ਸੀ।

ਵੈਕੋਮ ਸਤਿਆਗੈਰਿਹ ਦਾ ਰਾਮਾਸਾਮੀ ਪੇਰੀਯਰ ਦੇ ਜੀਵਨ ਭਰ ਲਈ ਸੋਤ ਵਿੱਚ ਬਦਲਾਓ ਦਾ ਮੁੱਖ ਧੁਰਾ ਸੀ। ਬ੍ਰਾਹਮਣਵਾਦੀ ਸਿਸ਼ਟਮ ਦੇ ਪ੍ਰਤੀ ਲਗਾਵ ਅਤੇ ਸਤਿਆਗੈਰਿਹ ਪ੍ਰਤੀ ਡਿਪਲੋਮੈਟਿਕ ਚਾਲ ਨਾਲ ਕੰਮ ਕਰਦੇ ਸੈਰੀ ਗਾਂਧੀ ਦੇ ਨਿਭਾਏ ਰੋਲ ਕਾਰਨ ਉਹ ਕਾਂਗਰਸ ਤੋਂ ਦੂਰ ਹੋ ਗਏ ਸੀ। ਉਸ ਦਾ ਰੋਸ਼ ਸੀ ਕਿ ਗਾਂਧੀ ਬ੍ਰਾਹਮਣਵਾਦ ਦਾ ਪੱਖ ਪੂਰ ਰਿਹਾ ਹੈ। ਉਹ ਚਾਹੁੰਦੇ ਸਨ ਕਿ ਬ੍ਰਾਹਮਣੀ ਵਿਵਸਤਾ ਦਾ ਅੰਤ ਕੀਤਾ ਜਾਵੇ ਜਿਹੜੀ ਪਾੜੋ ਅਤੇ ਰਾਜ ਕਰੋ ਦਾ ਕੰਮ ਕਰਦੀ ਆ ਰਹੀ ਹੈ। ਉਸ ਨੇ ਸਾਰੇ ਦੁੱਖਾ ਦਾ ਕਾਰਨ ਬ੍ਰਾਹਮਣਵਾਦ ਨੂੰ ਹੀ ਮਨਿਆ ਸੀ। ਮਦਰਾਸ ਦੇ ਲਗਭਗ 3× ਬ੍ਰਾਹਮਣਾਂ ਦਾ 80× ਸ਼ਾਸ਼ਨ ਪੈਰਸ਼ਾਸ਼ਨ ਉੱਤੇ ਕਬਜਾ ਸੀ, ਸਮਾਜ ਨੂੰ ਇਨਸਾਫ ਨਹੀਂ ਮਿਲ ਰਿਹਾ ਸੀ ਇਸ ਦਾ ਕਾਰਨ ਪੇਰੀਯਰ ਬ੍ਰਾਹਮਣੀ ਵਿਵਸਤਾ ਨੂੰ ਮੰਨਦੇ ਸਨ। 1925 ਵਿੱਚ ਉਹਨਾਂ ਕਾਂਗਰਸ ਛੱਡ ਦਿਤੀ ਨਵੀਂ ਗੈਰ-ਬ੍ਰਾਹਮਣ ਜਸਟਿਸ ਪਾਰਟੀ ਬਣਾਈ, ਗੈਰ ਬ੍ਰਾਹਮਣਾਂ ਦੇ ਹੱਕਾਂ ਲਈ ਲੜਾਈ ਲੜੀ, ਉਹਨਾਂ ਲਈ ਰਿਜਰਵੇਸ਼ਨ ਲੈ ਕੇ ਦਿਤੀ। ਇਹ ਕੰਮ ਉਹ ਕਾਂਗਰਸ ਵਿੱਚ ਰਹਿਕੇ ਨਹੀਂ ਕਰ ਸਕਦੇ ਸਨ। ਨਾਂ ਹੀ ਕਾਂਗਰਸ ਨੇ ਕਿਸੇ ਰਾਜ ਵਿੱਚ ਲਾਗੂ ਕੀਤਾ ਸੀ।ਇਹ ਤਾਂ ਪੇਰੀਯਰ ਅਤੇ ਉਹਨਾਂ ਦੀ ਸਾਥੀ ਟੀਮ ਹੀ ਸੀ ਜਿਹਨਾ ਨੇ ਸਮਾਜਿਕ ਨਿਆਏ ਦੇ ਲਈ ਕਮਿਊਨਲ ਐਵਾਰਡ ਲਿਆ ਅਤੇ ਲਾਗੂ ਵੀ ਕਰਵਾ ਲਿਆ ਸੀ, ਲੇਕਿਨ ਇਹ ਉਹਨਾਂ ਕੇਵਲ ਮਦਰਾਸ ਰਾਜ ਵਿੱਚ ਰਿਜਰਵੇਸ਼ਨ ਦਾ ਹੱਕ ਲਾਗੂ ਕਰਵਾਇਆ।

ਸਮਾਜ ਸੁਧਾਰਕ ਪੇਰੀਆਰ ਈ ਵੀ ਰਾਮਾਸਾਮੀ ਜੋ ਉਸ ਸਮੇਂ ਕਾਂਗਰਸ ਵਿੱਚ ਸਨ, ਨੇ ਆਪਣੀ ਪਾਰਟੀ ਉੱਤੇ ਰਾਖਵੇਂਕਰਨ ਦੀ ਵਕਾਲਤ ਕਰਨ ਦਾ ਦਬਾਅ ਪਾਇਆ। ਕਾਂਗਰਸ ਪਾਰਟੀ ਨੂੰ ਅਸਵੀਕਾਰ ਹੋਣ ਤੋਂ ਬਾਅਦ ਉਹਨਾਂ ਨੇ ਅਸਤੀਫਾ ਦੇ ਦਿੱਤਾ ਅਤੇ ਸਰਕਾਰੀ ਆਦੇਸ਼ ਲਾਗੂ ਕਰਨ ਲਈ ਸਮਰਥਨ ਹਾਸਲ ਕਰਨ ਲਈ ਪੂਰੇ ਤਾਮਿਲਨਾਡੂ ਵਿੱਚ ਰੈਲੀਆਂ ਕੀਤੀਆਂ। ਕਮਿਊਨਲ ਗਵਰਨਮੈਂਟ ਆਰਡਰੋ ਦੇ ਨਾਂ ਨਾਲ ਜਾਣਿਆ ਜਾਂਦਾ ਸਰਕਾਰੀ ਆਦੇਸ਼ ਸਿਰਫ 1927 ਵਿੱਚ ਮਦਰਾਸ ਪੈਰੈਜ਼ੀਡੈਂਸੀ ਦੇ ਮੁੱਖ ਮੰਤਰੀ ਪੀ ਸੁਬਰਯੋਯਨ ਦੁਆਰਾ ਲਾਗੂ ਕੀਤਾ ਗਿਆ ਸੀ। ਸਰਕਾਰੀ ਆਦੇਸ਼ਾਂ ਦੇ ਅਨੁਸਾਰ, ਗੈਰ-ਬ੍ਰਾਹਮਣ ਹਿੰਦੂਆਂ ਨੂੰ ਸਾਰੇ ਅਹੁਦਿਆਂ ਦਾ 44× ਪ੍ਰਾਪਤ ਹੋਣਾ ਸੀ, ਜਦੋਂ ਕਿ ਬ੍ਰਾਹਮਣ, ਮੁਸਲਮਾਨ, ਈਸਾਈ ਅਤੇ ਐਂਗਲੋ-ਇੰਡੀਅਨ ਨੂੰ 16× ਅਤੇ ਅਨੁਸੂਚਿਤ ਜਾਤੀਆਂ ਨੂੰ 8% ਪ੍ਰਾਪਤ ਕਰਨਾ ਸੀ। ਹਾਲਾਂਕਿ, ਇਹ ਸੰਖਿਆ ਉਹਨਾਂ ਦੀ ਆਬਾਦੀ ਦੇ ਹਿੱਸੇ ਨੂੰ ਸਹੀ ਢੰਗ ਨਾਲ ਨਹੀਂ ਦਰਸਾਉਂਦੀ, ਪੇਰੀਅਰ ਨੇ ਇਸ ਨੂੰ ਸਮਝੌਤੇ ਵਜੋਂ ਦਰਸਾਇਆ ਅਤੇ ਇਸ ਨੂੰ ਸਵੀਕਾਰ ਕਰ ਲਿਆ। ਇਹ ਆਰਡਰ, ਜੋ ਕਿ ਅੰਗਰੇਜ਼ੀ ਸਾਖਰਤਾ 'ਤੇ ਅਧਾਰਤ ਸੀ, ਜੋ ਉਸ ਸਮੇਂ ਸਿਰਫ 7× ਸੀ। ਇਹ ਹੁਕਮ ਉਦੋਂ ਤੋਂ ਲੈ ਕੇ 1950 ਤੱਕ ਲਾਗੂ ਰਿਹਾ, ਅਤੇ ਇਹ ਰੁਜ਼ਗਾਰ ਅਤੇ ਵਿਦਿਅਕ ਸੰਸਥਾਵਾਂ ਵਿੱਚ ਦਾਖਲੇ ਲਈ ਲਾਗੂ ਕੀਤਾ ਗਿਆ ਸੀ।

ਪੇਰੀਯਰ ਅਤੇ ਉਸ ਦੇ ਸਾਥੀਆਂ ਦਾ ਕੰਮ ਸਮਾਜਿਕ ਬਦਲਾਓ ਅਤੇ ਲੋੜਬੰਦ ਸਮਾਜ ਲਈ ਰਾਹਤ ਉਹਨਾਂ ਹੀ ਸਾਲਾਂ ਵਿੱਚ ਦਿਖਾਈ ਦੇਣ ਲਗ ਪਈ ਸੀ। ਇਸ ਦਾ ਮੁੱਖ ਕਾਰਨ ਬੈਵਰਡ ਸਮਾਜ ਦਾ ਅਛੂਤ ਸਮਾਜ ਨੂੰ ਆਪਣੀ ਆਗਵਾਈ ਵਿੱਚ ਨਾਲ ਲੈ ਕੇ ਚਲਣਾਂ ਸੀ। ਪੇਰੀਯਾਰ ਸਮਾਜਿਕ ਬਿਮਾਰੀ ਦੀ ਜੜ ਪਛਾਣ ਚੁੱਕੇ ਸਨ, ਉਸ ਬਿਮਾਰੀ ਦਾ ਇਲਾਜ ਕਰ ਰਹੇ ਸਨ। ਭਾਰਤ ਦੇ ਸ਼ਾਸ਼ਨ ਕਰਤਾ ਹਜਾਰਾਂ ਸਾਲਾਂ ਤੋਂ ਬ੍ਰਾਹਮਣ ਦੀ ਸਿਖਿਆ ਉਤੇ ਚਲਦੇ ਰਹੇ ਹਨ। ਲੇਕਿਨ ਅੰਗਰੇਜ਼ ਸ਼ਾਸ਼ਨ ਕਰਤਾ ਬ੍ਰਾਹਮਣਾਂ ਦੀ ਚਾਲ ਵਿੱਚ ਨਹੀਂ ਆਂਉਦੇ ਸਨ, ਇਸੇ ਲਈ 199 ਸਾਲਾਂ ਦੇ ਉਹਨਾਂ ਦੇ ਰਾਜ ਦੇ ਖਿਲਾਫ, ਅੰਗਰੇਜ਼ੋ ਭਾਰਤ ਛੱਡੋ ਵਰਗੇ ਅੰਦੋਲਨਾ ਨੇ ਜਨਮ ਲਿਆ। ਹਜਾਰਾਂ ਸਾਲ ਮੁਗਲਾਂ ਦਾ ਭਾਰਤ ਉੱਤੇ ਰਾਜ ਰਿਹਾ, ਅਕਬਰ ਵਰਗੇ ਰਾਜਿਆਂ ਦੇ ਹਿੰਦੂ ਲੜਕੀਆਂ ਨਾਲ ਵਿਆਹ ਹੋਏ, ਰਾਜ ਦੇ ਪ੍ਰਮੁੱਖ ਔਹਦੇ ਬ੍ਰਾਹਮਣ ਰਾਜਿਆਂ ਮੰਤਰੀਆਂ ਦੇ ਹੱਥਾਂ ਵਿੱਚ ਰਹੇ, ਹਜਾਰਾਂ ਸਾਲਾ ਵਿੱਚ ਇੱਕ ਵਾਰ ਵੀ ਮੁਗਲੋ ਭਾਰਤ ਛੱਡੋ ਦਾ ਖਿਆਲ ਤਕ ਹੀ ਨਹੀਂ ਆਇਆ ਸਗੋਂ ਭਾਰਤ ਉੱਤੇ ਹਮਲੇ ਕਰਨ ਲਈ ਬਲਾਉਣ ਦੀਆਂ ਉਧਾਰਨਾ ਮਿਲ ਜਾਂਦੀਆਂ ਹਨ।

### ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ –



ਇਹ 1927 ਦਾ ਸਾਲ ਹੀ ਸੀ ਜਦੋਂ ਪੇਰੀਯਾਰ ਨੇ ਗੈਰ ਬ੍ਰਾਹਮਣਾਂ ਲਈ ਔਹਦੇਦਾਰੀਆਂ ਵਿੱਚ ਹਿੱਸੇਦਾਰੀ ਦੇ ਸਰਕਾਰੀ ਹੁਕਮ ਲਾਗੂ ਕਰਵਾ ਲਏ ਸਨ, ਸਮਾਜਿਕ ਤਾਕਤ ਹੋਣ ਕਾਰਨ ਲਾਗੂ ਵੀ ਕਰਵਾ ਲਏ ਸਨ। ਦੂਜੇ ਪਾਸੇ ਡਾ ਅੰਬੇਡਕਰ 1924 ਵਿੱਚ ਅੰਗਰੇਜ਼ ਸਰਕਾਰ ਦੇ ਪਾਸ ਕੀਤੇ ਕਾਨੂੰਨ ਦੇ ਹੁਕਮਾਂ ਨੂੰ 1927 ਵਿੱਚ ਸਰਵਜਨਕ ਤਲਾਬਾਂ ਵਿੱਚੋ ਸਭ ਲਈ ਪਾਣੀ ਲੈਣ ਦੇ ਬਰਾਬਰੀ ਦੇ ਅਧਿਕਾਰ ਨੂੰ ਲਾਗੂ ਕਰਵਾਉਣ ਲਈ ਲੜ ਰਹੇ ਸਨ। ਇਹ ਇਸ ਕਾਰਨ ਸੀ ਕਿ ਦੱਖਣ ਭਾਰਤ ਨਾਲੋਂ ਉੱਤਰ ਭਾਰਤ ਵਿੱਚ ਬ੍ਰਾਹਮਣਵਾਦ ਦਾ ਦਬਦਬਾ ਅਤੇ ਸ਼ੋਸ਼ਣ ਅਧਿਕ ਸੀ। ਕਾਨੂੰਨ ਪਾਸ ਹੋਣ ਦੇ ਬਾਵਜੂਦ ਲਾਗੂ ਕਰਵਾਉਣ ਲਈ ਲੜ ਰਹੇ ਸਨ, ਸਤਿਆਗੈਰਿਹ ਕਰ ਰਹੇ ਸਨ, ਅਤੇ ਬ੍ਰਾਹਮਣਵਾਦੀ ਹਥਿਆਰ ਅਤੇ ਡਾਂਗਾਂ ਲੈ ਕੇ ਅੰਬੇਡਕਰ ਦੇ ਸਾਥੀ ਸਤਿਆਗੈਰਹਿ ਕਰਤਾਵਾਂ ਉੱਤੇ ਹਮਲੇ ਕਰ ਮਾਹਦ ਵਿੱਚ ਖ਼ੂਨ ਬਹਾ ਰਹੇ ਸਨ। ਇਹ ਸਿਰਫ ਇਸ ਕਾਰਨ ਸੀ ਕਿ ਗਾਂਧੀ ਜੀ ਵਰਗੇ ਨੇਤਾ ਬ੍ਰਾਹਮਣਵਾਦੀਆਂ ਦੇ ਪਿੱਠ ਉੱਤੇ ਖੜੇ ਸਨ ਅਤੇ ਮਹਾਰਾਸ਼ਟਰ ਵਿੱਚ ਉਹਨਾਂ ਦੇ ਸਰਕਾਰ ਅਤੇ ਦਰਬਾਰ ਵੀ ਆਪਣੇ ਹੱਥ ਵਿੱਚ ਸੀ।

ਮਹਾਦ ਵਿਖੇ ਪੈਰਸਤਾਵਿਤ ਕਾਨਫਰੰਸ ਅਤੇ ਸੱਤਿਆਗ੍ਰਹਿ ਦਾ ਦਿਨ ਨੇੜੇ ਆ ਰਿਹਾ ਸੀ। ਮਹਾਦ ਵਿੱਚ ਫਿਰ ਤੋਂ ਹਲਚਲ ਸ਼ੁਰੂ ਕਰ ਦਿੱਤੀ। ਸੰਘਰਸ਼ ਦੇ ਵਿਰੋਧੀਆਂ ਨੇ 27 ਨਵੰਬਰ, 1927 ਨੂੰ ਵੀਰੇਸ਼ਵਰ ਮੰਦਰ ਵਿਖੇ ਇੱਕ ਮੀਟਿੰਗ ਕੀਤੀ ਤਾਂ ਜੋ ਡਾ ਅੰਬੇਡਕਰ ਅਤੇ ਦੱਬੇ-ਕੁਚ਼ਲੇ ਵਰਗਾਂ ਵੱਲੋਂ ਚਾਵਦਰ ਟੈਂਕ ਤੋਂ ਪਾਣੀ ਲੈਣ ਦੀਆਂ ਕੋਸ਼ੈਸ਼ਾਂ ਨੂੰ ਨਾਕਾਮ ਕਰਨ ਦੀ ਯੋਜਨਾ ਬਣਾਈ ਜਾ ਸਕੇ। ਪਰ ਡਿਪੈਰੈਸਡ ਵਰਗਾਂ ਦੇ ਹਮਦਰਦਾਂ ਦੀ ਮੌਜੂਦਗੀ ਦੇ ਕਾਰਨ ਮੀਟਿੰਗ ਹੰਗਾਮੇ ਵਿੱਚ ਸਮਾਪਤ ਹੋ ਗਈ। ਕੁਝ ਪੂਨਾ ਦੇ ਹਿੰਦੂ ਨੇਤਾਵਾਂ ਨੇ ਹਿੰਦੂ ਜਾਤੀਆਂ ਦੇ ਨੂੰ ਸੰਘਰਸ਼ ਦਾ ਵਿਰੋਧ ਕਰਨ ਤੋਂ ਰੋਕਣ ਦੀ ਕੋਸ਼ੈਸ਼ ਕੀਤੀ, ਜਿਸ ਦਾ ਕੋਈ ਮਕਸਦ ਨਹੀਂ ਬਣਦਾ ਸੀ।

ਭਾਰਤੀ ਸਵਰਨ ਸਮਾਜ ਦੇ ਅਤਿਆਚਾਰ ਦੀ ਬਦੌਲਤ ਅਨੁਸੂਚਿਤ ਵਰਗ ਹਜਾਰਾਂ ਸਾਲ ਗੰਦਿਆਂ ਛੱਪੜਾਂ ਦਾ ਪਾਣੀ ਪੀਣ ਲਈ ਮਜਬੂਰ ਰਿਹਾ ਹੈ। ਅਨੁਸੂਚਿਤ ਵਰਗ ਜਿਹੜੇ ਹਿੰਦੂ ਦੇਵੀ ਦੇਵਤਿਆਂ ਦੀ ਪੂਜਾ ਕਰ ਰਿਹਾ ਹੈ, ਕਿਸੇ ਨੇ ਸਹਾਇਤਾ ਨਹੀਂ ਕੀਤੀ। ਅਨੁਸੂਚਿਤ ਵਰਗ ਨੂੰ ਬ੍ਰਾਹਮਣ ਪੁਜਾਰੀ ਵੀ ਉਸ ਦੇ ਪਿਛਲੇ ਜਨਮ ਦੇ ਪਾਪ ਦੀ ਸਜਾ ਕਹਿੰਦੇ ਰਹੇ ਹਨ। ਅਨੁਸੂਚਿਤ ਵਰਗ ਜੋ ਅੱਜ ਸਾਫ ਪਾਣੀ ਪੀ ਰਿਹਾ ਹੈ, ਉਸ ਦੇ ਪਿੱਛੇ ਉਹਨਾਂ ਦੇ ਮਹਾਂ ਪੁਰਸ਼ਾਂ ਅਤੇ ਪੂਰਵਜਾਂ ਦੀ ਕੁਰਬਾਨੀ ਹੈ, ਖ਼ੂਨ ਡੁਲਿਆ ਹੈ। ਅੰਗਰੇਜ਼ ਸਰਕਾਰ ਦੇ ਕਾਨੂੰਨ ਬਣਾ ਦੇਣ ਤੋਂ ਬਾਅਦ ਵੀ ਸਾਫ ਪਾਣੀ ਦਾ ਅਧਿਕਾਰਲੈਣ ਲਈ, ਭਾਰਤ ਦੇ ਬ੍ਰਾਹਮਣਵਾਦੀ ਲੋਕਾਂ ਦੇ ਜੁਲਮ ਦੇ ਖਿਲਾਫ ਬਾਬਾ ਸਾਹਿਬ ਨੇ 21-22 ਦਸੰਬਰ 1927 ਵਿੱਚ ਮਾਹਦ ਦੇ ਤਲਾਬ ਤੋਂ ਪਾਣੀ ਲੈਣ ਲਈ ਅੰਦੋਲਨ ਕੀਤਾ ਸੀ, ਸਵਰਨਾ ਨੇ ਅੰਦੇਲਨਕਾਰੀਆਂ ਉਤੇ ਹਮਲਾ ਕੀਤਾ ਸੀ, 22 ਦਸੰਬਰ ਨੂੰ ਸੈਂਕੜੇ ਅੰਦੋਲਨਕਾਰੀਆਂ ਦਾ ਖ਼ੂਨ ਡੁਲਿਆ ਸੀ।

3 ਜੁਲਾਈ ਕੋਲਾਬਾ ਜ਼ੈਲੇ ਦੇ ਮਹਾਦ ਦੇ ਅਛੂਤ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਵਿਰੋਧ ਵਿੱਚ ਬਹਿਸ਼ਕੈਰਿਤ ਹਿਤਕਾਰਨੀ ਸਭਾ ਦੀ ਸਰਪੈਰਸਤੀ ਹੇਠ, ਡਿਪਰੈਸਡ ਵਰਗਾਂ ਦੀ ਇੱਕ ਪਬਲਿਕ ਮੀਟਿੰਗ ਜੁਲਾਈ ਦੀ ਸ਼ਾਮ ਨੂੰ ਕਾਵਸਜੀ ਜਹਾਂਗੀਰ ਹਾਲ ਵਿਖੇ ਆਯੋਜਿਤ ਕੀਤੀ ਗਈ। ਡਾ. ਭੀਮ ਰਾਓ ਅੰਬੇਡਕਰ, ਬਾਰ-ਐਟ-ਲਾਅ ਨੇ ਲਗਭਗ 1,000 ਲੋਕਾਂ ਦੇ ਦਰਸ਼ਕਾਂ ਦੀ ਪੈਰਧਾਨਗੀ ਕੀਤੀ। ਬੰਬੇ ਸਿਟੀ ਐਸਬੀ, 4 ਜੁਲਾਈ, 1927 ਨੂੰ ਮਹਾਦ ਵਿਖੇ ਅਨੁਸੂਚਿਤ ਵਰਗ ਦੇ ਲੋਕਾਂ ਉੱਤੇ ਹੋ ਰਹੇ ਅੱਤਿਆਚਾਰਾਂ ਦੇ ਵਿਰੁੱਧ ਬੰਬੇ ਅਛੂਤਾਂ ਦਾ ਵਿਰੋਧ ਹੋਇਆ।

ਪੈਰਧਾਨ, ਰਾਗੋਬਾ ਨਾਰਾਇਣ ਵਨਮਾਲੀ, ਮਹਾਂਦੇਵ ਅਬਾਜੀ ਕਮਲੀ, ਸੀਤਾਰਾਮ ਨਾਮਦੇਵ ਸ਼ੈਵਤਾਰਕਰ, ਨਿਰਮਲ ਲਿੰਬਾਜੀ ਗੰਗਵਨੇ, ਗੀਤਾਨੰਦ ਬੈਰਹਮਚਾਰੀ ਅਤੇ ਸਾਮੰਤ ਨਾਨਜੀ ਮਾਰਵਾੜੀ ਦੁਆਰਾ ਉੱਚ ਵਰਗਾਂ ਦੁਆਰਾ ਮਹਾਦ ਵਿੱਚ ਆਪਣੇ ਭਰਾਵਾਂ ਨਾਲ ਵਿਚਾਰ ਸਾਂਝੇ ਕੀਤੇ, ਰੂੜੀਵਾਦੀ ਹਿੰਦੂਆਂ ਦੇ ਵਿਵਹਾਰ ਦੀ ਨਿੰਦਾ ਕਰਦਿਆਂ ਭਾਸ਼ਣ ਦਿੱਤੇ ਗਏ। ਉਹਨਾਂ ਨੇ ਇਸ ਸਲੂਕ ਵਿਰੁੱਧ ਸ਼ਾਂਤਮਈ ਅੰਦੋਲਨ ਜਾਰੀ ਰੱਖਣ, ਸਵੈਸੇਵਕਾਂ ਨੂੰ ਭਰਤੀ ਕਰਨ ਅਤੇ ਫੰਡ ਇਕੱਠੇ ਕਰਨ ਦਾ ਫੈਸਲਾ ਕੀਤਾ। 1927 ਦੀ ਦੀਵਾਲੀ ਦੀਆਂ ਛੁੱਟੀਆਂ ਤੋਂ ਬਾਅਦ ਉਹ ਪਹਿਲਾਂ ਮਹਾਦ ਵਿਖੇ ਕਾਨਫਰੰਸ ਕਰਨਗੇ ਅਤੇ ਫਿਰ ਨਾਗਰਿਕਾਂ ਵਜੋਂ ਆਪਣੇ ਕਾਨੂੰਨ ਅਨੁਸਾਰ ਬਣਦੇ ਅਧਿਕਾਰਾਂ ਨੂੰ ਲਾਗੂ ਕਰਾਉਣ ਲਈ ਸੱਤਿਆਗ੍ਰਹਿ ਸ਼ੁਰੂ ਕਰਨ ਦਾ ਫੈਸਲਾ ਕੀਤਾ, ਇਸ ਸਬੰਧੀ ਮਤਾ ਪਾਸ ਕੀਤਾ ਗਿਆ। ਫੰਡਾਂ ਦੀ ਅਪੀਲ ਬੁਲਾਰਿਆਂ ਦੁਆਰਾ ਕੀਤੀ ਗਈ ਸੀ ਅਤੇ ਲਗਭਗ 350 ਰੁਪਏ ਇਕੱਠੇ ਕੀਤੇ ਗਏ ਸਨ। ਇੱਕ ਦਰਜਨ ਲੋਕਾਂ ਨੇ ਸੱਤਿਆਗ੍ਰਹਿ ਅੰਦੋਲਨ ਦੇ ਸ਼ੁਰੂ ਹੋਣ ਤੇ ਸਵੈਸੇਵਕ ਬਣਨ ਲਈ ਸਹਿਮਤੀ ਦਿੱਤੀ।"

ਇੱਕ ਹੋਰ ਮਤਾ ਪਾਸ ਕੀਤਾ ਗਿਆ ਜਿਸ ਵਿੱਚ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਡਿਪਰੈਸਡ ਵਰਗਾਂ ਦੀਆਂ ਸ਼ੈਕਾਇਤਾਂ ਨਾਲ ਨਜਿੱਠਣ ਲਈ ਇੱਕ ਵੱਖਰਾ ਵਿਭਾਗ ਸਥਾਪਤ ਕੀਤਾ ਜਾਵੇ ਜਿਵੇਂ ਕਿ ਮਦਰਾਸ ਵਿੱਚ ਕੀਤਾ ਗਿਆ ਸੀ।

ਇਸ ਦੇ ਸੰਬੰਧ ਵਿੱਚ, 30 ਅਕਤੂਬਰ ਦੀ ਦੁਪਹਿਰ ਨੂੰ ਡਾ: ਬੀ ਆਰ ਅੰਬੇਡਕਰ ਦੀ ਪੈਰਧਾਨਗੀ ਹੇਠ ਸਰ ਕਾਵਸਜੀ ਜਹਾਂਗੀਰ ਹਾਲ ਵਿਖੇ ਲਗਭਗ ਇੱਕ ਹਜ਼ਾਰ ਅਛੂਤਾਂ ਦੀ ਮੀਟਿੰਗ ਹੋਈ। ਪੈਰਧਾਨ ਨੇ ਉਹਨਾਂ ਤੱਥਾਂ ਦੀ ਵਿਆਖਿਆ ਕੀਤੀ ਜਿਸ ਕਾਰਨ ਮਹਾਦ ਵਿਖੇ ਘਟਨਾ ਵਾਪਰੀ ਅਤੇ ਜਿਸਨੇ ਅਨੁਸੂਚਿਤ ਵਰਗ ਨੂੰ ਆਪਣੇ ਅਧਿਕਾਰਾਂ ਦੀ ਸੁਰੱਖਿਆ ਲਈ ਖੜੇ ਹੋਣ ਲਈ ਮਜਬੂਰ ਕੀਤਾ। ਇੱਕ ਮਤਾ ਪਾਸ ਕੀਤਾ ਗਿਆ। ਜਿਸ ਦੁਆਰਾ ਸੱਤਿਆਗ੍ਰਹਿ ਅੰਦੋਲਨ ਦੀ ਮਨਾਹੀ ਦੀ ਸਥਿਤੀ ਵਿੱਚ 25 ਦਸੰਬਰ ਨੂੰ ਮਹਾਦ ਵਿਖੇ ਇੱਕ ਕਾਨਫਰੰਸ ਆਯੋਜਿਤ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਜੋ ਜਨਤਕ ਤਲਾਬ ਤੋਂ ਪਾਣੀ ਦੀ ਵਰਤੋਂ ਕਰਨ ਦੇ ਆਪਣੇ ਅਧਿਕਾਰ ਦਾ ਹੱਕ ਪੱਕਾ ਕੀਤਾ ਜਾ ਸਕੇ। ਮੀਟਿੰਗ ਵਿੱਚ 570 ਰੁਪਏ ਇਕੱਠੇ ਕੀਤੇ ਗਏ ਸਨ। ਹਾਜਰ ਕਾਰਕੁਨਾਂ ਵੱਲੋਂ ਨਵੰਬਰ ਦੇ ਮੱਧ ਵਿੱਚ ਅਮਰਾਵਤੀ ਵਿਖੇ ਇੱਕ ਮੰਦਰ ਦੇ ਸਬੰਧ ਵਿੱਚ ਅਜਿਹੀ ਮੁਹਿੰਮ ਸ਼ੁਰੂ ਕਰਨ ਦਾ ਸੁਝਾਅ ਵੀ ਦਿੱਤਾ ਗਿਆ ਸੀ।"

### ਮੋਹਨਦਾਸ ਕਰਮ ਚੰਦ ਗਾਂਧੀ–

ਛੂਤ-ਛਾਤ ਅਤੇਜਾਤੀਵਾਦ ਦੀ ਬਿਮਾਰੀ ਦਾ ਇਲਾਜ ਕਰਨ ਦੋ ਡਾਕਟਰ ਪੇਰੀਯਰ ਅਤੇ ਡਾ. ਅੰਬੇਡਕਰ ਤਾਂ ਕਰ ਰਹੇ ਸਨ। ਕਿਉਂਕਿ ਇਹ ਦੋਵੇਂ ਇਸ ਬਿਮਾਰੀ ਦਾ ਸ਼ਿਕਾਰ ਵੀ ਹੋਏ ਦਰਦ ਵੀ ਝੱਲ ਹਹੇ ਸਨ। ਇਸ ਲਈ ਇਸ ਬਿਮਾਰੀ ਨੂੰ ਜੜ ਤੋ ਪੁੱਟ ਦੇਣਾ ਚਾਹੁੰਦੇ ਸਨ। ਦੂਜੇ ਪਾਸੇ ਗਾਂਧੀ ਜੀ ਵੀ ਇਸ ਬਿਮਾਰੀ ਦਾ ਇਲਾਜ ਕਰਨ ਦੇ ਕੰਮ ਨੂੰ ਕਰਦੇ ਪੈਰਚਾਰ ਰਹੇ ਸਨ, ਸ਼ੋਸ਼ਣਕਰਤਾ ਨੂੰ ਪਿਆਰ ਨਾਲ ਮਨਾਉਣ ਦੇ ਕੰਮ ਵਿੱਚ ਲਗੇ ਹੋਏ ਸਨ।

ਉਹਨਾਂ ਦਿਨਾਂ ਵਿੱਚ ਸਰ ਹੈਨਰੀ ਸਟੇਵਲੇ ਲਾਰੈਂਸ ਅੰਗਰੇਜ਼ ਸਰਕਾਰ ਦੇ ਅਧਾਕਾਰੀ ਸਨ ਅਤੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਲੀਡਰ ਸਰ ਅਲੀ ਮੁਹੰਮਦ ਖਾਨ ਦੇਹਲਵੀ ਇੱਕ ਭਾਰਤੀ ਸਿਆਸਤਦਾਨ, ਸਿੱਖਿਆ ਸ਼ਾਸਤਰੀ, ਮੁਸਲਿਮ ਸੁਧਾਰਵਾਦੀ ਅਤੇ ਇੱਕ ਨੇਤਾ ਸਨ, ਕਾਂਗਰਸੀਆਂ ਦਾ ਵੀ ਖਾਸਾ ਦਬਦਬਾ ਸੀ ਸਰਕਾਰ ਵਿੱਚ। ਗਾਂਧੀ ਜੀ 1927 ਵਿੱਚ ਗੁਜਰਾਤ ਤੋਂ ਯਾਤਰਾ ਕਰਦੇ ਮਹਾਰਾਸ਼ਟਰ ਹੁੰਦੇ ਹੋਏ ਦਖਣ ਬੰਗਲੌਰ ਵਿੱਚ ਘੁੰਮ ਰਹੇ ਸਨ। ਪੇਰੀਯਾਰ ਨੇ ਵੀ ਉਹਨਾਂ ਨਾਲ ਬੰਗਲੌਰ ਵਿੱਚ ਹੀ ਮੀਟਿੰਗ ਕੀਤੀ ਸੀ।

ਗਾਂਧੀ ਜੀ ਨੇ 13 ਜੁਲਾਈ, 1927 ਨੂੰ (ਬੰਗਲੌਰ) ਬਸਵਾਨਗੁੜੀ ਵਿੱਚ ਮਹਿਲਾ ਸੇਵਾ ਸਮਾਜ ਵਿਖੇ ਇੱਕ ਇਕੱਠ ਨੂੰ ਸੰਬੋਧਨ ਕੀਤਾ। ਗਾਂਧੀ ਰਵਾਇਤੀ ਤੌਰ 'ਤੇ ਔਰਤਾਂ ਦੇ ਅਧਿਕਾਰਾਂ ਦੇ ਚੈਂਪੀਅਨ ਨਹੀਂ ਸੀ, ਪਰ ਉਸ ਸਵੇਰ, ਉਹਨਾਂ ਨੇ ਔਰਤਾਂ ਨੂੰ ਉਤਸ਼ਾਹਤ ਕੀਤਾ ਕਿ ਉਹ ਪਰਿਵਰਤਨਸ਼ੀਲ ਹੋਣ ਅਤੇ ਉਹਨਾਂ ਦਾ ਇਸਤੈਰੀਧਨ (ਵਿਆਹ ਦੇ ਸਮੇਂ ਪ੍ਰਾਪਤ ਕੀਤੀ ਧਨ-ਦੌਲਤ ਦਾ ਹਿੱਸਾ, ਗਹੇਂ ਆਦਿ) ਦਾਨ ਕਰਕੇ ਹਰੀਜਨ (ਐਸਸੀ/ਐਸਟੀ) ਅੰਦੋਲਨ ਵਿੱਚ ਯੋਗਦਾਨ ਪਾਉਣ।

ਕਮਲਾਬਾਈ ਚੰਦੂਰ (ਰਾਜੰਮਾ), ਸੁਬਾਮਾ ਅਤੇ ਗੌਰਾਮਾ, ਪੁਰਾਣੇ ਮੈਸੂਰ ਰਾਜ ਦੇ ਆਜ਼ਾਦੀ ਘੁਲਾਟੀਆਂ, ਨੇ ਆਪਣੇ ਸਾਰੇ ਗਹਿਣਿਆਂ ਵਿੱਚ ਯੋਗਦਾਨ ਪਾਉਣ ਵਾਲੇ ਪਹਿਲੇ ਵਿਅਕਤੀ ਸਨ। ਦੂਜਿਆਂ ਨੇ ਇਸਦਾ ਪਾਲਣ ਕੀਤ। ਅੱਜ ਸਵੇਰੇ, ਲਗਭਗ 92 ਸਾਲ ਪਹਿਲਾਂ, ਮਹਾਤਮਾ 90,000 ਰੁਪਏ ਦੇ ਗਹਿਣੇ ਇਕੱਠੇ ਕਰਨ ਵਿੱਚ ਕਾਮਯਾਬ ਹੋਏ। ਡਾ. ਅੰਬੇਡਕਰ ਦਾ ਮਾਮੂਲੀ ਜਿਹਾ ਧਨ ਇੱਕਠਾ ਕੀਤਾ ਐਸਸੀ ਐਸਟੀ ਸਮਾਜ ਲਈ ਪਾਣੀ ਦਾ ਕਾਨੂੰਨੀ ਅਧਿਕਾਰ ਲੈ ਰਹੇ ਸਨ। ਖ਼ੂਨ ਵੀ ਬਹਾ ਰਹੇ ਸਨ। ਉਹਨਾਂ ਦਿਨਾ ਵਿੱਤ ਅਗਰ ਕੋਈ ਅਛੂਤ ਬਿਮਾਰ ਹੋ ਜਾਂਦਾ ਸੀ ਤਾਂ ਡਾਕਟਰ ਉਸ ਨੂੰ ਸਾਫ ਪਾਣੀ ਪੀਣ ਦੀ ਪਹਿਲਾਂ ਸਲਾਹ ਦਿੰਦੇ ਸਨ।

ਗਾਂਧੀ ਜੀ ਪਾਣੀ ਲਈ ਸਤਿਆਗੈਰਿਹ ਕਰਤਾ ਐਸਸੀ ਐਸਟੀ ਸਮਾਜ ਨਾਲ ਸਤਿਆਗੈਰਿਹ ਵਿੱਚ ਨਹੀ ਆਏ, ਕੋਈ ਵੀ ਕਾਰਨ ਹੋ ਸਕਦੇ ਹਨ, ਜਦੋਂ ਉਹ ਅਛੂਤ ਸਮਾਜ ਲਈ ਕੰਮ ਕਰ ਹੀ ਰਹੇ ਸਨ ਤਾਂ ਬੰਗਲੌਰ ਯਾਤਰਾ ਛੱਡ, ਸੈਂਕੜੇ ਲੋਕਾਂ ਦੇ ਜਖਮੀ ਹੋਣ ਦੀ ਸਾਰ ਲੈ ਸਕਦੇ ਸਨ ਲੇਕਿਨ ਨਹੀ ਆਏ। ਗਾਂਧੀ ਜਾ ਦੇ ਲੱਖਾਂ ਰੁਪਏ ਐਸਸੀ ਐਸਟੀ ਦੀ ਰਾਹਤ ਲਈ ਇਕੱਠੇ ਕੀਤੇ ਨੇ ਕਿੰਨੀ ਕੂ ਰਾਹਤ ਦਿਤੀ ਹੋਵੇਗੀ ਇਹ ਕਿਹਾ ਨਹੀਂ ਜਾ ਸਕਦਾ।


(ਚਲਦਾ)

# ਸਾਹਿਤ ਅਤੇ ਸੰਗੀਤ ਦਾ ਸੁਮੇਲ, ਅਸ਼ਰਫ 'ਗਿੱਲ' ਫਰਿਜ਼ਨੋ




ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਾਹਿਤਕਾਰ ਸਮਾਜ ਨੂੰ ਉਤਸ਼ਾਹਿਤ ਕਰਦੇ, ਦ੍ਰਿਸ਼ਟੀਕੋਣ ਵਧਾਉਂਦੇ ਅਤੇ ਸੋਚਾਂ ਬਦਲਦੇ ਹਨ।ਉਹਨਾਂ ਦੀ ਸ਼ਕਤੀਸ਼ਾਲੀ ਕ੍ਰਿਤ ਸਮਾਜ ਨੂੰ ਹਮੇਸ਼ਾ ਉਚਾ ਚੁੱਕਦੀ ਹੈ। ਸਮਾਜ ਦੀਆਂ ਸਮੱਸਿਆਵਾਂ ਨੂੰ ਪਛਾਣ ਕੇ ਉਭਾਰਦੇ ਅਤੇ ਹੱਲ ਕਰਨ ਦਾ ਯਤਨ ਦੱਸਦੇ ਹਨ। ਲੋਕਾਂ ਦੀ ਗੱਲ ਲੋਕਾਂ ਤੱਕ ਪਹੁੰਚਾਉਣਾ ਉਹਨਾਂ ਦੀ ਕਲਾ ਹੈ। ਫਿਰ ਚਾਹੇ ਬੋਲ ਕੇ, ਲਿਖ ਕੇ, ਸੰਗੀਤ ਨਾਲ ਜਾਂ ਚਿੱਤਰਕਾਰੀ ਆਦਿ ਮਾਧਿਅਮ ਹੋਣ। ਅਜਿਹੀਆਂ ਕਲਾਵਾਂ ਨੂੰ ਇਕ ਕਲਾਵੇ ਵਿਚ ਰਚਨਾ ਕਰ ਰਿਹਾ ਹੈ ਫਰਿਜ਼ਨੋ ਨਿ-ਵਾਸੀ ਅਸ਼ਰਫ ਗਿੱਲ। ਜਿਸਨੇ ਕਲਾ ਦੀ ਬਾਤ ਗਜ਼ਲ, ਗੀਤ, ਕਹਾਣੀ, ਵਾਰਤਕ ਅਤੇ ਸਫਰਨਾਮਾ ਰਾਹੀਂ ਪਾਈ ਹੈ। ਉਪਰੰਤ ਆਵਾਜ਼ ਵੀ ਦਿੱਤੀ ਹੈ।



ਅਸ਼ਰਫ ਗਿੱਲ ਦਾ ਜਨਮ ਪਿੰਡ ਜੌੜਾ ਸਿਆਨ ਤਹਿਸੀਲ ਵਜ਼ੀਰਾਬਾਦ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਪੰਜਾਬ ਵਿਚ ਹੋਇਆ। ਬੀ. ਏ. ਤੱਕ ਦੀ ਵਿੱਦਿਆ ਪੰਜਾਬ ਯੂਨੀਵਰਸਿਟੀ ਲਾਹੌਰ ਉਪਰੰਤ ਫਾਜ਼ਿਲ ਫਾਰਸੀ ਡਿਪਲੋਮਾ ਲਾਹੌਰ ਅਤੇ ਅਕਾਊਟਿੰਗ ਡਿਗਰੀ ਕੈਲੀਫੋਰਨੀਆ (ਯੂ. ਐਸ. ਏ.) ਤੋਂ ਮੁਕੰਮਲ ਕੀਤੀ। ਯੂਨਾਈਟਿਡ ਬੈਂਕ ਲਾਹੌਰ ਪਾਕਿਸਤਾਨ ਤੇ ਦੋਹਾ ਬੈਂਕ ਨਿਊਯਾਰਕ ਵਿਚ ਨੌਕਰੀ ਕੀਤੀ। ਕੈਲੀਫੋਰਨੀਆ ਵਿਚ ਵੀ ਵੱਖ-ਵੱਖ ਨੌਕਰੀਆਂ ਕਰਨ ਤੋਂ ਬਾਅਦ ਸਾਹਿਤ ਅਤੇ ਕਲਾ ਵਿਚ ਸਮਾਂ ਲਗਾ ਦਿੱਤਾ। ਸ਼ਾਹਮੁਖੀ ਪੰਜਾਬੀ ਵਿਚ ਗਜ਼ਲਾਂ ਦੀਆਂ ਪੁਸਤਕਾਂ ਹਨ- ਕੁਰਲਾਂਦੀ ਤਾਨ, ਜੀਵਨ ਰੁੱਤ ਕੰਡਿਆਲੀ ਅਤੇ ਸੌਜਾਂ।

ਉਰਦੂ ਗਜ਼ਲਾਂ- ਵਫਾ ਕਿਉਂ ਨਹੀਂ ਮਿਲਤੀ ਚਲੋ ਏਕ ਸਾਥ ਚਲਤੇ ਹੈਂ, ਵੁਹ ਮਿਲਾ ਕੇ ਹਾਥ ਜੁਦਾ ਹੁਆ,
ਗੁਰਮੁਖੀ ਲਿਪੀ ਵਿਚ ਚੋਣਵੀਆਂ ਗਜ਼ਲਾਂ, ਤੋਲਵੇਂ ਬੋਲ, ਸਾਜੋ ਸੋਜੇ ਸੁਖਨ
ਹਿੰਦੀ ਲਿਪੀ ਵਿਚ ਚੋਣਵੀਆਂ ਉਰਦੂ ਗਜ਼ਲਾ, ਸੁਲਗਤੀ ਸੋਚੋਂ ਸੇ।
ਵਾਰਤਕ ਪੁਸਤਕਾਂ ਸ਼ਾਹਮੁਖੀ ਵਿਚ- ਮੇਰੀ ਜੀਵਨੀ ਦਾ ਪਹਿਲਾ ਭਾਗ, ਮੇਰੀ ਜ਼ਿੰਦਗੀ ਕੀ ਯਾਦਸ਼ਤੇਂ
ਪਿੰਡੋ ਲਾਹੌਰ ਤੀਕ ਅਤੇ ਕੋਤਰ ਸੋ ਪੰਜਾਬੀ ਕਹਾਣੀਆਂ, ਸੁਰਖ ਆਂਸੂ ਉਰਦੂ ਕਹਾਣੀਆਂ।
4 ਭਾਰਤ ਫੇਰੀ ਦੇ ਸਫਰਨਾਮੇ (ਗੁਰਮੁਖੀ): ਅੰਮ੍ਰਿਤਸਰ, ਜਲੰਧਰ, ਪਟਿਆਲਾ, ਮਲੋਟ, ਗੁਰਦਾਸਪੁਰ, ਨਵਾਂ ਸ਼ਹਿਰ, ਚੰਡੀਗੜ੍ਹ, ਬਰਨਾਲਾ, ਨਵੀਂ ਦਿੱਲੀ, ਤਾਜ਼ ਮਹਿਲ ਆਗਰਾ, ਮੁੰ-ਬਈ, ਕਲਕੱਤਾ, ਹੈਦਰਾਬਾਦ ਤੇ ਹੋਰ ਪਿੰਡ ਸ਼ਹਿਰ ਕਸਬਿਆਂ ਦੀ ਫੇਰੀ ਹੈ।
ਛਾਪੇ ਅਧੀਨ ਪੁਸਤਕਾਂ: ਉਰਦੂ ਗਜ਼ਲਾਂ ਦੀ ਅੰਗਰੇਜ਼ੀ ਅਨੁ-ਵਾਦ, ਉਰਦੂ ਗਜ਼ਲਾਂ ਦੀ ਪੁਸਤਕ ਸ਼ਾਹਮੁਖੀ ਵਿਚ ਅਤੇ ਅੰ-ਗਰੇਜ਼ੀ ਕਹਾਣੀਆਂ ਦੇ ਉਰਦੂ ਅਤੇ ਪੰਜਾਬੀ ਅਨੁਵਾਦ।




ਸਨਮਾਨ: ਅਮਰੀਕਾ, ਪਾਕਿਸਤਾਨ, ਭਾਰਤ ਦੀਆਂ ਸਾਹਿਤ ਸਭਿਆਚਾਰ, ਸੰਗੀਤ, ਰੰਗਮੰਚ ਅਤੇ ਵਿਦਿਅਕ ਪ੍ਰਸਿੱਧ ਸੰਸਥਾਵਾਂ ਵੱਲ ਸਨਮਾਨਿਤ ਹੋਇਆ ਹੈ।

ਉਸਦੀ ਖਾਸ ਪ੍ਰਾਪਤੀ ਵਿਚ ਗਿੱਲ ਵੱਲੋਂ ਆਪਣੀ ਸਵਰਗਵਾਸੀ ਮਾਂ ਰਾਬੀਆਂ ਦੀ ਯਾਦ ਵਿਚ ਹਰ ਸਾਲ ਪਹਿਲੇ ਤਿੰਨ ਗਜਲਗੋਆਂ ਨੂੰ ਨਗਦ ਰਾਸ਼ੀ ਦਾ ਇਨਾਮ ਦਿੱਤਾ ਜਾਂਦਾ ਹੈ।

ਖੋਜ- ਦੀ ਕਾਇਦੇ-ਆਜ਼ਮ ਯੂਨੀਵਰਸਿਟੀ ਇਸਲਾਮਾਬਾਦ ਪਾਕਿਸਤਾਨ ਵੱਲੋਂ ਵਿਦਿਆਰਥੀਆਂ ਨੂੰ ਗਿੱਲ ਦੀ ਪੁਸਤਕ 'ਕੁਰਲਾਂਦੀ ਤਾਨ' ਤੇ ਫਨਕਾਰ ਦੀ ਸ਼ਖਸੀਅਤ ਤੇ ਖੋਜ ਪੱਤਰ ਲਿਖਣ ਤੇ ਡਿਗਰੀ ਦਿੱਤੀ ਗਈ।

ਕੁਰਲਾਂਦੀ ਤਾਨ ਪੁਸਤਕ ਤੇ ਪ੍ਰੋ. ਰਾਜਿੰਦਰ ਸਿੰਘ ਜੌਲੀ ਵੱਲੋਂ ਇਕ ਵਿਦਿਆਰਥੀ ਨੂੰ ਐਮ. ਫਿਲ. ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਦਿੱਤੀ ਗਈ। ਪ੍ਰੋ. ਸੁਹਿੰਦਰਬੀਰ ਵੱਲੋਂ ਵੀ ਇਸ ਪੁਸਤਕ 'ਤੇ ਕੰਮ ਕੀਤਾ ਗਿਆ।

ਗੌਰਮਿੰਟ ਐਮ. ਏ. ਕਾਲਜ ਲੜਕੀਆਂ ਸਮਨਅਬਾਦ ਲਾਹੌਰ ਪਾਕਿਸਤਾਨ ਦੀ ਪ੍ਰੋ. ਫਾਖਿਰਾ ਸੁਜਾ ਨੇ ਵਿਦਿਆਰਥਣ ਇਲਮਾ ਯਾਸੀਨ ਰੋਲ ਨੰਬਰ 17621 ਕੋਲੋਂ ਗਿੱਲ ਦੀਆਂ ਪੰਜਾਬੀ ਗਜ਼ਲਾਂ ਤੇ ਖੋਜ ਪੱਤਰ ਲਿਖਵਾ ਕੇ ਬੀ. ਐਸ. ਸੀ. ਆਨਰਜ਼ ਪੰਜਾਬੀ ਦੀ ਡਿਗਰੀ ਦਿੱਤੀ। ਅਪ੍ਰੈਲ 2021 ਵਿਚ ਡਾ. ਮੁਹੰਮਦ ਅਫਜ਼ਲ ਹਮੀਦ ਗੌਰਮਿੰਟ ਕਾਲਜ ਯੂਨੀਵਰਸਿਟੀ ਫੈਸਲਾਬਾਦ ਪਾਕਿਸਤਾਨ ਵੱਲੋਂ ਆਪਣੀ ਵਿਦਿਆਰਥਣ ਨੂਰੁਲ ਐਨ ਨੂੰ ਗਿੱਲ ਦੀਆਂ ਉਰਦੂ ਗਜ਼ਲਾਂ ਤੇ ਖੋਜ ਪੱਤਰ ਲਿਖਣ ਤੇ ਐਮ. ਫਿਲ. ਦੀ ਡਿਗਰੀ ਦੇਣ ਦਾ ਫੈਸਲਾ ਕੀਤਾ ਹੈ।

ਸੰਗੀਤ ਪ੍ਰਾ-ਪਤੀਆਂ:- ਮੋਢੀ ਮੈਂਬਰ ਸ਼ਾਰਦਾ ਸੰਗੀਤ ਸਦਨ ਫਰਿਜ਼ਨੋ ਕੈਲੇਫੋਰਨੀਆ। ਪ੍ਰਬੰਧਕ ਇੰਡੋ-ਪਾਕਿ ਗੀਤ ਸੰਗੀਤ ਕਲੱਬ ਫਰਿਜ਼ਨੋ ਕੈਲੇਫੋਰਨੀਆ।
ਰਚਨਾ 'ਆਪ ਕੀ ਕਸ਼ਸ਼' ਉਰਦੂ ਗਜ਼ਲਾਂ ਵਿਚ ਗਿੱਲ ਦੀ ਆਪਣੀ ਆਵਾਜ਼ ਅਤੇ ਗੁਲਾਮ ਅਲੀ, ਹਾਮਿਦ ਅਲੀ ਖਾਂ, ਰਿਆਜ਼ ਅਲੀ ਖਾਂ ਤੇ ਗਾਇਕਾ ਰਿਫਆਤ ਮੁਗਲ ਦੀਆਂ ਆਵਾਜ਼ਾਂ ਹਨ। ਰਚਨਾਵਾਂ 'ਚੋਰੀ ਚੋਰੀ', 'ਯਾਦ ਬਨ ਕਰ', 'ਮਾਂ ਕਾ ਚਿਹਰਾ', 'ਮੇਰੀਏ ਪੰਜਾਬੀਏ' ਆਦਿ ਵਿਚ ਗਿੱਲ ਦਾ ਆਪਣਾ ਸੰਗੀਤ ਅਤੇ ਆਵਾਜ਼ ਹੈ।
ਪੰਜਾਬੀ ਗੀਤਾਂ ਦੀ ਰਚਨਾ ਵਿਚ 'ਗਿੱਲ' ਦੇ ਸੰਗੀਤ ਨਾਲ ਨਸੀਬੋ ਲਾਲ ਅਤੇ 'ਗਿੱਲ' ਦੀਆਂ ਆਵਾਜ਼ਾਂ ਹਨ।

'ਗਿੱਲ' ਸਾਹਿਤ ਸੰਗੀਤ ਦਾ ਬਹੁ-ਭਾਸ਼ੀ, ਬਹੁ-ਪੱਖੀ ਪ੍ਰੋੜ੍ਹ ਫਨਕਾਰ ਹੈ। ਸਿਹਤ ਨਸਾਜ਼ ਰਹਿਣ 'ਤੇ ਵੀ ਕਲਾ ਦਾ ਜਨੂੰਨੀ ਪੁਜਾਰੀ ਹੈ। ਕੁਲਵਕਤੀ ਕਲਾਕਾਰ ਹੈ। ਇਹੀ ਉਸਦਾ ਨਿੱਤ ਦਾ ਰਿਆਜ਼ ਹੈ। ਸਾਊ ਸੁਭਾਅ ਅਤੇ ਸਾਦਾ ਵਿਅਕਤੀ ਕਲਾ ਵਿਚ ਹੀ ਮਿਹਨਤ ਕਰ ਰਿਹਾ ਹੈ। ਉਸਦਾ ਕਹਿਣਾ ਹੈ ਕਿ ਆਪਣੀ ਆਪਣੀ ਮਿਹਨਤ ਦਾ ਰੰਗ ਹੈ। ਹਰ ਕੋਈ ਆਪਣੇ ਖੇਤਰ ਵਿਚ ਮਿਹਨਤ ਕਰ ਰਿਹਾ ਹੈ। ਮੇਰਾ ਕਿਸੇ ਨਾਲ ਮੁਕਾਬਲਾ ਨਹੀਂ ਮੇਰਾ ਸ਼ੌਂਕ ਹੈ।

ਉਸਦੀਆਂ ਰਚਨਾਵਾਂ ਕਲਪਨਾ ਨੂੰ ਯਥਾਰਥ ਵੱਲ ਮੋੜਦੀਆਂ ਹਨ। ਉਸਦੀਆਂ ਕਹਾਣੀਆਂ ਰੋਜ਼ਮਰਾ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਉਭਾਰਦੀਆਂ ਹਨ। ਵਿਅੰਗਮਈ ਸੇਧ ਪ੍ਰਦਾਨ ਕਰਦੀਆਂ ਹਨ। ਉਸਦੇ ਵਰਤੇ ਅਲੰਕਾਰ ਕੁਦਰਤੀ ਰਾਹ ਪੈਂਡੇ, ਮੰਜ਼ਲਾਂ ਇਕ ਨਜ਼ਾਰਾ ਬਣਾ ਕੇ ਪਾਠਕ ਨੂੰ ਨਾਲ ਤੋਰ ਲੈਂ-ਦੀਆਂ ਹਨ।

ਦੁਆ ਹੈ ਕਿ ਉਸਦਾ ਇਹ ਸਬੱਬ ਸਮਾਜ ਦੇ ਜੀਵਨ ਵਿਚ ਰੰਗ ਭਰਦਾ ਰਹੇ।

# ਗੁਆਚੀ ਸਿੱਖਿਆ ਨੂੰ ਦੁਬਾਰਾ ਲੱਭਣ ਦੀ ਜ਼ਰੂਰਤ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਸਕੂਲ ਖੋਲ੍ਹੇ ਜਾਣੇ ਚਾਹੀਦੇ ਹਨ, ਪਰ ਸਾਵਧਾਨੀ ਨਾਲ। ਬੇਸ਼ੱਕ, ਮੇਰੀ ਗੱਲ ਦਾ ਵਿਰੋਧ ਕਰਦੇ ਹੋਏ, ਤੁਸੀਂ ਵਿਗਿਆਨਕ ਤੱਥਾਂ ਨੂੰ ਨਜ਼ਰ ਅੰਦਾਜ਼ ਕਰ ਸਕਦੇ ਹੋ, ਜੋ ਦਿਖਾਉਂਦੇ ਹਨ ਕਿ ਕੋਰੋਨਾ ਦੇ ਫੈਲਣ ਦੀ ਚਿੰਤਾ ਕੀਤੇ ਬਿਨਾਂ ਸਕੂਲ ਖੋਲ੍ਹੇ ਜਾ ਸਕਦੇ ਹਨ, ਪਰ ਤੁਸੀਂ ਦੇਸ਼ ਦੇ 240 ਮਿਲੀਅਨ ਸਕੂਲੀ ਬੱਚਿਆਂ ਦੀ ਸਮੱਸਿਆਵਾਂ ਨੂੰ ਕਿਵੇਂ ਨਜ਼ਰ ਅੰਦਾਜ਼ ਕਰੋਗੇ? ਪਿਛਲੇ 16 ਮਹੀਨਿਆਂ ਵਿੱਚ, ਸਿਰਫ ਕੁਝ ਚੋਣਵੇਂ ਬੱਚੇ ਹੀ ਆਨਲਾਈਨ ਕਲਾਸਾਂ, ਪ੍ਰਾਈਵੇਟ ਟਿਊਸ਼ਨਿੰਗ ਅਤੇ ਪਰਿਵਾਰਕ ਸਹਾਇਤਾ ਦੁਆਰਾ ਸਿੱਖਿਆ ਪ੍ਰਾਪਤ ਕਰਨ ਦੇ ਯੋਗ ਹੋਏ ਹਨ। ਜ਼ਿਆਦਾਤਰ ਅਧਿਐਨ ਮਾਰਚ 2020 ਤੋਂ ਬੰਦ ਹਨ ਅਤੇ, ਉਨ੍ਹਾਂ ਵਿੱਚੋਂ ਬਹੁਤ ਸਾਰੇ ਉਹ ਸਬਕ ਭੁੱਲ ਗਏ ਹਨ ਜਿਨ੍ਹਾਂ ਬਾਰੇ ਉਹ ਜਾਣਦੇ ਸਨ ਜਦੋਂ ਸਕੂਲ ਬੰਦ ਸਨ ਉਹ ਮਿਡ-ਡੇ ਮੀਲ ਤੋਂ ਵੀ ਵਾਂਝੇ ਹਨ, ਜੋ ਕਿ ਬਹੁਤ ਸਾਰੇ ਬੱਚਿਆਂ ਲਈ ਦਿਨ ਦਾ ਸਭ ਤੋਂ ਪੌਸ਼ਟਿਕ ਭੋਜਨ ਸੀ। ਸਾਨੂੰ ਇਹ ਵੀ ਨਹੀਂ ਪਤਾ ਕਿ ਇਨ੍ਹਾਂ ਵਿੱਚੋਂ ਕਿੰਨੇ ਬੱਚੇ ਹੁਣ ਸਕੂਲ ਵਾਪਸ ਆ ਸਕਣਗੇ, ਕਿਉਂਕਿ ਮਹਾਂਮਾਰੀ ਕਾਰਨ ਹੋਈ ਆਰਥਿਕ ਤਬਾਹੀ ਨੇ ਬਹੁਤਿਆਂ ਨੂੰ ਮਜ਼ਦੂਰੀ ਕਰਨ ਲਈ ਮਜਬੂਰ ਕੀਤਾ ਹੈ।

ਸਪੱਸ਼ਟ ਹੈ ਕਿ ਦੇਸ਼ ਵਿੱਚ ਸਿੱਖਿਆ ਦੀ ਹਾਲਤ ਬਹੁਤ ਮਾੜੀ ਹੈ। ਇਸ ਲਈ, ਅਸਲ ਨਾਰਾਜ਼ਗੀ ਸਕੂਲ ਨਾ ਖੋਲ੍ਹਣ ਬਾਰੇ ਹੋਣੀ ਚਾਹੀਦੀ ਹੈ ਅਤੇ, ਬੱਚਿਆਂ ਵਿੱਚ ਸਿੱਖਣ ਦੇ ਨੁਕਸਾਨ ਬਾਰੇ ਹੋਰ ਵੀ ਗੁੱਸਾ ਦਿਖਾਇਆ ਜਾਣਾ ਚਾਹੀਦਾ ਹੈ। ਹੈਰਾਨੀ ਦੀ ਗੱਲ ਹੈ ਕਿ ਕੁਝ ਰਾਜ ਸਿੱਖਿਆ ਵਿੱਚ ਹੋਏ ਇਸ ਨੁਕਸਾਨ ਬਾਰੇ ਚਿੰਤਾ ਜ਼ਾਹਰ ਕਰ ਰਹੇ ਹਨ ਅਤੇ ਇੱਥੋਂ ਤੱਕ ਕਿ ਸਕੂਲ ਦੁਬਾਰਾ ਸ਼ੁਰੂ ਕਰਨ ਦੀ ਯੋਜਨਾ ਵੀ ਬਣਾ ਰਹੇ ਹਨ, ਜਿਵੇਂ ਕਿ ਪਿਛਲੇ ਡੇ ਸਾਲ ਬੱਚਿਆਂ ਲਈ ਇੱਕ ਆਮ 'ਛੁੱਟੀ' ਸਨ।

ਉਨ੍ਹਾਂ ਦੇ 16 ਮਹੀਨਿਆਂ ਵਿੱਚ ਲਗਭਗ 200 ਮਿਲੀਅਨ ਬੱਚਿਆਂ ਦਾ ਨੁਕਸਾਨ ਅਤੇ ਸਿੱਖਣ ਅਤੇ ਸਮਝਣ ਦਾ ਇੱਕ ਕੀਮਤੀ ਸਮਾਂ ਕੋਈ ਛੋਟਾ ਅੰਕੜਾ ਨਹੀਂ ਹੈ। ਅਸੀਂ ਇਸ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੇ। ਨਾ ਸਿਰਫ ਉਨ੍ਹਾਂ ਲਈ ਜੋ ਉਨ੍ਹਾਂ ਨੇ ਗੁਆਇਆ ਹੈ ਉਸਨੂੰ ਵਾਪਸ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੋਵੇਗਾ, ਬਲਕਿ ਬਾਅਦ ਵਿੱਚ ਬਹੁਤ ਕੁਝ ਸਿੱਖਣਾ ਵੀ ਅਸੰਭਵ ਹੋ ਜਾਵੇਗਾ।

ਅਜਿਹੀ ਸਥਿਤੀ ਵਿੱਚ, ਇਹ ਚੰਗਾ ਹੈ ਕਿ ਬੱਚਿਆਂ ਨੂੰ ਉਹ ਸਭ ਕੁਝ ਸਿਖਾਇਆ ਜਾਵੇ ਜੋ ਉਹ ਪਿਛਲੇ 16 ਮਹੀਨਿਆਂ ਵਿੱਚ ਨਹੀਂ ਸਿੱਖ ਸਕੇ ਅਤੇ ਜੋ ਉਹ ਭੁੱਲ ਗਏ ਹਨ ਪਰ ਇਹ ਕਿਵੇਂ ਹੋਵੇਗਾ? ਆਓ ਇਸ ਨੂੰ ਇੱਕ ਉਦਾਹਰਣ ਨਾਲ ਸਮਝੀਏ- ਛੇਵੀਂ ਜਮਾਤ ਦੀ ਕਲਪਨਾ ਕਰੋ। ਸਕੂਲ ਦੁਬਾਰਾ ਖੁੱਲ੍ਹਣ ਤੋਂ ਬਾਅਦ, ਅਧਿਆਪਕਾਂ ਨੂੰ ਇਹ ਫੈਸਲਾ ਕਰਨਾ ਪਏਗਾ ਕਿ ਬੱਚਿਆਂ ਵਿੱਚ ਸਮਝ ਦੀ ਕਿਹੜੀ ਪੱਧਰ ਬਾਕੀ ਹੈ। ਕੁਝ ਬੱਚੇ ਚੌਥੀ ਜਮਾਤ ਦੇ ਪੱਧਰ ਵਿੱਚ ਹੋ ਸਕਦੇ ਹਨ, ਕੁਝ ਦੂਜੇ ਜਾਂ ਤੀਜੇ ਦਰਜੇ ਦੇ ਪੱਧਰ ਵਿੱਚ ਵੀ ਹੋ ਸਕਦੇ ਹਨ। ਅਧਿਆਪਕ ਨੂੰ ਸਾਰੇ ਬੱਚਿਆਂ ਦੇ ਵੱਖੋ ਵੱਖਰੇ ਸਮੂਹ ਬਣਾਉਣੇ ਪੈਂਦੇ ਹਨ ਅਤੇ ਉਨ੍ਹਾਂ ਦੇ ਅਨੁਸਾਰ ਉਨ੍ਹਾਂ ਨੂੰ ਪੜ੍ਹਾਉਣਾ ਹੁੰਦਾ ਹੈ, ਤਾਂ ਜੋ ਉਨ੍ਹਾਂ ਸਾਰਿਆਂ ਨੂੰ ਛੇਵੀਂ ਜਮਾਤ ਦੇ ਪਾਠਕ੍ਰਮ ਨੂੰ ਸ਼ੁਰੂ ਕਰਨ ਲਈ ਇੱਕੋ ਪੱਧਰ 'ਤੇ ਲਿਆਂਦਾ ਜਾ ਸਕੇ. ਇਹ ਸੱਚ ਹੈ ਕਿ ਕਿਸੇ ਵੀ ਕਲਾਸ ਵਿੱਚ ਬੱਚਿਆਂ ਦੇ ਸਿੱਖਣ ਦੀ ਸਮਝ ਨਹੀਂ ਹੈ. ਉਹੀ, ਇਸ ਲਈ ਸੰਪੂਰਨਤਾ ਦੀ ਉਮੀਦ ਬੇਕਾਰ ਹੈ, ਪਰ ਬੱਚਿਆਂ ਦਾ ਇੱਕ ਪ੍ਰਮਾਣਿਕ ਮਿਆਰ ਬਣਾਇਆ ਜਾਣਾ ਚਾਹੀਦਾ ਹੈ।

ਪਰ ਅਧਿਆਪਕ ਇਹ ਸਭ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਕਰਨਗੇ? ਇਸਦੇ ਲਈ, ਸਭ ਤੋਂ ਪਹਿਲਾਂ, ਸਾਰੇ ਸਕੂਲਾਂ ਅਤੇ ਅਧਿਆਪਕਾਂ ਨੂੰ ਸਰਬਸੰਮਤੀ ਹੋਣੀ ਚਾਹੀਦੀ ਹੈ ਕਿ ਉਹ ਪਿਛਲੇ 16 ਮਹੀਨਿਆਂ ਦੇ ਨੁਕਸਾਨ ਨੂੰ ਨਜ਼ਰ ਅੰਦਾਜ਼ ਨਹੀਂ ਕਰਨਗੇ ਅਤੇ ਵਿਦਿਆਰਥੀਆਂ ਦੇ ਅਕਾਦਮਿਕ ਪੱਧਰ ਨੂੰ ਉਸੇ ਪੱਧਰ ਤੇ ਲਿਆਉਣਗੇ, ਜਿੱਥੇ, ਬੇਬੱਸ ਹੋ ਕੇ, ਅਕਾਦਮਿਕ ਪ੍ਰੀਖਿਆ ਲਈ ਬੱਚਿਆਂ ਦੀ ਸਮਝ ਵਿਗਿਆਨਕ ਢੰਗ ਨਾਲ ਤਿਆਰ ਕੀਤੀ ਸਿਖਲਾਈ ਸਮੱਗਰੀ ਲਈ ਉਪਲਬਧ ਕਰਾਉਣੀ ਚਾਹੀਦੀ ਹੈ ਉਦਾਹਰਣ ਵਜੋਂ, ਛੇਵੀਂ ਜਮਾਤ ਲਈ ਅਜਿਹੀਆਂ ਕਿਤਾਬਾਂ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ ਵਿੱਚ ਪਹਿਲੀ ਕਹਾਣੀ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਮੁੱਖ ਪਾਠ ਦਰਜ ਕੀਤੇ ਜਾਣੇ ਚਾਹੀਦੇ ਹਨ ਅਤੇ ਤੀਜੀ, ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਇਹ ਸਭ ਕਰਨ ਲਈ ਕਾਫ਼ੀ ਸਮਾਂ ਬਿਤਾਉਣਾ ਹੈ। ਜੇ ਅਸੀਂ ਸਕੂਲ ਛੇਤੀ ਖੋਲ੍ਹਣਾ ਚਾਹੁੰਦੇ ਹਾਂ, ਤਾਂ ਅਸੀਂ ਛੇ ਮਹੀਨਿਆਂ (ਆਰਐਲਟੀ) ਤੋਂ ਪੜ੍ਹਾਈ ਸ਼ੁਰੂ ਕਰ ਸਕਦੇ ਹਾਂ।

ਇਸ ਤੋਂ ਬਾਅਦ ਬੱਚਿਆਂ ਦੇ ਪਾਠਕ੍ਰਮ ਨੂੰ ਇਸ ਤਰੀਕੇ ਨਾਲ ਤਿਆਰ ਕੀਤਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਉੱਤੇ ਬੋਝ ਘੱਟ ਹੋਵੇ। ਉਦਾਹਰਣ ਦੇ ਲਈ, ਆਰਐਲਟੀ ਤੋਂ ਬਾਅਦ, ਛੇਵੀਂ ਕਲਾਸ ਦਾ ਸਿਲੇਬਸ ਅਗਲੇ ਛੇ ਮਹੀਨਿਆਂ ਵਿੱਚ ਪੂਰਾ ਕੀਤਾ ਜਾ ਸਕਦਾ ਹੈ।

ਸਾਨੂੰ ਇਸ ਵਿਵਸਥਾ ਨੂੰ ਦੋ-ਤਿੰਨ ਸਾਲਾਂ ਲਈ ਕਾਇਮ ਰੱਖਣਾ ਪੈ ਸਕਦਾ ਹੈ ਪਰ ਇਹ 2020 ਲਈ ਰਾਸ਼ਟਰੀ ਸਿੱਖਿਆ ਨੀਤੀ ਦੁਆਰਾ ਪ੍ਰਸਤਾਵਿਤ ਪਾਠਕ੍ਰਮ ਵੱਲ ਵਧਣ ਦਾ ਇੱਕ ਕਦਮ ਵੀ ਹੋ ਸਕਦਾ ਹੈ, ਜਿਸਦਾ ਉਦੇਸ਼ ਬੱਚਿਆਂ ਦੇ ਬੋਝ ਨੂੰ ਘਟਾਉਣਾ ਅਤੇ ਸੱਚੀ ਸਿੱਖਿਆ ਨੂੰ ਉਤਸ਼ਾਹਤ ਕਰਨਾ ਹੈ।

ਇਹ ਸਪੱਸ਼ਟ ਹੈ, ਜੇ ਅਸੀਂ ਆਪਣੇ 200 ਮਿਲੀਅਨ ਤੋਂ ਵੱਧ ਨੌਜਵਾਨਾਂ ਦੀ ਖੋਈ ਹੋਈ ਸਿੱਖਿਆ ਨੂੰ ਵਾਪਸ ਪ੍ਰਾਪਤ ਕਰਨ ਦੀ ਪੂਰੀ ਕੋਸਿਸ਼ ਨਹੀਂ ਕਰਦੇ, ਤਾਂ ਸਾਡੇ ਦੇਸ਼ ਦਾ ਭਵਿੱਖ ਇੱਕ ਮਜ਼ਾਕ ਬਣ ਜਾਵੇਗਾ।

# ਸੂਬੇ ਦੀ 100 ਰੋਜ਼ਾ ਯਾਤਰਾ ਦੌਰਾਨ ਕਾਂਗਰਸ ਦਾ ਪਰਦਾਫਾਸ਼ ਕਰਾਂਗੇ- ਸੁਖਬੀਰ ਬਾਦਲ

**ਚੰਡੀਗੜ੍ਹ-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਪੰਜਾਬ ਸਰਕਾਰ ਦਾ 'ਪਰਦਾਫਾਸ਼' ਕਰਨ ਅਤੇ ਸੂਬੇ ਦੀ ਬਿਹਤਰੀ ਦਾ ਏਜੰਡਾ ਤਿਆਰ ਕਰਨ ਲਈ ਸੂਬੇ ਦੀ 100 ਰੋਜ਼ਾ ਯਾਤਰਾ ਦਾ ਆਗਾਜ਼ ਭਲਕੇ ਜ਼ੀਰਾ ਤੋਂ ਹੋਵੇਗਾ। ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ 100 ਦਿਨਾਂ ਵਿਚ 100 ਹਲਕਿਆਂ ਦੀ ਯਾਤਰਾ ਕਰਨਗੇ ਤੇ 'ਭ੍ਰਿਸ਼ਟ' ਕਾਂਗਰਸ ਸਰਕਾਰ ਨੂੰ ਬੇਨਕਾਬ ਕਰਨਗੇ। ਉਹਨਾਂ ਕਾਂਗਰਸ ਸਰਕਾਰ ਦੇ ਨਾਲ-ਨਾਲ ਆਮ ਆਦਮੀ ਪਾਰਟੀ ਦੇ ਖ਼ਿਲਾਫ਼ ਵੀ 'ਚਾਰਜਸ਼ੀਟ' ਜਾਰੀ ਕੀਤੀ।

ਉਹਨਾਂ ਪਾਰਟੀ ਵੱਲੋਂ 'ਗੱਲ ਪੰਜਾਬ ਦੀ' ਮੁਹਿੰਮ ਸ਼ੁਰੂ ਕਰਨ ਦਾ ਵੀ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਯਾਤਰਾ ਦੌਰਾਨ 700 ਜਨਤਕ ਮੀਟਿੰਗਾਂ ਨੂੰ ਸੰਬੋਧਨ ਕਰਨਗੇ ਅਤੇ ਸਮਾਜ ਦੇ ਹਰ ਵਰਗ ਦੀਆਂ ਮੁਸ਼ਕਿਲਾਂ ਸੁਣਨਗੇ। ਇਸ ਤੋਂ ਇਲਾਵਾ ਸੂਬੇ ਦੇ ਹਰ ਪਿੰਡ ਤੇ ਹਰ ਵਾਰਡ ਵਿਚ ਅਕਾਲੀ ਵਰਕਰਾਂ ਨਾਲ ਰਾਬਤਾ ਕਾਇਮ ਕਰਨਗੇ। ਅਕਾਲੀ ਦਲ ਦੇ ਪ੍ਰਧਾਨ ਨੇ ਇਕ ਨੰਬਰ ਵੀ ਜਾਰੀ ਕੀਤਾ, ਜਿਸ 'ਤੇ ਫੋਨ ਕਰ ਕੇ ਲੋਕ ਪਾਰਟੀ ਦੀ ਮੁਹਿੰਮ ਵਿਚ ਵੀ ਸ਼ਾਮਲ ਹੋ ਸਕਦੇ ਹਨ ਤੇ ਪਾਰਟੀ ਨਾਲ ਆਪਣੇ ਵਿਚਾਰ ਵੀ ਸਾਂਝੇ ਕਰ ਸਕਦੇ ਹਨ। ਇਸ ਮੌਕੇ ਲੋਕਾਂ ਦੇ ਸੁਝਾਅ ਲੈਣ ਲਈ ਵੈੱਬਸਾਈਟ ਵੀ ਲਾਂਚ ਕੀਤੀ ਗਈ। ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ 6500 ਕਰੋੜ ਰੁਪਏ ਦੇ ਆਬਕਾਰੀ ਘੁਟਾਲੇ, ਪੰਜ ਮੰਤਰੀਆਂ ਵੱਲੋਂ ਕੀਤੇ ਭੈਰਿਸ਼ਟਾਚਾਰ ਤੇ ਹੋਰ ਮਾਮਲਿਆਂ ਵਿਚ ਬਹੁਤ ਸਾਰੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ।

ਉਹਨਾਂ ਦੋਸ਼ ਲਾਇਆ ਕਿ ਸਾਧੂ ਸਿੰਘ ਧਰਮਸੋਤ ਐੱਸਸੀ ਸਕਾਲਰਸ਼ਿਪ ਘੁਟਾਲੇ ਵਿਚ ਸ਼ਾਮਲ ਹੈ, ਸੁਖਜਿੰਦਰ ਸਿੰਘ ਰੰਧਾਵਾ ਬੀਜ ਘੁਟਾਲੇ ਵਿਚ, ਬਲਬੀਰ ਸਿੱਧੂ ਕਰੋਨਾ ਸਾਮਾਨ ਤੇ ਨਸ਼ਾ ਛੁਡਾਊ ਗੋਲੀਆਂ ਦੀ ਖ਼ਰੀਦ ਦੇ ਘੁਟਾਲੇ ਵਿਚ, ਭਾਰਤ ਭੂਸ਼ਣ ਆਸ਼ੂ ਕਣਕ ਘੁਟਾਲੇ ਵਿਚ ਤੇ ਸ਼ਿਆਮ ਸੁੰਦਰ ਅਰੋੜਾ ਜੇਸੀਟੀ ਜ਼ਮੀਨ ਘੁਟਾਲੇ ਵਿਚ ਸ਼ਾਮਲ ਹਨ। ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਸਾਢੇ ਚਾਰ ਸਾਲਾਂ ਵਿਚ ਪੰਜਾਬ ਤਬਾਹ ਕਰ ਕੇ ਰੱਖ ਦਿੱਤਾ ਹੈ। ਉਹਨਾਂ ਕਿਹਾ ਕਿ ਕੈਪਟਨ ਨੇ ਵਿਕਾਸ ਲਈ ਕੁਝ ਨਹੀਂ ਕੀਤਾ। ਗੈਂਗਸਟਰਾਂ ਦੀ ਪੁਸ਼ਤ ਪਨਾਹੀ ਕੀਤੀ ਗਈ ਤੇ ਸਰਕਾਰੀ ਜੇਲੈਹਾਂ ਵਿਚੋਂ ਹੀ ਫਿਰੌਤੀਆਂ ਦਾ ਕੰਮ ਕੀਤਾ ਗਿਆ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਦੀ ਸਹੁੰ ਚੁੱਕੀ ਤੇ ਬਿਨਾਂ ਨਸ਼ਾ ਖ਼ਤਮ ਕੀਤੇ, 90 ਹਜ਼ਾਰ ਕਰੋੜ ਦਾ ਕਰਜ਼ਾ ਮੁਆਫ਼ ਕੀਤੇ ਤੇ ਘਰ-ਘਰ ਨੌਕਰੀ ਦਿੱਤੇ ਬਗੈਰ ਇਹ ਤੋੜ ਦਿੱਤੀ। ਉਹਨਾਂ ਕਿਹਾ ਕਿ ਇਸੇ ਤਰੀਕੇ ਅਰਵਿੰਦ ਕੇਜਰੀਵਾਲ ਨੇ ਆਪਣੇ ਬੱਚਿਆਂ ਦੀ ਸਹੁੰ ਚੁੱਕੀ ਕਿ ਉਹ ਕਾਂਗਰਸ ਪਾਰਟੀ ਨਾਲ ਕੋਈ ਸਮਝੌਤਾ ਨਹੀਂ ਕਰਨਗੇ ਪਰ ਦਿਨਾਂ ਵਿਚ ਹੀ ਇਹ ਤੋੜ ਦਿੱਤੀ।

ਬਾਦਲ ਨੇ 'ਆਪ' ਦੇ ਪੰਜਾਬ ਵਿਚ ਕਨਵੀਨਰ ਭਗਵੰਤ ਮਾਨ 'ਤੇ ਵੀ ਨਿਸ਼ਾਨਾ ਸੇਧਿਆ। ਬਾਦਲ ਨੇ ਕਿਹਾ ਕਿ ਇਕੱਲਾ ਅਕਾਲੀ ਦਲ ਹੈ ਜੋ ਪੰਜਾਬੀਆਂ ਦੀਆਂ ਖੇਤਰੀ ਭਾਵਨ-ਾਵਾਂ ਦੀ ਪੈਰਤੀਨਿਧਤਾ ਕਰਦਾ ਹੈ ਜਦਕਿ ਕਾਂਗਰਸ ਤੇ 'ਆਪ' ਦੋਵਾਂ ਨੇ ਇਸ ਨਾਲ ਧੋਖਾ ਕੀਤਾ ਹੈ। ਉਹਨਾਂ ਕਿਹਾ ਕਿ ਕਾਂਗਰਸ ਕਾਂਗਰਸ ਦੀ ਸੂਬਾ ਇਕਾਈ ਨੂੰ ਗਾਂਧੀ ਪਰਿਵਾਰ ਤੋਂ ਹਦਾਇਤਾਂ ਮਿਲਦੀਆਂ ਹਨ ਜਿਨੈਹਾਂ ਦਾ ਹਮੇਸ਼ਾ ਪੰਜਾਬ ਵਿਰੋਧੀ ਇਤਿਹਾਸ ਰਿਹਾ ਹੈ। ਉਹਨਾਂ ਕਿਹਾ ਕਿ ਕਾਂਗਰਸ ਨੇ ਏਪੀਐਮਸੀ ਐਕਟ ਵੀ ਸੋਧ ਦਿੱਤਾ, ਕਰੋਨਾ ਸੰਕਟ ਵੇਲੇ ਵੀ ਕੁਪ੍ਰਬੰਧਨ ਕੀਤਾ ਤੇ ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਸਪਲਾਈ ਨਾ ਕਰ ਕੇ ਕਿਸਾਨਾਂ ਨਾਲ ਵੀ ਕਰੂਰਤਾ ਵਿਖਾਈ।

ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਹਮੇਸ਼ਾ ਐੱਸਵਾਈਐਸ ਦੇ ਮਾਮਲੇ 'ਤੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਖੋ-ਵੱਖ ਸਟੈਂਡ ਲਏ। ਉਹਨਾਂ ਕਿਹਾ ਕਿ ਉਹਨਾਂ ਪਰਾਲੀ ਸਾੜਨ ਦੇ ਮਾਮਲੇ ਵਿਚ ਵੀ ਪੰਜਾਬ ਵਿਰੋਧੀ ਸਟੈਂਡ ਲਿਆ ਤੇ ਪੰਜਾਬ ਦੇ ਥਰਮਲ ਪਲਾਂਟ ਬੰਦ ਕਰਵਾਉਣ ਲਈ ਸੁਪਰੀਮ ਕੋਰਟ ਵਿਚ ਅਰਜ਼ੀ ਵੀ ਦਾਇਰ ਕੀਤੀ। ਸੁਖਬੀਰ ਨੇ ਕਿਹਾ ਕਿ 200 ਯੂਨਿਟ ਮੁਫ਼ਤ ਬਿਜਲੀ ਸਕੀਮ ਵੀ ਫਰਾਡ ਹੈ ਕਿਉਂਕਿ ਦਿੱਲੀ ਦੇ 90 ਫੀਸਦੀ ਨਾਗਰਿਕਾਂ ਨੂੰ ਇਸ ਦਾ ਲਾਭ ਨਹੀਂ ਮਿਲ ਰਿਹਾ ਕਿਉਂਕਿ ਜੇਕਰ ਇਕ ਯੂਨਿਟ ਵੀ ਵੱਧ ਹੋ ਜਾਂਦੀ ਹੈ ਤਾਂ ਲੋਕਾਂ ਨੂੰ ਸਾਰਾ ਬਿੱਲ ਭਰਨਾ ਪੈ ਰਿਹਾ ਹੈ।

# ਬੂਟਾ ਮੰਡੀ ਜਲੰਧਰ 'ਚ ਬਾਬਾ ਸਾਹਿਬ ਦਾ ਦਿੱਤਾ ਭਾਸ਼ਣ (27-10-1951)



ਸੰਤੋਖ ਸਿੰਘ ਜੱਸੀ
91-70876-19800

ਮੇਰੇ ਭੈਣੋ ਤੇ ਭਰਾਵੋ,

ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ, ਮੈਂ ਤੁਹਾਡੇ ਸਾਰਿਆਂ ਕੋਲੋਂ, ਇਸ ਗੱਲ ਦੀ ਮੁਆਫ਼ੀ ਚਾਹੁੰਦਾ ਹਾਂ ਕਿ ਕਈ ਵਾਰ ਘੋਸ਼ਣਾ ਕਰਨ ਦੇ ਬਾਵਜੂਦ ਵੀ, ਮੈਂ ਅੱਜ ਤੋਂ ਪਹਿਲਾਂ ਤੁਹਾਡੇ ਵਿਚਕਾਰ, ਨਹੀਂ ਪਹੁੰਚ ਸਕਿਆ ਹਾਂ।

ਕੇਂਦਰ ਸਰਕਾਰ ਵਿੱਚ ਮੰਤਰੀ ਦੇ ਤੌਰ 'ਤੇ, ਕੰਮ ਦਾ ਜ਼ਿਆਦਾ ਬੋਝ ਹੋਣ ਕਰਕੇ ਆਪਣੀ ਸਿਹਤ ਦੇ ਠੀਕ ਨਾ ਹੋਣ ਕਰਕੇ, ਮੈਂ ਤੁਹਾਡੇ ਵਿਚਕਾਰ ਨਹੀਂ ਪਹੁੰਚ ਸਕਿਆ ਹਾਂ। ਮੈਨੂੰ ਦੱਸਿਆ ਗਿਆ ਹੈ ਕਿ ਮੈਨੂੰ ਸੁਣਨ ਦੀ ਇੱਛਾ ਨਾਲ, ਤੁਸੀਂ ਲੋਕ ਇੱਥੇ ਪਹਿਲਾਂ ਵੀ ਕਈ ਵਾਰ ਇਕੱਠੇ ਹੁੰਦੇ ਰਹੇ ਹੋ ਅਤੇ ਨਿਰਾਸ਼ ਹੋ ਕੇ ਵਾਪਸ ਘਰਾਂ ਨੂੰ ਮੁੜਦੇ ਰਹੇ ਹੋ। ਇਸ ਦੇ ਲਈ ਮੈਂ ਤੁਹਾਥੋਂ ਸਾਰੇ ਭੈਣ- ਭਰਾਵਾਂ ਤੋਂ, ਮੇਰੇ ਕਾਰਨ ਹੋਈ ਪ੍ਰੇਸ਼ਾਨੀ ਅਤੇ ਨਿਰਾਸ਼ਾ ਲਈ ਮੈਂ ਮੁਆਫ਼ੀ ਚਾਹੁੰਦਾ ਹਾਂ। ਤੁਸੀਂ ਸਾਰੇ ਜਾਣਦੇ ਹੋ ਕਿ ਪਿਛਲੇ ਚਾਰ ਸਾਲਾਂ ਤੋਂ, ਕੇਂਦਰ ਸਰਕਾਰ ਵਿੱਚ ਮੈਂ ਕਾਨੂੰਨਮੰਤਰੀ ਰਿਹਾ ਹਾਂ ਅਤੇ ਮੇਰੇ ਉੱਪਰ ਕੰਮ ਦਾ ਐਨਾ ਬੋਝ ਰਿਹਾ ਹੈ, ਜਿੰਨਾ ਨਾ ਕਿਸੇ ਕਾਨੂੰਨ-ਮੰਤਰੀ ਉੱਤੇ ਪਹਿਲਾਂ ਰਿਹਾ ਹੈ ਅਤੇ ਨਾ ਹੀ ਕਦੇ ਭਵਿੱਖ ਵਿੱਚ ਰਹੇਗਾ।

ਇਹ ਪਹਿਲਾ ਵੱਡਾ ਕਾਰਨ ਹੈ ਕਿ ਮੈਂ ਕਿਸੇ ਥਾਂ ਆ, ਜਾ ਨਹੀਂ ਸਕਿਆ ਹਾਂ। ਦੂਜਾ ਕਾਰਨ ਹੈ ਕਿ ਮੇਰੀ ਸਿਹਤ ਵੀ ਠੀਕ ਨਹੀਂ ਰਹਿੰਦੀ। ਅੱਜ ਵੀ ਮੇਰੀ ਸਿਹਤ ਪੂਰੀ ਤਰ੍ਹਾਂ ਠੀਕ ਨਹੀਂ ਹੈ। ਖ਼ਰਾਬ ਸਿਹਤ ਦੇ ਕਾਰਨ ਵੀ, ਮੈਂ ਕੁਦਰਤੀ ਤੌਰ 'ਤੇ ਯਾਤਰਾ ਨਾ ਕਰਨ ਦੇ ਲਈ ਜੇ ਮੈਂ ਆਪਣੇ ਇਹਨਾਂ ਅਛੂਤ ਭਰਾਵਾਂ ਨੂੰ ਹਰ ਤਹਿਸੀਲ, ਹਰ ਜ਼ਿਲ੍ਹੇ ਜਾਂ ਹਰ ਪ੍ਰਾਂਤ ਵਿੱਚ ਜਾ ਕੇ ਮਿਲ਼ਣ ਦਾ ਫ਼ੈਸਲਾ ਕਰਾਂ ਤਾਂ ਮੇਰੇ ਲਈ ਚਾਰ-ਪੰਜ ਸਾਲ ਲਗਾਤਾਰ ਯਾਤਰਾ ਕਰਨ ਤੋਂ ਬਿਨਾਂ ਸੰਭਵ ਨਹੀਂ ਹੈ। ਤੁਸੀਂ ਪੰਜਾਬ ਦੇ ਲੋਕ ਜ਼ਿੱਦ ਕਰਦੇ ਰਹੇ ਹੋ ਕਿ ਮੈਂ ਤੁਹਾਡੇ ਨਾਲ ਗੱਲਾਂ-ਬਾਤਾਂ ਕਰਾਂ। ਆਪਣੇ ਪ੍ਰਤੀ, ਤੁਹਾਡੇ ਇਸ ਪਿਆਰ ਅਤੇ ਸਤਿਕਾਰ ਦੀਆਂ ਭਾਵਨਾਵਾਂ ਦੀ ਮੈਂ ਕਦਰ ਕਰਦਾ ਹਾਂ। ਵਿਅਕਤੀਗਤ ਤੌਰ 'ਤੇ ਇਕੱਲੇ-ਇਕੱਲੇ ਨਾਲ਼ ਗੱਲ ਕਰ ਸਕਣਾ, ਸਾਡੇ ਲਈ ਸੰਭਵ ਨਹੀਂ ਹੈ, ਪਰ ਮੈਂ ਸਮੂਹਿਕ ਰੂਪ ਵਿੱਚ ਤੁਹਾਡੇ ਸਾਰਿਆਂ ਕੋਲ਼ੋਂ ਇਸ ਗੱਲ ਦੀ ਉਮੀਦ ਕਰਦਾ ਹਾਂ, ਕਿ ਤੁਸੀਂ, ਆਜ਼ਾਦੀ ਅਤੇ ਮਾਣ ਸਨਮਾਨ ਵਾਲੀ ਸਮਾਜਿਕ ਜ਼ਿੰਦਗੀ ਜਿਉਣ ਲਈ, ਆਪਣੇ-ਆਪ ਨੂੰ ਜਰੂਰ ਤਿਆਰ ਕਰੋਗੇ। ਮੈਂ ਆਪਣੇ ਜੀਵਨ ਦੇ ਪਚਵੰਜਾ ਵਰ੍ਹੇ ਪੂਰੇ ਕਰ ਚੁੱਕਿਆਂ ਹਾਂ। ਜੇ ਮੈਂ ਕੋਈ ਸਰਕਾਰੀ ਨੌਕਰੀ ਕਰ ਰਿਹਾ ਹੁੰਦਾ, ਤਾਂ ਮੈਨੂੰ ਰਿਟਾਇਰਮੈਂਟ ਲਈ ਮਜ਼ਬੂਰ ਹੋਣਾ ਪੈਂਦਾ। ਪਰ ਇਹ ਨਿਯਮ ਸਿਆਸਤਦਾਨਾਂ 'ਤੇ ਲਾਗੂ ਨਹੀਂ ਹੁੰਦਾ। ਮੇਰੀ ਇੱਛਾ ਸੀ, ਕਿ ਅਜਿਹਾ ਹੋਣਾ ਚਾਹੀਦਾ ਸੀ, ਪਰ ਅਜਿਹਾ ਹੋ ਨਹੀਂ ਸਕਿਆ। ਅੱਜ ਅਸੀਂ ਦੇਖਦੇ ਹਾਂ ਕਿ ਜਿਨ੍ਹਾਂ ਲੋਕਾਂ ਦੀ ਉਮਰ ਪਚਵੰਜਾ ਤੋਂ ਟੱਪ ਜਾਂਦੀ ਹੈ, ਜਿਨ੍ਹਾਂ ਕੋਲ ਹੋਰ ਕੰਮਾਂ ਲਈ ਬੁੱਧੀ ਜਾਂ ਸਾਧਨ ਨਹੀਂ ਹੁੰਦੇ ਇਹ ਲੋਕ, ਆਪਣੇ-ਆਪ ਨੂੰ ਰੁਝਾਈ ਰੱਖਣ ਲਈ, ਸਿਆਸਤਦਾਨ ਬਣ ਜਾਂਦੇ ਹਨ। ਮੈਂ ਖੁਦ ਸਿਆਸਤ ਵਿੱਚ ਕਿਉਂ ਹਾਂ ? ਇਸਦਾ ਕਾਰਨ ਇਹ ਹੈ ਕਿ ਮੈਂ ਤੀਹ ਸਾਲਾਂ ਤੋਂ ਵੀ ਜ਼ਿਆਦਾ ਸਮੇਂ ਪਹਿਲਾਂ ਤੋਂ ਸਿਆਸਤ ਦੇ ਅਖਾੜੇ ਵਿੱਚ ਕੁੱਦਿਆਂ ਹਾਂ। ਪੂਰੇ ਦੇਸ਼ ਵਿੱਚ, ਇੱਕ ਵੀ ਅਜਿਹਾ ਵਿਅਕਤੀ ਨਹੀਂ ਹੈ, ਜਿਹੜਾ ਮੇਰੇ ਨਾਲੋਂ ਵੱਧ ਸਮਾਂ ਸਿਆਸਤ ਵਿੱਚ ਰਿਹਾ ਹੋਵੇ।

ਸਿਆਸਤ ਵਿਹਲੇ ਸਮੇਂ ਦਾ ਕੰਮ ਹੈ, ਇਹ ਲੋਕਾਂ ਦੀ ਇੱਕ ਆਮ ਧਾਰਨਾ ਹੈ। ਇਨ੍ਹਾਂ ਤੀਹ ਸਾਲਾਂ ਵਿੱਚੋਂ, ਅੱਠ ਸਾਲਾਂ ਲਈ ਮੈਂ ਕੇਂਦਰ ਸਰਕਾਰ ਦਾ ਮੰਤਰੀ ਰਿਹਾ ਹਾਂ। ਇਸ ਪਾਸੇ ਵੀ ਕੋਈ ਮੇਰੇ ਨਾਲੋਂ ਅੱਗੇ ਨਹੀਂ ਲੰਘ ਸਕਿਆ ਹੈ। ਜੇ ਮੈਂ ਚਾਹਵਾਂ, ਤਾਂ ਮੈਂ ਜਿੰਨਾ ਮਰਜੀ, ਲੰਬਾ ਸਮਾਂ ਸਰਕਾਰ ਵਿੱਚ ਰਹਿ ਸਕਦਾ ਹਾਂ, ਪ੍ਰੰਤੂ ਮੈਂ ਆਪਣੇ ਬਚਪਨ ਤੋਂ ਹੀ, ਜਦੋਂ ਤੋਂ ਮੈਂ ਜ਼ਿੰਦਗੀ ਦੇ ਅਰਥਾਂ ਨੂੰ ਸਮਝਣਾ ਸ਼ੁਰੂ ਕੀਤਾ ਹੈ, ਜ਼ਿੰਦਗੀ ਵਿੱਚ ਹਮੇਸ਼ਾ ਇੱਕੋ ਅਸੂਲ ਬਣਾਇਆ ਹੈ। ਉਹ ਹੈ 'ਆਪਣੇ ਅਛੂਤ ਭਰਾਵਾਂ ਦੀ ਸੇਵਾ ਕਰਨਾ।' ਮੈਂ ਕਿਸੇ ਵੀ ਅਹੁੱਦੇ 'ਤੇ ਰਿਹਾ ਹਾਂ, ਕਿਹੋ ਜਿਹੀ ਵੀ ਸਥਿਤੀ ਵਿੱਚ ਰਿਹਾ ਹਾਂ, ਮੈਂ ਹਮੇਸ਼ਾਂ ਆਪਣੇ ਲੋਕਾਂ ਦੀ ਹਾਲਤ ਨੂੰ ਸੁਧਾਰਨ ਬਾਰੇ ਸੋਚਿਆਂ ਹੈ, ਕੰਮ ਕੀਤਾ ਹੈ। ਮੈਂ ਹੋਰ ਕਿਸੇ ਵੀ ਸਮੱਸਿਆ ਵੱਲ, ਕਦੇ ਵੀ ਐਨਾ ਧਿਆਨ ਨਹੀਂ ਦਿੱਤਾ। ''ਮੈਂ ਹਰ ਹਾਲਤ ਵਿੱਚ, ਆਪਣੇ ਅਛੂਤ ਭਰਾਵਾਂ ਦੇ ਹੱਕਾਂ ਦੀ ਰਾਖੀ ਕਰਨੀ ਹੈ' ਪਿਛਲੇ ਸਮਿਆਂ ਦੌਰਾਨ, ਮੇਰੀ ਜ਼ਿੰਦਗੀ ਦਾ ਇਹੋ, ਇੱਕੋਇੱ ਕ ਨਿਸ਼ਾਨਾ ਰਿਹਾ ਹੈ, ਭਵਿੱਖ ਵਿੱਚ ਵੀ ਇਹੋ ਰਹੇਗਾ।

ਮੈਨੂੰ ਬਹੁਤ ਵਾਰ ਬਹੁਤ ਹੀ ਲਾਭਦਾਇਕ ਕੰਮਾਂ ਅਤੇ ਬਹੁਤ ਵੱਡੀਆਂ-ਵੱਡੀਆਂ ਤਨਖ਼ਾਹਾਂ ਦੀ ਪੇਸ਼ਕਸ਼ ਹੁੰਦੀ ਰਹੀ ਹੈ, ਪਰ ਮੈਂ ਇਨ੍ਹਾਂ ਸਾਰੀਆਂ ਪੇਸ਼ਕਸ਼ਾਂ ਨੂੰ ਠੁਕਰਾਉਂਦਾ ਰਿਹਾ ਹਾਂ, ਕਿਉਂ ? ਕਿਉਂਕਿ ਮੇਰੀ ਜ਼ਿੰਦਗੀ ਦਾ ਤਾਂ ਇੱਕੋ-ਇੱਕ ਨਿਸ਼ਾਨਾ ਰਿਹਾ ਹੈ-'ਆਪਣੇ ਸਮਾਜ ਦੇ ਦੱਬੇ-ਕੁਚਲੇ ਲੋਕਾਂ ਨੂੰ ਉੱਪਰ ਉਠਾਉਣਾ।'' ਸਿਰਫ ਅਨੁਸੂਚਿਤ ਜਾਤੀਆਂ ਵਿੱਚੋਂ ਹੀ ਨਹੀਂ, ਸਗੋਂ ਪੂਰੇ ਭਾਰਤ ਦੇ ਲੋਕਾਂ ਵਿੱਚੋਂ ਵੀ, ਮੈਂ ਹੀ ਪਹਿਲਾਂ ਇਨਸਾਨ ਹਾਂ, ਜਿਸਨੇ ਅਰਥ ਸ਼ਾਸਤਰ ਦੇ ਵਿਸ਼ੇ ਵਿੱਚ, ਵਿਦੇਸ਼ ਤੋਂ ਵੱਡੀ ਡਿਗਰੀ ਲਈ ਹੈ। ਵਿਦੇਸ਼ ਤੋਂ ਆਉਂਦੇ ਵਕਤ, ਜਿਉਂ ਹੀ ਬੰਬਈ ਵਿਖੇ ਪਹਿਲਾ ਕਦਮ ਰੱਖਿਆ ਸੀ, ਤੁਰੰਤ ਬੰਬਈ ਸਰਕਾਰ ਨੇ ਮੈਨੂੰ ਅਰਥ ਸ਼ਾਸਤਰ ਦੇ ਪ੍ਰਫੈਸਰ ਲਗਾਉਣ ਦੀ ਪੇਸ਼ਕਸ਼ ਕੀਤੀ ਸੀ। ਜੇ ਮੈਂ ਉਸ ਵਕਤ, ਉਸ ਪੇਸ਼ਕਸ਼ ਨੂੰ ਪ੍ਰਵਾਨ ਕਰ ਲਿਆ ਹੁੰਦਾ ਤਾਂ ਅੱਜ ਮੈਂ ਬਹੁਤ ਜ਼ਿਆਦਾ ਤਨਖ਼ਾਹ ਲੈ ਰਿਹਾ ਹੁੰਦਾ। ਪਰ ਮੈਂ ਪੇਸ਼ਕਸ਼ ਠੁਕਰਾ ਦਿੱਤੀ ਸੀ, ਕਿਉਂ? ਕਿਉਂਕਿ ਮੈਂ ਜਾਣਦਾ ਸੀ ਕਿ ਸਰਕਾਰ ਦਾ ਨੌਕਰ ਹੋਣ ਕਰਕੇ, ਕੁਦਰਤੀ ਤੌਰ 'ਤੇ ਮੇਰੇ ਉੱਪਰ ਬਹੁਤ ਸਾਰੀਆਂ ਪਾਬੰਦੀਆਂ ਲੱਗ ਜਾਣੀਆਂ ਸਨ। ਮੈਂ ਆਪਣੇ ਲੋਕਾਂ ਦੀ, ਆਪਣੇ ਸਮਾਜ ਦੀ ਖੁੱਲ੍ਹ ਕੇ ਸੇਵਾ ਨਹੀਂ ਕਰ ਸਕਣੀ ਸੀ। ਇੱਕ-ਦੋ ਸਾਲਾਂ ਬਾਅਦ, ਮੈਂ ਫਿਰ ਦੁਬਾਰਾ ਇੰਗਲੈਂਡ ਗਿਆ, ਕਿਉਂਕਿ ਮੈਂ ਆਜ਼ਾਦ ਹੀ ਨਹੀਂ, ਆਪਣੇ-ਆਪ ਨੂੰ ਸੁਰੱਖਿਅਤ ਵੀ ਕਰਨਾ ਚਾਹੁੰਦਾ ਸਾਂ। ਇੱਕ ਮਨੁੱਖ ਨੂੰ ਅਸਲ ਵਿੱਚ ਉਸ ਵੇਲੇ ਹੀ ਆਜ਼ਾਦ ਕਿਹਾ ਜਾ ਸਕਦਾ ਹੈ, ਜਦੋਂ ਉਹ ਆਪਣੇ-ਆਪ ਲਈ, ਦੂਜਿਆ ਉੱਪਰ ਨਿਰਭਰ ਨਾ ਰਹੇ।

ਵਕਾਲਤ ਦੀ ਯੋਗਤਾ ਹਾਸਿਲ ਹੋਣ ਪਿੱਛੋਂ, ਮੈਂ ਇੰਗਲੈਂਡ ਤੋਂ ਵਾਪਿਸ ਆ ਰਿਹਾ ਸੀ ਤਾਂ ਸਰਕਾਰ ਵਲੋਂ ਮੈਨੂੰ ਜ਼ਿਲ੍ਹਾ-ਜੱਜ ਲਗਾਉਣ ਦੀ ਪੇਸ਼ਕਸ਼ ਕੀਤੀ ਗਈ ਅਤੇ ਇਹ ਵੀ ਵਾਅਦਾ ਕੀਤਾ ਗਿਆ ਕਿ ਤਿੰਨ ਸਾਲ ਦੇ ਵਿੱਚ-ਵਿੱਚ, ਮੈਨੂੰ ਹਾਈਕੋਰਟ ਦਾ ਜੱਜ ਲਗਾ ਦਿੱਤਾ ਜਾਵੇਗਾ। ਉਸ ਵੇਲੇ ਮੈਂ ਮਹੀਨੇ ਦਾ ਸੌ ਰੁਪਇਆ ਵੀ ਨਹੀਂ ਕਮਾ ਰਿਹਾ ਸੀ। ਗਰੀਬਾਂ ਲਈ ਖ਼ਾਸ ਤੌਰ 'ਤੇ, ਬੰਬਈ ਵਿੱਚ ਚਾਅਲ (ਛਹਓਲ) ਦੇ ਇੱਕੋ-ਇੱਕ ਕਮਰੇ ਵਿੱਚ ਮੈਂ ਰਹਿ ਰਿਹਾ ਸੀ। ਬਹੁਤ ਜ਼ਿਆਦਾ ਤਨਖ਼ਾਹ ਵਾਲੀ, ਉਹ ਨੌਕਰੀ ਵੀ ਮੈਂ ਠੁਕਰਾ ਦਿੱਤੀ, ਜਿਸ ਨਾਲ ਆਰਥਿਕ ਪੱਖੋਂ ਮੇਰੀ ਸਾਰੀ ਜ਼ਿੰਦਗੀ ਖੁਸ਼ਹਾਲ ਹੋ ਸਕਦੀ ਸੀ। ਇਹ ਨੌਕਰੀ ਵੀ ਮੈਂ ਠੁਕਰਾਈ ਕਿਉਂਕਿ ਨੌਕਰੀ ਨਾਲ ਬੱਝ ਕੇ, ਮੈਨੂੰ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਪੂਰਾ ਕਰਨ, ਆਪਣੇ ਗਰੀਬ ਸਮਾਜ ਦੇ ਬਾਰੇ ਸੋਚਣ ਅਤੇ ਉਨ੍ਹਾਂ ਲਈ ਕੰਮ ਕਰਨ ਦੇ ਰਸਤੇ ਵਿੱਚ, ਬਹੁਤ ਸਾਰੀਆਂ ਅੜਚਣਾਂ ਪੈਦਾ ਹੋ ਜਾਣੀਆਂ ਸਨ। 1942 ਵਿੱਚ ਮੈਨੂੰ ਫਿਰ ਦੁਬਾਰਾ, ਵਿਕਲਪ ਵਾਲਾ ਮੌਕਾ ਮਿਲਿਆ। ਮੈਨੂੰ ਹਾਈਕੋਰਟ ਦਾ ਜੱਜ ਲਗਾਏ ਜਾਣ ਦੀ ਪੇਸ਼ਕਸ਼ ਕੀਤੀ ਗਈ, ਜਿਸ ਨੂੰ ਮਨਜ਼ੂਰ ਕਰ ਲੈਣ ਨਾਲ ਮੈਂ ਆਰਥਿਕ ਰੂਪ ਵਿੱਚ ਸੰਪੰਨ ਹੋ ਜਾਂਦਾ। ਵਾਇਸਰਾਏ ਦੀ ਕਾਰਜਕਾਰਨੀ ਪਰਿਸ਼ਦ ਵਿੱਚ ਵੀ ਮੈਨੂੰ ਮੈਂਬਰ ਬਣਨ ਦੀ ਪੇਸ਼ਕਸ਼ ਹੋਈ। ਆਪਣੇ ਸਮਾਜ ਲਈ ਜਿਉਣ ਅਤੇ ਆਪਣੇ ਸਮਾਜ ਲਈ ਮਰ-ਮਿਟਣ ਦੇ ਆਪਣੇ ਨਿਸ਼ਾਨੇ ਨੂੰ ਧਿਆਨ ਵਿੱਚ ਰੱਖ ਕੇ, ਮੈਂ ਇਹ ਪਿਛਲੀ ਪੇਸ਼ਕਸ਼ ਸਵੀਕਾਰ ਕਰ ਲਈ। ਮਨੁੱਖ ਨੂੰ ਆਪਣੇ ਲੋਕਾਂ ਦੀ ਸੇਵਾ ਲਈ ਅਤੇ ਉਨ੍ਹਾਂ ਦੀ ਸੇਵਾ ਵਿੱਚ ਹੀ ਜੀਣਾ-ਮਰਨਾ ਚਾਹੀਦਾ ਹੈ। 1947 ਵਿੱਚ ਮੈਂ ਆਜ਼ਾਦ ਭਾਰਤ ਦੀ, ਕੇਂਦਰ ਸਰਕਾਰ ਵਿੱਚ ਸ਼ਾਮਿਲ ਹੋਇਆ। ਮੇਰੇ ਕੁੱਝ ਵਿਰੋਧੀਆਂ ਨੇ, ਮੇਰੇ ਖਿਲਾਫ ਝੂਠਾ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਮੈਂ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਗਿਆ ਹਾਂ। ਲਖਨਊ ਵਿਖੇ ਇੱਕ ਭਾਸ਼ਣ ਦੌਰਾਨ, ਆਪਣੇ ਉੱਪਰ, ਵਿਰੋਧੀਆਂ ਦੁਆਰਾ ਲਗਾਏ ਗਏ ਝੂਠੇ ਆਰੋਪਾਂ ਦਾ, ਮੈਂ ਖੰਡਨ ਕਰ ਚੁੱਕਿਆਂ ਹਾਂ। ਮੈਂ ਆਪਣੇ ਉਸ ਭਾਸ਼ਣ ਦੌਰਾਨ, ਦੇਸ਼ਵਾਸੀਆਂ ਨੂੰ ਦੱਸਿਆ ਕਿ ਮੈਂ ਕੋਈ ਮਿੱਟੀ ਦਾ ਡਲ਼ਾ ਨਹੀਂ, ਜੋ ਪਾਣੀ ਵਾਛੜ ਵਿੱਚ ਖੁਰ ਜਾਵਾਂਗਾ। ਮੈਂ ਇੱਕ ਚੱਟਾਨ ਦੀ ਤਰ੍ਹਾਂ ਮਜਬੂਤ ਹਾਂ ਜਿਹੜੀ ਪਾਣੀ ਨਾਲ ਨਹੀਂ ਖੁਰਦੀ ਪਰ ਪਾਣੀ ਦੇ ਵਹਿਣ ਬਦਲ ਦਿੰਦੀ ਹੈ। ਮੈਂ ਜਿੱਥੇ ਵੀ ਹੋਵਾਂ, ਜਿਹੋ-ਜਿਹੇ ਵੀ ਲੋਕਾਂ ਦੇ ਵਿਚਕਾਰ ਹੋਵਾਂ, ਮੈਂ ਆਪਣੇ-ਆਪ ਨੂੰ ਪਹਿਚਾਣ ਸਕਦਾ ਹਾਂ। ਮੈਂ ਕਦੇ ਵੀ ਆਪਣੀ ਵੱਖਰੀ ਪਹਿਚਾਣ ਨੂੰ ਨਹੀਂ ਖੋ ਸਕਦਾ। ਜੇ ਕੋਈ ਮੈਨੂੰ ਕਾਂਗਰਸ ਪਾਰਟੀ ਨੂੰ ਦਿੱਤੇ ਗਏ ਸਹਿਯੋਗ ਦੇ ਬਾਰੇ ਪੁੱਛਦਾ ਹੈ, ਤਾਂ ਮੈਂ ਦੱਸਦਾ ਹਾਂ ਕਿ ਮੈਂ ਇਹ ਸਹਿਯੋਗ, ਕਿਸੇ ਮਹੱਤਵਪੂਰਨ ਕਾਰਨ ਕਰਕੇ ਦਿੱਤਾ ਹੈ। ਮੈਂ ਕਾਂਗਰਸ ਨੂੰ ਜ਼ੋ ਚਾਰ ਸਾਲਾਂ ਲਈ ਸਹਿਯੋਗ ਦਿੱਤਾ ਹੈ ਉਹ ਮੈਂ ਆਪਣੀ ਪੂਰੀ ਇੱਛਾ ਅਨੁਸਾਰ ਅਤੇ ਪੂਰੀ ਇਮਾਨਦਾਰੀ ਨਾਲ, ਆਪਣੀ ਮਾਤਰ-ਭੂਮੀ ਦੀ ਸੇਵਾ ਕਰਨ ਦੇ ਲਈ ਦਿੱਤਾ ਹੈ। ਪਰ ਇਸ ਪੂਰੇ ਸਮੇਂ ਦੌਰਾਨ, ਮੈਂ ਕਦੇ ਵੀ ਆਪਣੇ-ਆਪ ਨੂੰ ਕਾਂਗਰਸ ਦੀ ਜੱਥੇਬੰਦੀ ਵਿੱਚ ਰਲ਼-ਗੱਡ ਨਹੀਂ ਹੋਣ ਦਿੱਤਾ ਹੈ। ਜਿਹੜੇ ਲੋਕ, ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੇ ਬਾਰੇ, ਜਿੰਨੀ ਦੇਰ ਤੱਕ ਕਹਿਣੀ ਅਤੇ ਕਰਨੀ ਦੇ ਪੂਰੇ ਰਹਿਣਗੇ, ਮੈਂ ਉਨੀ ਦੇਰ ਤੱਕ, ਉਨ੍ਹਾਂ ਨੂੰ ਖੁਸ਼ੀ ਨਾਲ ਸਹਿਯੋਗ ਅਤੇ ਮਦਦ ਦਿੰਦਾ ਰਹਾਂਗਾ। ਮੈਂ ਉਨ੍ਹਾਂ ਲੋਕਾਂ ਦਾ ਕਦੇ ਵੀ ਸਾਥ ਨਹੀਂ ਦੇਵਾਂਗਾ, ਜੋ ਮੀਸਣੇ ਹਨ, ਜ਼ੁਬਾਨ ਦੇ ਮਿੱਠੇ ਹਨ, ਉੱਤੋਂ-ਉੱਤੋਂ ਸਾਡੇ ਲੋਕਾਂ ਪ੍ਰਤੀ ਹੇਜ਼ ਦਿਖਾਉਂਦੇ ਹਨ, ਪਰ ਅੰਦਰੋਂ ਸਾਨੂੰ ਨਫ਼ਰਤ ਕਰਦੇ ਹਨ, ਸਾਡੇ ਖਿਲਾਫ ਭੁਗਤਦੇ ਹਨ।




ਹੁਣ ਹੋਣ ਜਾ ਰਹੀਆਂ, ਆਮ ਚੋਣਾਂ ਦੇ ਮੌਕੇ 'ਤੇ ਮੈਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਨ੍ਹਾਂ ਚੋਣਾਂ ਨੂੰ ਜ਼ਿੰਦਗੀ ਅਤੇ ਮੌਤ ਦੇ ਸਵਾਲ ਵਜੋਂ ਲੈਣ ਅਤੇ ਆਉਣ ਵਾਲੇ ਸਮੇਂ ਵਿੱਚ ਪੂਰੀ ਲਗਨ ਨਾਲ ਤਿਆਰੀ ਕਰਨ। ਸਾਨੂੰ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਆਪਣੀ ਪੂਰੀ ਤਾਕਤ ਲਗਾ ਦੇਣੀ ਚਾਹੀਦੀ ਹੈ। ਆਦਮੀ ਦੋ ਹੀ ਚੀਜ਼ਾਂ ਨਾਲ ਆਪਣੀ ਤਾਕਤ ਪ੍ਰਾਪਤ ਕਰਦਾ ਹੈ। ਇੱਕ ਤਾਂ ਆਪਣੀ ਧਨ-ਸੰਪਤੀ ਨਾਲ ਅਤੇ ਦੂਜਾ ਆਪਣੇ ਪਿੱਛੇ ਜਨਬਲ ਨਾਲ। ਅਸੀਂ ਘੱਟ ਗਿਣਤੀ ਲੋਕ ਹਾਂ। ਅਸੀਂ ਧਨਵਾਨ ਵੀ ਨਹੀਂ ਹਾਂ। ਸਾਡੀ ਆਬਾਦੀ ਵੀ ਇੱਕ ਪਿੰਡ ਵਿੱਚ ਔਸਤਨ 5 ਪ੍ਰਤੀਸ਼ਤ ਤੋਂ ਵੱਧ ਨਹੀਂ ਹੈ। ਅਸੀਂ ਪਚਾਨਵੇਂ ਪ੍ਰਤੀਸ਼ਤ ਆਬਾਦੀ ਅੱਗੇ ਧਨ ਅਤੇ ਤਾਕਤ ਪੱਖੋਂ ਬੇਵੱਸ ਹਾਂ। ਪੁਲਿਸ, ਜਿਹੜੀ ਕਿ ਅਕਸਰ ਉੱਚ-ਜਾਤੀ ਹਿੰਦੂਆਂ ਨਾਲ ਮਿਲੀ ਹੋਈ ਹੁੰਦੀ ਹੈ, ਸਾਡੀਆਂ ਜ਼ਾਇਜ਼ ਸ਼ਿਕਾਇਤਾਂ ਵੱਲ ਵੀ ਕੋਈ ਧਿਆਨ ਨਹੀਂ ਦਿੰਦੀ, ਸਗੋਂ ਸਾਡੀਆਂ ਸ਼ਿਕਾਇਤਾਂ ਦਰਜ ਕਰਨ ਦੀ ਬਜਾਏ, ਸਾਨੂੰ ਤੰਗ ਕੀਤਾ ਜਾਂਦਾ ਹੈ। ਡਰਾਇਆ, ਧਮਕਾਇਆ ਜਾਂਦਾ ਹੈ। ਗਰੀਬੀ ਕਾਰਨ ਅਸੀਂ ਉੱਚ-ਅਧਿਕਾਰੀਆਂ ਨੂੰ ਆਪਣੇ ਪੱਖ ਵਿੱਚ ਨਹੀਂ ਭੁਗਤਾ ਸਕਦੇ। ਪ੍ਰੰਤੂ ਆਪਣੇ ਦੁੱਖਾਂ ਦੇ ਖ਼ਾਤਮੇ ਲਈ ਸਾਡੇ ਕੋਲ ਇੱਕ ਹੋਰ ਸ਼ਕਤੀ ਹੈ, ਉਹ ਹੈਰਾਜਨੀਤਿਕ ਸ਼ਕਤੀ। ਇਹ ਸ਼ਕਤੀ ਸਾਨੂੰ ਹਰ ਹਾਲਤ ਵਿੱਚ ਹਾਸਿਲ ਕਰ ਲੈਣੀ ਚਾਹੀਦੀ ਹੈ।

ਇਸ ਸ਼ਕਤੀ ਨਾਲ ਲੈਸ ਹੋ ਕੇ ਹੀ ਅਸੀਂ, ਆਪਣੇ ਅਧਿਕਾਰਾਂ ਦੀ ਰਾਖੀ ਕਰ ਸਕਦੇ ਹਾਂ। ਦੇਸ਼ ਨੂੰ ਆਜ਼ਾਦੀ ਮਿਲੀ ਹੈ, ਇਸ ਆਜ਼ਾਦੀ ਦੌਰਾਨ ਕੀ ਤੁਹਾਨੂੰ ਇਹ ਸ਼ਕਤੀ 'ਤੇ ਵਿਸ਼ਵਾਸ ਹੈ? ਅਸੀਂ ਦੇਸ਼ ਦੀ ਆਜ਼ਾਦੀ ਦੇ ਕਦੀ ਵੀ ਖਿਲਾਫ਼ ਨਹੀਂ ਰਹੇ। ਪ੍ਰੰਤੂ ਇੱਕ ਪ੍ਰਸ਼ਨ ਦਾ ਅਸੀਂ ਸਪੱਸ਼ਟ ਉੱਤਰ ਮੰਗਦੇ ਰਹੇ ਹਾਂ-ਆਜ਼ਾਦ ਭਾਰਤ ਵਿੱਚ ਸਾਡੀ ਕਿਸਮਤ ਦਾ ਕੀ ਬਣੇਗਾ ? ਇਹ ਪ੍ਰਸ਼ਨ ਮੈਂ ਮਿਸਟਰ ਗਾਂਧੀ ਅਤੇ ਹੋਰ ਦੂਜੇ ਕਾਂਗਰਸੀ ਨੇਤਾਵਾਂ ਦੇ ਕੋਲ ਉਠਾਇਆ ਹੈ। ਅਸੀਂ ਇਹ ਜਾਨਣਾ ਚਾਹਿਆ ਹੈ ਕਿ ਉਨ੍ਹਾਂ ਦੇ ਸਵਰਾਜ ਵਿੱਚ ਸਾਡੀ ਹਾਲਤ ਕੀ ਹੋਵੇਗੀ। ਕੀ ਸਾਡੇ ਉੱਤੇ ਹੋ ਰਹੇ ਜ਼ੁਲਮ ਬੰਦ ਹੋ ਜਾਣਗੇ। ਕੀ ਸਾਡੇ ਬੱਚਿਆਂ ਨੂੰ ਸਿੱਖਿਆ ਸੰਬੰਧੀ ਸਹੂਲਤਾਂ ਮਿਲ ਸਕਣਗੀਆਂ? ਕੀ ਸਾਡੇ ਕੋਲ ਆਜ਼ਾਦ ਭਾਰਤ ਵਿੱਚ ਆਜ਼ਾਦ ਨਾਗਰਿਕਾਂ ਦੇ ਤੌਰ 'ਤੇ ਰਹਿਣ ਦੇ ਯੋਗ ਹੋ ਸਕਣਗੇ ? ਕੀ ਸਾਡੀਆਂ ਔਰਤਾਂ ਦੀਆਂ ਇੱਜ਼ਤਾਂ ਸੁਰੱਖਿਅਤ ਰਹਿ ਸਕਣਗੀਆਂ? ਮੇਰੇ ਇਨ੍ਹਾਂ ਪ੍ਰਸ਼ਨਾਂ ਦਾ ਸੰਤੁਸ਼ਟੀ-ਜਨਕ ਸਪੱਸ਼ਟ ਉੱਤਰ ਨਾ ਕਦੇ ਮਿਸਟਰ ਗਾਂਧੀ ਨੇ ਦਿੱਤਾ ਹੈ ਅਤੇ ਨਾ ਹੀ ਕਿਸੇ ਹੋਰ ਕਾਂਗਰਸੀ ਨੇਤਾ ਨੇ। ਗੋਲਮੇਜ਼ ਕਾਨਫਰੰਸ ਵਿੱਚ, ਮੈਂ ਇਹ ਪ੍ਰਸ਼ਨ ਪਹਿਲੀ ਵਾਰ ਉਠਾਇਆ ਅਤੇ ਮ_ਸਲਮਾਨਾਂ, ਸਿੱਖਾਂ, ਇਸਾਈਆਂ ਅਤੇ ਹੋਰ ਘੱਟ-ਗਿਣਤੀਆਂ ਦੀ ਤਰ੍ਹਾਂ, ਮੈਂ ਅਛੂਤਾਂ ਲਈ ਵੀ ਵੱਖਰੀ ਚੋਣ ਪ੍ਰਣਾਲੀ ਦੇ ਪੱਖ ਵਿੱਚ ਮੰਗ ਕੀਤੀ। ਗੋਲਮੇਜ਼ ਕਾਨਫਰੰਸ ਦੌਰਾਨ, ਦੇਸ਼ ਦੇ ਦੱਬੇ-ਕੁਚਲੇ ਲੋਕਾਂ ਲਈ ਵੱਖਰੀ ਚੋਣ ਪ੍ਰਣਾਲੀ ਦੇ ਪੱਖ ਵਿੱਚ, ਮੈਂ ਦੇਸ਼-ਵਾਸੀਆਂ ਪਾਸੋਂ ਹਮਾਇਤ ਪ੍ਰਾਪਤ ਨਹੀਂ ਕਰ ਸਕਦਾ, ਪ੍ਰੰਤੂ ਇਨ੍ਹਾਂ ਲੋਕਾਂ ਲਈ ਰਾਜਨੀਤਿਕ ਅਧਿਕਾਰ ਲੈਣ ਵਿੱਚ ਮੈਂ ਸਫ਼ਲ ਹੋਇਆ ਹਾਂ। ਉਸ ਪਿੱਛੋਂ ਕੀ ਹੋਇਆ? ਦੇਸ਼ ਦਾ ਹਰ ਨਾਗਰਿਕ ਜਾਣਦਾ ਹੈ। ਇਹੋ ਕਹਿਣਾ ਕਾਫੀ ਹੋਵੇਗਾ। ਸਾਨੂੰ ਇਨ੍ਹਾਂ ਰਾਜਨੀਤਿਕ ਅਧਿਕਾਰਾਂ ਤੋਂ ਵਾਂਝੇ ਕਰਨ ਲਈ, ਜੋ ਕਿ ਆਧੁਨਿਕ ਭਾਰਤ ਵਿੱਚ, ਅਸੀਂ ਪਹਿਲੀ ਵਾਰ ਪ੍ਰਾਪਤ ਕੀਤੇ ਸਨ, ਮਿਸਟਰ ਗਾਂਧੀ ਨੇ ਮਰਨ ਵਰਤ ਰੱਖ ਲਿਆ। ਮਿਸਟਰ ਗਾਂਧੀ ਦਲਿਤਾਂ ਦੇ ਰਾਜਨੀਤਿਕ ਅਧਿਕਾਰਾਂ ਦੇ ਹੱਕ ਵਿੱਚ ਨਹੀਂ ਸੀ, ਕਿਉਂਕਿ ਮਿਸਟਰ ਗਾਂਧੀ ਨੂੰ ਡਰ ਸੀ ਕਿ ਜੇ ਦਲਿਤ ਰਾਜਨੀਤਿਕ ਤੌਰ 'ਤੇ ਚੇਤੰਨ ਹੁੰਦੇ ਹਨ ਤਾਂ ਉਨ੍ਹਾਂ ਦੇ ਮਨਾਂ ਵਿੱਚ ਹੋਰ ਇੱਛਾਵਾਂ ਪੈਦਾ ਹੋਣਗੀਆਂ। ਉਹ ਚਾਹੁੰਦਾ ਸੀ ਕਿ ਸ਼ਡਿਊਲਡ-ਕਾਸਟ ਲੋਕ, ਆਪਣੇ ਦਇਆਵਾਨ ਮਾਲਕ, ਜਾਤੀਵਾਦੀ ਹਿੰਦੂਆਂ ਦੀ ਦਇਆ ਉੱਤੇ ਹੀ ਨਿਰਭਰ ਰਹਿਣ। ਮਿਸਟਰ ਗਾਂਧੀ ਦੁਆਰਾ ਕੀਤੇ ਗਏ ਇਕਰਾਰਾਂ ਅਤੇ ਹੋਰ ਦੂਜੇ ਹਿੰਦੁਸਤਾਨੀ ਨੇਤਾਵਾਂ ਦੁਆਰਾ ਦਿਵਾਏ ਗਏ ਵਿਸ਼ਵਾਸ 'ਤੇ ਭਰੋਸਾ ਕਰਕੇ ਹੀ, ਅਸੀਂ ਉਸਦੀ (ਗਾਂਧੀ ਜੀ ਦੀ) ਦੀ ਜਾਨ ਬਚਾਉਣ ਲਈ, ਆਪਣੇ ਅਧਿਕਾਰਾਂ ਦੀ ਬਲੀ ਦੇ ਦਿੱਤੀ। ਉਸਦਾ ਨਤੀਜਾ, ਅੱਜ ਤੁਹਾਡੇ ਸਾਰਿਆਂ ਦੇ ਸਾਹਮਣੇ ਹੈ। ਇਹ ਧੋਖੇ ਅਤੇ ਠੱਗੀ ਦਾ ਅਫ਼ਸੋਸਨਾਕ ਕਿੱਸਾ ਹੈ। ਹਰ ਪੁੱਠਾ-ਸਿੱਧਾ ਢੰਗ-ਤਰੀਕਾ ਵਰਤ ਕੇ, ਕਾਂਗਰਸ ਨੇ ਅਛੂਤਾਂ ਦੇ ਜਾਇਜ਼ ਅਧਿਕਾਰ ਖੋਹੇ ਹਨ।

ਜਾਤੀਵਾਦੀ ਹਿੰਦੂ ਆਪਣੀਆਂ ਵੋਟਾਂ ਅਤੇ ਸਮਰਥਨ ਨਾਲ ਅਨੁਸੂਚਿਤ ਜਾਤੀਆਂ ਵਿੱਚੋਂ ਉਨ੍ਹਾਂ ਲੋਕਾਂ ਨੂੰ ਵਿਧਾਇਕ ਚੁਣਦੇ ਹਨ, ਜਿਨ੍ਹਾਂ ਦਾ ਕੋਈ ਸਮਾਜਿਕ ਆਧਾਰ ਨਹੀਂ ਹੁੰਦਾ ਅਤੇ ਨਾ ਹੀ ਆਪਣੇ ਸਮਾਜ ਵਿੱਚ ਪੁੱਛ ਪ੍ਰਤੀਤ। ਹਰੀਜਨ ਕਹਾਉਣ ਵਾਲੇ ਇਹ ਵਿਧਾਇਕ ਹੋਰ ਕੁੱਝ ਵੀ ਨਹੀਂ।' ਸਿਰਫ ਕਾਂਗਰਸ ਦੇ ਚਮਚੇ ਹਨ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਕਾਂਗਰਸ ਹਰੀਜਨਾਂ ਨੂੰ ਟਿਕਟ ਦੇਣ ਸਮੇਂ, ਉਨ੍ਹਾਂ ਦੀ ਕਿਸ ਗੱਲੋਂ ਪਰਖ ਕਰਦੀ ਹੈ? ਆਮ ਤੌਰ 'ਤੇ ਜਦੋਂ ਜਨਰਲ ਸੀਟਾਂ 'ਤੇ ਚੋਣ ਲੜਨ ਲਈ ਟਿਕਟ ਵੰਡੇ ਜਾਂਦੇ ਹਨ, ਤਾਂ ਕਾਂਗਰਸ ਹਰ ਉਮੀਦਵਾਰ ਤੋਂ ਪੁੱਛਦੀ ਹੈ ਕਿ ਤੁਸੀਂ ਦੇਸ਼ ਦੀ ਆਜ਼ਾਦੀ ਲਈ ਜੇਲ੍ਹ ਕੱਟੀ ਹੈ? ਪਰ ਇਹ ਹੈਰਾਨੀਜਨਕ ਸੱਚਾਈ ਹੈ ਕਿ ਕਾਂਗਰਸ ਹਰੀਜਨ ਉਮੀਦਵਾਰਾਂ ਦੇ ਸੰਬੰਧ ਵਿੱਚ ਅਜਿਹਾ ਮਾਪਦੰਡ ਨਹੀਂ ਅਪਣਾਉਂਦੀ। ਰਾਖਵੀਆਂ ਸੀਟਾਂ ਉੱਤੇ ਖੁਦ ਆਪਣੀ ਮਰਜ਼ੀ ਦੇ ਉਮੀਦਵਾਰ ਖੜ੍ਹੇ ਕਰਕੇ, ਅਸਲ ਵਿੱਚ ਕਾਂਗਰਸ ਅਛੂਤਾਂ ਨੂੰ ਮਿਲੇ ਵਿਸ਼ੇਸ਼ ਅਧਿਕਾਰਾਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਕਈ ਅਛੂਤ ਵਿਧਾਇਕ ਕਾਂਗਰਸ ਦੀ ਟਿਕਟ 'ਤੇ ਜਿੱਤੇ ਹਨ। ਮੈਂ ਇਨ੍ਹਾਂ ਹਰੀਜਨ ਵਿਧਾਇਕਾਂ ਤੋਂ ਪੁੱਛਣਾ ਚਾਹਾਂਗਾ ਕਿ ਪਿਛਲੇ ਚਾਰ ਸਾਲਾਂ ਦੌਰਾਨ, ਉਨ੍ਹਾਂ ਨੇ ਆਪਣੇ-ਆਪਣੇ ਲੋਕਾਂ ਲਈ ਕੀ ਕੀਤਾ ਹੈ ? ਸੰਵਿਧਾਨ ਘੜਨੀ ਕਮੇਟੀ ਅਤੇ ਪਾਰਲੀਮੈਂਟ ਵਿੱਚ ਤੀਹ ਕਾਂਗਰਸੀ ਹਰੀਜਨ ਸਨ। ਅਨੁਸੂਚਿਤ ਜਾਤੀਆਂ ਵਿੱਚੋਂ, ਕਾਂਗਰਸ ਦੁਆਰਾ ਨਿਯੁਕਤ ਕੀਤੇ ਗਏ, ਕੀ ਇਨ੍ਹਾਂ ਤੀਹਾਂ ਵਿੱਚੋਂ ਕਦੇ ਵੀ, ਕਿਸੇ ਨੇ ਵੀ ਭਾਰਤੀ ਸੰਵਿਧਾਨ ਸੰਬੰਧੀ ਕਿਸੇ ਵੀ ਬਹਿਸ ਵਿੱਚ ਭਾਗ ਲਿਆ ਹੈ ? ਕੀ ਇਨ੍ਹਾਂ ਹਰੀਜਨ ਮੈਂਬਰਾਂ ਨੇ, ਕਦੇ ਕੋਈ ਪ੍ਰਸ਼ਨ ਪੁੱਛਿਆ ਹੈ? ਕਦੇ ਕੋਈ ਸੁਝਾਅ ਦਿੱਤਾ ਹੈ ਜਾਂ ਕੋਈ ਬਿਲ ਪੇਸ਼ ਕੀਤਾ ਹੈ।

ਪਾਰਲੀਮੈਂਟ ਦੇ ਕੰਮਾਂ ਦਾ ਨਿਰੀਖਣ ਕਰ ਰਿਹਾ, ਕੋਈ ਵੀ ਵਿਦੇਸ਼ੀ ਨਿਰੀਖਕ, ਹਰੀਜਨ ਵਿਧਾਇਕਾਂ ਦੀ ਚੁੱਪ ਤੋਂ ਅੰਦਾਜ਼ਾ ਲਗਾ ਕੇ, ਇਹੋ ਨਤੀਜਾ ਕੱਢੇਗਾ ਕਿ ਅਛੂਤਾਂ ਨਾਲ ਕੋਈ ਜ਼ਿਆਦਤੀ ਨਹੀਂ ਹੁੰਦੀ। ਉਨ੍ਹਾਂ ਨੂੰ ਕਿਸੇ ਗੱਲ ਦਾ ਕੋਈ ਦੁੱਖ ਨਹੀਂ ਹੈ। ਪਰ ਜੇ ਇਮਾਨਦਾਰੀ ਨਾਲ ਕਹੀਏ, ਤਾਂ ਸੱਚ ਇਸ ਤੋਂ ਉਲਟਾ ਹੈ।

ਵਿਧਾਨ ਮੰਡਲ ਵਿੱਚ ਸਾਡੇ ਇਹੋ ਜਿਹੇ ਵਿਧਾਇਕ ਹੋਣੇ ਜ਼ਰੂਰੀ ਹਨ, ਜੋ ਬਿਨ੍ਹਾਂ ਕਿਸੇ ਡਰਡੁੱ ਕਰ ਦੇ, ਬੇਖ਼ੌਫ਼ ਹੋ ਕੇ, ਸਾਡੇ ਦੁੱਖਾਂ ਦੀ ਗੱਲ ਕਰ ਸਕਣ। ਪ੍ਰੰਤੂ ਕਾਂਗਰਸ ਦੁਆਰਾ, ਅਛੂਤਾਂ ਵਿੱਚੋਂ ਚੁਣੇ ਗਏ, ਇਨ੍ਹਾਂ ਨੁਮਾਇੰਦਿਆਂ ਨੇ, ਹਮੇਸ਼ਾ ਆਪਣੇ ਮਾਲਕਾਂ ਦੀ ਹੀ ਪ੍ਰਸ਼ੰਸਾ ਦੇ ਗੀਤ ਗਾਏ ਹਨ। ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ, ਸਾਡੇ ਲੋਕਾਂ ਨਾਲ ਹੋ ਰਹੇ ਗੈਰ-ਮਨੁੱਖੀ ਵਰਤਾਓ ਦੇ ਖਿਲਾਫ, ਸਾਡੇ ਅਧਿਕਾਰਾਂ ਦੀ, ਇੱਥੋਂ ਤੱਕ ਕਿ ਮੁੱਢਲੇ ਅਧਿਕਾਰਾਂ ਦੀ ਲੁੱਟ-ਖਸੁੱਟ ਦੇ ਖਿਲਾਫ, ਬੇਇੱਜ਼ਤੀਆਂ, ਜ਼ੁਲਮ-ਜ਼ਿਆਦਤੀਆਂ ਅਤੇ ਹੋਰ ਹੋ ਰਹੇ ਅੱਤਿਆਚਾਰਾਂ ਦੇ ਖਿਲਾਫ ਵੀ, ਕਾਂਗਰਸ ਦੇ ਇਨ੍ਹਾਂ ਚਮਚਿਆਂ ਨੇ, ਕਦੇ ਵੀ ਆਪਣੀ ਜ਼ੁਬਾਨ ਨਹੀਂ ਖੋਲ੍ਹੀ ਹੈ। ਪੰਡਿਤ ਨਹਿਰੂ ਨੇ ਅਛੂਤ ਲੋਕਾਂ ਵਿੱਚ ਕਦੇ ਵੀ ਕੋਈ ਦਿਲਚਸਪੀ ਨਹੀਂ ਲਈ ਹੈ। ਪਿਛਲੇ ਵੀਹ ਸਾਲਾਂ ਤੋਂ ਉਹ ਸਿਆਸਤਦਾਨਾਂ ਦੀ ਮੂਹਰਲੀ ਕਤਾਰ ਦਾ ਨੇਤਾ ਰਿਹਾ ਹੈ। ਉਨ੍ਹਾਂ ਨੇ ਘੱਟੋ- ਘੱਟ ਦੋ ਹਜ਼ਾਰ ਮੀਟਿੰਗਾਂ ਨੂੰ ਸੰਬੋਧਨ ਕੀਤਾ ਹੋਵੇਗਾ। ਅਛੂਤਾਂ ਨਾਲ ਹੁੰਦੀਆਂ ਵਧੀਕੀਆਂ ਦਾ ਕੀ ਉਸਨੇ ਜ਼ਿਕਰ ਕੀਤਾ ਹੈ? ਜਿੱਥੋਂ ਤੱਕ ਮੈਨੂੰ ਯਾਦ ਹੈ, ਉਸਨੇ ਕਦੇ ਵੀ ਅਜਿਹਾ ਨਹੀਂ ਕੀਤਾ, ਉਸਨੂੰ ਮੁਸਲਮਾਨਾਂ ਪ੍ਰਤੀ ਅਥਾਹ ਹਮਦਰਦੀ ਹੈ। ਉਹ ਇਸ ਬਿਮਾਰੀ ਤੋਂ ਪੀੜਤ ਹੈ। ਮੁਸਲਮਾਨਾਂ ਨਾਲ ਹੋਣ ਵਾਲੀ ਧੱਕੇਸ਼ਾਹੀ ਦੀ ਹਰ ਝੂਠੀ-ਸੱਚੀ ਅਫ਼ਵਾਹ ਸੁਣ ਕੇ ਉਹ ਤੁਰੰਤ ਬੇਚੈਨ ਹੋ ਉੱਠਦਾ ਹੈ। ਉਹ ਮੁਸਲਮਾਨਾਂ ਨੂੰ ਭਾਰਤ ਵਿੱਚ ਸੁਰੱਖਿਆ ਦੇਣ ਲਈ ਆਪਣੀ ਪੂਰੀ ਵਾਹ ਲਾ ਦੇਵੇਗਾ। ਮੈਂ ਮੁਸਲਮਾਨਾਂ ਨੂੰ ਦੇਣ ਵਾਲੀ ਸੁਰੱਖਿਆ ਦੇ ਖਿਲਾਫ ਨਹੀਂ ਹਾਂ। ਮੇਰੀ ਤਾਂ ਰਾਇ ਸੀ ਕਿ ਮੁਸਲਮਾਨਾਂ ਨੂੰ ਪਾਕਿਸਤਾਨ ਚਲੇ ਜਾਣਾ ਚਾਹੀਦਾ ਸੀ।

ਜੇਕਰ ਆਬਾਦੀ ਦੇ ਤਜ਼ਰਬੇ ਦਾ ਕੋਈ ਸਹੀ ਹੱਲ ਨਹੀਂ ਲੱਭਦਾ ਤਾਂ ਭਾਰਤ ਵਿੱਚ ਰਹਿ ਗਏ, ਮੁਸਲਮਾਨਾਂ ਦੀ ਰਾਖੀ ਕਰਨਾ, ਸਾਡੀ ਜੁੰਮੇਵਾਰੀ ਬਣਦੀ ਹੈ। ਪ੍ਰੰਤੂ ਮੁਸਲਮਾਨ ਘੱਟ-ਗਿਣਤੀ ਵਿੱਚ ਹੋਣ ਦੇ ਬਾਵਜੂਦ ਵੀ ਹਿੰਦੂਆਂ ਦੇ ਮੁਕਾਬਲੇ ਆਪਣੀ ਸੁਰੱਖਿਆ ਪ੍ਰਤੀ ਜ਼ਿਆਦਾ ਚੰਗੀ ਸਥਿਤੀ ਵਿੱਚ ਹਨ। ਕੀ ਪੰਡਿਤ ਨਹਿਰੂ ਨੇ ਦੂਸਰੀਆਂ ਘੱਟ-ਗਿਣਤੀਆਂ ਜਿਵੇਂ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਜ਼ਰਾਇਮ-ਪੇਸ਼ਾ ਕਬੀਲੇ- ਇੱਕ ਨਫ਼ਰਤ ਭਰਿਆ ਨਾਮ ਪੱਛੜੀਆਂ ਸ਼੍ਰੇਣੀਆਂ ਜਾਂ ਇਸਾਈਆਂ ਬਾਰੇ ਵੀ ਕਦੇ ਸੋਚਿਆ ਹੈ ? ਜਾਂ ਉਨ੍ਹਾਂ ਦੀ ਬਿਹਤਰੀ ਲਈ ਕਦੇ ਕੋਈ ਠੋਸ ਕਦਮ ਚੁੱਕਿਆ ਹੈ ? ਜੇ ਕਾਂਗਰਸ ਨੂੰ ਅਛੂਤਾਂ ਨਾਲ ਕੋਈ ਪਿਆਰਾ ਜਾਂ ਹਮਦਰਦੀ ਨਹੀਂ ਹੈ, ਤਾਂ ਅਛੂਤ ਕਾਂਗਰਸ ਵਿੱਚ ਵਿਸ਼ਵਾਸ ਕਿਵੇਂ ਕਰ ਸਕਦੇ ਹਨ। ਪੰਡਿਤ ਨਹਿਰੂ ਦੁਨੀਆਂ ਸਾਹਮਣੇ ਕਹਿੰਦਾ ਨਹੀਂ ਥੱਕਦਾ ਕਿ ਕਾਂਗਰਸ ਨੇ ਅਨੁਸੂਚਿਤ ਜਾਤੀ ਲੋਕਾਂ ਲਈ ਆਹ ਕਰ ਦਿੱਤਾ, ਔਹ ਕਰ ਦਿੱਤਾ। ਨਹਿਰੂ ਜੋ ਕਹਿੰਦਾ ਹੈ, ਉਸ ਨੂੰ ਗਲਤ ਸਿੱਧ ਕਰਨ ਲਈ ਮੈਂ ਸਿਰਫ ਇੱਕੋ ਉਦਾਹਰਣ ਦੇਣੀ ਚਾਹਾਂਗਾ, ਦੇਸ਼ ਦੀ ਵੰਡ ਦੇ ਤੁਰੰਤ ਬਾਅਦ, ਪਾਕਿਸਤਾਨ ਸਰਕਾਰ ਨੇ ਅਨੁਸੂਚਿਤ ਜਾਤੀ ਲੋਕਾਂ ਦੇ ਪਾਕਿਸਤਾਨ ਛੱਡ ਕੇ, ਭਾਰਤ ਆਉਣ 'ਤੇ ਪਾਬੰਦੀ ਲਗਾ ਦਿੱਤੀ।

ਜੇਕਰ ਅਛੂਤ ਪਾਕਿਸਤਾਨ ਨੂੰ ਛੱਡਦੇ ਹਨ, ਤਾਂ ਉਸ ਨੂੰ ਚਿੰਤਾ ਹੈ ਕਿ ਗੰਦ ਚੁੱਕਣ ਵਾਲੇ ਜਾਂ ਝਾੜੂ ਲਗਾਉਣ ਵਾਲੇ ਭੰਗੀਆਂ ਜਾਂ ਦੂਸਰੀਆਂ ਜਾਤੀਆਂ ਵਾਲਾ ਗੰਦਾ ਕੰਮ, ਹੁਣ ਕੌਣ ਕਰੇਗਾ? ਮੈਂ ਪੰਡਿਤ ਨਹਿਰੂ ਨੂੰ ਤੁਰੰਤ ਕਾਰਵਾਈ ਕਰਨ ਅਤੇ ਅਨੁਸੂਚਿਤ ਜਾਤੀ ਲੋਕਾਂ ਦੇ ਭਾਰਤ ਆਉਣ ਉੱਤੇ ਲੱਗੀ ਪਾਬੰਦੀ ਨੂੰ ਤੁੜਵਾਉਣ ਲਈ ਸੰਘਰਸ਼ ਕਰਨ ਬਾਰੇ ਬੇਨਤੀ ਕੀਤੀ। ਨਹਿਰੂ ਦੇ ਕੰਨਾਂ 'ਤੇ ਜੂੰ ਵੀ ਨਹੀਂ ਸਰਕੀ। ਇਸ ਗੱਲ ਤੋਂ ਉਸਨੇ ਚੁੱਪ ਵੱਟੀ ਰੱਖੀ ਅਤੇ ਪਾਕਿਸਤਾਨ ਨਾਲ ਹੋਈਆਂ ਕਈ ਵਿਚਾਰ-ਗੋਸ਼ਟੀਆਂ ਵਿੱਚ, ਉਸਨੇ ਇਸ ਮਾਮਲੇ ਸੰਬੰਧੀ, ਕੋਈ ਗੈਰ-ਰਸਮੀ ਗੱਲਬਾਤ ਵੀ ਨਹੀਂ ਕੀਤੀ। ਪਾਕਿਸਤਾਨ ਵਿੱਚ ਰਹਿ ਗਏ, ਆਪਣੇ ਭਾਈਚਾਰੇ ਨਾਲ ਹੋ ਰਹੀ ਬੇਇਨਸਾਫ਼ੀ

(ਬਾਕੀ ਅਗਲੇ ਸਫੇ 'ਤੇ)


# ਰਾਜਬੀਰ ਮੱਤਾ ਦਾ ਕਾਵਿ ਸੰਗ੍ਰਹਿ 'ਅੱਖ਼ਰਾਂ ਦੀ ਡਾਰ' ਮੁਹੱਬਤ ਵਿੱਚ ਲਪੇਟੀ ਸਮਾਜਿਕਤਾ



ਉਜਾਗਰ ਸਿੰਘ
91-94178-13072

ਰਾਜਬੀਰ ਮੱਤਾ ਦੇ ਪਲੇਠੇ ਕਾਵਿ ਸੰਗ੍ਰਹਿ ਅੱਖਰਾਂ ਦੀ ਡਾਰ ਦੀਆਂ ਕਵਿਤਾਵਾਂ ਇਸ਼ਕ ਮੁਹੱਬਤ ਦੀਆਂ ਬਾਤਾਂ ਪਾਉਂਦੀਆਂ ਹੋਈਆਂ ਸਮਾਜਕ ਤਾਣੇ ਬਾਣੇ ਵਿੱਚ ਆਈ ਗਿਰਾਵਟ ਦਾ ਪ੍ਰਗਟਾਵਾ ਕਰ ਰਹੀਆਂ ਹਨ। ਕਵੀ ਦੀ ਕਮਾਲ ਇਸ ਵਿੱਚ ਹੈ ਕਿ ਉਸਨੇ ਇਸ਼ਕ ਮੁਹੱਬਤ ਦੀਆਂ ਕਵਿਤਾਵਾਂ ਨੂੰ ਸਮਾਜਿਕ ਸਰੋਕਾਰਾਂ ਵਿੱਚ ਲਪੇਟਕੇ ਪੇਸ਼ ਕੀਤਾ ਹੈ। ਸ਼ਾਇਰ ਦੀਆਂ ਕਵਿਤਾਵਾਂ ਸਮਾਜ ਨੂੰ ਸੇਧ ਦੇਣ ਦਾ ਕੰਮ ਤਾਂ ਕਰਦੀਆਂ ਹਨ ਪ੍ਰੰਤੂ ਨਿਰਾ ਪ੍ਰਚਾਰ ਨਹੀਂ। ਕਵਿਤਾਵਾਂ ਰੁਮਾਂਸਵਾਦੀ ਹੋਣ ਦੇ ਬਾਵਜੂਦ ਅਰਥ ਭਰਪੂਰ ਹਨ। ਸਾਹਿਤਕ ਰਚਨਾਵਾਂ ਦਾ ਮੁੱਖ ਮੰਤਵ ਤਾਂ ਇਨਸਾਨੀਅਤ ਲਈ ਮਾਰਗ ਦਰਸ਼ਕ ਹੋਣਾ ਹੁੰਦਾ ਹੈ ਪ੍ਰੰਤੂ ਉਸਨੂੰ ਅਜਿਹੇ ਢੰਗ ਨਾਲ ਪ੍ਰਗਟਾਉਣਾ ਚਾਹੀਦਾ ਹੈ, ਜਿਸ ਨਾਲ ਪਾਠਕ ਦੀ ਦਿਲਚਸਪੀ ਅੱਗੇ ਪੜ੍ਹਨ ਲਈ ਬਰਕਰਾਰ ਰਹੇ। ਨਿਰੀਆਂ ਪਿਆਰ ਦੀਆਂ ਪੀਂਘਾਂ ਵਾਲੀਆਂ ਕਵਿਤਾਵਾਂ ਸਮਾਜ ਲਈ ਸੁਚੱਜੀ ਦਿਸ਼ਾ ਨਿਰਦੇਸ਼ ਨਹੀਂ ਦੇ ਸਕਦੀਆਂ। ਅਜਿਹੇ ਸਾਹਿਤ ਦੇ ਰੂਪ ਦਾ ਕੋਈ ਪਾਠਕ 'ਤੇ ਸਾਰਥਿਕ ਪ੍ਰਭਾਵ ਨਹੀਂ ਪੈਂਦਾ ਜਿਹੜਾ ਆਮ ਲੋਕਾਂ ਦੇ ਹਿਤਾਂ ਤੇ ਪਹਿਰਾ ਨਾ ਦੇ ਸਕੇ। ਰਾਜਬੀਰ ਮੱਤਾ ਦੀਆਂ ਕਵਿਤਾਵਾਂ ਸਮੁੱਚੇ ਰੂਪ ਵਿੱਚ ਸਮਾਜਿਕ ਸਾਰਥਿਕਤਾ ਵਾਲੀਆਂ ਹਨ। ਉਨ੍ਹਾਂ ਦੀਆਂ ਕੁਝ ਕਵਿਤਾਵਾਂ ਇਸਤਰੀ ਜਾਤੀ 'ਤੇ ਹੋ ਰਹੇ ਸਮਾਜਿਕ ਅਤਿਆਚਾਰਾਂ ਦਾ ਬਾਖ਼ੂਬੀ ਨਾਲ ਪ੍ਰਗਟਾਵਾ ਵੀ ਕਰਦੀਆਂ ਹਨ। ਗ਼ਰੀਬੀ, ਕਾਰਪੋਰੇਟ ਦੀ ਲੁੱਟ, ਇਸਤਰੀਆਂ ਦੀ ਦੁਖਾਂ ਭਰੀ ਜ਼ਿੰਦਗੀ, ਧਾਰਮਿਕ ਕਟੜਤਾ ਆਦਿ ਰਾਜਬੀਰ ਮੱਤਾ ਦੀਆਂ ਕਵਿਤਾਵਾਂ ਦਾ ਵਿਸ਼ਾ ਬਣਦੇ ਹਨ। ਕਵੀ ਦੀਆਂ ਬਹੁਤੀਆਂ ਕਵਿਤਾਵਾਂ ਇਸ਼ਕ ਮੁਹੱਬਤ ਦੇ ਆਲੇ ਦੁਆਲੇ ਹੀ ਘੁੰਮਦੀਆਂ ਹਨ। ਰਾਜਬੀਰ ਮੱਤਾ ਕੁੜੀਆਂ ਨੂੰ ਕਵਿਤਾ ਦੇ ਸਮਾਨ ਸਮਝਦਾ ਹੈ ਕਿਉਂਕਿ ਕੁੜੀਆਂ ਪ੍ਰੇਮ, ਪਿਆਰ, ਮੁਹੱਬਤ ਅਤੇ ਇਸ਼ਕ ਦੀਆਂ ਭਾਵਨਾਵਾਂ ਵਿੱਚ ਗੜੂੰਦ ਹੁੰਦੀਆਂ ਹਨ। ਕੁੜੀਆਂ ਦਾ ਦੂਜਾ ਨਾਮ ਮੁਹੱਬਤ ਹੈ। ਉਹ ਕੁੜੀਆਂ ਅਤੇ ਮੁਹੱਬਤ ਨੂੰ ਇਕ ਸਿੱਕੇ ਦੇ ਦੋ ਪਾਸੇ ਕਹਿੰਦਾ ਹੈ। ਉਸਦੀ 72 ਪੰਨਿਆਂ ਦੀ ਪੁਸਤਕ ਅੱਖ਼ਰਾਂ ਦੀ ਡਾਰ ਵਿੱਚ 24 ਵੱਡੀਆਂ ਕਵਿਤਾਵਾਂ ਅਤੇ 72 ਲਘੂ ਨਜ਼ਮਾ ਹਨ। ਇਨ੍ਹਾਂ ਵਿੱਚੋਂ10 ਕਵਿਤਾਵਾਂ ਅਤੇ 42 ਨਜ਼ਮਾ ਮੁਹੱਬਤ ਨਲ ਸੰਬੰਧਤ ਹਨ। ਕੁੜੀਆਂ ਕਵਿਤਾਵਾਂ, ਕਵਿਤਾ, ਖ਼ਾਮੋਸ਼ ਮੁਹੱਬਤ, ਕੁੜੀ ਮੁਹੱਬਤ ਵਰਗੀ, ਇਸ਼ਕ, ਮੁਹੱਬਤ ਆਸ ਪਾਸ ਹੈ, ਕਵਿਤਾ ਤੇ ਤੇਰਾ ਚੇਤੇ ਆਉਣਾ ਸਿਰਲੇਖ ਵਾਲੀਆਂ ਕਵਿਤਾਵਾਂ ਵਿੱਚ ਸ਼ਾਇਰ ਨੇ ਪਾਕਿ ਮੁਹੱਬਤ ਦਾ ਵਾਸਤਾ ਪਾਇਆ ਹੈ ਪ੍ਰੰਤੂ ਇਸਦੇ ਨਾਲ ਹੀ ਲੋਕ ਹਿਤਾਂ 'ਤੇ ਪਹਿਰਾ ਵੀ ਦਿੱਤਾ ਹੈ। ਕਵੀ ਦੀਆਂ ਕਵਿਤਾਵਾਂ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਇਨਸਾਨੀ ਮਾਨਸਿਕਤਾ ਵਿੱਚ ਆਈ ਗਿਰਾਵਟ ਕਰਕੇ ਹੀ ਅਜੋਕੇ ਸਮੇਂ ਵਿੱਚ ਸੀਰਤ ਨਾਲੋਂ ਸਰੀਰਕ ਸੁੰਦਰਤਾ ਨੂੰ ਬਿਹਤਰ ਸਮਝਿਆ ਜਾਂਦਾ ਹੈ, ਜਿਸ ਵਜਾਹ ਕਰਕੇ ਮੁਹੱਬਤਾਂ ਕਰਨ ਵਾਲੇ ਸਰੀਰਕ ਪ੍ਰਾਪਤੀ ਲਈ ਤੜਪਦੇ ਰਹਿ ਜਾਂਦੇ ਹਨ। ਕਵੀ ਅਨੁਸਾਰ ਮੁਹੱਬਤ ਸਿਰਫ ਆਸ਼ਕ ਤੇ ਮਾਸ਼ੂਕ ਦਰਮਿਆਨ ਹੀ ਨਹੀਂ ਹੁੰਦੀ। ਮੁਹੱਬਤ ਦੇ ਅਨੇਕਾਂ ਰੰਗ ਹਨ। ਭੈਣ ਭਰਾ, ਮਾਂ ਪੁਤ, ਪਤੀ ਪਤਨੀ ਅਤੇ ਦੋਸਤ ਮਿੱਤਰ ਦੀ ਮਿੱਤਰਤਾ ਆਦਿ ਅਜਿਹੇ ਮੁਹੱਬਤੀ ਰਿਸ਼ਤੇ ਹਨ, ਜਿਨ੍ਹਾਂ ਕਰਕੇ ਸਮਾਜ ਦੀ ਨੀਂਹ ਮਜ਼ਬੂਤ ਹੁੰਦੀ ਹੈ। ਆਮ ਤੌਰ 'ਤੇ ਮੁਹੱਬਤ ਦੇ ਅਰਥ ਗ਼ਲਤ ਕੱਢੇ ਜਾ ਰਹੇ ਹਨ। ਮੁਹੱਬਤ ਆਸ ਪਾਸ ਹੈ ਕਵਿਤਾ ਵਿੱਚ ਕਵੀ ਲਿਖਦਾ ਹੈ-

ਖਿੜਦੇ ਗੁਲਾਬਾਂ ਦੇ ਸੁਰਖ਼ ਫੁਲਾਂ 'ਤੇ,
ਜਦ ਮਨਾਂ ਮੂੰਹੀਂ ਪਿਆਰ ਆਵੇ,
ਤਾਂ ਸਮਝੋ ਮੁਹੱਬਤ ਆਸ-ਪਾਸ ਹੈ।






ਵਗਦੀ ਹਵਾ 'ਚ ਹੱਥ ਹਿਲਾਉਂਦਿਆਂ ਜਦ,
ਮਹਿਬੂਬ ਦਾ ਨਾਮ ਉਕਰ ਆਵੇ,
ਤਾਂ ਸਮਝੋ ਮੁਹੱਬਤ ਆਸ-ਪਾਸ ਹੈ।

ਇਸੇ ਤਰ੍ਹਾਂ ਪਾਕਿ ਪਿਆਰ ਮੁਹੱਬਤ ਨਾਲ ਸੰਬੰਧਤ ਕਵਿਤਾਵਾਂ ਤੋਂ ਕਵੀ ਦੀ ਪਿਆਰ ਬਾਰੇ ਦ੍ਰਿਸ਼ਟੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਖ਼ਾਮੋਸ਼ ਮੁਹੱਬਤ ਸਿਰਲੇਖ ਵਾਲੀ ਕਵਿਤਾ ਵਿੱਚ ਸ਼ਾਇਰ ਕਲਪਨਾ ਦੇ ਖੰਭਾਂ ਤੇ ਚੜ੍ਹਕੇ ਪਿਆਰ ਦਾ ਅਹਿਸਾਸ ਕਰਦਾ ਹੈ-

ਕਦੇ-ਕਦੇ, ਹੁਣ ਵੀ ਉਹ, ਮੇਰੇ ਨਾਲ-ਨਾਲ ਤੁਰਦੀ,
ਨਜ਼ਰ ਆਉਂਦੀ ਏ, ਤਾਰਿਆਂ ਦੀ ਛਾਵੇਂ, ਜਦ ਚੰਨ,
ਬਦਲਾਂ 'ਚੋਂ ਨਿਕਲ ਮੁਸਕਰਾਉਂਦਾ ਏ।

ਰਾਜਬੀਰ ਮੱਤਾ ਇਕ ਹੋਰ ਛੋਟੀ ਨਜ਼ਮ ਵਿੱਚ ਪਵਿਤਰ ਪਿਆਰ ਦਾ ਇਜ਼ਹਾਰ ਕਰਦੇ ਹੋਏ ਲਿਖਦੇ ਹਨ-

ਖ਼ੁਸ਼ਕ ਹਵਾਵਾਂ ਦੇ, ਸੁੱਕੇ ਪੱਤਿਆਂ ਦੇ,
ਬਿਖੜੇ ਪੈਂਡਿਆਂ ਦੇ, ਉਡਦੇ ਰੇਤਿਆਂ ਦੇ,
ਸਹਿਕਦੇ ਸਾਹਾਂ ਦੇ, ਤਪਦੇ ਹੌਕਿਆਂ ਦੇ,
ਸੁੰਨਿਆਂ ਬੂਹਿਆਂ ਦੇ, ਰੋਂਦੇ ਜੁਗਨੂੰਆਂ ਦੇ,
ਹਾਣ ਦੀ ਹੋ ਗਈ ਆਂ ਮੈਂ, ਵੇ ਅੜਿਆ,
ਤੈਨੂੰ ਚੇਤੇ ਕਰਦੀ-ਕਰਦੀ।

ਸ਼ਾਇਰ ਦੀਆਂ ਇਸ਼ਕ ਮੁਹੱਬਤ ਦੀਆਂ ਕਵਿਤਾਵਾਂ ਦੇ ਰੰਗ ਸੁਰਖ਼ ਗੂੜ੍ਹੇ ਹਨ। ਉਨ੍ਹਾਂ ਦੀਆਂ ਕਵਿਤਾਵਾਂ ਰੰਗ ਵਿਰੰਗੀਆਂ ਹਨ। ਕਦੇ ਬਿਰਹਾ ਦੇ ਗੀਤ ਗਾਉਂਦੀਆਂ ਅਤੇ ਕਦੀਂ ਕਿਕਲੀ ਪਾਉਂਦੀਆਂ ਹਨ ਪ੍ਰੰਤੂ ਸਰੀਰਕ ਸੁੰਦਰਤਾ ਦੀ ਖਿਚ ਨੂੰ ਅੱਖੋਂ ਪ੍ਰੋਖੇ ਕਰਦੀਆਂ ਹੋਈਆਂ ਇਨਸਾਨੀ ਮਾਨਸਿਕਤਾ ਨੂੰ ਕੁਰੇਦਦੀਆਂ ਹਨ। ਪੈੜ ਸਿਰਲੇਖ ਵਾਲੀ ਕਵਿਤਾ ਦੀ ਸ਼ੈਲੀ ਅਤੇ ਭਾਵਨਾ ਨੂੰ ਸਮਝਣ ਦੀ ਲੋੜ ਹੈ, ਇਸ ਕਵਿਤਾ ਵਿੱਚ ਸਮਾਜਿਕ ਸਰੋਕਾਰਾਂ ਦੀ ਝਲਕ ਵੀ ਪੈਂਦੀ ਹੈ, ਜੋ ਪ੍ਰਤੀਕਾਤਮਿਕ ਢੰਗ ਨਾਲ ਇਸ਼ਾਰਾ ਕਰਦੀ ਹੈ-

ਚੁੱਪ ਦੇ ਸ਼ੋਰ ਦੀ, ਘਰ ਦੇ ਚੋਰ ਦੀ,
ਫ਼ਕੀਰ ਦੀ ਲੋਰ ਦੀ, ਕੋਈ ਪੈੜ ਨਹੀਂ ਹੁੰਦੀ।
ਸੱਜਰੇ ਚਾਵਾਂ ਦੀ, ਡੂੰਘੇ ਸਾਹਵਾਂ ਦੀ,
ਮਹਿਕਦੇ ਰਾਹਵਾਂ ਦੀ, ਗ਼ਮਾ ਤੇ ਚਾਵਾਂ ਦੀ।
ਵਗਦੇ ਪਾਣੀਆਂ ਦੀ, ਉਜੜੀਆਂ ਢਾਣੀਆਂ ਦੀ,
ਵਿਛੜੇ ਹਾਣੀਆਂ ਦੀ, ਨਦੀ ਦੇ ਮੁਹਾਣਿਆਂ ਦੀ।
ਨਸ਼ੇੜੀ ਗੁਰਦਿਆਂ ਦੀ, ਕਬਰਾਂ ਦੇ ਮੁਰਦਿਆਂ ਦੀ।
ਹਿਜ਼ਰ 'ਚ ਭੁਰਦਿਆਂ ਦੀ, ਇਸ਼ਕ ਵਿੱਚ ਖੁਰਦਿਆਂ ਦੀ,
ਕੋਈ ਪੈੜ ਨਹੀਂ ਹੁੰਦੀ।

ਕੁੜੀ ਮੁਹੱਬਤ ਵਰਗੀ ਕਵਿਤਾ ਵਿੱਚ ਰਾਜਬੀਰ ਮੱਤਾ ਨੇ ਮੁਹੱਬਤ ਦਾ ਰੰਗ ਪੇਸ਼ ਕਰਦਿਆਂ ਕਮਾਲ ਦੀ ਪੇਂਡੂ ਸ਼ਬਦਾਵਲੀ ਵਰਤੀ ਹੈ।

ਗੁੰਮ ਹੈ ਕੁੜੀ ਮੁਹੱਬਤ ਵਰਗੀ, ਚੜ੍ਹਦਾ ਸੂਰਜ ਵੇਲਾ ਸਰਘੀ।
ਨੈਣਾਂ ਦੇ ਸੰਗ ਨੈਣ ਮਿਲਾਗੀ, ਸਾਹਾਂ ਦੇ ਵਿੱਚ ਸਾਹ ਭਰਗੀ।
ਅੱਕ ਕਕੜੀ ਦੇ ਫ਼ੰਬੇ ਵਾਂਗੂੰ, ਪਲ ਭਰ ਲਈ ਉਹ ਛਾਵਾਂ ਕਰਗੀ।
ਨਦੀ ਦੇ ਕੰਢੇ 'ਤੇ ਜਿਉਂ ਆ ਕੇ, ਮੱਛਲੀ ਤੇਜ਼ ਧਰਾ ਤੋਂ ਡਰਗੀ।

ਕੁੜੀਆਂ ਅਤੇ ਕਵਿਤਾ ਨਾਲ ਸੰਬੰਧ ਉਸਦੀਆਂ ਕਈ ਕਵਿਤਾਵਾਂ ਹਨ। 'ਕੁੜੀਆਂ ਕਵਿਤਾਵਾਂ' ਸਿਰਲੇਖ ਵਾਲੀ ਕਵਿਤਾ ਵਿੱਚ ਸ਼ਾਇਰ ਦਰਸਾਉਂਦਾ ਹੈ ਕਿ ਸਮਾਜ ਕੁੜੀਆਂ ਦੀਆਂ ਭਾਵਨਾਵਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਉਨ੍ਹਾਂ ਨੂੰ ਪਣਪਣ ਅਤੇ ਵਿਕਸਤ ਹੋਣ ਨਹੀਂ ਦਿੰਦਾ। ਉਨ੍ਹਾਂ ਦੇ ਮਨਾਂ ਵਿੱਚ ਅਨੇਕਾਂ ਇਛਾਵਾਂ ਅਤੇ ਦਬਾਆ ਹੁੰਦੇ ਹਨ ਪ੍ਰੰਤੂ ਉਹ ਆਪਣੀਆਂ ਭਾਵਨਵਾਂ ਦਾ ਪ੍ਰਗਟਾਵਾ ਨਹੀਂ ਕਰ ਸਕਦੀਆਂ। ਉਹ ਪਿਤਾ ਦੀ ਪਗੜੀ ਦੀ ਖ਼ਾਤਰ ਆਪਣੀਆਂ ਭਾਵਨਾਵਾਂ ਦਾ ਕਤਲ ਕਰ ਲੈਂਦੀਆਂ ਹਨ। ਕਿੰਨਾ ਕੁ ਨੇੜੇ ਹਾਂ ਕਵਿਤਾ ਵਿੱਚ ਧਾਰਮਿਕ ਕਟੜਤਾ ਬਾਰੇ ਕਵੀ ਲਿਖਦਾ ਹੈ ਕਿ ਸਮਾਜ ਗੁਰੂ ਨਾਨਕ ਦੀ ਵਿਚਾਰਧਾਰਾ ਤੋਂ ਮੁੱਖ ਮੋੜਕੇ ਗ਼ਲਤ ਰਸਤੇ ਪੈ ਗਿਆ ਹੈ। ਨਦੀ ਤੋਂ ਖੇਤਾਂ ਤੀਕ ਕਵਿਤਾ ਵਿਚ ਕਵੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੀ ਤ੍ਰਾਸਦੀ ਦਾ ਪ੍ਰਗਟਾਵਾ ਕਰਦਾ ਹੈ। ਸਾਡੀ ਕਵਿਤਾ ਵਿਚ ਕਾਰਪੋਰੇਟ ਸੈਕਟਰ ਦੇ ਆ ਜਾਣ ਨਾਲ ਕਿਸਾਨਾ, ਮਜ਼ਦੂਰਾਂ ਅਤੇ ਛੋਟੇ ਵਿਓਪਾਰੀਆਂ ਦੇ ਹੋਣ ਵਾਲੇ ਨੁਕਸਾਨ ਦਾ ਜ਼ਿਕਰ ਕਰਦਾ ਚਿੰਤਾ ਦਾ ਪ੍ਰਗਟਾਵਾ ਕਰਦਾ ਹੈ।

ਆਥਣ ਨੂੰ ਸੌ ਖੇਤ ਗਾਹ ਆਉਂਦੀ ਏ, ਪਕੌੜਿਆਂ ਲਈ ਰੋਂਦੇ ਨਿਆਣਿਆਂ ਦੇ।
ਪਾਟੇ ਝੱਗਿਆਂ 'ਚੋਂ, ਲਾਲੇ ਦੀ ਤਕੜੀ ਵਿਚਦੀ, ਹੁੰਦੀ ਹੋਈ, ਪਹੁੰਚ ਜਾਂਦੀ ਏ।
ਰੋੜੂ ਕੀ ਚੱਕੀ 'ਤੇ, ਆਟਾ ਬਣਨ ਲਈ, ਤੇ ਅਗਲੇ ਦਿਨ ਫੇਰ,
ਲਾਲੇ ਦੀ ਹੱਟੀ 'ਤੇ ਆ। ਸਾਡੀਆਂ ਝੋਲੀਆਂ 'ਚ ਪੈ ਜਾਂਦੀ ਏ।
ਸਾਡੇ ਸਾਹਾਂ ਦਾ ਸਾਹ ਹੁੰਦੀ, ਸਾਡੇ ਲਹੂ 'ਚ ਰਚ ਜਾਂਦੀ ਏ।

ਢੋਆ ਕਵਿਤਾ ਵਿੱਚ ਫਿਰ ਕਿਰਤੀ ਤੇ ਕਿਸਾਨ ਦੀ ਜਦੋਜਹਿਦ ਦੀ ਕਹਾਣੀ ਦਰਸਾਉਂਦੀ ਹੈ-

ਅਸੀਂ ਕੰਮੀਆਂ ਦੇ ਵੰਸ਼ਜ, ਤੇ ਕੰਮੀਆਂ ਦੇ ਜਾਏ, ਤੇ ਸ਼ਾਇਦ।
ਇਹ ਕਿਰਤ ਹੀ ਸਾਡੀ, ਹੋਂਦ ਦਾ ਕਾਰਨ ਬਣੀ ਏ, ਅਸੀਂ ਉਂਜ ਤਾਂ।
ਅੰਨਾਂ ਦੇ ਦਾਤੇ ਕਹਾਉਂਦੇ ਹਾਂ, ਪਰ ਸਾਡੇ ਢਿਡਾਂ ਨੂੰ ਤਾਂ,
ਧੁਰ ਤੋਂ ਹੀ ਗੰਢਾਂ ਵੱਜੀਆਂ ਨੇ, ਕੀੜੇ-ਮਕੌੜਿਆਂ ਵਾਂਗ,
ਤੇ ਬਸ ਸਾਰੀ ਉਮਰ ਪੀੜ੍ਹੀ ਦਰ ਪੀੜ੍ਹੀ?

ਰਾਜਬੀਰ ਮੱਤਾ ਇਨਸਾਨ ਦੀ ਜ਼ਿੰਦਗੀ ਵਿੱਚ ਕੀਤੀ ਜਾਣ ਵਾਲੀ ਜਦੋਜਹਿਦ ਅਤੇ ਰਸਸਤੇ ਵਿੱਚ ਰੋੜੇ ਅਟਕਾਉਣ ਵਾਲਿਆਂ ਨੂੰ ਸਫਲਤਾ ਪ੍ਰਾਪਤ ਕਰਨ ਲਈ ਸਹਾਈ ਹੋਣ ਦਾ ਦਰਜਾ ਦਿੰਦਾ ਹੋਇਆ ਲਿਖਦਾ ਹੈ-

ਮੈਂ ਹਮੇਸ਼ਾ ਹੀ, ਰਾਹ ਦੇ ਉਨ੍ਹਾਂ ਰੋੜਿਆਂ ਦਾ,
ਰਿਣੀ ਰਹਾਂਗਾ, ਜੋ ਮੇਰੀ ਮੰਜ਼ਿਲ ਲਈ,
ਨੀਂਹ ਪੱਥਰ ਦਾ ਕੰਮ ਕਰਦੇ ਹਨ।

ਉਮੀਦ ਕੀਤੀ ਜਾ ਸਕਦੀ ਹੈ ਕਿ ਰਾਜਬੀਰ ਮੱਤਾ ਭਵਿਖ ਵਿੱਚ ਹੋਰ ਵਧੇਰੇ ਲੋਕ ਹਿਤਾਂ ਤੇ ਪਹਿਰਾ ਦੇਣ ਵਾਲੀਆਂ ਕਵਿਤਾਵਾਂ ਲਿਖਣ ਵਿੱਚ ਸਫਲਤਾ ਪ੍ਰਾਪਤ ਕਰੇਗਾ।

# ਬੂਟਾ ਮੰਡੀ ਜਲੰਧਰ 'ਚ ਬਾਬਾ ਸਾਹਿਬ ਦਾ ਦਿੱਤਾ ਭਾਸ਼ਣ (27-10-1951)

(ਸਫਾ 24 ਦੀ ਬਾਕੀ)

ਬਾਰੇ, ਸਾਡੇ ਕਾਂਗਰਸੀ ਹਰੀਜਨਾਂ ਨੇ ਵੀ ਚੁੱਪ ਵੱਟੀ ਰੱਖੀ। ਮੈਂ ਇਕੱਲਾ, ਜੋ ਵੀ ਕਰ ਸਕਦਾ ਸੀ, ਉਹ ਮੈਂ ਕੀਤਾ। 'ਮਹਾਰ ਬਟਾਲੀਅਨ' ਦੇ ਬਹਾਦਰ ਸਿਪਾਹੀਆਂ ਨੇ ਆਪਣੀ ਜਾਨ ਤਲੀ 'ਤੇ ਧਰ ਕੇ ਮੇਰੀ ਮਦਦ ਕੀਤੀ। ਉਨ੍ਹਾਂ ਬਹੁਤ ਸਾਰੇ ਅਨੁਸੂਚਿਤ ਜਾਤੀ ਲੋਕਾਂ ਨੂੰ ਪਾਕਿਸਤਾਨ 'ਚੋਂ ਕੱਢ ਕੇ, ਇੱਧਰ ਭਾਰਤ ਵਿੱਚ ਲਿਆਂਦਾ। ਅਜਿਹੇ ਹਾਲਾਤਾਂ ਵਿੱਚ ਅਸੀਂ ਕਾਂਗਰਸੀ ਲੀਡਰਾਂ ਦੇ ਵਾਅਦਿਆਂ ਉੱਤੇ ਵਿਸ਼ਵਾਸ ਕਰ ਸਕਦੇ ਹਾਂ ? ਜੇਕਰ ਕਾਂਗਰਸ, ਅਨੁਸੂਚਿਤ ਜਾਤੀ ਲੋਕਾਂ ਦੇ ਹਿੱਤਾਂ ਪ੍ਰਤੀ ਐਨੀ ਹੀ ਇਮਾਨਦਾਰ ਹੈ ਤਾਂ ਉਹ ਅਨੁਸੂਚਿਤ ਜਾਤੀ ਉਮੀਦਵਾਰਾਂ ਨੂੰ ਜਨਰਲ ਸੀਟਾਂ ਉੱਤੇ ਖੜ੍ਹੇ ਕਰ ਕੇ, ਆਪਣੀ ਇਮਾਨਦਾਰੀ ਕਿਉਂ ਨਹੀਂ ਸਿੱਧ ਕਰਦੀ? ਸਾਨੂੰ ਇਹ ਕਿਹਾ ਜਾਂਦਾ ਹੈ ਕਿ ਸ਼ੈਡਿਊਲਡ ਕਾਸਟਸ ਫੈਡਰੇਸ਼ਨ ਵਾਸਤੇ, ਕਾਂਗਰਸ ਦੇ ਖਿਲਾਫ ਚੋਣਾਂ ਲੜਨਾ ਬਹੁਤ ਹੀ ਮੁਸ਼ਕਿਲ ਕੰਮ ਹੈ। ਪਰ ਇਹ ਸਿਰਫ ਇੱਕ ਡਰਾਵਾ ਹੈ। ਮੈਨੂੰ ਇਸ ਵਿੱਚ ਕੋਈ ਵੀ ਸ਼ੱਕ ਨਹੀਂ ਹੈ ਕਿ ਇਨ੍ਹਾਂ ਚੋਣਾਂ ਵਿੱਚ ਅਸੀਂ ਜਰੂਰ ਸਫ਼ਲ ਹੋਵਾਂਗੇ। ਸਮਾਂ ਬਦਲ ਚੁੱਕਿਆ ਹੈ। ਪਿਛਲੀਆਂ ਚੋਣਾਂ ਵਿੱਚ ਹਰ ਕੋਈ ਸਾਡੇ ਖਿਲਾਫ ਸੀ, ਹਰ ਕੋਈ ਕਾਂਗਰਸ ਦੇ ਹੱਕ ਵਿੱਚ ਸੀ, ਕਿਉਂਕਿ ਕਾਂਗਰਸੀਆਂ ਨੇ ਪ੍ਰਚਾਰਿਆ ਹੋਇਆ ਸੀ ਕਿ ਕਾਂਗਰਸੀਆਂ ਨੇ ਭਾਰਤ ਨੂੰ ਆਜ਼ਾਦੀ ਲੈ ਕੇ ਦਿੱਤੀ ਹੈ। ਅੱਜ ਦੇ ਹਾਲਾਤ ਕੀ ਹਨ? ਪੰਜਾਬ ਦੇ ਵੱਲ ਹੀ ਦੇਖ ਲਵੋ। ਕੀ ਕਾਂਗਰਸ ਦਾ ਪੰਜਾਬ ਵਿੱਚ ਵਜੂਦ ਵੀ ਹੈ ? ਇੱਥੇ ਅਸੂਲਾਂ ਦੇ ਪੱਕੇ ਕਹਾਉਣ ਵਾਲੇ ਦੋਵੇਂ ਨੇਤਾ ਡਾ. ਗੋਪੀ ਚੰਦ ਭਾਰਗਵ ਅਤੇ ਸ਼੍ਰੀ ਭੀਮ ਸੈਨ ਸੱਚਰ ਆਪਣੀ-ਆਪਣੀ ਚੌਧਰ ਸਥਾਪਿਤ ਕਰਨ ਲਈ, ਇੱਕ ਦੂਜੇ ਨਾਲ ਲੜ ਰਹੇ ਹਨ। ਕਾਂਗਰਸ ਅਜੇ ਤੱਕ ਆਪਣੇ ਉਮੀਦਵਾਰਾਂ ਦੀ ਸੂਚੀ 'ਤੇ ਹੀ ਸਹਿਮਤੀ ਪ੍ਰਗਟ ਨਹੀਂ ਕਰ ਸਕੀ ਹੈ। ਜਦੋਂ ਕਿ ਉਮੀਦਵਾਰਾਂ ਵਲੋਂ ਕਾਂਗਰਸ ਕਾਗਜ਼ ਦਾਖਲ ਕਰਨ ਦੀ ਆਖਰੀ ਤਰੀਕ ਵੀ ਬਹੁਤ ਨੇੜੇ ਢੁੱਕ ਚੁੱਕੀ ਹੈ। ਉਹ ਲੋਕ ਜਿਹੜੇ ਕੱਲ੍ਹ ਉੱਚੀ-ਉੱਚੀ ਹੋਕਾ ਦਿੰਦੇ ਸਨ ਕਿ ਅਸੀਂ ਇੱਕੋ ਮਾਂ ਦੇ ਪੁੱਤਰ ਹਾਂ, ਅੱਜ ਉਹ ਇੱਕ ਦੂਜੇ ਨਾਲ ਜਾਨੀ ਦੁਸ਼ਮਣਾਂ ਵਾਂਗ ਲੜ ਰਹੇ ਹਨ। ਭਾਰਗਵ ਗਰੁੱਪ ਜਾਂ ਸੱਚਰ ਗਰੁੱਪ ਦੋਵਾਂ ਵਿਚਕਾਰ ਨੇੜਤਾ ਹੋਣੀ ਪੂਰੀ ਤਰ੍ਹਾਂ ਅਸੰਭਵ ਹੋ ਗਈ ਹੈ।

ਪੰਜਾਬ ਕਾਂਗਰਸ ਦੇ ਇਨ੍ਹਾਂ ਦੋਵਾਂ ਲੀਡਰਾਂ ਸਾਹਮਣੇ ਸਿਰਫ ਇੱਕੋ ਹੀ ਪ੍ਰਸ਼ਨ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਕੌਣ ਬਣੇਗਾ? ਪੰਜਾਬ ਦੇ ਲੋਕਾਂ ਦੇ ਦੁੱਖ-ਦਰਦ ਦਾ ਇਨ੍ਹਾਂ ਭੱਦਰ-ਪੁਰਸ਼ਾਂ ਲਈ ਕੋਈ ਮਤਲਬ ਨਹੀਂ। ਪੰਜਾਬ ਵਿੱਚ ਲੜਾਈ ਕਿਸੇ ਸਿਧਾਂਤ ਲਈ ਨਹੀਂ ਲੜੀ ਜਾ ਰਹੀ, ਸਗੋਂ ਸਿਰਫ ਆਪਣੀ-ਆਪਣੀ ਚੌਧਰ ਲਈ ਲੜੀ ਜਾ ਰਹੀ ਹੈ। ਬਿਹਾਰ ਅਤੇ ਕਈ ਹੋਰ ਸੂਬਿਆਂ ਵਿੱਚ ਵੀ ਇਹੋ ਹੀ ਹਾਲ ਹੈ। ਕਾਂਗਰਸੀ ਉ-ਮੀਦਵਾਰਾਂ ਖਿਲਾਫ ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਅਤੇ ਭਾਈਭਤੀਜਾਵਾਦ ਦੀਆਂ ਸ਼ਿਕਾਇਤਾਂ ਵੀ ਵੱਡੀ ਗਿਣਤੀ ਵਿੱਚ ਹਰ ਰੋਜ਼ ਮੁੱਖ ਦਫ਼ਤਰ ਵਿਖੇ ਪਹੁੰਚ ਰਹੀਆਂ ਹਨ।

1947 ਵਿੱਚ ਕਾਂਗਰਸ ਆਪਣੇ ਪੂਰੇ ਜ਼ੋਬਨ 'ਤੇ ਸੀ। ਅੱਜ ਸਿਰਫ ਚਾਰ ਸਾਲਾਂ ਵਿੱਚ ਹੀ ਇਹ ਆਪਣੇ ਸਭ ਤੋਂ ਨੀਵੇਂ ਪੱਧਰ 'ਤੇ ਪਹੁੰਚ ਚੁੱਕੀ ਹੈ। ਸੰਸਾਰ ਦੀ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਇਤਿਹਾਸ ਵਿੱਚ ਇਹ ਇੱਕ ਵਿਲੱਖਣ ਉਦਾਹਰਨ ਹੈ। ਕਾਂਗਰਸੀ ਅਤੇ ਭਲਾ-ਮਾਣਸ ਇਹ ਦੋਵੇਂ ਵਿਰੋਧੀ ਸ਼ਬਦ ਬਣ ਗਏ ਹਨ, ਵੱਖਰੇ-ਵੱਖਰੇ ਅਤੇ ਦੂਰ ਦੇ। ਇਨ੍ਹਾਂ ਵਿੱਚ ਕੋਈ ਵੀ ਸਮਾਨਤਾ ਨਹੀਂ ਹੈ। ਅਜਿਹੀਆਂ ਪ੍ਰਸਥਿਤੀਆਂ ਵਿੱਚ ਸਾਨੂੰ ਲੜਾਈ ਵਿੱਚ ਹਾਰ ਜਾਣ ਦਾ ਕੋਈ ਡਰ, ਮਨ ਵਿੱਚ ਨਹੀਂ ਰੱਖਣਾ ਚਾਹੀਦਾ। ਆਤਮ-ਸਨਮਾਨ ਅਤੇ ਭਾਈਚਾਰਕ ਏਕਤਾ ਸਦਕਾ, ਫੈਡਰੇਸ਼ਨ ਹਰ ਹਾਲਤ ਵਿੱਚ ਕਾਮਯਾਬ ਹੋਵੇਗੀ, ਇਸ ਵਿੱਚ ਰੱਤੀ ਭਰ ਵੀ ਸ਼ੱਕ ਨਹੀਂ ਹੈ। ਸਾਨੂੰ ਸਿਰਫ ਪੱਕੇ ਇਰਾਦੇ ਨਾਲ, ਇੱਕ ਮਨ ਇੱਕ ਚਿੱਤ ਹੋ ਕੇ, ਮਿਹਨਤ ਕਰਨ ਦੀ ਲੋੜ ਹੈ। ਮੈਂ ਤੁਹਾਨੂੰ ਸਾਰੇ ਭੈਣਾਂ-ਭਰਾਵਾਂ ਨੂੰ ਬੇਨਤੀ ਕਰਦਾ ਹਾਂ ਕਿ ਚੋਣਾਂ ਵਾਲੇ ਦਿਨ ਤੁਸੀਂ ਹੋਰ ਸਾਰੇ ਕੰਮਾਂ-ਕਾਰਾਂ ਨੂੰ ਛੱਡਦੇ ਹੋਏ, ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਜਰੂਰ ਕਰਨਾ।

ਸ਼ਡਿਊਲਡ-ਕਾਸਟਸ ਲੋਕਾਂ ਨੂੰ ਕਾਂਗਰਸ ਦੁਆਰਾ ਪਾਈ ਜਾਣ ਵਾਲੀ ਫੁੱਟ ਤੋਂ ਆਪਣੇ- ਆਪ ਨੂੰ ਬਚਾ ਕੇ ਰੱਖਣਾ ਹੋਵੇਗਾ। ਤੁਹਾਨੂੰ ਕਾਂਗਰਸੀ ਨੇਤਾਵਾਂ ਦੀਆਂ, ਚਿਕਨੀਆਂ-ਚੋਪੜੀਆਂ ਗੱਲਾਂ ਵਿੱਚ ਨਹੀਂ ਆਉਣਾ ਚਾਹੀਦਾ, ਇਸ ਦੇ ਨਾਲ ਹੀ ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਲਾਪਰਵਾਹੀ ਨਹੀਂ ਵਰਤਣੀ ਹੈ, ਹਮੇਸ਼ਾ ਚੌਕਸ ਰਹਿਣਾ ਹੈ। ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਰਾਜਨੀਤਿਕ ਸੀਟਾਂ ਦਾ ਰਾਖਵਾਂਕਰਨ, ਸਿਰਫ ਦਸ ਸਾਲਾਂ ਦੇ ਸਮੇਂ ਲਈ ਹੈ। ਮੈਂ ਚਾਹੁੰਦਾ ਹਾਂ ਕਿ ਇਹ ਰਾਖਵਾਂਕਰਨ ਉਦੋਂ ਤੱਕ ਲਗਾਤਾਰ ਜਾਰੀ ਰਹੇ, ਜਦੋਂ ਤੱਕ ਛੂਤ-ਛਾਤ ਖਤਮ ਨਹੀਂ ਹੋ ਜਾਂਦੀ।

ਸਰਦਾਰ ਪਟੇਲ ਨੇ ਮੇਰੇ ਇਸ ਸੁਝਾਅ ਦਾ ਪਾਰਲੀਮੈਂਟ ਦੇ ਅੰਦਰ ਅਤੇ ਪਾਰਲੀਮੈਂਟ ਦੇ ਬਾਹਰ ਪੂਰੇ ਜ਼ੋਰ ਨਾਲ ਵਿਰੋਧ ਕੀਤਾ ਹੈ। ਪਟੇਲ ਨੂੰ ਤਾਂ ਛੱਡੋ, ਸੰਵਿਧਾਨ ਸਭਾ ਵਿੱਚ ਅਨੁਸੂਚਿਤ ਜਾਤੀਆਂ ਦੇ ਤੀਹ ਕਾਂਗਰਸੀ ਨੁਮਾਇੰਦਿਆਂ ਨੇ ਵੀ, ਮੇਰੇ ਇਸ ਸੁਝਾਅ ਦੀ ਹਮਾਇਤ ਕਰਨ ਦੀ ਹਿੰਮਤ ਨਹੀਂ ਵਿਖਾਈ। ਕਾਂਗਰਸ ਦੇ ਇਹ ਚਮਚੇ, ਸਰਦਾਰ ਪਟੇਲ ਨੂੰ ਖੁਸ਼ ਰੱਖਣ ਤੋਂ, ਸਿਵਾਏ ਹੋਰ ਕਰ ਵੀ ਕੀ ਸਕਦੇ ਸਨ। ਚੋਣਾਂ ਲੜਨ ਲਈ ਕਾਂਗਰਸ ਦੀ ਟਿਕਟ, ਸ਼ਰਤਾਂ ਤਹਿਤ ਮਿਲੀ ਹੁੰਦੀ ਹੈ, ਇਸ ਕਰਕੇ ਅਜਿਹੇ ਮੌਕਾ-ਪ੍ਰਸਤਾਂ ਤੋਂ, ਸਵਾਰਥੀ ਅਤੇ ਕੁਰਸੀ ਦੇ ਭੁੱਖੇ ਲੋਕਾਂ ਕੋਲੋਂ, ਤੁਸੀਂ ਆਪਣੇ ਭਲੇ ਦੀ ਉਮੀਦ ਕਰ ਵੀ ਕਿਵੇਂ ਸਕਦੇ ਹੋ? ਇਹ ਰਾਖਵਾਂਕਰਨ ਸਿਰਫ ਦਸ ਸਾਲਾਂ ਦੇ ਵਿੱਚ ਹੀ ਸਮਾਪਤ ਹੋ ਜਾਏਗਾ। ਇਸ ਦਸ ਸਾਲ ਦੇ ਸਮੇਂ ਬਾਅਦ, ਅਸੀਂ ਕੀ ਕਰਨ ਜਾ ਰਹੇ ਹਾਂ। ਜੇ ਸਾਡਾ ਕੋਈ ਮਜਬੂਤ ਰਾਜਨੀਤਿਕ ਸੰਗਠਨ ਨਹੀਂ ਬਣਦਾ ਤਾਂ ਦੇਸ਼ ਦੀ ਰਾਜਨੀਤੀ ਵਿੱਚ ਸਾਡੀ ਕੋਈ ਥਾਂ ਨਹੀਂ ਰਹੇਗੀ। ਜੇ ਅਸੀਂ ਰਾਜਨੀਤੀ ਵਿੱਚ ਹਿੱਸੇਦਾਰੀ ਚਾਹੁੰਦੇ ਹਾਂ ਤਾਂ ਸਾਨੂੰ ਸਾਰਿਆਂ ਨੂੰ ਰਲ-ਮਿਲ ਕੇ, ਇੱਕ ਮਜਬੂਤ ਸੰਗਠਨ ਬਣਾ ਲੈਣਾ ਚਾਹੀਦਾ ਹੈ। ਮਜਬੂਤ ਸੰਗਠਨ ਬਣਾਉਣ ਦੇ ਵਾਸਤੇ, ਸਾਨੂੰ ਦਸ ਸਾਲਾਂ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ, ਸਗੋਂ ਇਹ ਸੰਗਠਨ ਹੁਣੇ ਬਣਾ ਲੈਣਾ ਚਾਹੀਦਾ ਹੈ। ਹਾਂ ਸਿਰਫ ਅੱਜ ਹੀ, ਕੱਲ੍ਹ ਜਾਂ ਪਰਸੋਂ ਨਹੀਂ। ਜੇ ਅਸੀਂ ਉਸ ਸਮੇਂ ਤੱਕ, ਇੱਕ ਤਕੜਾ, ਮਜਬੂਤ ਅਤੇ ਪ੍ਰਭਾਵਸ਼ਾਲੀ ਸੰਗਠਨ ਨਹੀਂ ਬਣਾ ਸਕੇ ਤਾਂ ਸਾਡੇ ਉੱਤੇ ਫਿਰ ਦੁਬਾਰਾ ਮਨੂ-ਸਿਮਰਤੀ ਰਾਜ ਠੋਸ ਦਿੱਤਾ ਜਾਵੇਗਾ।

ਸੰਗਠਨ ਸਾਡੇ ਕੋਲ ਪਹਿਲਾਂ ਹੀ ਬਣਾਇਆ ਜਾ ਚੁੱਕਿਆ ਹੈ, ਸਾਡੀ ਫੈੱਡਰੇਸ਼ਨ ਹੀ ਸਾਡਾ ਸੰਗਠਨ ਹੈ। ਅਸੀਂ ਤਾਂ ਹੁਣ ਸਿਰਫ ਇਸ ਨੂੰ ਮਜਬੂਤ ਕਰਨਾ ਹੈ। ਬੂਟਾ ਲੱਗ ਚੁੱਕਿਆ ਹੈ ਹੁਣ ਤਾਂ ਸਿਰਫ ਇਸ ਵਿੱਚ ਪਾਣੀ ਪਾਉਣਾ ਹੈ, ਸਜਾਉਣਾ-ਸੰਵਾਰਨਾ ਹੈ। ਸਾਡੀ ਫੈੱਡਰੇਸ਼ਨ ਨੂੰ ਚੋਣ ਕਮਿਸ਼ਨਰ ਨੇ, 'ਰਾਸ਼ਟਰੀ ਦਲ' ਵਜੋਂ ਮਾਨਤਾ ਵੀ ਦੇ ਦਿੱਤੀ ਹੈ।

ਸਾਨੂੰ ਨਵਾਂ ਘਰ ਬਣਾਉਣ ਦੀ ਜਰੂਰਤ ਨਹੀਂ ਹੈ। ਘਰ ਸਾਡੇ ਕੋਲ ਪਹਿਲਾਂ ਹੀ ਬਣਾ ਚੁੱਕਿਆ ਹੈ। ਇਸ ਘਰ ਨੂੰ ਸਿਰਫ ਉੱਤਮ ਬਣਾਉਣਾ ਹੈ, ਸਜਾਉਣਾ-ਸੰਵਾਰਨਾ ਹੈ। ਜੇ ਅਸੀਂ ਅਜਿਹਾ ਕਰਨ ਦੇ ਲਈ, ਹੁਣੇ ਤੋਂ ਸੰਘਰਸ਼ ਸ਼ੁਰੂ ਨਾ ਕੀਤਾ, ਹੱਥਾਂ ਤੇ ਹੱਥ ਧਰ ਕੇ ਬੈਠੇ ਰਹੇ ਤਾਂ ਇੱਕ ਸਮਾਂ ਆਵੇਗਾ, ਜਦੋਂ ਅਸੀਂ ਫਿਰ ਦੁਬਾਰਾ ਬੇਘਰੇ ਹੋ ਕੇ, ਇੱਧਰ-ਉੱਧਰ ਭਟਕਣ ਜੋਗੇ ਰਹਿ ਜਾਵਾਂਗੇ ਅਤੇ ਥਾਂ-ਥਾਂ ਅਪਮਾਨ, ਧੱਕੇਸ਼ਾਹੀਆਂ ਅਤੇ ਜ਼ੁਲਮ-ਜ਼ਿਆਦਤੀਆਂ ਦੇ ਸ਼ਿਕਾਰ ਹੋਣ ਲਈ, ਮਜ਼ਬੂਰ ਹੋ ਜਾਵਾਂਗੇ, ਜਿਨ੍ਹਾਂ ਦੇ ਸ਼ਿਕਾਰ ਅਸੀਂ ਵੈਦਿਕ ਸਮਿਆਂ ਤੋਂ ਹੁੰਦੇ ਆ ਰਹੇ ਹਾਂ। ਹੁਣ ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੀ ਹੋ ਕਿ ਇਨ੍ਹਾਂ ਚੋਣਾਂ ਦੌਰਾਨ, ਸ਼ਡਿਊਲਡ-ਕਾਸਟਸ ਫੈੱਡਰੇਸ਼ਨ ਦਾ ਚੋਣ ਨਿਸ਼ਾਨ ਹਾਥੀ ਹੈ। ਮੈਂ ਇਹ ਨਿਸ਼ਾਨ ਕਿਉਂ ਚੁਣਿਆ ਹੈ? ਕਿਉਂਕਿ ਹਾਥੀ ਇੱਕ ਅਜਿਹਾ ਜਾਨਵਰ ਹੈ, ਜਿਸਨੂੰ ਹਰ ਕੋਈ ਭਾਰਤੀ ਜਾਣਦਾ ਹੈ। ਸਾਧਾਰਨ ਤੋਂ ਸਾਧਾਰਨ ਵਿਅਕਤੀ ਵੀ, ਇਸ ਨਿਸ਼ਾਨ ਨੂੰ ਅਸਾਨੀ ਨਾਲ ਪਛਾਣ ਸਕਦਾ ਹੈ। ਇਸ ਤੋਂ ਇਲਾਵਾ ਹਾਥੀ ਆਪਣੀ ਬੁੱਧੀ, ਤਾਕਤ ਅਤੇ ਹੌਸਲੇ ਕਰਕੇ ਜਾਣਿਆ ਜਾਂਦਾ ਹੈ। ਸਾਡੇ ਸਮਾਜ ਦੇ ਲੋਕ ਵੀ ਹਾਥੀ ਦੀ ਤਰ੍ਹਾਂ ਹੀ ਹਨ, ਜਿਨ੍ਹਾਂ ਨੂੰ ਤਾਕਤਵਰ ਹੋਣ ਦੇ ਬਾਵਜੂਦ ਵੀ, ਆਪਣੀ ਤਾਕਤ ਦਾ ਕੋਈ ਅੰਦਾਜ਼ਾ ਨਹੀਂ ਹੈ। ਹੁਣ ਮੈਂ ਚੋਣ ਸਮਝੌਤੇ ਦੀ ਗੱਲ ਕਰਦਾ ਹਾਂ। ਅਨੁਸੂਚਿਤ ਜਾਤੀ ਲੋਕ ਘੱਟ ਗਿਣਤੀ ਵਿੱਚ ਹਨ। ਅਸੀਂ ਵੱਖਰੀ ਚੋਣ-ਪ੍ਰਣਾਲੀ ਵੀ ਪ੍ਰਾਪਤ ਨਹੀਂ ਕਰ ਸਕੇ ਹਾਂ, ਜਿਸ ਕਰਕੇ ਚੋਣਾਂ ਜਿੱਤਣ ਲਈ ਦੂਸਰੀਆਂ ਹਮ-ਖਿਆਲ ਜੱਥੇਬੰਦੀਆਂ ਨਾਲ ਚੋਣ ਸਮਝੌਤੇ ਕਰਨਾ ਸਾਡੀ ਜਰੂਰਤ ਬਣ ਗਈ ਹੈ। ਜਿਹੜੇ ਹਲਕੇ ਅਨੁਸੂਚਿਤ ਜਾਤੀਆਂ ਵਾਸਤੇ ਰਿਜ਼ਰਵ ਹਨ, ਉੱਥੇ ਸਾਡੇ ਕੋਲ ਦੋ ਵੋਟਾਂ ਹਨ। ਇੱਕ ਵੋਟ ਅਸੀਂ ਪਾਰਟੀ ਨੂੰ ਦੇ ਸਕਦੇ ਹਾਂ, ਜਿਸ ਨਾਲ ਸਾਡਾ ਚੋਣ ਸਮਝੌਤਾ ਹੈ, ਦੂਜਾ ਵੋਟ ਸ਼ਡਿਊਲਡ-ਕਾਸਟ ਫੈੱਡਰੇਸ਼ਨ ਦੇ ਉਮੀਦਵਾਰਾਂ ਨੂੰ ਜਾਵੇਗਾ। ਇੱਥੇ ਅਜੇ ਤੱਕ, ਸਾਡਾ ਕਿਸੇ ਪਾਰਟੀ ਨਾਲ ਸਮਝੌਤਾ ਨਹੀਂ ਹੋਇਆ ਹੈ। ਇਹ ਹਰ ਅਨੁਸੂਚਿਤ ਜਾਤੀ ਵੋਟਰ ਦੀ ਜੁੰਮੇਵਾਰੀ ਬਣਦੀ ਹੈ ਕਿ ਜਿਸ ਪਾਰਟੀ ਨਾਲ ਸਾਡਾ ਸਮਝੌਤਾ ਹੋਵੇ, ਉਹ ਆਪਣੀ ਵੋਟ ਉਸ ਦੇ ਪੱਖ ਵਿੱਚ ਪਾਵੇ। ਹੁਣ ਇਸ ਤੋਂ ਪਹਿਲਾਂ ਕਿ ਮੈਂ ਆਪਣੀ ਗੱਲ ਸਮਾਪਤ ਕਰਾਂ, ਮੈਂ ਪੰਜਾਬ ਦੇ ਸਾਰੇ ਵੋਟਰਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਫੈੱਡਰੇਸ਼ਨ ਦੇ ਉਮੀਦਵਾਰਾਂ ਨੂੰ ਵੋਟ ਪਾ ਕੇ ਕਾਮਯਾਬ ਬਣਾਉਣ ਅਤੇ ਆਪਣੇ ਸੁੰਦਰ ਭਵਿੱਖ ਦੀ ਨੀਂਹ ਰੱਖਣ।

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਮਹਾਨ ਇਨਕਲਾਬੀ ਸ਼ਹੀਦ ਮਦਨ ਲਾਲ ਢੀਂਗਰਾ



ਡਾ.ਚਰਨਜੀਤ ਸਿੰਘ ਗੁਮਟਾਲਾ
0019375739812

''ਮੇਰਾ ਯਕੀਨ ਹੈ ਕਿ ਇਕ ਕੌਮ ਜਿਸ ਨੂੰ ਬੰਦੂਕ ਦੀ ਨੋਕ 'ਤੇ ਦਬਾ ਕੇ ਰਖਿਆ ਜਾਵੇ, ਉਹ ਨਿਰੰਤਰ ਲੜਾਈ ਦੀ ਅਵਸਥਾ ਵਿੱਚ ਹੁੰਦੀ ਹੈ। ਕਿਉਂਕਿ ਇਕ ਬਿਨਾਂ ਹਥਿਆਰ ਦੇ ਕੌਮ ਲਈ ਆਹਮੋ-ਸਾਹਮਣੇ ਲੜਾਈ ਲੜਨੀ ਨਾ ਮੁਮਕਿਨ ਹੁੰਦੀ ਹੈ, ਇਸ ਲਈ ਮੈਂ ਬਿਨਾਂ ਦੱਸਿਆਂ ਹਮਲਾ ਕੀਤਾ। ਕਿਉਂਕਿ ਮੈਨੂੰ ਬੰਦੂਕਾਂ ਨਹੀਂ ਦਿੱਤੀਆਂ ਗਈਆਂ ਇਸ ਲਈ ਮੈਂ ਆਪਣਾ ਪਿਸਤੌਲ ਕੱਢਿਆ ਤੇ ਫਾਇਰ ਕਰ ਦਿੱਤਾ। ਸਰੀਰਕ ਤੇ ਬੌਧਿਕ ਪੱਖੋਂ ਕਮਜ਼ੋਰ ਹੋਣ ਕਰਕੇ ਮੇਰੇ ਵਰਗਾ ਪੁੱਤਰ ਆਪਣੀ ਮਾਂ ਨੂੰ ਸਿਵਾਏ ਆਪਣੇ ਖ਼ੂਨ ਦੇ ਹੋਰ ਦੇ ਵੀ ਕੀ ਸਕਦਾ ਹੈ। ਇਸ ਲਈ ਮੈਂ ਉਸ ਦੀ ਹਾਲਤ ਬਦਲਣ ਲਈ ਆਪਣਾ ਖ਼ੂਨ ਕੁਰਬਾਨ ਕਰ ਦਿੱਤਾ। ਇਸ ਸਮੇਂ ਭਾਰਤੀਆਂ ਨੂੰ ਇਕੋ ਸਬਕ ਸਿੱਖ਼ਣਾ ਚਾਹੀਦਾ ਹੈ ਕਿ ਕਿਵੇਂ ਮਰਿਆ ਜਾਵੇ ।ਅਤੇ ਸਾਨੂੰ ਮਰ ਕੇ ਹੀ ਅਜਿਹਾ ਪਾਠ ਦੂਜਿਆਂ ਨੂੰ ਪੜ੍ਹਾਇਆ ਜਾਵੇ। ਮੇਰੀ ਰੱਬ ਅੱਗੇ ਪ੍ਰਾਰਥਨਾ ਹੈ ਕਿ ਮੈਂ ਉਸੇ ਮਾਂ ਦੀ ਕੁੱਖੋਂ ਮੁੜ ਜਨਮ ਲਵਾਂ ਅਤੇ ਮੁੜ ਇਸੇ ਪਵਿੱਤਰ ਕਾਰਜ ਲਈ ਮੁੜ ਮਰਾਂ ਤੇ ਇਹ ਪ੍ਰਕਿਰਿਆ ਉਸ ਸਮੇਂ ਤੀਕ ਜਾਰੀ ਰਹੇ ਜਦ ਤੀਕ ਮੇਰਾ ਪਵਿੱਤਰ ਕਾਰਜ਼ ਸਫ਼ਲ ਨਹੀਂ ਹੋ ਜਾਂਦਾ।ਬੰਦੇ ਮਾਤਰਮ!'', ਇਹ ਸ਼ਬਦ ਮਦਨ ਲਾਲ ਢੀਂਗਰਾ ਨੇ 17 ਅਗਸਤ 1909 ਈ. ਨੂੰ ਲੰਡਨ ਦੀ ਪੈਂਟੋਵਿਲੇ ਜੇਲ ਵਿੱਚ ਫਾਂਸੀ ਦੇ ਤਖ਼ਤ 'ਤੇ ਚੜ੍ਹਣ ਤੋਂ ਪਹਿਲਾਂ ਕਹੇ। ਉਹ ਬਰਤਾਨੀਆ ਵਿੱਚ ਫਾਂਸੀ ਦੇ ਤਖ਼ਤੇ 'ਤੇ ਚੜ੍ਹਣ ਵਾਲਾ ਪਹਿਲਾ ਸ਼ਹੀਦ ਸੀ। ਮਦਨ ਲਾਲ ਢੀਂਗਰਾ ਦਾ ਜਨਮ 1887 ਈ. ਵਿੱਚ ਅੰਮ੍ਰਿਤਸਰ ਦੇ ਅਮੀਰ ਪ੍ਰਵਾਰ ਵਿੱਚ ਹੋਇਆ ਜੋ 1850 ਈ. ਵਿੱਚ ਸਾਹੀਵਾਲ ਤੋਂ ਅੰਮ੍ਰਿਤਸਰ ਆਇਆ ਸੀ। ਉਸ ਦੇ ਪਿਤਾ ਸਾਹਿਬ ਦਿੱਤਾ ਮਲ ਅੱਖਾਂ ਦੇ ਮਸ਼ਹੂਰ ਡਾਕਟਰ ਸਨ ਜੋ ਕਿ ਸਿਵਲ ਹਸਪਤਾਲ ਗੁਰਦਾਸਪੁਰ, ਹਿਸਾਰ ਤੇ ਅੰਮ੍ਰਿਤਸਰ ਸਿਵਲ ਸਰਜਨ ਰਹੇ। ਕਿਹਾ ਜਾਂਦਾ ਹੈ ਕਿ ਉਹ ਪਹਿਲੇ ਭਾਰਤੀ ਸਨ ਜੋ ਇਸ ਉੱਚੀ ਪਦਵੀ 'ਤੇ ਬਿਰਾਜਮਾਨ ਹੋਏ। ਉਨ੍ਹਾਂ ਨੂੰ ਅੰਗਰੇਜ਼ਾਂ ਦੇ ਚੰਗੇ ਮਿੱਤਰ ਹੋਣ ਕਰਕੇ ਅੰਗਰੇਜ਼ਾਂ ਨੇ ਰਾਇ ਸਾਹਿਬ ਦੇ ਖ਼ਿਤਾਬ ਨਾਲ ਨਿਵਾਜ਼ਿਆ ਹੋਇਆ ਸੀ। ਉਨ੍ਹਾਂ ਦੇ 7 ਸਪੁੱਤਰ ਸਨ। ਸਭ ਤੋਂ ਵੱਡੇ ਕੁੰਦਨ ਲਾਲ ਵਪਾਰੀ ਸਨ। ਉਨ੍ਹਾਂ ਤੋਂ ਛੋਟੇ ਡਾ. ਮੋਹਨ ਲਾਲ, ਡਾ. ਬਿਹਾਰੀ ਲਾਲ ਸਨ।ਉਸ ਤੋਂ ਛੋਟੇ ਚਮਨ ਲਾਲ ਜਿੰਨ੍ਹਾਂ ਨੇ 1899 ਵਿੱਚ ਮਿਡਲ ਟੈਂਪਲ ,ਇੰਗਲੈਂਡ ਤੋਂ ਬੈਰਿਸਟਰ ਕੀਤੀ। ਉਨਾਂ ਤੋਂ ਛੋਟੇ ਚੁੰਨੀ ਲਾਲ, ਮਦਨ ਲਾਲ ਸਨ। ਭਜਨ ਲਾਲ ਸਭ ਤੋਂ ਛੋਟਾ ਸੀ ਜਿਸ ਨੇ ਗ੍ਰੀਅਸ ਇਨਨ(ਇੰਗਲੈਂਡ) ਤੋਂ 1911 ਵਿਚ ਂ ਬੈਰਿਸਟਰ ਕੀਤੀ ,ਸਨ। ਇਸ ਤਰ੍ਹਾਂ ਇਹ ਪਰਵਾਰ ਬਹੁਤ ਹੀ ਅਮੀਰ ਅਤੇ ਪੜ੍ਹਿਆਂ ਲਿਖਿਆਂ ਦਾ ਪ੍ਰਵਾਰ ਸੀ। ਇਨ੍ਹਾਂ ਦੀ ਅੰਮ੍ਰਿਤਸਰ ਵਿੱਚ ਕਟੜਾ ਸ਼ੇਰ ਸਿੰਘ ਵਿੱਚ ਬਹੁਤ ਜਾਇਦਾਦ ਸੀ ਅਤੇ ਇਹ ਪ੍ਰਵਾਰ ਅੰਗਰੇਜ਼ੀ ਹਕੂਮਤ ਦਾ ਵਫ਼ਾਦਾਰ ਸੀ।

ਮਦਨ ਲਾਲ ਨੂੰ ਲਾਹੌਰ ਕਾਲਜ ਵਿੱਚ ਪੜਾਈ ਸਮੇਂ ਰਾਜਨੀਤਿਕ ਸਰਗਰਮੀਆਂ ਵਿੱਚ ਭਾਗ ਲੈਣ ਕਰਕੇ ਕੱਢ ਦਿੱਤਾ ਗਿਆ, ਕਿਉਂਕਿ ਉਹ ਉਥੇ ਯੂਨੀਅਨ ਬਣਾਉਣਾ ਚਾਹੁੰਦਾ ਸੀ। ਉਸ ਦੇ ਪ੍ਰਵਾਰ ਨੇ ਵੀ ਉਸ ਨਾਲੋਂ ਨਾਤਾ ਤੋੜ ਲਿਆ। ਮਜ਼ਬੂਰੀ ਵੱਸ ਉਸ ਨੂੰ ਕਲਰਕ, ਰਿਕਸ਼ਾ ਚਾਲਕ ਤੇ ਕਾਰਖ਼ਾਨੇ ਵਿੱਚ ਮਜ਼ਦੂਰੀ ਕਰਕੇ ਗੁਜ਼ਾਰਾ ਕਰਨਾ ਪਿਆ। ਉਸ ਨੇ ਕੁਝ ਸਮਾਂ ਬੰਬਈ ਵਿੱਚ ਵੀ ਕੰਮ ਕੀਤਾ।ਉੱਥੋਂ ਉਹ ਆਪਣੇ ਵੱਡੇ ਭਰਾ ਦੀ ਸਲਾਹ ਨਾਲ ਉਚੇਰੀ ਪੜਾਈ ਲਈ 1906 ਵਿੱਚ ਇੰਗਲੈਂਡ ਆ ਗਿਆ ਤੇ ਯੂਨੀਵਰਸਿਟੀ ਕਾਲਜ ਲੰਡਨ ਵਿੱਚ ਸਿਵਲ ਇੰਜਨੀਅਰ ਦੇ ਡਿਪਲੋਮੇ ਵਿੱਚ ਦਾਖ਼ਲਾ ਲੈ ਲਿਆ। ਇਹ ਉਹ ਕਾਲਜ ਸੀ ਜਿੱਥੇ ਦਾਦਾ ਭਾਈ ਨਾਉਰੋਜੀ 1856 ਤੌਂ 1866 ਤੀਕ ਗੁਜਰਾਤੀ ਦੇ ਪ੍ਰੋਫੈਸਰ ਰਹੇ ਸਨ ਤੇ ਡਾ. ਰਵਿੰਦਰ ਨਾਥ ਟੈਗੋਰ ਨੇ 1878 ਤੋਂ 1880 ਤੀਕ ਅੰਗਰੇਜ਼ੀ ਸਾਹਿਤ ਦੀ ਪੜਾਈ ਕੀਤੀ ਸੀ । ਮਦਨ ਲਾਲ ਢੀਂਗਰਾ ਦੇ ਵੱਡੇ ਭਰਾ ਡਾ. ਬਿਹਾਰੀ ਲਾਲ ਨੇ 1895 ਵਿਚ ਇੱਥੋਂ ਹੀ ਯੂਨੀਵਰਸਿਟੀ ਕਾਲਜ ਹੌਸਪਟਿਲ ਤੋਂ ਐਮ ਆਰ ਸੀ ਪੀ ਪਾਸ ਕੀਤੀ ਸੀ।

ਮਦਨ ਲਾਲ ਬਹੁਤ ਕੀਮਤੀ ਕਪੜੇ ਪਹਿਨਦਾ ਤੇ ਕੀਮਤੀ ਸੈਂਟਾਂ ਤੇ ਹੋਰ ਵਸਤੂਆਂ ਦੀ ਵਰਤੋਂ ਕਰਦਾ ਸੀ। ਆਪਣੇ ਵਾਲ ਹਰ ਵੇਲੇ ਕੰਘੀ ਨਾਲ ਸਵਾਰਦਾ ਰਹਿੰਦਾ ਸੀ ਤੇ ਇਸ ਲਈ ਉਹ ਮਸ਼ਹੂਰ ਵੀ ਸੀ। ਇਹੋ ਕਾਰਨ ਸੀ ਕਿ ਜਦ ਉਸ ਨੂੰ ਜਦ ਫ਼ਾਂਸੀ ਲਾਉਣ ਤੋਂ ਪਹਿਲਾਂ ਓਸੁ ਦੀ ਆਖ਼ਰੀ ਖ਼ਾਹਿਸ਼ ਪੁੱਛੀ ਗਈ ਤਾਂ ਉਸ ਨੇ ਇਕ ਸ਼ੀਸ਼ਾ ਤੇ ਕੰਘੀ ਮੰਗੀ ਤਾਂ ਜਾਂ ਫ਼ਾਂਸੀ ਤੇ ਤਖ਼ਤੇ 'ਤੇ ਜਾਣ ਸਮੇਂ ਉਹ ਉਸੇ ਤਰ੍ਹਾਂ ਤਿਆਰ ਹੋ ਕਿ ਜਾਵੇ ਜਿਵੇਂ ਕਿ ਉਹ ਆਪਣੀ ਯੂਨੀਵਰਸਿਟੀ ਜਾਂਦਾ ਹੁੰਦਾ ਸੀ ।ਉਹ ਬਹੁਤ ਖ਼ੁਸ਼ ਦਿਲ ਪਰ ਜਜ਼ਬਾਤੀ ਇਨਸਾਨ ਸੀ।ਇੱਥੇ ਇੰਡੀਆ ਹਾਊਸ ਵਿਚ ਉਸ ਦਾ ਮੇਲ ਪ੍ਰਸਿੱਧ ਇਨਕਲਾਬੀ ਵਿਨਾਇਕ ਦਮੋਦਰ ਸਾਵਰਕਰ ਨਾਲ ਹੋਇਆ ਤੇ ਉਸ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਉਨ੍ਹਾਂ ਦਿਨਾਂ ਵਿਚ ਇੰਡੀਆ ਹਾਊਸ ਦੀ ਵਰਤੋਂ ਵਿਦਿਆਰਥੀਆਂ ਦੇ ਹੋਸਟਲ ਵਜੋਂ ਹੁੰਦੀ ਸੀ।ਪਰ ਇਹ ਭਾਰਤੀ ਸਿਆਸਤਦਾਨਾਂ ਦਾ ਅੱਡਾ ਵੀ ਸੀ, ਜਿਸ ਨੂੰ ਕਿ 1905 ਈ. ਵਿੱਚ ਸ਼ਿਆਮ ਜੀ ਕ੍ਰਿਸ਼ਨਾ ਵਰਮਾ ਨੇ ਖ਼੍ਰੀਦ ਲਿਆ ਸੀ।ਉਹ ਬੰਗਾਲੀ ਇਨਕਲਾਬੀਆਂ ਖ਼ੁਦੀ ਰਾਮ ਬੋਸ, ਕਨਹਾਲੀ ਲਾਲ. ਨਰੇਂਦਰ ਅਤੇ ਹੋਰ ਇਨਕਲਾਬੀਆਂ ਦੇ ਕਾਰਨਾਮਿਆਂ

ਤੋਂ ਬਹੁਤ ਪ੍ਰਭਾਵਿਤ ਸੀ।ਉਸ ਨੇ ਦੂਜੇ ਇਨਕਲਾਬੀਆਂ ਨਾਲ ਵੀ ਸੰਬੰਧ ਸਥਾਪਤ ਕਰ ਲਏ ਜਿੰਨ੍ਹਾਂ ਵਿੱਚ ਸ਼ਿਆਮ ਜੀ ਕ੍ਰਿਸ਼ਨਾ ਵਰਮਾ,ਲਾਲਾ ਹਰਦਿਆਲ, ਗਿਆਨ ਚੰਦ ਅਤੇ ਕੋਰੇ ਗਾਕਰ ਆਦਿ ਸ਼ਾਮਲ ਸਨ। ਇਨ੍ਹਾਂ ਸਾਰਿਆਂ ਦਾ ਸੰਬੰਧ ਇੰਡੀਆ ਹਾਊਸ ਨਾਲ ਸੀ। ਉਸ ਨੇ ਇੰਡੀਅਨ ਹੂਮ ਰੂਲ ਸੋਸਾਇਟੀ ਅਤੇ ਅਭਿਵਨਵ ਭਾਰਤ ਸੋਸਾਇਟੀ ਜਿਸ ਦੇ ਕਿ ਸੰਸਥਾਪਕ ਸਾਵਰਕਰ ਸਨ, ਨਾਲ ਗੂੜੇ ਸੰਬੰਧ ਬਣਾ ਲਏ। ਸਾਵਰਕਾਰ ਨੇ ਢੀਂਗਰਾ ਨੂੰ ਹਥਿਆਰ ਚਲਾਉਣ ਦੀ ਟ੍ਰੇਨਿੰਗ ਦਿੱਤੀ। ਉਨ੍ਹਾਂ ਦਿਨਾਂ ਵਿੱਚ ਦੇਸ਼ ਭਗਤ ਖ਼ੁਦੀ ਰਾਮ ਬੋਸ, ਸਤਿੰਦਰ ਪਾਲ, ਕਾਂਸ਼ੀ ਰਾਮ ਅਤੇ ਕਨਈ ਦੱਤ ਨੂੰ ਫਾਂਸੀ ਲਾਉਣ 'ਤੇ 8 ਜੂਨ 1909 ਨੂੰ ਵੀਰ ਸਾਰਵਰਕਰ ਦੇ ਵਡੇ ਭਰਾ ਗਣੇਸ਼ ਦਮੋਦਰ ਸਾਰਵਰਕਰ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ ।ਮਦਨ ਲਾਲ ਢੀਂਗਰਾ, ਸਾਵਰਕਰ ਤੇ ਇੰਗਲੈਂਡ ਵਿਚਲੇ ਹੋਰ ਇਨਕਲਾਬੀ ਭਾਰਤੀਆਂ ਨੂੰ ਬਹੁਤ ਗ਼ੁੱਸਾ ਸੀ ਤੇ ਉਹ ਇਸ ਦਾ ਬਦਲਾ ਲੈਣਾ ਚ੍ਹਾਹੰਦੇ ਸਨ।

ਲੰਡਨ ਵਿੱਚ ਰਹਿੰਦੇ ਭਾਰਤੀਆਂ ਨੇ ਭਾਰਤੀ ਵਿਦਿਆਰਥੀਆਂ ਨੂੰ ਆਪਣੇ ਵੱਲ ਖਿੱਚਣ ਲਈ ਨੈਸ਼ਨਲ ਇੰਡੀਅਨ ਐਸੋਸੀਏਸ਼ਨ ਬਣਾਈ ਹੋਈ ਸੀ। ਮਿਸ ਐਮਾ ਜੋਸਫੀਨ ਬੈਕ ਇਸ ਦੀ ਸੈਕਟਰੀ ਸੀ। ਢੀਂਗਰਾ ਮਾਰਚ 1909 ਵਿੱਚ ਇਸ ਦਫ਼ਤਰ ਗਿਆ ਤੇ ਇਸ ਦੇ ਮੈਂਬਰ ਬਣਨ ਦੀ ਇੱਛਾ ਪ੍ਰਗਟ ਕੀਤੀ। ਉਸ ਨੂੰ ਅਪ੍ਰੈਲ 1909 ਵਿੱਚ ਮੈਂਬਰ ਬਣਾ ਲਿਆ ਗਿਆ। ਉਸ ਨੇ ਇਕ ਰਿਵਾਲਵਰ ਤੇ ਦੋ ਪਿਸਤੌਲ ਇਕ ਵਿਅਕਤੀ ਪਾਸੋਂ ਖ਼੍ਰੀਦੇ ਅਤੇ ਇਨ੍ਹਾਂ ਦੀ ਵਰਤੋਂ ਕਰਨ ਦੀ ਪ੍ਰੈਕਟਿਸ ਕਰਨੀ ਸ਼ੁਰੂ ਕਰ ਦਿੱਤੀ।



1 ਜੁਲਾਈ 1909 ਨੂੰ ਨੈਸ਼ਨਲ ਇੰਡੀਅਨ ਐਸੋਸੀਏਸ਼ਨ ਦਾ ਸਾਲਾਨਾ ਦਿਵਸ ਸੀ। ਇਮਪੀਅਰਲ ਇਨਸਟੀਚਿਊਟ ਦੇ ਜਹਾਂਗੀਰ ਹਾਲ ਨੂੰ ਇਸ ਸਮਾਗਮ ਲਈ ਚੁਣਿਆ ਗਿਆ। ਢੀਂਗਰਾ ਨੇ ਐਮਾ ਬੈਕ ਪਾਸੋਂ ਸਾਰੀ ਜਾਣਕਾਰੀ ਪ੍ਰਾਪਤ ਕਰਕੇ ਸਾਵਰਕਰ ਨਾਲ ਆਪਣੀ ਯੋਜਨਾ ਤਿਆਰ ਕੀਤੀ। ਉਸ ਪੰਜਾਬੀ ਅੰਦਾਜ਼ ਵਿੱਚ ਅਸਮਾਨੀ ਰੰਗ ਦੀ ਪਗੜੀ ਬੰਨੀ ਤੇ ਟਾਈ ਸਮੇਤ ਇਕ ਸ਼ਾਨਦਾਰ ਸੂਟ ਪਹਿਨਿਆ। ਉਸ ਨੇ ਕੋਟ ਦੀਆਂ ਜ਼ੇਬਾਂ ਵਿੱਚ ਇਕ ਰਿਵਾਲਵਰ, ਦੋ ਪਸਤੌਲ ਅਤੇ ਦੋ ਚਾਕੂ ਰੱਖੇ। ਢੀਂਗਰਾ ਪਾਰਟੀ ਵਿੱਚ ਸ਼ਾਮ 8 ਵਜੇ ਪੁੱਜਾ। ਰਾਤ ਦੇ ਸਵਾ ਦਸ ਵੱਜੇ ਭਾਰਤ ਵਿਚਲੇ ਸੈਕਟਰੀ ਆਫ ਸਟੇਟ ਦੇ ਰਾਜਸੀ ਸਹਾਇਕ ਸਰ ਵਿਲੀਅਮ ਹਟ ਕਰਜਨ ਵਾਇਲੀ ਅਤੇ ਉਸ ਦੀ ਪਤਨੀ ਪੁੱਜੇ।

ਵਾਇਲੀ ਭਾਰਤੀ ਵਿਦਿਆਰਥੀਆਂ ਦੀ ਖ਼ੁਫ਼ੀਆ ਨਿਗਰਾਨੀ ਕਰਦਾ ਸੀ। ਉਹ ਉਨ੍ਹਾਂ ਨੂੰ ਪ੍ਰੇਸ਼ਾਨ ਕਰਦਾ ਸੀ। ਇਸ ਲਈ ਭਾਰਤੀ ਵਿਦਿਆਰਥੀ ਉਸ ਤੋਂ ਦੁੱਖ਼ੀ ਸਨ ।ਇਸ ਲਈ ਮਦਨ ਲਾਲ ਨੇ ਉਸ ਨੂੰ ਮਾਰਨ ਦਾ ਮਨ ਬਣਾਇਆ ਸੀ ।ਉਨਾਂ ਨੂੰ ਵੇਖ ਕੇ ਉਸ ਨੂੰ ਜੋਸ਼ ਚੜ੍ਹ ਗਿਆ। ਗਿਆਰਾਂ ਵਜੇ ਦੇ ਕਰੀਬ ਸਾਰੀ ਕਾਰਵਾਈ ਮੁਕੰਮਲ ਹੋਈ। ਵਾਇਲੀ ਸਟੇਜ ਤੋਂ ਉਤਰ ਲੋਕਾਂ ਨੂੰ ਗ਼ੈਰ-ਰਸਮੀ ਮਿਲਣ ਲੱਗਾ। ਢੀਂਗਰਾ ਨੇ ਉਸ ਦੇ ਮੂੰਹ 'ਤੇ 5 ਗੋਲੀਆਂ ਦਾਗੀਆਂ ਜਿੰਨ੍ਹਾਂ ਵਿੱਚੋਂ 4 ਆਪਣੇ ਨਿਸ਼ਾਨੇ 'ਤੇ ਲੱਗੀਆਂ।ਇਕ ਪਾਰਸੀ ਡਾਕਟਰ ਕੋਵਾਸਜੀ ਲਲਕਾਰਾ ਜਿਸ ਨੇ ਕਿ ਵਾਇਲੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਨੂੰ 6ਵੀਂ ਤੇ 7ਵੀਂ ਗੋਲੀ ਦਾ ਨਿਸ਼ਾਨਾ ਬਣਿਆ। ਮਦਨ ਲਾਲ ਨੇ ਇਸ ਸਬੰਧੀ ਅਦਾਲਤ ਨੂੰ ਵੀ ਦੱਸਿਆ ਕਿ ਲਲਕਾਰਾ ਨੂੰ ਮਾਰਨ ਦਾ ਓਸ ਦਾ ਕੋਈ ਇਰਾਦਾ ਨਹੀਂ ਸੀ ਤੇ ਇਹ ਦੁਰਘਟਨਾ ਵੱਸ ਹੋ ਗਿਆ। ਜਦ ਭੀੜ ਵਿਚੋਂ ਕਿਸੇ ਨੇ ਉਸ ਨੂੰ ਕਾਤਲ ਕਿਹਾ ਤਾਂ ਉਸ ਨੇ ਕਿਹਾ ਕਿ ਮੈਂ ਦੇਸ਼ ਭਗਤ ਹਾਂ ਤੇ ਆਪਣੀ ਮਾਤ ਭੂਮੀ ਨੂੰ ਗ਼ੁਲਾਮੀ ਦੀ ਪੰਜਾਲੀ ਵਿਚੋਂ ਬਾਹਰ ਕੱਢਣਾ ਚਾਹੁੰਦਾ ਹਾਂ। ਬਿਨਾਂ ਕਿਸੇ ਡਰ ਅਤੇ ਖ਼ੌਫ਼ ਦੇ ਉਸ ਨੇ ਕਿਹਾ, ''ਜੋ ਮੈਂ ਕੀਤਾ ਹੈ, ਉਸ ਲਈ ਮੈਂ ਹੱਕਦਾਰ ਹਾਂ। ਜੇ ਜਰਮਨੀਆਂ ਨੇ ਇੰਗਲੈਂਡ 'ਤੇ ਕਬਜ਼ਾ ਕੀਤਾ ਹੁੰਦਾ ਤਾਂ ਇੰਗਲੈਂਡ ਵਾਸੀ ਨੇ ਵੀ ਇਹੋ ਕੁਝ ਕਰਨਾ ਸੀ''।

ਮਦਨ ਲਾਲ ਨੇ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ। ਉਸਨੇ ਖ਼ੁਦ ਗ੍ਰਿਫਤਾਰੀ ਦਿੱਤੀ। ਉਸ ਨੂੰ 7 ਦਿਨਾਂ ਲਈ ਪੁਲਿਸ ਹਵਾਲੇ ਕੀਤਾ ਗਿਆ। ਉਹ ਇਨ੍ਹਾਂ ਦਿਨਾਂ ਵਿੱਚ ਉਸ ਬਿਆਨ ਨੂੰ ਤਿਆਰ ਕਰਨ ਵਿੱਚ ਰੁਝਾ ਰਿਹਾ ਜੋ ਕਿ ਉਸ ਨੇ ਅਦਾਲਤ ਵਿੱਚ ਦੇਣਾ ਸੀ। 10 ਜੁਲਾਈ ਨੂੰ ਜਦ ਉਸ ਨੂੰ ਮੈਜਿਸਟਰੇਟ ਅਗੇ ਪੇਸ਼ ਕੀਤਾ ਗਿਆ ਤਾਂ ਉਸ ਨੇ ਇਹ ਬਿਆਨ ਉੱਚੀ ਪੜ੍ਹ ਕੇ ਸੁਣਾਇਆ ਜਿਸ ਵਿੱਚ ਉਸ ਨੇ ਕਿਹਾ, ''ਮੈਂ ਆਪਣੇ ਕੀਤੇ ਕੰਮ ਦੀ ਸੁਰੱਖਿਆ ਲਈ ਕੁਝ ਨਹੀਂ ਕਹਿਣਾ ਚਾਹੁੰਦਾ। ਮੈਂ ਨਹੀਂ ਸਮਝਦਾ ਹਾਂ ਕਿ ਇੰਗਲੈਂਡ ਦੀ ਅਦਾਲਤ ਨੂੰ ਮੈਨੂੰ ਸਜ਼ਾ ਦੇਣ ਜਾਂ ਜੇਲ ਵਿੱਚ ਬੰਦੀ ਰੱਖਣ ਦਾ ਕੋਈ ਅਧਿਕਾਰ ਹੈ । ਅਤੇ ਮੇਰਾ ਇਹ ਕਹਿਣਾ ਹੈ ਕਿ ਜੇ ਇਸ ਦੇਸ਼ ਨੂੰ ਜਰਮਨਾਂ ਨੇ ਆਪਣੇ ਕਬਜ਼ੇ ਵਿੱਚ ਕੀਤਾ ਹੁੰਦਾ ਤੇ ਇੰਗਲੈਸ਼ਮੈਨ ਦਾ ਜਰਮਨੀਆਂ ਖ਼ਿਲਾਫ਼ ਲੜਨਾ ਦੇਸ਼ ਭਗਤੀ ਹੁੰਦੀ ਤਾਂ ਮੇਰੇ ਇਸ ਕੇਸ ਵਿੱਚ ਅੰਗਰੇਜ਼ਾਂ ਖ਼ਿਲਾਫ਼ ਲੜਨਾ ਉਸ ਨਾਲੋਂ ਵੀ ਜ਼ਿਆਦਾ ਹੱਕੀ ਅਤੇ ਦੇਸ਼ ਭਗਤੀ ਵਾਲਾ ਕਾਰਜ ਹੈ। ਮੈਂ 50 ਸਾਲਾਂ ਵਿੱਚ ਆਪਣੇ ਦੇਸ਼ ਵਾਸੀਆਂ ਦੇ 80 ਲੱਖ ਕਤਲਾਂ ਲਈ ਅੰਗਰੇਜ਼ਾਂ ਨੂੰ ਜ਼ੁੰਮੇਵਾਰ ਮੰਨਦਾ ਹਾਂ। ਉਹ ਹਰ ਸਾਲ 10 ਕਰੋੜ ਪੌਂਡ ਭਾਰਤ ਤੋਂ ਇਥੇ ਲਿਆਉਣ ਲਈ ਜ਼ੁੰਮੇਵਾਰ ਹਨ। ਮੈਂ ਉਨ੍ਹਾਂ ਨੂੰ ਹਜ਼ਾਰਾਂ ਦੇਸ਼ਵਾਸੀਆਂ ਨੂੰ ਫਾਂਸੀ ਲਾਉਣ ਅਤੇ ਜਲਾਵਤਨੀ ਲਈ ਜ਼ੁੰਮੇਵਾਰ ਸਮਝਦਾ ਹਾਂ''।

23 ਜੁਲਾਈ ਨੂੰ ਓਲਡ ਬੈਲੇ ਕੋਰਟ, ਲੰਡਨ ਵਿੱਚ ਮੁਕੱਦਮੇ ਦੀ ਕਾਰਵਾਈ ਹੋਈ। 20 ਮਿੰਟ ਤੋਂ ਵੀ ਘੱਟ ਸਮੇਂ ਵਿੱਚ ਅਦਾਲਤ ਨੇ 17 ਅਗਸਤ 1909 ਨੂੰ ਫਾਂਸੀ ਲਾਉਣ ਦਾ ਫੈਸਲਾ ਦੇ ਦਿੱਤਾ ਜਦ ਕਿ ਸਮਾਂ ਤੇ ਸਥਾਨ ਦਾ ਐਲਾਨ ਕਰਨਾ ਅਦਾਲਤ ਦਾ ਕੰਮ ਨਹੀਂ ਸੀ। ਇਸ ਸਮੇਂ 5 ਗਵਾਹ ਸਰਕਾਰ ਦੇ ਹੱਕ ਵਿੱਚ ਭੁਗਤੇ ਜਿੰਨ੍ਹਾਂ ਵਿੱਚ ਇਕ ਭਾਰਤੀ ਮਦਨ ਮੋਹਨ ਸਿਨਹਾ ਵੀ ਸ਼ਾਮਲ ਸੀ ਜਿਸ ਨੇ ਉਸ ਨੂੰ ਉਥੇ ਫੜਿਆ ਸੀ। ਢੀਂਗਰੇ ਨੇ ਕੇਸ ਦੀ ਪੈਰਵੀ ਲਈ ਕੋਈ ਵਕੀਲ ਨਾ ਕੀਤਾ। ਜਦ ਜੱਜ ਨੇ ਸਜ਼ਾ ਸੁਣਾਈ ਤਾਂ ਉਸ ਨੇ ਗਰਜਵੀਂ ਆਵਾਜ਼ ਵਿੱਚ ਕਿਹਾ, ''ਮੈਨੂੰ ਮਾਣ ਹੈ ਕਿ ਮੈਂ ਆਪਣੇ ਦੇਸ਼ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਹੈ। ਪਰ ਯਾਦ ਰੱਖੋ ਆਉਂਦੇ ਦਿਨਾਂ ਵਿੱਚ ਸਮਾਂ ਸਾਡਾ ਹੋਵੇਗਾ''। ਆਇਰਿਸ਼ ਪ੍ਰੈਸ ਨੇ ਮਦਨ ਲਾਲ ਢੀਂਗਰਾ ਨੂੰ ਨਾਇਕ ਦੇ ਤੌਰ ਤੇ ਉਭਾਰਿਆ। ਇਸੇ ਤਰ੍ਹਾਂ ਕਾਹਿਰਾ ਤੋਂ ਪ੍ਰਕਾਸ਼ਿਤ ਇਕ ਮਿਸਰ ਦੇ ਅਖਬਾਰ ਨੇ ਕੀਤਾ।ਜਦ ਢੀਂਗਰਾ ਨੇ ਵਾਇਲੀ ਦਾ ਕਤਲ ਕੀਤਾ ਤਾਂ ਉਸ ਦਾ ਭਰਾ ਭਜਨ ਲਾਲ ਲੰਡਨ ਵਿੱਚ ਲਾਅ ਦੀ ਪੜਾਈ ਕਰ ਰਿਹਾ ਸੀ। ਉਹ ਉਸ ਮੀਟਿੰਗ ਵਿੱਚ ਸ਼ਾਮਲ ਹੋਇਆ ਜੋ ਕਿ ਇਸ ਦੀ ਨਿਖੇਧੀ ਲਈ ਚਾਰ ਦਿਨਾਂ ਪਿੱਛੋਂ ਰੱਖੀ ਗਈ ਸੀ। ਇਸ ਮੀਟਿੰਗ ਵਿੱਚ ਸ਼ਾਮਲ ਹੋਣ ਕਰਕੇ ਮਦਨ ਲਾਲ ਨੇ ਉਸ ਨੂੰ ਜੇਲ ਵਿੱਚ ਮਿਲਣ ਤੋਂ ਨਾਂਹ ਕਰ ਦਿੱਤੀ ਜਦ ਉਹ ਉਸ ਨਾਲ ਮੁਲਾਕਾਤ ਕਰਨ ਆਇਆ ਸੀ।ਵਾਇਲੀ ਦੇ ਕਤਲ ਪਿਛੋਂ ਉਸ ਦੇ ਪਿਤਾ ਨੇ ਇੰਗ.ਲੈਂਡ ਦੀਆਂ ਅਖ਼ਬਾਰਾਂ ਨੂੰ ਭੇਜੀ ਇਕ ਟੈਲੀਗ੍ਰਾਮ ਵਿੱਚ ਕਿਹਾ ਕਿ ਮੈਂ ਉਸ ਨੂੰ ਬੇਦਖਲ ਕਰਦਾ ਹਾਂ ਕਿਉਂਕਿ ਉਸ ਨੇ ਮੇਰੇ ਨਾਂ ਨੂੰ ਧੱਬਾ ਲਾਇਆ ਹੈ। ਉਸ ਦੇ ਭਰਾਵਾਂ ਵਿਚੋਂ ਡਾ. ਬਿਹਾਰੀ ਲਾਲ ਨੂੰ ਛੱਡ ਕੇ ਬਾਕੀਆਂ ਨੇ ਆਪਣੇ ਨਾਂ ਦੇ ਪਿੱਛੇ ਸ਼ਬਦ ਢੀਂਗਰਾ ਲਾਹ ਲਿਆ। ਉਸ ਦੀ ਖ਼ੁਹਾਇਸ਼ ਮੁਤਾਬਕ ਉਸ ਦਾ ਅੰਤਿਮ ਸਸਕਾਰ ਹਿੰਦੂ ਰਸਮਾਂ ਨਾਲ ਨਾ ਕੀਤਾ ਗਿਆ। ਵਿਨਾਇਕ ਦਮੋਦਰ ਸਾਵਰਕਰ ਨੂੰ ਵੀ ਉਸ ਦੀ ਦੇਹ ਨਾ ਸੌਂਪੀ ਗਈ ਕਿਉਂਕਿ ਉਹ ਉਸਦਾ ਵਾਰਸ ਨਹੀਂ ਸੀ।ਉਸ ਨੂੰ ਲਾਵਾਰਸ ਕੈਦੀ ਘੋਸ਼ਿਤ ਕਰਕੇ ਜੇਲ ਵਿੱਚ ਹੀ ਇਕ ਆਮ ਵਿਅਕਤੀ ਦੀ ਤਰ੍ਹਾਂ ਦਫ਼ਨਾ ਦਿੱਤਾ ਗਿਆ ਤੇ ਇਕ ਇੱਟ ਲਾ ਦਿੱਤੀ ਗਈ ਜਿਸ 'ਤੇ ਲਿਖਿਆ ਸੀ ਐਮ ਐਲ ਡੀ ।ਇਸ ਦਾ ਪਤਾ ਵੀ ਉਸ ਸਮੇਂ ਲੱਗਾ ਜਦ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਲਿਆਉਣੀਆਂ ਸਨ ਤਾਂ ਉਸ ਦੀ ਕਬਰ ਲਭਦਿਆਂ ਲਭਦਿਆਂ ਇਹ ਇੱਟ ਨਜ਼ਰ ਪਈ ਤਾਂ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਇਹ ਮਦਨ ਲਾਲ ਢੀਂਗਰਾ ਦੀ ਕਬਰ ਹੈ।

ਬਰਤਾਨੀਆ ਅਤੇ ਭਾਰਤ ਦੀ ਜ਼ਿਆਦਾਤਰ ਪ੍ਰੈਸ ਨੇ ਢੀਂਗਰਾ ਦੀ ਕਾਰਵਾਈ ਦੀ ਨਿੰਦਿਆ ਕੀਤੀ। ਮਹਾਤਮਾ ਗਾਂਧੀ ਨੇ ਵੀ ਵਾਇਲੀ ਦੇ ਕਤਲ ਦੀ ਨਿਖੇਧੀ ਕੀਤੀ। ਇੰਗਲੈਂਡ ਦੇ ਇੰਡੀਅਨ ਸੋਸੀਆਲੋਜੀ ਪਰਚੇ ਨੇ ਢੀਂਗਰਾ ਦੀ ਹਮਦਰਦੀ ਵਿੱਚ ਲੇਖ ਲਿਖਿਆ। ਇਸ ਲੇਖ ਲਿਖਣ ਬਦਲੇ ਇਸ ਦੇ ਪ੍ਰਿੰਟਰ ਗਾਈ ਅਲਡਰੈਡ ਨੂੰ 12 ਮਹੀਨੇ ਦੀ ਕੈਦ ਹੋਈ।ਉਹ ਫ਼ਾਂਸੀ ਚੜਨ ਤੋਂ ਪਹਿਲਾਂ ਇਕ ਬਿਆਨ ਅਖ਼ਬਾਰਾਂ ਨੂੰ ਦੇਣਾ ਚਾਹੁੰਦਾ ਸੀ ਪਰ ਉਸ ਦੀ ਇਹ ਇੱਛਾ ਪੂਰੀ ਨਾ ਕੀਤੀ ਗਈ।ਪਰ ਉਹ ਇਕ ਵਿਦੇਸ਼ੀ ਮਹਿਲਾ ਪੱਤਰਕਾਰ ਦੀ ਸਹਇਤਾ ਨਾਲ ਦੇਸ਼ ਵਾਸੀਆਂ ਦੇ ਨਾਂ ਸੰਦੇਸ਼ ਦੇਣ ਵਿਚ ਕਾਮਯਾਬ ਹੋ ਗਿਆ ।ਉਸ ਦਾ ਇਹ ਬਿਆਨ ਫ਼ਰਾਂਸੀਸੀ ਅਖ਼ਬਾਰਾਂ ਵਿਚ ਫ਼ਾਂਸੀ ਵਾਲੇ ਦਿਨ ਪ੍ਰਕਾਸ਼ਿਤ ਹੋਇਆ ।ਢੀਂਗਰਾ ਦੀ ਇਸ ਦਲੇਰਾਨਾ ਕਾਰਵਾਈ ਅਤੇ ਸ਼ਹਾਦਤ ਨੇ ਭਾਰਤੀ ਨੌਜੁਆਨਾਂ ਨੂੰ ਹਥਿਆਰਬੰਦ ਸੰਘਰਸ਼ ਲਈ ਇਕ ਚਿੰਗਿਆੜੀ ਦਾ ਕੰਮ ਕੀਤਾ, ਕਿਉਂਕਿ ਉਹ ਉਨ੍ਹਾਂ ਲਈ ਪਹਿਲਾ ਰੋਲ ਮਾਡਲ ਬਣਿਆ। ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਚੰਦਰ ਸ਼ੇਖਰ ਆਦਿ ਨੌਜੁਆਨਾਂ ਦਾ ਉਹ ਪ੍ਰੇਰਨਾ ਸ੍ਰੋਤ ਸੀ।ਡਾ.ਸੈਫ਼ੁਲ ਦੀਨ ਕਿਚਲੂ ਵੀ ਉਸ ਸਮਾਗਮ ਵਿਚ ਸ਼ਾਮਲ ਸੀ,ਜਿਸ ਵਿਚ ਢੀਂਗਰਾ ਨੇ ਵਾਇਲੀ ਦਾ ਕਤਲ ਕੀਤਾ ਸੀ ਤੇ ਸ਼ਾਇਦ ਇਹੋ ਹੀ ਕਾਰਨ ਸੀ ਕਿ ਉਸ ਨੇ ਅੰਮ੍ਰਿਤਸਰ ਆ ਕੇ ਆਜ਼ਾਦੀ ਦੀ ਲਹਿਰ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ ਤੇ ਉਸ ਨੇ ਸਾਰੀ ਉਮਰ ਹਿੰਦੂ ਮੁਸਲਮ ਏਕਤਾ ਤੇ ਦੇਸ਼ ਦੀ ਆਜ਼ਾਦੀ ਵਿਚ ਲਾ ਦਿੱਤੀ ਸੀ। ਅਮਰੀਕਾ ਵਿੱਚ ਗਦਰ ਪਾਰਟੀ ਦੇ ਬਾਨੀ ਲਾਲਾ ਹਰਦਿਆਲ ਨੇ ਉਸ ਦੀ ਸ਼ਹਾਦਤ ਬਾਰੇ ਲਿਖਿਆ ਸੀ, ''ਢੀਂਗਰਾ ਨੇ ਮੈਨੂੰ ਮੱਧਕਾਲ ਦੇ ਰਾਜਪੂਤਾਂ ਅਤੇ ਸਿੱਖਾਂ ਦੀ ਯਾਦ ਮੁੜ ਤਾਜ਼ਾ ਕਰਵਾ ਦਿੱਤੀ ਹੈ ਜੋ ਮੌਤ ਦੀ ਲਾੜੀ ਨੂੰ ਵਿਆਹੁਣ ਲਈ ਬੜੇ ਚਾਵਾਂ ਨਾਲ ਘੋੜੀ 'ਤੇ ਬੈਠ ਕਿ ਜੰਗ ਨੂੰ ਜਾਂਦੇ ਸਨ। ਇੰਗਲੈਂਡ ਸੋਚਦਾ ਹੈ ਕਿ ਉਨ੍ਹਾਂ ਨੇ ਢੀਂਗਰਾ ਨੂੰ ਮਾਰ ਦਿੱਤਾ ਹੈ ਪਰ ਉਹ ਹਮੇਸ਼ਾਂ ਲਈ ਅਮਰ ਹੈ। ਅਸਲ ਵਿੱਚ ਉਸ ਨੇ ਭਾਰਤ ਵਿੱਚ ਅੰਗਰੇਜ਼ੀ ਗ਼ੁਲਾਮੀ ਨੂੰ ਮੌਤ ਦਾ ਝਟਕਾ ਦਿੱਤਾ ਹੈ।''

ਢੀਂਗਰਾ ਵਲੋਂ ਵਿਖਾਈ ਗਈ ਦਲੇਰੀ ਦੀ ਜਿੱਥੇ ਭਾਰਤੀ ਬੁਧੀਜੀਵੀਆਂ ਨੇ ਸ਼ਲਾਘਾ ਕੀਤੀ ਉੱਥੇ ਕਈ ਅੰਗਰੇਜ਼ੀ ਬੁਧੀਜੀਵੀਆਂ ਨੇ ਵੀ ਤਾਰੀਫ਼ ਕੀਤੀ। ਸ੍ਰੀ ਵਰਿੰਦਰ ਨਾਥ ਚਟੋਪਧਿਆਇ ਨੇ ਉਸ ਦੀ ਯਾਦ ਵਿੱਚ ਮਾਸਕ ਪੱਤਰ, ਮਦਨ ਤਲਵਾਰ ਕੱਢਿਆ। ਉਸ ਦੀਆਂ ਅਸਥੀਆਂ 13 ਦਸੰਬਰ 1976 ਨੂੰ ਭਾਰਤ ਲਿਆਂਦੀਆਂ ਗਈਆਂ ਜਿਥੇ ਉਸ ਦਾ ਸਰਕਾਰੀ ਸਨਮਾਨਾਂ ਨਾਲ ਦਾਹ ਸਸਕਾਰ ਕੀਤਾ ਗਿਆ। ਅੰਮ੍ਰਿਤਸਰ ਵਿਖੇ ਯੂਥ ਹੋਸਟਲ ਦੇ ਪਾਸ ਜੀ.ਟੀ. ਰੋਡ ਉਤੇ ਉਸ ਦੀ ਯਾਦ ਵਿੱਚ ਬੁੱਤ ਲਾਇਆ ਗਿਆ ਹੈ। ਇਸੇ ਦੌਰਾਨ ਸਸਕਾਰ ਵਾਲੇ ਸਥਾਨ 'ਤੇ ਤਤਕਾਲੀ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਵੱਲੋਂ ਸ਼ਹੀਦ ਢੀਂਗਰਾ ਦੀ ਸਮਾਧ ਤੇ ਸਮਾਰਕ ਦਾ ਨੀਂਹ ਪਥੱਰ ਰੱਖਿਆ ਗਿਆ ।ਅਫ਼ਸੋਸ ਦੀ ਗੱਲ ਹੈ ਕਿ ਉਸ ਦੇ ਜੱਦੀ ਘਰ ਨੂੰ ਅਸੀਂ ਸੰਭਾਲ ਨਹੀਂ ਸਕੇ। ਹਾਈਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਵੀ ਇਹ ਘਰ ਖੰਡਰ ਬਣਿਆ ਪਿਆ ਹੈ।ਲੋੜ ਹੈ ਕਿ ਇਸ ਥਾਂ 'ਤੇ ਯਾਦਗਾਰ ਬਣਾਈ ਜਾਵੇ ਤੇ ਲੰਡਨ ਤੋਂ ਉਸ ਦਾ ਪਿਸਤੌਲ ਤੇ ਹੋਰ ਨਿਸ਼ਾਨੀਆਂ ਲਿਆ ਕੇ ਏਥੇ ਰਖੀਆਂ ਜਾਣ।

ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਅਤੇ ਗਦਰੀ ਬਾਬਿਆਂ ਜਿਨ੍ਹਾਂ ਵਿਚ ਬਾਬਾ ਸੋਹਨ ਸਿੰਘ ਭਕਨਾ,ਬਾਬਾ ਵਿਸਾਖਾ ਸਿੰਘ ਦਦੇਹਰ ਆਦਿ ਸ਼ਾਮਲ ਹਨ ਤੇ ਹੋਰ ਇਨਕਲਾਬੀਆਂ ਜਿਨ੍ਹਾਂ ਨੇ ਆਜ਼ਾਦੀ ਲਈ ਸ਼ਹਾਦਤਾਂ ਦਿੱਤੀਆਂ ਜਾਂ ਜੇਲਾਂ ਕੱਟੀਆਂ ਉਹ ਆਜ਼ਾਦੀ ਅਜੇ ਵੀ ਭਾਰਤੀਆਂ ਨੂੰ ਨਸੀਬ ਨਹੀਂ ਹੋਈ। ਭਾਰਤੀਆਂ ਨੂੰ ਕੇਵਲ ਰਾਜਸੀ ਆਜ਼ਾਦੀ ਮਿਲੀ ਹੈ।

ਉਨ੍ਹਾਂ ਨੇ ਆਰਥਕ ਆਜ਼ਾਦੀ ਅਤੇ ਪ੍ਰਾਪਤ ਕਰਨੀ ਹੈ। ਮਿਹਨਤਕਸ਼ ਭਾਰਤੀਆਂ ਦੀ ਲੁੱਟ ਘਸੁੱਟ ਅਜੇ ਵੀ ਜਾਰੀ ਹੈ।ਦੇਸ਼ ਅਨਪੜਤਾ,ਭੁੱਖ ਮਰੀ ,ਬੇ ਰੁਜ਼ਗਾਰੀ ਅਤੇ ਗ਼ਰੀਬੀ ਦਾ ਸ਼ਿਕਾਰ ਹੈ। ਉਹੋ ਜ਼ਾਲਮ ਡੰਡਾ ਪੁਲੀਸ ਹੈ। ਭਾਰਤ ਦਾ ਸਰਮਾਇਆ ਕੁਝ ਘਰਾਣਿਆਂ ਦੇ ਹਥਾਂ ਵਿੱਚ ਇਕੱਠਾ ਹੋ ਰਿਹਾ ਹੈ। ਭਾਰਤ ਵਿੱਚ ਅਜੇ ਵੀ ਕੁਝ ਪ੍ਰਵਾਰਾਂ ਦਾ ਰਾਜ ਹੈ ਜਿੰਨ੍ਹਾਂ ਵਿਚੋਂ ਕੁਝ ਪ੍ਰਵਾਰ ਉਹ ਵੀ ਸ਼ਾਮਲ ਹਨ ਜੋ ਕਿ ਗ਼ੁਲਾਮ ਭਾਰਤ ਵਿੱਚ ਰਾਜੇ ਮਹਾਰਾਜੇ ਅਖਵਾਉਂਦੇ ਸਨ ਤੇ ਅੰਗਰੇਜ਼ਾਂ ਦੇ ਪਿੱਠੂ ਸਨ। ਇਸ ਲਈ ਸ੍ਰੀ ਮਦਨ ਲਾਲ ਢੀਂਗਰਾ ਅਤੇ ਹੋਰਨਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੀ ਹੋਵੇਗੀ ਕਿ ਭਾਰਤ ਦੀ ਸਿਆਸਤ ਦੀ ਵਾਗ ਡੋਰ ਮਿਹਨਤਕਸ਼ ਲੋਕਾਂ ਦੇ ਹੱਥ ਆਵੇ ਅਤੇ ਆਜ਼ਾਦੀ ਦਾ ਨਿੱਘ ਹਰੇਕ ਭਾਰਤੀ ਨੂੰ ਮਿਲੇ ਜਿਸਦਾ ਸੁਪਨਾ ਕਿ ਉਹ ਇਨ੍ਹਾਂ ਦੇਸ਼ ਭਗਤਾਂ ਨੇ ਲਿਆ ਸੀ।

# ਕਿਰਤ ਮੰਡੀ 'ਚ ਬੱਚਿਆਂ ਦਾ ਸ਼ੋਸ਼ਣ



ਰਾਜਿੰਦਰ ਕੌਰ ਚੋਹਕਾ
91-98725-44738
001-403-285-4208

ਕਿਰਤ ਸਬੰਧੀ ਮਾਹਿਰਾਂ ਦਾ ਮੰਨਣਾ ਹੈ, ਕਿ ਬਾਲ ਮਜ਼ਦੂਰੀ ਬੱਚਿਆਂ ਦੀ ਤਸਕਰੀ, ਗਰੀਬੀ ਤੇ ਸਿੱਖਿਆ ਵਿਹੂਣੇ ਹੋਣ ਕਰਕੇ ਹੀ ਨਹੀਂ ਹੋ ਰਹੀ ਹੈ? ਸਗੋਂ ! ਤੇ ਇਹ ਸਰਕਾਰ ਵਲੋਂ ਅਪਣਾਈਆ ਪੂੰਜੀਵਾਦੀ ਨੀਤੀਆਂ ਦਾ ਹੀ ਸਿੱਟਾ ਹੈ। ਕਿਉਂ ਕਿ ਹਾਕਮ ਜਮਾਤਾਂ ਦੀ ਅਸੀਮ ਸ਼ਕਤੀ ਅਤੇ ਵਿਉਂਤਬੰਦੀ ਰਾਂਹੀ ਆਪਣੇ ਟੀਚਿਆਂ ਤੇ ਪਹੁੰਚਣ ਲਈ ਹਰ ਹਰਬਾ ਇਸਤੇਮਾਲ ਕਰਦੀਆਂ ਹਨ, ਕਿ ਉਹ ਵੱਧ ਤੋਂ ਵੱਧ ਮੁਨਾਫਾ ਕਮਾ ਸਕਣ। ਅਜਿਹੀ ਵਿਉਂਤਬੰਦੀ ਦਾ ਪੂੰਜੀਪਤੀ ਵਰਗ ਤਾਂ ਲਾਹਾ ਲੈ ਜਾਂਦਾ ਹੈ, ਪਰ ! ਦੂਜੇ ਪਾਸੇ ਜਿਥੇ ਇਹ ਆਰਥਿਕ ਅਸਮਾਨਤਾਵਾਂ ਪੈਦਾ ਕਰਦੀ ਹੈ ਅਤੇ ਗਰੀਬੀ ਅਮੀਰੀ ਵਿਚਕਾਰ ਵੀ ਵੱਡਾ ਪਾੜਾ ਵੀ ਖੜਾ ਕਰ ਦਿੰਦੀ ਹੈ ! ਸਮਾਜ ਦੇ ਗਰੀਬ ਤੇ ਹਾਸ਼ੀਏ ਤੇ ਚੱਲੇ ਗਏ ਪ੍ਰੀਵਾਰਾਂ ਤੇ ਉਨ੍ਹਾਂ ਦੇਬੱਚਿਆਂ ਦੀਆਂ ਮੁਸ਼ਕਲਾਵਾਂ &;ਤੇ ਸਮੱਸਿਆਵਾਂ 'ਚ ਵਾਧਾ 'ਤੇ ਸ਼ੋਸ਼ਣ ਹੁੰਦਾ ਹੈ। ਬੱਚੇ ਯਤੀਮ ਹੋ ਜਾਣ ਤੋਂ ਬਾਦ ਬਾਲ ਤਸਕਰੀ ਵਿੱਚ ਹੋ ਰਹੇ ਵਾਧੇ ਨੂੰ ਸਮੇਂ ਸਿਰ ਰੋਕਣ ਵਿੱਚ ਸਰਕਾਰ ਅਸਫ਼ਲ ਰਹਿੰਦੀ ਹੈ। ਬਾਲ ਮਜ਼ਦੂਰੀ, ਬਾਲ ਤਸਕਰੀ ਕਾਰਨ ਇਹੋ ਜਿਹੇ ਮੁਜਰਮਾਂ ਉਪਰ ਸਖਤੀ ਨਾਲ ਕੋਈ ਕਾਰਵਾਈ ਨਾ ਹੋਣ ਕਰਕੇ ਵੀ ਇਹ ਧੰਦਾ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ। ਗਰੀਬੀ, ਅਨਪੜ੍ਹਤਾ, ਬੇ-ਰੁਜ਼ਗਾਰੀ, ਭੁੱਖ ਦੀ ਸਮੱਸਿਆ, ਬਾਲ ਮਜ਼ਦੂਰੀ ਅਤੇ ਬਾਲ ਤਸਕਰੀ ਨੂੰ ਰੋਕਣ ਸਬੰਧੀ ਬਣਾਏ ਗਏ ਕਾਨੂੰਨਾਂ ਦੀ ਪਾਲਣਾ ਵੀ ਸੱਖਤੀ ਨਾਲ ਨਹੀਂ ਹੋ ਰਹੀ ਹੈ। ਜਿਸ ਨਾਲ ਇਹੋ ਜਿਹੀਆਂ ਅਪਰਾਧਿਕ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਰੁਜ਼ਗਾਰ ਨਾਂ ਮਿਲਣ ਕਰਕੇ, ਭੁੱਖ ਮਿਟਾਉਣ ਲਈ ਭੀਖ ਮੰਗਣੀ, ਚੋਰੀ ਕਰਨ ਦਾ ਧੰਦਾ, ਮਨੁੱਖੀ ਤਸਕਰੀ, ਮਾਨਵ ਅੰਗਾਂ ਦਾ ਵਿਉਪਾਰ ਤੇ ਉਨ੍ਹਾਂ ਦੀ ਗੈਰ ਕਾਨੂੰਨੀ ਖਰੀਦੋ-ਫ਼ਰੋਖਤ ਵਿਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

''ਸੰਯੁਕਤ ਰਾਸ਼ਟਰ ਦੀ ਕੌਮੀ ਕਿਰਤ ਸੰਗਠਨ'' (ਆਈ.ਐਲ.ਓ) ਦੀ ਇਕ ਰੀਪੋਰਟ, ''ਵਿਸ਼ਵ ਰੁਜ਼ਗਾਰ ਅਤੇ ਸਮਾਜਿਕ ਰੁਝਾਨ 2021'' ਜਾਰੀ ਕੀਤੀ ਗਈ ਹੈ। ਜਿਸ ਵਿੱਚ ਕਿਹਾ ਗਿਆ ਹੈ, 'ਕਿ ਕੋਵਿਡ-19 ਮਹਾਂਮਾਰੀ ਦੇ ਦੌਰਾਨ ਕਰੋੜਾਂ ਲੋਕਾਂ ਨੂੰ ਨੌਕਰੀਆਂ ਤੋਂ ਹੱਥ ਧੋਣੇ ਪਏ ਹਨ ਅਤੇ ਇਸ ਸੰਕਟ ਨਾਲ -2019 ਦੇ ਮੁਕਾਬਲੇ 10.8 ਕਰੋੜ ਕਿਰਤੀ ਹੋਰ ਗਰੀਬ ਹੋ ਗਏ ਹਨ, ਜਾਂ ਉਹ ਬੇ-ਹੱਦ ਗਰੀਬ ਹੋ ਗਏ ਹਨ। -2022 ਤੱਕ ਪੂਰੀ ਦੁਨੀਆਂ ਵਿੱਚ ਬੇ-ਰੁਜ਼ਗਾਰਾਂ ਦੀ ਗਿਣਤੀ ਇਸ ਸਮੇਂ ਵੱਧ ਕੇ 20 ਕਰੋੜ 50 ਲੱਖ ਹੋ ਜਾਵੇਗੀ ਜਿਸ ਨਾਲ ਗਰੀਬੀ ਵਿੱਚ ਬੇ-ਪਨਾਹ ਵਾਧਾ ਹੋ ਜਾਵੇਗਾ। ਇਸ ਰੀ-ਪੋਰਟ 'ਚ ਕਿਹਾ ਗਿਆ ਹੈ ''ਕਿ ਜੇਕਰ 19-ਕੋਵਿਡ ਮਹਾਂਮਾਰੀ ਨਾਂ ਆਉਂਦੀ ਤਾਂ ! ਸ਼ਾਇਦ ਤਿੰਨ ਕਰੋੜ ਨੌਕਰੀਆਂ 'ਚ ਵਾਧਾ ਹੋ ਸਕਦਾ ਸੀ। ਪ੍ਰਤੂੰ ! ਇਸ ਮਹਾਂਮਾਰੀ ਕਾਰਨ ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਕਰੋੜਾਂ ਇਸਤਰੀਆਂ, ਨੌਜਵਾਨਾਂ ਅਤੇ ਬੱਚਿਆਂ ਉਪੱਰ ਇਸ ਦਾ ਮਾਰੂ ਅਸਰ ਪਿਆ ਹੈ। ਸਮਾਜ ਅੰਦਰ ਵਿਤਕਰੇ ਦੀ ਭਾਵਨਾ ਵੀ ਉਭਰ ਕੇ ਸਾਹਮਣੇ ਆਈ ਹੈ। ਅਮੀਰ ਵਰਗ ਨੇ ਤਾਂ ਪੈਸੇ ਦਾ ਪ੍ਰਬੰਧ ਕਿਸੇ ਨਾ ਕਿਸੇ ਢੰਗ ਨਾਲ ਕਰ ਹੀ ਲਿਆ, ਪਰ ! ਕਿਰਤੀ ਵਰਗ 'ਤੇ ਖਾਸ ਕਰਕੇ ਕਾਮਾਂ ਇਸਤਰੀ ਵਰਗ ਲਈ ਇਹ ਬੇ-ਹੱਦ ਮੁਸ਼ਕਿਲਾਂ ਵਾਲਾ ਸਾਬਤ ਹੋਇਆ ਹੈ। ਲੱਗ-ਪੱਗ 50-ਫੀ-ਸੱਦ ਇਸਤਰੀਆਂ ਨੂੰ ਆਪਣੀ ਨੌਕਰੀ ਅਤੇ ਕਾਰੋਬਾਰ ਤੋਂ ਹੱਥ ਧੋਣੇ ਪਏ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਦੋ-ਅਰਬ ਤੋਂ ਵੱਧ ਕਿਰਤੀ ਇਸ ਮਹਾਂਮਾਰੀ ਨਾਲ ਪ੍ਰਭਾਵਿਤ ਹੋਏ ਹਨ।''

''ਵਿਸ਼ਵ ਬੈਂਕ'' ਨੇ ਵੀ ਆਪਣੀ ਰੀਪੋਰਟ ਵਿੱਚ ਉਪਰੋਕਤ ਤੱਥਾਂ ਨੂੰ ਹੀ ਉਭਾਰਿਆ ਹੈ। ਵਿਸ਼ਵ ਮੰਦੀ ਦੇ ਕਾਰਨ ਗਰੀਬੀ-ਅਮੀਰੀ ਦੇ ਪਾੜੇ ਦਾ ਸਿੱਧਾ ਅਸਰ ਦੁਨੀਆਂ ਭਰ ਵਿੱਚ ਸਭ ਤੋਂ ਜ਼ਿਆਦਾ ਮਾਸੂਮ ਬੱਚਿਆਂ ਉੱਪਰ ਪੈਂਦਾ ਹੈ। ਇਹੋ ਜਿਹੇ ਹਾਲਾਤਾਂ 'ਚ ਬਾਲ ਤਸਕਰੀ ਵਿੱਚ ਵੀ ਤੇਜ਼ੀ ਨਾਲ ਵਾਧਾ ਹੁੰਦਾ ਹੈ। ਪਿਛਲੇ ਸਾਲ-2020 ਦੀ ਤਾਲਾ-ਬੰਦੀ ਦੌਰਾਨ ਤੇ ਇਸ ਸਾਲ ਵੀ ਦੂਜੀ ਕੋਵਿਡ-19 ਲਹਿਰ ਆਉਣ ਨਾਲ ਇਹੋ ਜਿਹੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਹੋ ਰਹੇ ਵਾਧੇ ਨੂੰ ਨੋਟ ਕੀਤਾ ਗਿਆ ਹੈ। ਕੋਵਿਡ-19 ਦੀ ਦੂਸਰੀ ਲਹਿਰ ਦੌਰਾਨ ਮਾਤਾ-ਪਿਤਾ ਦੀ ਮੌਤ ਹੋ ਜਾਣ ਨਾਲ ਯਤੀਮ ਹੋਏ ਹਜ਼ਾਰਾਂ ਬੱਚਿਆਂ ਦੇ ਸਿਰ ਤੇ ਬਾਲ ਤਸਕਰੀ ਦਾ ਖਤਰਾ ਮੰਡਰਾ ਰਿਹਾ ਹੈ। ਯਤੀਮ ਬੱਚਿਆਂ ਨੂੰ ਗੋਦ ਲੈਣ ਦੀ ਆੜ ਵਿੱਚ ਬਾਲ ਤਸਕਰੀ ਦੀਆਂ ਸੰਭਾਵਨਾਵਾਂ ਵੀ ਵਧਦੀਆਂ ਦਿਸ ਰਹੀਆਂ ਹਨ।

ਅਲੱਗ-ਅਲੱਗ ਸ਼ੋਸ਼ਲ ਮੀਡੀਆ ਅਤੇ ਅਖਬਾਰਾਂ ਵਿੱਚ ਇਸ ਕੋਵਿਡ-19 ਮਹਾਂਮਾਰੀ ਦੌਰਾਨ ਮਾਂ-ਬਾਪ ਦੀ ਮੌਤ ਤੋਂ ਬਾਦ ਯਤੀਮ ਬੱਚਿਆਂ ਨੂੰ ਗੋਦ ਲੈਣ ਦੀਆਂ ਲੋਕ ਗੁਹਾਰਾਂ ਪਾ ਰਹੇ ਹਨ। ਜਦ ਕਿ ਛੋਟੇ ਬੱਚਿਆਂ ਲਈ ਬਣੇ ਕਾਨੂੰਨ -2015 ਦੀ ਧਾਰਾ 80 ਅਤੇ 81 ਦੇ ਤਹਿਤ ਇਸ ਤਰ੍ਹਾਂ ਦੀਆਂ ਪੋਸਟਾਂ ਸ਼ੋਸ਼ਲ ਮੀਡੀਆ ਅਤੇ ਅਖਵਾਰਾਂ ਤੇ ਪਾਉਣੀਆਂ ਬੇ-ਨਿਯਮੀਆ ਹਨ। ''ਇਹ ਨਿਯਮ ਬੱਚਿਆਂ ਨੂੰ ਗੋਦ ਲੈਣ ਜਾਂ ਦੇਣ ਤੇ ਰੋਕ ਲਾਉਂਦਾ ਹੈ।'' ਪੁਲੀਸ ਅਧਿਕਾਰੀਆਂ ਤੇ ਹੋਰ ਸਮਾਜ ਸੇਵੀ ਜੱਥੇਬੰਦੀਆਂ ਦਾ ਮੰਨਣਾ ਹੈ ਕਿ ਇਹੋ ਜਿਹੇ ਲੋਕਾਂ ਵਲੋਂ ਯਤੀਮ ਬੱਚਿਆਂ ਨੂੰ ਗੋਦ ਲੈਣਾ ਬਾਲ ਤਸਕਰੀ ਵੱਲ ਵੱਧਣ ਦਾ ਇਸ਼ਾਰਾ ਹੈ।

ਬਾਲ ਮਜ਼ਦੂਰੀ ਜਾਂ ਤਸਕਰੀ ਦੀਆਂ ਸਮੱਸਿਆਵਾਂ ਦੁਨੀਆ ਭਰ ਵਿੱਚ ਗੰਭੀਰ ਰੂਪ ਧਾਰਨ ਕਰ ਗਈਆਂ ਹਨ। ਇਹ ਸਮੱਸਿਆਵਾਂ ਪੂਰੀ ਦੁਨੀਆਂ ਲਈ ਇਕ ਚਿੰਤਾ ਦਾ ਵਿਸ਼ਾ ਹੈ। ਬੱਚੇ ਹਰ ਦੇਸ਼ ਦਾ ਸਰਮਾਇਆ ਹੁੰਦੇ ਹਨ, ਦੇਸ਼ ਦਾ ਭਵਿੱਖ ਹੁੰਦਾ ਹੈ ! ਜੇਕਰ ਉਨ੍ਹਾਂ ਦੀ ਸਥਿੱਤੀ ਇਹੋ ਜਿਹੀ, ਹੋਵੇਗੀ ਤਾਂ ! ਦੇਸ਼ ਦੀ ਵਾਗ-ਡੋਰ ਵੀ ਇਹੋ ਜਿਹੇ ਮੁਜ਼ਰਿਮ ਲੋਕਾਂ ਦੇ ਹੱਥਾਂ ਵਿੱਚ ਆ ਜਾਵੇਗੀ। ''ਆਈ.ਐਲ.ਓ.'' ਦੀ ਇਕ ਰੀਪੋਰੋਟ ਮੁਤਾਬਿਕ ਦੁਨੀਆਂ ਵਿੱਚ 16-ਕਰੋੜ ਤੋਂ ਵੱਧ ਬੱਚੇ ਬਾਲ ਮਜ਼ਦੂਰੀ ਦੀ ਗ੍ਰਿਫ਼ਤ ਵਿੱਚ ਹਨ। ਜਿਨ੍ਹਾਂ ਵਿਚੋਂ 7 ਕਰੋੜ ਤੋਂ ਵੀ ਜ਼ਿਆਦਾ ਬਹੁਤ ਭੈੜੀਆਂ ਹਾਲਾਤਾਂ ਵਿੱਚ ਰਹਿ ਰਹੇ ਹਨ ਜੋ ਖਤਰਨਾਕ ਕੰਮਾਂ ਤੇ ਲੱਗੇ ਹੋਏ ਹਨ। ਇਨ੍ਹਾਂ ਵਿਚੋਂ ਲੱਖਾਂ ਬੱਚੇ ਇਹੋ ਜਿਹੇ ਹਨ ਜੋ, ਬਾਲ ਤਸਕਰੀ ਦਾ ਸ਼ਿਕਾਰ ਹਨ। ਭਾਰਤ ਵਿੱਚ 10.1 ਲੱਖ ਬੱਚੇ ਬਾਲ ਮਜ਼ਦੂਰੀ ਕਰਦੇ ਹਨ ਜਿਨਾਂ ਵਿੱਚ 5 ਤੋਂ 18 ਸਾਲ ਦੇ ਬੱਚੇ ਹਨ। ''ਯੂਨੀਸੈਫ'' ਦੀ ਰੀਪੋਰਟ ਮੁਤਾਬਿਕ ਵਿਸ਼ਵ ਵਿੱਚ -2022 ਤੱਕ 9 ਲੱਖ ਨਵੇਂ ਬੱਚੇ ਬਾਲ ਮਜ਼ਦੂਰੀ ਕਰਨ ਲਈ ਮਜਬੂਰ ਹੋਣਗੇ। ਸਰਕਾਰੀ ਅੰਕੜਿਆਂ ਮੁਤਾਬਿਕ ਚਾਰ ਸਾਲਾਂ ਵਿੱਚ 2017-18 'ਚ 47,635, 2018-19 'ਚ 50,284, 2019-20 'ਚ 54,894 ਅਤੇ 2020-21 'ਚ 58,289 ਭਾਵ ਚਾਰ ਸਾਲਾਂ ਵਿੱਚ ਸਰਕਾਰ 10.1 ਬੱਚਿਆਂ ਵਿਚੋਂ 2,01102 ਨੂੰ ਹੀ ਬਾਲ ਮਜ਼ਦੂਰੀ ਤੋਂ ਬਚਾ ਸਕਦੀ ਹੈ ? (5 ਅਗਸਤ 2021 ਦੀ ਰੀ-



ਪੋਰਟ) ਕਰੋਨਾ ਮਹਾਂਮਾਰੀ ਕਾਰਨ ਤੇ ਵਿਸ਼ਵ ਭਰ 'ਚ ਆਈ ਮੰਦੀ ਦੌਰਾਨ ਇਹ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਭਾਵੇਂ ! -1997 'ਚ ਏਸ਼ੀਆ 'ਚ ਆਇਆ ਆਰਥਿਕ ਸੰਕਟ ਹੋਵੇ ਜਾਂ -2008 ਵਿੱਚ ਵਿਸ਼ਵਮੰਦੀ ਦਾ ਦੌਰ ਹੋਵੇ, ਤਾਂ! ਇਹ ਜਿਹੇ ਸਮਿਆਂ ਵਿੱਚ ਬਾਲ ਤਸਕਰੀ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧਾ ਹੀ ਹੋਇਆ ਸੀ। ਇਨ੍ਹਾਂ ਵਿਚੋਂ ਸਭ ਤੋਂ ਵੱਧ ਮਾਰ ਪੈਂਦੀ ਹੈ ਉਨ੍ਹਾਂ ਛੋਟੀਆਂ ਬੱਚੀਆਂ/ਲੜਕੀਆਂ ਨੂੰ, ਜਿਨਾਂ ਪਾਸੋਂ ਵੇਸਵ-ਾਗਿਰੀ ਦਾ ਕੰਮ ਵੀ ਕਰਵਾਇਆ ਜਾ ਰਿਹਾ ਹੈ ਤੇ ਯੌਨ ਸ਼ੋਸ਼ਣ ਵੀ ਹੋ ਰਿਹਾ ਹੈ। ਸਿਰਫ਼ ਤਸਕਰੀ ਹੀ ਨਹੀਂ ? ਸਗੋਂ ਤੇ ਚਾਈਲਡ ਪੋਨੋਗਰਾਫੀ ਰਾਂਹੀ ਵੀ ਬੱਚਿਆਂ ਦੀ ਲੁੱਟ-ਖਸੁੱਟ ਤੇ ਸ਼ੋਸ਼ਣ ਜਾਰੀ ਹੈ।

ਬਾਲਾਂ ਦੇ ਸ਼ੋਸ਼ਣ ਲਈ ਇਹੋ ਜਿਹਾ ਕੰਮ ਕਰਵਾਉਣ ਲਈ ਬੱਚਿਆਂ ਨੂੰ ਅਗਵਾ ਕਰਕੇ ਤੇ ਕਈ ਵਾਰੀ ਰਿਸ਼ਤੇਦਾਰਾਂ ਵਲੋਂ ਵੀ ਬਦਲਾ ਲਊ ਭਾਵਨਾ ਨਾਲ ਇਹ ਕੰਮ ਕੀਤਾ ਜਾਂਦਾ ਹੈ। ਗਰੀਬ ਤੇ ਭੁੱਖ ਮਰੀ ਪ੍ਰੀਵਾਰਾਂ ਦੇ ਬੱਚਿਆਂ ਦੀ ਖਰੀਦੋ-ਫਰੋਖਤ, ਹਸਪਤਾਲਾਂ ਵਿਚੋਂ ਨਵ-ਜਨਮੇਂ ਬੱਚਿਆਂ ਨੂੰ ਚੋਰੀ ਕਰਕੇ ਵੇਚ ਦੇਣਾ ਆਦਿ ਜਿਹੇ ਧੰਦੇ ਸਰਕਾਰਾਂ ਦੀ ਦੇਖ-ਰੇਖ ਜਾਂ ਨੱਕ ਦੇ ਥਲੇ ਨਿੱਤ ਦਿਨ ਹੋ ਰਹੇ ਹਨ। ਬੱਚਿਆਂ ਦੇ ਹੱਕਾਂ ਹਿੱਤਾਂ ਦੀ ਰਾਖੀ ਲਈ ਦਰਜਨ ਤੋਂ ਵੱਧ ਬਣੇ ਕਾਨੂੰਨ ਵੀ ਉਨ੍ਹਾਂ ਦੀ ਹਿਫ਼ਾਜ਼ਤ ਨਹੀਂ ਕਰ ਰਹੇ। ਅਗਵਾ ਕਰਕੇ ਛੋਟੇ-ਛੋਟੇ ਬੱਚਿਆਂ ਰਾਂਹੀ ਫਿਰੌਤੀ ਦਾ ਕੰਮ, ਮੰਗਣ ਦਾ ਧੰਦਾ, ਹੋਟਲਾਂ ਤੇ ਢਾਬਿਆਂ 'ਚ ਕੰਮ, ਸੜਕਾਂ ਤੇ ਰੋੜੀ ਕੁਟਣਾ, ਭਠਿਆਂ ਤੇ ਇੱਟਾਂ ਪਥਣੀਆਂ ਤੇ ਕਾਰਖਾਨਿਆਂ ਵਿੱਚ ਘੱਟ ਉਜਰਤ ਰਾਂਹੀ ਕੰਮ ਕਰਨ ਦੇ ਬਾਦ ਇਹ ਬੱਚੇ ਬਿਨ੍ਹਾਂ ਰੋਟੀ ਖਾਧਿਆਂ ਹੀ ਸੜਕਾਂ ਦੇ ਕਿਨਾਰੇ ਜਾਂ ਕਿਤੇ ਵੀ ਸੁੱਤੇ ਦੇਖੇ ਜਾ ਸਕਦੇ ਹਨ। ਲੜਕੀਆਂ ਖਾਸ ਤੌਰ ਤੇ ਇਨ੍ਹਾਂ ਕੰਮਾਂ ਤੋਂ ਇਲਾਵਾ, ਯੌਨ-ਸ਼ੋਸ਼ਣ ਦਾ ਸ਼ਿਕਾਰ ਵੀ ਹੋ ਰਹੀਆਂ ਹਨ।

ਬੱਚਿਆਂ ਦਾ ਯੌਨ ਸ਼ੋਸ਼ਣ ਤੇ ਬਾਲ ਤਸਕਰੀ ਖਾਸ ਕਰਕੇ ਬੱਚੀਆਂ ਦੇ ਖਿਲਾਫ਼ ''ਕਾਰਜਕਾਰੀ ਸੰਗਠਨ ਇੰਡੀਆਂ ਚਾਈਲਡ ਪ੍ਰੋਟੈਕਸ਼ਨ ਫੰਡ'' ਦੀ ਇਕ ਰੀਪੋਰਟ ਮੁਤਾਬਿਕ ਭਾਰਤ ਵਿੱਚ ਕੋਵਿਡ-19 ਦੀ ਮਹਾਂਮਾਰੀ ਦੌਰਾਨ ''ਔਨਲਾਈਨ ਚਾਈਲਡ ਪੋਨੋਗਰਾਫੀ'' ਦੀ ਮੰਗ ਜ਼ਿਆਦਾ ਵੱਧੀ ਹੈ ਅਤੇ ਪਿਛਲੇ ਸਾਲ ਤਾਲਾਬੰਦੀ ਦੇ ਦੌਰਾਨ ਬੱਚਿਆਂ ਨਾਲ ਹਿੰਸਕ ਕਾਰਵਾਈਆਂ ਅਤੇ ਯੌਨ-ਸ਼ੋਸ਼ਣ ਦੇ ਮਾਮਲਿਆਂ ਵਿੱਚ 100-ਫੀ-ਸੱਦ ਤੱਕ ਦਾ ਵਾਧਾ ਹੋਇਆ ਹੈ। ਜੋ ਚਿੰਤਾ ਦਾ ਵਿਸ਼ਾ ਹੈ। ਪਿਛਲੇ ਦਿਨੀ ਇਕ ਫਿਲਮੀ ਸਿਤਾਰੇ ਦੀ ਗ੍ਰਿਫਤਾਰੀ ਵੀ ਇਸੇ ਤਹਿਤ ਹੀ ਹੋਈ ਸੀ।

ਭਾਰਤ ਵਿੱਚ ਬਾਲ ਅਧਿਕਾਰਾਂ ਦੀ ਸੁਰੱਖਿਆ ਕਾਨੂੰਨ 2005 ਦੇ ਤਹਿਤ 2007 ਵਿੱਚ ਕੌਮੀ ਬਾਲ ਅਧਿਕਾਰ ਸੁਰੱਖਿਆ ਕਾਨੂੰਨ ਦੀ ਸਥਾਪਨਾ ਕੀਤੀ ਗਈ ਸੀ। ਇਸਤਰੀਆਂ, ਬੱਚੀਆਂ,ਤੇ ਲੜਕੀਆਂ ਨੂੰ ਵੇਸ਼ਵਾਵਾ ਦੇ ਧੰਦੇ ਚੋ ਅਤੇ ਬੱਚਿਆਂ ਦੀ ਤਸਕਰੀ ਨੂੰ ਰੋਕਣ ਲਈ ਭਾਰਤ ਨੇ 'ਦੱਖਣੀ ਏਸ਼ੀਆ ਖਿੱਤੇ ਸਹਿਯੋਗ ਸੰਘ' (ਸਾਰਕ) ਸਮਝੌਤਾ ਅਤੇ 'ਬਾਲ ਅਧਿਕਾਰ ਤੇ ਸੰਯੁਕਤ ਰਾਸ਼ਟਰ ਕਨਵੈਨਸ਼ਨ' ਤੇ ਦਸਤਖਤ ਕੀਤੇ ਹਨ। ਭਾਰਤ 'ਯੂਨਾਈਟਿਡ ਨੇਸ਼ਨ ਕਨਵੈਨਸ਼ਨ ਆਨ ਟਰਾਂਸਨੈਸ਼ਨਲ ਔਰਗੇਨਾਈਜ਼ਡ ਕਰਾਈਮ' ਉਪੱਰ ਵੀ ਦਸਤਖਤ ਕਰ ਚੁੱਕਿਆ ਹੈ। ਜਿਸ ਵਿੱਚ ਖਾਸ ਤੌਰ ਤੇ ਇਸਤਰੀਆਂ ਤੇ ਬੱਚਿਆਂ ਦੀ ਗੈਰ ਕਾਨੂੰਨੀ ਤਸਕਰੀ ਨੂੰ ਰੋਕਣ, ਘੱਟ ਕਰਨ ਤੇ ਦੰਡ ਦੇਣ ਦੀ ਵਿਵਸਥਾ ਹੈ। ਪ੍ਰਤੂੰ ! ਅਫ਼ਸੋਸ ਹੈ, ਭਾਰਤ ਸਰਕਾਰ ਵਲੋਂ ਉਪਰੋਕਤ ਸੰਸਥਾਵਾਂ ਨਾਲ ਸਮਝੌਤੇ ਕਰਨ ਤੇ ਬਾਲ ਅਧਿਕਾਰਾਂ ਲਈ ਬਣੇ ਕਾਨੂੰਨਾਂ ਦੇ ਬਾਵਜੂਦ 'ਤੇ ਇਹ ਸਭ ਕੁਝ ਕਰਨ ਤੋਂ ਬਾਦ ਵੀ ਦੇਸ਼ ਵਿੱਚ ਬਾਲਾਂ ਤੇ ਲੜਕੀਆਂ ਦੀ ਤਸਕਰੀ ਤੇ ਬੱਚੀਆਂ ਤੋਂ ਵੇਸਵਾਵਾਂ ਦਾ ਧੰਦਾ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਇਸ ਕਾਲੇ ਧੰਦੇ ਤੋਂ ਸਰਕਾਰ ਅਣਜਾਣ ਨਹੀਂ ਹੈ। ਸਰਕਾਰ ਵਲੋਂ ਬਣਾਏ ਕਾਨੂੰਨਾਂ ਤਹਿਤ ਮੁਜ਼ਰਮਾਂ ਨੂੰ ਕੋਈ ਸਜ਼ਾਵਾਂ ਵੀ ਨਹੀਂ ਮਿਲ ਰਹੀਆਂ ਹਨ ਅਤੇ ਇਸ ਨੂੰ ਰੋਕਣ ਦੇ ਯਤਨ ਵੀ ਨਹੀਂ ਕੀਤੇ ਜਾ ਰਹੇ ਹਨ !

''ਕੌਮੀ ਅਪਰਾਧ ਰੀਕਾਰਡ ਬਿਊਰੋ' ਦੀ 2018 ਦੀ ਰੀਪੋਰਟ ਮੁਤਾਬਿਕ ਦੇਸ਼ ਭਰ ਵਿੱਚ ਤਸਕਰੀ ਪੀੜਤਾਂ ਵਿਚੋਂ 51-ਫੀ-ਸੱਦ ਬੱਚੇ ਹਨ। ਜਿਨ੍ਹਾਂ ਵਿਚੋਂ 80-ਫੀ-ਸੱਦ ਤੋਂ ਵੱਧ ਲੜਕੀਆਂ ਪ੍ਰਭਾਵਿਤ ਹਨ। ਕਰੋਨਾ-19 ਮਹਾਂਮਾਰੀ ਤੋਂ ਬਾਦ ਬਾਲ-ਤਸਕਰੀ ਦੇ ਮਾਮਲੇ ਦੇਸ਼ ਦੇ ਬਹੁਤੇ ਰਾਜਾਂ ਵਿੱਚ ਉ-ਜਾਗਰ ਹੁੰਦੇ ਰਹਿੰਦੇ ਹਨ, ਪ੍ਰਤੂੰ ਪਛਮੀ ਬੰਗਾਲ, ਛਤੀਸਗੜ੍ਹ, ਝਾਰਖੰਡ ਅਤੇ ਅਸਾਮ ਸਭ ਤੋਂ ਵੱਧ ਪ੍ਰਭਾਵਿਤ ਸੂਬਿਆਂ ਵਿੱਚੋਂ ਹਨ। ਜਿੱਥੇ ਘਰੇਲੂ ਕੰਮਾਂ 'ਤੇ ਯੌਨ-ਸ਼ੋਸ਼ਣ ਦੇ ਇਸਤਰੀਆਂ ਤੇ ਬੰਧੂਆਂ ਮਜ਼ਦੂਰੀ ਦੇ ਲਈ ਬੱਚਿਆਂ ਦੀ ਤਸਕਰੀ ਸਭ ਤੋਂ ਜ਼ਿਆਦਾ ਹੁੰਦੀ ਹੈ।

''ਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ'' ਨੇ ਦਸਬੰਰ-2020 'ਚ ਕੋਵਿਡ-19 ਮਹਾਂਮਾਰੀ ਦੌਰਾਨ ਮਨੁੱਖੀ ਤਸਕਰੀ ਦੇ ਵਧ ਰਹੇ ਮਾਮਲਿਆਂ ਵਿੱਚ ਵੱਖ-ਵੱਖ ਰਾਜਾ ਤੇ ਮਹਿਕਮਿਆਂ ਨੂੰ ਨਿਰਦੇਸ਼ ਜਾਰੀ ਕੀਤੇ ਗਏ ਸਨ। ਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਤਹਿਤ ਬਾਲ ਵਿਕਾਸ ਮਹਿਕਮੇ ਨੂੰ ਇਸ ਮਹਾਂਮਾਰੀ ਦੌਰਾਨ 27-ਲੱਖ ਸ਼ਕਾਇਤਾਂ ਫੋਨ ਰਾਂਹੀ ਪ੍ਰਾਪਤ ਹੋਈਆਂ। ਜਿਨ੍ਹਾਂ ਵਿਚੋਂ 1.92 ਲੱਖ ਮਾਮਲਿਆਂ ਤੇ ਕਾਰਵਾਈ ਕੀਤੀ ਗਈ ਹੈ। ਇਨ੍ਹਾਂ ਵਿਚੋਂ ਤਕਰੀਬਨ 32,700 ਮਾਨਵ ਤਸਕਰੀ ਦੇ ਕੇਸ ਹਨ ਤੇ ਇਸ ਤੋਂ ਇਲਾਵਾ ਬਾਲ ਵਿਆਹ, ਯੌਨ-ਸ਼ੋਸ਼ਣ, ਭਾਵਨਾਅਤਮਕ ਸ਼ੋਸ਼ਣ, ਜ਼ਬਰੀ ਭੀਖ ਮੰਗਵਾਉਣੀ ਅਤੇ ਸਾਈਬਰ ਅਪਰਾਧਾਂ ਦੇ ਮਾਮਲੇ ਵੀ ਸ਼ਾਮਿਲ ਹਨ।

''30 ਜੁਲਾਈ 2021 ਦੀ ਸਰਕਾਰ'' ਦੀ ਆਪਣੀ ਲੋਕ-ਸਭਾ ਦੀ ਰੀਪੋਰਟ ਦਸਦੀ ਹੈ, ''ਕਿ 6 ਮਹੀਨੇ ਤੋਂ 6 ਸਾਲ ਦੀ ਉਮਰ ਦੇ 9-ਲੱਖ ਬੱਚੇ ਗੰਭੀਰ ਕੁਪੋਸ਼ਣ ਦੇ ਸ਼ਿਕਾਰ ਹਨ। ਯੂ.ਪੀ. ਵਿੱਚ ਇਹ ਅੰਕੜਾ ਸਭ ਤੋਂ ਜ਼ਿਆਦਾ ਹੈ ਜਿਥੇ 3,98,359 ਬੱਚੇ ਕੁਪੋਸ਼ਿਤ ਦੇ ਸ਼ਿਕਾਰ ਹਨ। ਇਸੇ ਤਰ੍ਹਾਂ ਦੇਸ਼ ਭਰ ਵਿੱਚ 9,27,609 ਅਜਿਹੇ ਬੱਚੇ ਹਨ ਜੋ ਗੰਭੀਰ ਕੁਪੋਸ਼ਿਤ ਦੇ ਸ਼ਿਕਾਰ ਹਨ। -2017-18 ਤੋਂ 2020-21 ਤੱਕ ਸੂਬਿਆਂ ਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਨੂੰ 5,312 ਕਰੋੜ ਰੁਪਏ ਬੱਚਿਆਂ ਦੀ ਹਾਲਤ ਸੁਧਾਰਨ ਲਈ ਭੇਜੇ ਗਏ। -31-ਮਾਰਚ 2021 ਤੱਕ 2985.58 ਕਰੋੜ ਰੁਪਏ ਦੀ ਵਰਤੋਂ ਕੀਤੀ ਗਈ ਹੈ। ਬੱਚੇ ਦੇਸ਼ ਦਾ ਸਰਮਾਇਆ, ਦੇਸ਼ ਦਾ ਭਵਿੱਖ ਹੁੰਦਾ ਹੈ। ਪ੍ਰਤੂੰ ਕੇਂਦਰ ਦੀ ਬੇ.ਜੀ.ਪੀ. ਦੀ ਮੋਦੀ ਸਰਕਾਰ ਦੀ ਆਪਣੀ ਉਪਰੋਕਤ ਰੀਪੋਰਟ ਸਪਸ਼ਟ ਕਰਦੀ ਹੈ ਕਿ ਸਰਕਾਰ ਦੀ ਬੱਚਿਆਂ ਪ੍ਰਤੀ ਮਾਨਸਿਕਤਾ ਕਿਹੋ ਜਿਹੀ ਹੈ, ਸਾਫ ਦਿਖਾਈ ਦਿੰਦੀ ਹੈ, ਕਿ ਹਾਕਮ ਬੱਚਿਆਂ ਨੂੰ ਕਿਵੇਂ ਅਣਗੌਲੇ ਕਰ ਰਹੀ ਹੈ ?

ਦੇਸ਼ ਨੂੰ ਅਜ਼ਾਦ ਹੋਇਆ 75 ਸਾਲ ਹੋ ਗਏ ਹਨ ਅੱਜੇ ਤੱਕ ਵੀ ਬਹੁਤ ਸਾਰੇ ਬੱਚੇ ਖਤਰਨਾਕ ਸਥਾਨਾਂ ਤੇ ਖਤਰਨਾਕ ਕੰਮ ਕਰ ਰਹੇ ਹਨ। ਨਾਂ ਤਾਂ ਉਨ੍ਹਾਂ ਨੂੰ ਵਿੱਦਿਆ ਮਿਲ ਰਹੀ ਹੈ ਤੇ ਨਾਂ ਹੀ ਪੌਸ਼ਟਿਕ ਖੁਰਾਕ ਮਿਲ ਰਹੀ ਹੈ। ਸਿਰਫ਼ ਬੰਧੂਆਂ ਮਜ਼ਦੂਰ ਬਣਕੇ ਹੀ ਉਹ ਕੰਮ ਕਰ ਰਹੇ ਹਨ। ਭਾਂਵੇ -1979 ਵਿੱਚ ਬਾਲ ਮਜ਼ਦੂਰੀ ਨੂੰ ਅਤੇ ਬਾਲ ਤਸਕਰੀ ਖਤਮ ਕਰਨ ਲਈ ''ਗੁਰੂਪਦ ਸਵਾਮੀ'' ਜੱਥੇਬੰਦੀ ਬਣਾਈ ਗਈ ਸੀ ਕਿ ਦੇਸ਼ ਵਿੱਚ ਗਰੀਬੀ ਖਤਮ ਕਰਕੇ ਹੀ ਇਨ੍ਹਾਂ ਬੰਧੂਆਂ ਮਜ਼ਦੂਰਾਂ ਨੂੰ ਨਿਜਾਤ ਦਿਵਾਈ ਜਾ ਸਕਦੀ ਹੈ। 1986 'ਚ ਬਾਲ ਮਜ਼ਦੂਰੀ ਰੋਕਣ ਲਈ ਕਾਨੂੰਨ ਤਹਿਤ 14 ਸਾਲ ਤੋਂ ਘੱਟ ਉਮਰ ਦਾ ਕੋਈ ਵੀ ਬੱਚਾ ਗੈਰ ਕਾਨੂੰਨੀ ਤੌਰ ਤੇ ਖਤਰਨਾਕ ਥਾਵਾਂ ਤੇ ਕੰਮ ਨਹੀਂ ਕਰ ਸਕਦਾ ਪ੍ਰਤੂੰ ! ਇਸ ਦੇ ਬਾਵਜੂਦ ਵੀ ਕਰੋੜਾਂ ਬੱਚੇ ਖਤਰਨਾਕ ਥਾਵਾਂ ਤੇ ਕੰਮ ਕਰ ਰਹੇ ਹਨ। ਜਿਥੇ ਉਨ੍ਹਾਂ ਦੀ ਕੋਈ ਸੁਰੱਖਿਆ ਨਹੀ ਹੈ।

ਪਿਛਲੇ ਕੁਝ ਸਾਲਾਂ ਤੋਂ ਦੇਸ਼ ਭਰ ਵਿੱਚ ਯਤੀਮ ਹੋ ਰਹੇ ਬੱਚਿਆਂ ਨੂੰ ਅਗਵਾ ਕਰ ਕੇ ਅਪਰਾਧਿਕ ਪਿਛੋਕੜ ਵਾਲੇ ਗ੍ਰੋਹਾਂ ਵਲੋਂ ਬੱਚਿਆਂ ਤੋਂ ਜ਼ਬਰੀ ਕੰਮ ਕਰਾਉਣਾ, ਮੰਗਤੇ ਬਣਾ ਕੇ ਮੰਗਣ ਦਾ ਕੰਮ, ਬਚੀਆਂ ਤੋਂ ਜ਼ਬਰਦਸਤੀ ਵੇਸਵਾਗਮਨੀ ਦਾ ਕੰਮ ਕਰਾਉਣਾ ਜਾਂ ਕਿਸੇ ਕੋਲ ਵੇਚ ਦੇਣਾ ਜਾਰੀ ਹੈ। ਬਹੁਤ ਸਾਰੇ ਦੇਸ਼ਾਂ ਅੰਦਰ ਇਸ ਗਰੋਹ ਦਾ ਨੈਟਵਰਕ ਇਕ ਜਾਲ ਦੀ ਤਰ੍ਹਾਂ ਵਿਛਿਆ ਹੋਇਆ ਹੈ। ਭਾਰਤ ਇਸ ਨੈਟਵਰਕ ਦੀ ਇਕ ਮੰਡੀ ਵਜੋਂ ਕੰਮ ਕਰਦਾ ਹੈ। ਮਾਨਵ ਤਸਕਰੀ ਦੁਨੀਆਂ ਦਾ ਤੀਸਰਾ ਸਭ ਤੋਂ ਵੱਡਾ ਵਿਉਪਾਰ ਹੈ। ਸਾਲ 2013 ਵਿੱਚ ''ਬਚਪਨ ਬਚਾਓ ਅੰਦੋਲਨ'' ਦੇ ਇਕ ਮਾਮਲੇ ਵਿੱਚ ਮਾਨਯੋਗ ਸੁਪਰੀਮ ਕੋਰਟ ਨੇ ਰਾਜਾਂ ਨੂੰ ਆਦੇਸ਼ ਦਿੱਤੇ ਸਨ, ''ਕਿ ਬੱਚੇ ਦੇ ਗੁੰਮ ਹੋਣ ਤੋਂ ਬਾਦ ਪਹਿਲ ਦੇ ਆਧਾਰ ਤੇ ਸ਼ਕਾਇਤ ਦਰਜ ਕੀਤੀ ਜਾਵੇ। ਪ੍ਰਤੂੰ ! ਅਫਸੋਸ ਹੈ ਕਿ ਇਸ ਤਰ੍ਹਾਂ ਨਹੀਂ ਹੋ ਰਿਹਾ ਹੈ। ''ਰਾਸ਼ਟਰੀ ਬਾਲ ਅਧਿਕਾਰ ਸੁਰੱਖਿਆ ਆਯੋਗ'' ਨੇ 2012 'ਚ ਇਕ ਪ੍ਰਮੁੱਖ ਸੁਝਾਉ ਦਿੱਤਾ ਸੀ ਕਿ ਹਰ ਇਕ ਗੁੰਮ ਹੋਏ ਬੱਚੇ ਦੀ 24 ਘੰਟਿਆਂ ਦੇ ਅੰਦਰ-ਅੰਦਰ ਐਫ.ਆਈ.ਆਰ ਦਰਜ ਕੀਤੀ ਜਾਵੇ, ਹਰ ਥਾਣੇ 'ਚ ਇਕ ਬਾਲ ਅਧਿਕਾਰਾਂ ਦੀ ਸੁਣਵਾਈ ਦਾ ਅਲਗ ਸੈਲ ਬਣਾਇਆ ਜਾਵੇ। ਪਰ ! ਇਹ ਸੁਝਾਉ ਸਿਰਫ਼ ਕਾਗਜਾਂ ਤਕ ਹੀ ਸੀਮਿਤ ਰਹਿ ਗਏ ਹਨ। ਬੱਚਿਆਂ ਦੀ ਭਲਾਈ ਲਈ ਦਰਜਨਾਂ ਬਣੇ ਕਾਨੂੰਨ ਵੀ ਉਨ੍ਹਾਂ ਦੀ ਹਿਫ਼ਾਜਤ ਨਹੀਂ ਕਰ ਰਹੇ।

ਭਾਵੇਂ ! ਸਰਕਾਰ ਵੱਲੋਂ ਕਾਨੂੰਨ ਬਣਾਇਆ ਗਿਆ ਹੈ ਕਿ 14 ਸਾਲ ਤੋਂ ਘੱਟ ਉਮਰ ਦਾ ਬੱਚਾ ਕੋਈ ਵੀ ਜੋਖਿਮ ਭਰਿਆ ਕੰਮ ਸੜਕਾਂ, ਕਾਰਖਾਨਿਆਂ, ਘਰਾਂ, ਢਾਬਿਆਂ, ਭੱਠਿਆਂ ਅਤੇ ਖੇਤੀ ਦੇ ਧੰਦਿਆਂ ਤੇ ਨਹੀਂ ਕਰ ਸਕਦਾ। ਪਰ ! ਅੱਜ ਵੀ ਬਾਲ ਮਜਦੂਰੀ ਦਾ ਖਤਰਨਾਕ ਕੰਮ ਹਰ ਪਾਸੇ ਬਾਲ ਹੀ ਕਰ ਰਹੇ ਹਨ। -2011 ਦੀ ਜਨਗਣਨਾ ਮੁਤਾਬਿਕ ਭਾਰਤ ਵਿੱਚ 6 ਤੋਂ 14 ਸਾਲ ਦੇ ਇਕ ਕਰੋੜ ਤੋਂ ਜਿਆਦਾ ਬਾਲ ਮਜਦੂਰ ਹਨ। ਇਨ੍ਹਾਂ ਵਿਚੋਂ 7 ਲੱਖ ਬੱਚੇ ਇਕੱਲੇ ਮੱਧ ਪ੍ਰਦੇਸ਼ ਵਿੱਚ ਅਜਿਹਾ ਜੋਖਿਮ ਭਰਿਆ ਕੰਮ ਕਰਦੇ ਦੇਖੇ ਜਾ ਸਕਦੇ ਹਨ। ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਲੱਗ-ਪੱਗ ਪੂਰੇ ਦੇਸ਼ ਵਿੱਚ ਕਾਲੀਨ ਬਣਾਉਣ, ਤੀਲਾਂ ਦੀਆਂ ਡੱਬੀਆਂ, ਸ਼ੀਸ਼ੇ ਦਾ ਸਮਾਨ, ਕੱਚ ਦੀਆਂ ਚੂੜੀਆਂ, ਫੈਕਟਰੀਆਂ 'ਚ ਪਟਾਕੇ ਬਣਾਉਣ, ਸੋਨੇ ਦੇ ਗਹਿਣੇ ਬਣਾਉਣ ਤੇ ਪਾਲਿਸ਼ ਕਰਨ, ਪੱਥਰ ਤੋੜਨ, ਚਾਹ ਦੇ ਬਾਗਾਂ 'ਚ ਅਤੇ ਢੋਆ ਢੁਆਈ, ਬੂਟ ਪਾਲਿਸ਼ ਆਦਿ 'ਚ ਕਰੋੜਾ ਦੀ ਗਿਣਤੀ 'ਚ ਘੱਟ ਤਨਖਾਹ ਤੇ ਬੱਚੇ ਕੰਮ ਕਰ ਰਹੇ ਹਨ। ਜਿਨ੍ਹਾਂ ਵਿੱਚ ਬੱਚੀਆਂ/ਲੜਕੀਆਂ ਤੋਂ ਵੀ ਅਜਿਹਾ ਕੰਮ ਲਿਆ ਜਾਂਦਾ ਹੈ ਤੇ ਨਾਲ ਦੀ ਨਾਲ ਉਨ੍ਹਾਂ ਦਾ ਯੌਨ ਸ਼ੋਸ਼ਣ ਵੀ ਕੀਤਾ ਜਾਂਦਾ ਹੈ। ਦੂਸਰੇ ਪਾਸੇ ਗਰੀਬੀ ਗੁਰਬਤ ਕਾਰਨ ਉਹ ਭਿਆਨਕ ਬੀਮਾਰੀਆਂ ਦੀ ਜਕੜ 'ਚ ਆ ਜਾਂਦੇ ਹਨ। ਇਕ ਰੀਪੋਰਟ ਮੁਤਾਬਿਕ ਕੁੱਲ ਮਜ਼ਦੂਰਾਂ ਵਿੱਚੋਂ ਕਰੀਬ 80-ਫੀ-ਸੱਦ ਗਰੀਬ ਬੱਚੇ ਪਿੰਡਾਂ ਦੇ ਹੁੰਦੇ ਹਨ।

''ਇੰਟਰਨੈਸ਼ਨਲ ਲੇਬਰ ਔਰਗੇਨਾਈਜੇਸ਼ਨ''(ਆਈ.ਐਲ.ਓ.) ਅਤੇ ''ਸੰਯੁਕਤ ਰਾਸ਼ਟਰ ਬਾਲ ਫੰਡ ਯੂਨੀਸੈਫ'' ਦੀ ਇਕ ਰੀਪੋਰਟ ((11 ਜੂਨ 2021) ਮੁਤਾਬਿਕ ਪਿਛਲੇ 20 ਸਾਲਾਂ ਵਿੱਚ ਗਲੋਬਲ ਪੱਧਰ ਤੇ ਬਾਲ ਮਜ਼ਦੂਰੀ ਵਿੱਚ ਬੇ-ਪਨਾਹ ਵਾਧਾ ਹੋਇਆ ਹੈ। ਰੀ-ਪੋਰਟ ਮੁਤਾਬਿਕ ਦੁੱਨੀਆਂ ਭਰ ਵਿੱਚ 10 ਵਿੱਚੋਂ ਇਕ ਬੱਚਾ ਬਾਲ ਮਜ਼ਦੂਰੀ ਦਾ ਕੰਮ ਕਰ ਰਿਹਾ ਹੈ। ਜਦ ਕਿ ਕੋਵਿਡ-19 ਕਾਰਨ ਲੱਖਾਂ ਬੱਚੇ ਖਤਰੇ ਦੇ ਹਾਲਾਤਾਂ ਵਿੱਚ ਹਨ। ''ਆਈ.ਐਲ.ਓ. ਅਤੇ ਯੂਨੀਸੈਫ'' ਦੀ ਸਾਂਝੀ ਰਿਪੋਰਟ 'ਚ ਕਿਹਾ ਗਿਆ ਹੈ ਕਿ -2016 'ਚ ਬਾਲ ਮਜ਼ਦੂਰਾਂ ਦੀ ਗਿਣਤੀ 152 ਮਿਲੀਅਨ ਤੋਂ ਵੱਧ ਕੇ 160 ਮਿਲੀਅਨ ਹੋ ਗਈ ਹੈ। ਅਬਾਦੀ ਦੇ ਵਾਧੇ ਤੇ ਗਰੀਬੀ ਕਾਰਨ ਅਫਰੀਕਾ 'ਚ ਬਾਲ ਮਜ਼ਦੂਰਾਂ ਵਿੱਚ ਵਧੇਰੇ ਵਾਧਾ ਹੋਇਆ ਹੈ।

ਯੂਨੀਸੈਫ ਦੇ ਸੀਨੀਅਰ ਸਲਾਹਕਾਰ ''ਕਲਾਓਡੀਆ ਕੱਪਾ'' ਨੇ ਕਿਹਾ ਹੈ, ਕਿ ਸਕੂਲੀ ਸਿੱਖਿਆ ਦੇ ਨਾਲ-ਨਾਲ ਰੁਜ਼ਗਾਰ ਦੇਣ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਜੇ ਇਸ ਨੂੰ ਪੂਰਾ ਕਰ ਲਿਆ ਜਾਵੇ, ਤਾਂ ਬਾਲ ਮਜ਼ਦੂਰਾਂ ਦੀ ਗਿਣਤੀ 15-ਮਿਲੀਅਨ ਤੱਕ ਘੱਟ ਸਕਦੀ ਹੈ। ''ਸੰਯੁਕਤ ਰਾਸ਼ਟਰ'' ਨੇ ਸਾਲ 2021 ਨੂੰ ''ਅੰਤਰਰਾਸ਼ਟਰੀ ਬਾਲ ਮਜ਼ਦੂਰ'' ਦੇ ਖਾਤਮੇ ਵਜੋਂ ਐਲਾਨ ਕੀਤਾ ਹੈ ਅਤੇ ''ਯੂ.ਐਨ.'' ਨੇ 2025 ਤੱਕ ਸਾਰੇ ਦੇਸ਼ਾਂ ਨੂੰ ਇਸ ਕੋਹੜ ਨੂੰ ਖਤਮ ਕਰਨ ਦੀ ਦਿਸ਼ਾ 'ਚ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਬਰਾਬਰ ਮੌਕਿਆਂ ਤੇ ਪ੍ਰਤੀ ਯੋਗਤਾ ਲਈ ਇਕ ਬਰਾਬਰ ਧਰਾਤਲ ਦੀ ਵਿਵਸਥਾ ਹੋਣੀ ਚਾਹੀਦੀ ਹੈ, ਤਾਂ ਕਿ ਸਮੂਹ ਸਰਵਜਨਕ ਪੱਧਰ ਤੇ ਹਰ ਇਕ ਨੂੰ ਰੁਜ਼ਗਾਰ ਮਿਲ ਸਕੇ ਤੇ ਗਰੀਬੀ ਨੂੰ ਘਟਾਇਆ ਜਾ ਸਕੇ। ਕੰਮ ਦਾ ਅਧਿਕਾਰ, ਬੁਨਿਆਦੀ ਅਧਿਕਾਰ ਵਜੋਂ ਅੰਕਿਤ ਕੀਤਾ ਜਾਣਾ ਚਾਹੀਦਾ ਹੈ। ਬੱਚਿਆਂ, ਨੌਜਵਾਨਾਂ ਤੇ ਬਾਲੜੀਆਂ ਦੇ ਸਰਵਪੱਖੀ ਵਿਕਾਸ ਵਾਸਤੇ, ਖੇਡਾਂ, ਸਭਿਆਚਾਰ ਅਤੇ ਹੁਨਰ, ਸਿਖਲਾਈ ਸੇਵਾਵਾਂ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ। ਹਰ ਪ੍ਰਕਾਰ ਦੀ ਬਾਲ ਕਿਰਤ ਉਪਰ ਪਾਬੰਦੀ ਹੋਣੀ ਚਾਹੀਦੀ ਹੈ। ਵਿੱਦਿਆ ਨੂੰ ਯਕੀਨੀ ਬਣਾਉਣ ਲਈ ਸਰਕਾਰੀ ਖਰਚੇ 'ਚ, ਜੀ.ਡੀ.ਪੀ. ਦਾ 6-ਫੀ-ਸੱਦ ਹਿੱਸਾ, ਮੁਫਤ ਸਿਹਤ ਸੰਭਾਲ ਦੀ ਵਿਵਸਥਾ ਲਈ 5-ਫੀ-ਸੱਦ ਹਿੱਸਾ ਖਰਚ ਕਰਨ ਲਈ ਸਰਕਾਰ ਪਾਬੰਦ ਹੋਵੇ। ਨਹੀਂ ਤਾਂ ਮੌਜੂਦਾ ਨਵ ਉਦਾਰੀਵਾਦ ਦੇ ਇਸ ਦੌਰ ਅੰਦਰ ਹਾਸ਼ੀਏ ਤੇ ਪੁੱਜੇ ਗਰੀਬ ਪ੍ਰਵਾਰਾਂ ਦੇ ਬੱਚਿਆਂ ਦਾ ਇਸ ਪੂੰਜੀਵਾਦੀ ਕਿਰਤ-ਮੰਡੀ ਅੰਦਰ ਇਕ ਡੰਗ ਦੀ ਰੋਟੀ ਲਈ ਸ਼ੋਸ਼ਣ ਵੱਧਦਾ ਜਾਵੇਗਾ ? ਦੇਸ਼ ਦੇ ਜਮਹੂਰੀ ਸੋਚ ਰੱਖਣ ਵਾਲੇ ਲੋਕਾਂ, ਲੋਕ ਪੱਖੀ ਸ਼ਕਤੀਆਂ ਅਤੇ ਮਨੁੱਖਤਾਵਾਦੀ ਜਨ-ਸਮੂਹ ਨੂੰ ਮਿਲ ਕੇ ਦੇਸ਼ ਅੰਦਰ ਬੀ.ਜੇ.ਪੀ.-ਆਰ.ਐਸ.ਐਸ. ਹਾਕਮਾਂ ਨੇ ਰਾਜ ਅੰਦਰ ਜੋ ਲੋਕ ਵਿਰੋਧੀ ਨੀਤੀਆਂ ਅਪਣਾਈਆਂ ਤੇ ਤੇਜ਼

# ਇਹ ਹੇ ਸਥਿਤੀ ਮਨੋਰੰਜਨ ਸੰਸਾਰ ਦੀ ਲਾਕਡਾਊਨ ਤੋਂ ਬਾਅਦ - ਅੰਮ੍ਰਿਤ ਪਵਾਰ



**ਸੁੱਖ ਦਾ ਸਾਹ - ਹੈਪੀ ਰੰਦੇਵ - ਗੀਤਾ ਬਾਲੀ**

ਦੋਗਾਣਾ ਸਟਾਰ ਜੋੜੀ ਹੈਪੀ ਰੰਦੇਵ ਨੇ ਗੀਤਾ ਬਾਲੀ ਦੀ ਹਾਂ 'ਚ ਹਾਂ ਮਿਲਾਉਂਦਿਆ ਕਿਹਾ ਕਿ ਹੁਣ ਸਰਕਾਰੀ ਪ੍ਰਵਾਨਗੀ ਮਿਲਣ ਤੇ ਮੇਲਿਆਂ ਦੇ ਪ੍ਰੋਗਰਾਮ ਹੋ ਰਹੇ ਹਨ, ਕੁਲ-ਮਿਲਾ ਕੇ ਗੱਡੀ ਲਾਈਨ ਤੇ ਆ ਰਹੀ ਹੈ ।

**ਸ਼ੁਕਰ ਦਾਤਿਆ - ਦੀਪਿਕਾ ਸਿੰਘ**

'ਧੀ ਜੱਟ ਦੀ' ਨਾਲ ਹੀਰੋਇਨ ਬਣੀ ਦੀਪਿਕਾ ਸਿੰਘ ਦੀ 'ਅਮਰੀਕਾ' ਫਿਲਮ ਰਿਲੀਜ ਹੋਈ ਹੈ । ਸੰਜੋਗ ਦੇਖੋ ਆਰ.ਐਸ.ਰੰਗੀਨਾ ਨਾਲ ਸ਼ੁਰੂਆਤ ਕਰ 'ਅਮਰੀਕਾ' ਆਖਰੀ ਫਿਲਮ ਹੀਰੋਇਨਵ ਵਜੋਂ ਉਸਨੇ ਰੰਗੀਲੇ ਨਾਲ ਹੀ ਕੀਤੀ ਤੇ ਫਿਰ ਸਿੱਪੀ ਅਮਰੀਕਾ ਦੀ ਨਾਗਰਿਕਾ ਉਥੇ ਲਾਕਡਾਊਨ ਬੁਰਾ ਸੀ ਪਰ 'ਇੰਡੀਆ' ਵਾਂਗ ਬੇਰਜੁਗਾਰੀ ਨਹੀਂ ।

**ਇਕੋ ਘਰ-ਮਨਮੋਹਨ ਵਾਰਿਸ**

ਜੀਵੈ ਯੁੱਗ- ਯੁੱਗ ਮਨਮੋਹਨ ਵਾਰਿਸ ਲਾਕਡਾਊਨ ਬਾਅਦ ਟਰੈਕ 'ਇਕੋ ਘਰ ਆ ਕਿ ਹਿੱਟ ਰਿਹਾ ਹੈ। ਲਾਕਡਾਊਨ ਨੇ ਥੌੜ੍ਹਾ ਅਗਾਹ ਦਿੱਤਾ । ਫਿਰ ਵੀ ਦੁਨੀਆਂ ਚਲਦੀ ਹੀ ਉਸ ਅਨੁਸਾਰ ਚੰਗੀ ਲਗਦੀ ਹੈ ।

**ਪੁਆੜਾ -ਐਮੀ ਵਿਰਕ ਦਾ**

ਆਖਿਰ ਫਿਰ ਸਿਨਮੇ ਦੇਖਣ ਆਉਣ ਲੋਕ ਲਾਕਡਾਊਨ ਬਾਅਦ 'ਪੁਆੜਾ' ਫਿਲਮ ਲਿਆ ਕਿ ਐਮੀ ਵਿਰਕ ਨੇ ਕੋਸ਼ਿਸ ਕੀਤੀ ਹੈ।

ਹੁਣ ਫਿਰ ਇੰਡੇਸਟਰੀ 'ਚ ਰੋਜ਼ਗਾਰ ਦੇ ਬੂਹੇ ਐਮੀ ਅਨੁਸਾਰ ਹੋਲੀ-ਹੋਲੀ ਖੁੱਲ ਰਹੇ ਹਨ ।

**ਦਿਨ ਚੰਗੇ ਆਏ - ਆਹਿਸਾਸ ਚਾਨਾ**


ਐਕਟਿੰਗ ਦੀ ਰਾਣੀ ਅਹਿਸਾਸ ਚਾਨਾ ਨੇ ਕਿਹਾ ਕਿ ਮੁੰਬਈ 'ਚ ਕੰਮ ਸ਼ੁਰੂ ਹੈ ਸੀਰੀਅਲ, ਸੋਅਜ ਨੇ ਫਿਰ ਸਾਰੇ ਮੁਰਝਾਏ ਚਿਹਰੇ ਰੁਸ਼ਨਾ ਦਿੱਤੇ ਹਨ ।

**ਕੰਮ ਹੀ ਕੰਮ - ਰਮਨੀਤੂ ਚੌਧਰੀ**

ਕਲਰ ਚੈਨਲ ਤੇ 'ਛੋਟੀ ਸਰਦਾਰਨੀ' ਸੋਅ ਲਾਕਡਾਊਨ ਬਾਅਦ ਮਿਲਣ ਤੇ ਰਮਨੀਤੂ ਚੌਧਰੀ ਨੇ ਮੁਸਕਰਾ ਕਿ ਕਿਹਾ ਕਿ ਅਲਵਿਦਾ ਸਦਾ ਲਈ ਲਾਕਡਾਊਨ!









**ਮੰਨਤ ਸਿੰਘ ਦੀ ਤਮੰਨਾ**

'ਤੇਰੇ ਇਸਕ ਨਚਾਇਆ' ਦੀ ਹੀਰੋਇਨਿ ਮੰਨਤ ਸਿੰਘ ਦੀ ਤਮੰਨਾ ਹੁਣ ਪਿਲਮਾਂ ਦਾ ਨਿਰਦੇਸ਼ਨ ਕਰਨ ਤੇ ਵੈਬ-ਸੀਰੀਜ ਬਣਾਉਣ ਦੀ ਹੈ । ਮੰਨਤ ਸਿੰਘ ਨੇ ਥੀਏਟਰ ਵੀ ਕੀਤਾ ਹੈ ਤੇ ਮਾਡਲਿੰਗ ਵੀ, ਇਸਦੇ ਨਾਲ ਉਹ ਟੀ.ਵੀ ਤੇ ਪ੍ਰੋਗਰਾਮ ਹੋਸਟ ਕਰੇ ਤਾਂ ਕਾਮਯਾਬੀ ਵੀ ਪਾ ਸਕਦੀ ਹੈ ।

**ਚੁੱਪ ਹੈ ਗਿੱਪੀ ਗਰੇਵਾਲ**

'ਸਾਬ ਨੀ ਗਿਰਧਾਰੀ ਲਾਲ' ਫਿਲਮ ਬਣਾ ਰਹੇ ਗਿੱਪੀ ਗਰੇਵਾਲ ਨੇ ਪੰਜਾਬ ਦੀ ਰਾਜਨੀਤੀ ਤੇ ਟਿੱਪਣੀ ਕਰਨ ਤੋਂ ਇਨਕਾਰ ਕਰਦੇ ਕਿਹਾ ਕਿ ਚੁੱਪ ਹੀ ਭਲੀ, ਅਸੀਂ ਐਕਟਰ-ਮੇਕਰ ਹਾਂ, ਫਿਲਮਾਂ ਦੀ ਗੱਲ ਹੀ ਕਰਾਂਗੇ । ਮੋਜੂਦਾ ਸਮੇਂ ਫਿਰ ਦੁਨੀਆਂ ਵਪਾਰਕ ਖਤਰੇ 'ਚ ਹੈ ।

**ਪੂਜਾ ਗੋਦਾਰਾ ਦਾ ਦਿਲ ਚਾਹਤਾ ਹੈ**

'ਰੰਗ ਬਰੰਗੀ' ਪੰਜਾਬੀ ਵੈਬ ਸੀਰੀਜ ਦੀ ਹੀਰੋਇਨ ਪੂਜਾ ਗੋਦਾਰਾ ਦਾ ਦਿਲ ਚਾਹੁੰਦਾ ਹੈ ਕਿ ਉਹ ਹਿੰਦੀ-ਪੰਜਾਬੀ ਫਿਲਮਾਂ 'ਚ ਹਰਿਆਣਵੀ ਕਿਰਦਾਰ ਕਰੇ' ਪੂੱਜਾ ਗੋਦਾਰਾ ਜੋ ਪਹਿਲਵਾਨ ਵੀ ਹੇ ਨੇ ਕਿਹਾ ਕਿ ਆ ਰਿਹਾ ਸਮਾਂ ਵੈਬ - ਸੀਰਜਿ ਦਾ ਹੈ, ਤੇ ਉਹ ਤਿਆਰ ਹੈ।

**ਧਲੇਰ ਮਹਿਤਾ ਨਵੀਂ ਸੋਚ**

ਐਕਟਰ ਹੈ ਦਲੇਰ ਮਹਿਤਾ ਜਿਸਦੀ ਨਵੀਂ ਸੋਚ ਹੈ ਪੰਜਾਬੀ ਫਿਲਮਾਂ ਦੀ ਪ੍ਰੋਟੇਕਸਨ ਸੰਭਾਲਣ ਦੀ 'ਮਸੰਦ' 'ਪਛਤਾਵਾ' ਆਦਿ ਫਿਲਮਾਂ ਕਰ ਚੁੱਕੇ ਦਲੇਰ ਮਹਿਤਾ ਨੇ ਬਲੈਕ ਰੋਜ ਫਿਲਮਜ ਦਾ ਸਾਰਾ ਕੰਮ ਸਭਾ ਕਿਆ ਹੈ।

**ਸ਼ਰਨ ਕੌਰ ਚਮਕੇਗੀ**

'ਕਬੱਡੀ' ਵੰਨਸ ਅਗੈਨ' ਵਾਲੀ ਸ਼ਰਨ ਕੌਰ ਕਾਫੀ ਦੇਰ ਚੁੱਪ ਰਹੀ ਪਰ ਹੁਣ ਉਹ ਸਾਊਥ ਦੇ ਸਿਨੇਮਾਂ 'ਚ ਸਰਗਰਮ ਹੈ । ਸਰਨ ਕੌਰ ਦੀ ਚਾਹਤ ਅਜੇ ਵੀ ਪੰਜਾਬੀ ਫਿਲਮਾਂ ਦੀ ਹੀ-ਰੋਇਨ ਬਣਨ ਦੀ ਹੈ ।

**ਯਾਦ ਆਇਆ ਸ਼ੇਰਾ**

ਸ਼ਵਰਗੀ ਸੁਖਜਿੰਦਰ ਸੇਰਾ ਦੀਆਂ ਫਿਲਮਾਂ ਟੀ.ਵੀ ਤੇ ਆ ਰਹੀਆਂ ਹਨ । ਕਿਵੇ ਸਰਦਾਰੀ ਰੂਪ 'ਚ ਹੀਰੋ ਬਣ ਉਹ ਸਫਲ ਰਿਹਾ, ਮਨ ਸੋਚਦਾ ਹੈ । ਰੂਹ ਨੂੰ ਸਾਂਤੀ ਦੇਵੇ ਰੱਬ।












## ਸੱਚੀ ਕਹਾਣੀ

# ਸੁਜਾਖੀ ਔਰਤ

ਅਮਰ ਗਰਗ ਕਲਮਦਾਨ
98143-41746



ਲੋਪਾ ਨਾਂ ਦੀ ਇੱਕ ਨੌਜਵਾਨ ਜਜ਼ਦੀ ਔਰਤ ਦੀ ਅਮਰੀਕਾ ਵਿੱਚ ਪੱਤਰਕਾਰੀ ਦੇ ਖੇਤਰ ਵਿੱਚ ਡਿਗਰੀ ਮੁਕੰਮਲ ਹੋਣ ਵਾਲੀ ਹੈ। ਉਸਦੇ ਲਿਖੇ ਇੱਕ ਖੋਜ ਪੱਤਰ ਨੇ ਯੂਨੀਵਰਸਿਟੀ ਵਿੱਚ ਉਸਨੂੰ ਇੱਕ ਵਿਸ਼ੇਸ਼ ਥਾਂ ਦਵਾ ਦਿੱਤੀ। ਜਿਸਦਾ ਵਿਸ਼ਾ ਸੀ, "ਪਰਿਵਾਰ ਵਿੱਚ ਨੀਤੀ ਕਰਤਾ ਦੇ ਰੂਪ ਵਿੱਚ ਔਰਤ ਦੀ ਭਾਗੀਦਾਰੀ ਸਿਫਰ। "ਅੰਨ੍ਹੀ ਔਰਤ" ਸਿਰਲੇਖ ਹੇਠ ਉਸਦੇ ਖੋਜ ਪੱਤਰ ਨੂੰ ਮਾਨਤਾ ਮਿਲੀ। ਉਸਨੇ ਆਪਣੇ ਖੋਜ ਪੱਤਰ ਵਿੱਚ ਦੱਸਿਆ, ਔਰਤ ਇੱਕ ਲੜਕੇ ਨੂੰ ਜਨਮ ਦਿੰਦੀ ਹੈ, ਉਸਦੀ ਪਰਵਰਿਸ਼ ਚ ਵੱਡਾ ਯੋਗਦਾਨ ਪਾਉਂਦੀ ਹੈ, ਪਰ ਉਸਦਾ ਪਿਤਾ ਤਹਿ ਕਰੇਗਾ, ਉਸਦਾ ਧਰਮ ਕੀ ਹੋਵੇਗਾ, ਉਸਦੀ ਵਿਚਾਰਧਾਰਾ ਕੀ ਹੋਵੇਗੀ, ਇੱਥੋਂ ਤੱਕ ਕਿ ਲੜਕੇ ਨੂੰ ਜਿਹਾਦੀ ਬਣਾਉਣ ਵਿੱਚ ਵੀ ਉਸਦੇ ਪਿਤਾ ਦੀ ਭੂਮਿਕਾ ਹੁੰਦੀ ਹੈ। ਮਰਦ ਪ੍ਰਧਾਨ ਸਰਕਾਰਾਂ ਮਦਰੱਸਾ ਵਿਵਸਥਾ ਨੂੰ ਕਾਇਮ ਰੱਖਦੀਆਂ ਹਨ, ਜਿੱਥੋਂ ਜਿਹਾਦੀ ਪੈਦਾ ਹੁੰਦੇ ਹਨ। ਘਰ ਦੀ ਨੀਤੀ ਬਣਾਉਣ ਵਿੱਚ ਜਾਂ ਸਮਾਜਿਕ ਵਿਵਸਥਾ ਕਾਇਮ ਕਰਨ ਵਿੱਚ ਔਰਤ ਦੀ ਕੋਈ ਭੂਮਿਕਾ ਨਜ਼ਰ ਨਹੀਂ ਆਉਂਦੀ। ਮਰਦ ਪ੍ਰਧਾਨ ਸਮਾਜ ਵੱਲੋਂ ਦਿੱਤੇ ਫਤਵਿਆਂ ਕਾਰਨ ਔਰਤ ਨੂੰ ਗੁਲਾਮੀ ਦਾ ਬੁਰਕਾ ਪਹਿਨਾਇਆ ਜਾਂਦਾ ਹੈ, ਉਸਨੂੰ ਖਤਨੇ ਦੀ ਪੀੜਾ ਸਹਿਣੀ ਪੈਂਦੀ ਹੈ। ਔਰਤ ਦੀ ਗਰਦਨ ਨੂੰ ਲੰਬਾ ਕਰਨ ਲਈ ਉਸਦੇ ਗਲੇ ਵਿੱਚ ਪਿੱਤਲ ਦੇ ਭਾਰੀ ਸਪਰਿੰਗ ਕੜੇ ਪਾਏ ਜਾਂਦੇ ਹਨ, ਔਰਤਾਂ ਦੇ ਮੂੰਹ ਵਿੱਚ ਵੱਡੇ-ਵੱਡੇ ਢੱਕਣ ਫਸਾ ਦਿੱਤੇ ਜਾਂਦੇ ਹਨ, ਔਰਤ ਨੂੰ ਹੀ ਮੰਡੀ ਵਿੱਚ ਵੇਚਿਆ ਜਾਂਦਾ ਹੈ, ਵੇਸਵਾਪੁਣੇ ਦੇ ਅੱਡੇ ਚਲਾਏ ਜਾਂਦੇ ਹਨ, ਫੇਰ ਔਰਤ ਵੱਲੋਂ ਪੈਦਾ ਕੀਤੇ ਜਹਾਦੀ ਹੀ, ਔਰਤਾਂ ਨੂੰ ਪਸ਼ੂਆਂ ਦੇ ਇੱਜੜਾਂ ਵਾਂਗ ਹੱਕ ਲੈਂਦੇ ਹਨ ਅਤੇ ਉਨ੍ਹਾਂ ਦਾ ਜਿਸਮ ਨੋਚਦੇ ਹਨ। ਜਦੋਂ ਆਪਣੇ ਹੀ ਦੇਸ਼ ਵਿੱਚੋਂ ਲੋਕਾਂ ਦਾ ਉਜਾੜਾ ਹੁੰਦਾ ਹੈ, ਤਾਂ ਸਭ ਤੋਂ ਵੱਧ ਔਰਤ ਨੂੰ ਹੀ ਪੀੜਾ ਸਹਿਣੀ ਪੈਂਦੀ ਹੈ। ਬੱਚੇ ਨੂੰ ਪੈਦਾ ਕਰਨ ਅਤੇ ਉਸਦੀ ਪਰਵਰਿਸ ਕਰਨ ਦੇ ਬਾਵਜੂਦ ਔਰਤ ਆਪਣੇ ਬੱਚੇ ਦੀ ਅੱਜ ਤੱਕ ਚਿੱਤਰਕਾਰ ਨਹੀਂ ਬਣ ਸਕੀ, ਕੇਵਲ ਪਿਤਾ ਜਾਂ ਮਰਦ ਪ੍ਰਧਾਨ ਸਮਾਜ ਹੀ ਉਸ ਦਾ ਚਿੱਤਰਕਾਰ ਹੈ। ਔਰਤ ਤਾਂ ਚਿਰਾਂ ਤੋਂ ਦਿਮਾਗੀ ਅੰਨ੍ਹੀ ਚੱਲੀ ਆ ਰਹੀ ਹੈ।

ਹੁਣ ਉਸਦੇ ਆਪਣੇ ਦੇਸ਼ ਵਿੱਚ ਜਿਹਾਦੀਆਂ ਦਾ ਦਬ-ਦਬਾ ਵਧਣ ਦੀਆਂ ਖ਼ਬਰਾਂ ਆਉਣ ਲੱਗ ਪਈਆਂ ਸਨ। ਕੱਟੜ ਧਾਰਮਿਕ ਜਮਾਤ ਨੇ ਪਹਿਲਾਂ ਹੀ ਉਸਦੀ ਕੌਮ ਨੂੰ ਕਾਫਿਰ ਦੱਸਿਆ ਹੋਇਆ ਸੀ, ਕਿਉਂਕਿ ਉਸਦੀ ਕੌਮ ਨੇ ਆਪਣਾ ਪ੍ਰਾਚੀਨ ਸੰਸਕ੍ਰਿਤਕ ਸਰੂਪ ਕਾਇਮ ਰੱਖਿਆ ਹੋਇਆ ਸੀ। ਉੱਪਰ ਦੀ ਉਸਨੂੰ ਆਪਣੀਆਂ ਦੋ ਨੌਜਵਾਨ ਭੈਣਾਂ ਫਰਾਤ ਅਤੇ ਲੋਣੀਆਂ ਦੀ ਚਿੰਤਾ ਸਤਾ ਰਹੀ ਸੀ। ਵਤਨ ਵਾਪਸੀ ਤੋਂ ਪਹਿਲਾਂ ਉਸਨੇ ਸੈਨਿਕ ਸਿਖਲਾਈ ਪ੍ਰਾਪਤ ਕਰਨ ਲਈ ਅਮਰੀਕਾ ਵਿੱਚ ਤਿੰਨ ਮਹੀਨੇ ਦਾ ਇੱਕ ਕੋਰਸ ਪੂਰਾ ਕਰ ਲਿਆ ਸੀ। ਉਸੇ ਵੇਲੇ ਉਹ ਖ਼ਬਰ ਆ ਗਈ, ਜਿਸਦਾ ਉਸਨੂੰ ਅੰਦੇਸ਼ਾ ਸੀ। ਜਿਹਾਦੀ ਦਾਇਸ਼ਾਂ (ਦਹਿਸ਼ਤਗਰਦਾਂ) ਨੇ ਉਹਨਾ ਦੇ ਘਰ ਬਾਰ ਉਜਾੜ ਦਿੱਤੇ, ਉਹਨਾ ਦੇ ਸੰਸਕ੍ਰਿਤਕ ਮੰਦਰ ਢਾਹ ਦਿੱਤੇ, ਨੌਜਵਾਨ ਜਜ਼ਦੀ ਮਰਦਾਂ ਨੂੰ ਮਾਰ ਦਿੱਤਾ। ਉਸ ਦੀਆਂ ਦੋਵੇਂ ਭੈਣਾਂ ਵੀ ਜਜ਼ਦੀ ਕੁੜੀਆਂ ਦੇ ਉਸ ਝੁੰਡ ਵਿੱਚ ਸ਼ਾਮਿਲ ਸਨ, ਜਿਸ ਨੂੰ ਦਾਇਸ਼ ਆਪਣੇ ਕੈਂਪ ਵਿੱਚ ਲੈ ਗਏ ਸਨ।

ਸਿਖਰ ਕਮਾਂਡਰ ਗੁਲਦਾਦੀ ਆਪਣੇ ਦਾਇਸ਼ਾਂ ਨੂੰ ਕਹਿੰਦਾ ਸੀ, "ਬੇਸ਼ੱਕ ਜੰਨਤ ਚ ਤੁਹਾਨੂੰ ਸਭ ਨੂੰ 72-72 ਹੂਰਾਂ ਮਿਲਣਗੀਆਂ, ਪਰ ਮੇਰਾ ਰਾਜ ਵੀ ਤਾਂ ਇੱਕ ਛੋਟੀ ਜੰਨਤ ਹੈ, ਇੱਥੇ ਜੇ 72 ਹੂਰਾਂ ਨਹੀਂ, ਮੇਰਾ ਵਚਨ ਹੈ, ਹਰ ਇੱਕ ਨੂੰ ਬਾਰਾਂ-ਬਾਰਾਂ ਤਾਂ ਜ਼ਰੂਰ ਮਿਲਣਗੀਆਂ। ਆਪਣੀ ਕੌਮ ਉੱਪਰ ਦਾਇਸ਼ਾਂ ਦੇ ਤਸ਼ੱਦਦ ਨੇ ਲੋਪਾ ਨੂੰ ਅੰਦਰ ਤੀਕ ਝੰਜੋੜ ਦਿੱਤਾ। ਉਸਨੇ ਆਪਣੇ ਕਬੀਲੇ ਦੀਆਂ ਕੁੜੀਆਂ ਅਤੇ ਆਪਣੀਆਂ ਭੈਣਾਂ ਨੂੰ ਛੁਡਾਉਣ ਦਾ ਪੱਕਾ ਇਰਾਦਾ ਧਾਰ ਲਿਆ। ਲੋਪਾ ਆਪਣੇ ਆਪ ਨੂੰ ਕਹਿਣ ਲੱਗੀ, "ਮੈਂ ਅੰਨ੍ਹੀ ਨਹੀਂ ਹਾਂ, ਮੈਂ ਇੱਕ ਸੁਜਾਖੀ ਔਰਤ ਬਣਾਂਗੀ।" ਆਪਣੇ ਮਨ ਵਿੱਚ ਫੈਸਲਾ ਲਿਆ, ਦੇਸ਼ ਵਾਪਿਸ ਪਹੁੰਚਣ ਤੋਂ ਪਹਿਲਾਂ ਉਹ ਇੱਕ ਵੇਸਵਾਘਰ ਵਿੱਚ ਚਲੀ ਗਈ। ਉਸਨੂੰ ਗਿਆਨ ਸੀ, ਜੋ ਉਸ ਨਾਲ਼ ਭਵਿੱਖ ਵਿੱਚ ਵਾਪਰਨ ਵਾਲਾ ਹੈ, ਉਸ ਨੂੰ ਸਹਿਣ ਕਰਨ ਦੀ ਸਿਖਲਾਈ ਪਹਿਲਾਂ ਹੀ ਲੈ ਲਵਾਂ।

ਤਿੰਨ ਦਿਨ ਵੇਸਵਾਘਰ ਵਿੱਚ ਬਿਤਾਉਣ ਤੋਂ ਬਾਅਦ, ਵਾਪਸੀ ਜਹਾਜ਼ ਵਿੱਚ ਸਵਾਰ ਹੋ ਗਈ। ਤੁਰੰਤ ਆਪਣੇ ਪਿੰਡ ਪਹੁੰਚੀ, ਬਾਕੀ ਵਚੇ ਮਾਂ-ਬਾਪ ਵੀ ਨਹੀਂ ਮਿਲੇ। ਜਾਣਬੁਝ ਕੇ ਦਾਇਸ਼ਾਂ ਦੇ ਹੱਥ ਲੱਗ ਗਈ। ਸ਼ਾਇਦ ਹੀ ਐਂਨੀ ਖੂਬਸੂਰਤ ਕੁੜੀ ਉਹਨਾਂ ਨੂੰ ਕਦੇ ਮਿਲੀ ਹੋਵੇਗੀ। ਦਾਇਸ਼ ਉਸਨੂੰ ਆਪਣੇ ਵੱਡੇ ਕੈਂਪ ਵਿੱਚ ਲੈ ਗਏ। ਉਸਦੀ ਸੁੰਦਰਤਾ ਨੂੰ ਦੇਖਕੇ ਉਸਨੂੰ ਤੁਰੰਤ ਸ਼ਿਖਰ ਕਮਾਂਡਰ ਗੁਲਦਾਦੀ ਦੇ ਸਾਹ-ਮਣੇ ਪੇਸ਼ ਕੀਤਾ ਗਿਆ। ਗੁਲਦਾਦੀ ਨੇ ਇੱਕ ਲੰਬੀ ਚੁੰਮੀ ਲੈਣ ਤੋਂ ਬਾਅਦ ਉਸਨੂੰ ਆਪਣੇ ਅਰਾਮਘਰ ਵਿੱਚ ਭੇਜ ਦਿੱਤਾ, ਆ-ਪਣੀਆਂ ਦੋ ਰੱਖਿਆ ਅਹਿਲਕਾਰਾਂ ਦੀ ਉਸ ਉੱਪਰ ਨਿਗਰਾਨੀ ਲਗਾ ਦਿੱਤੀ। ਲੋਪਾਂ ਨੂੰ ਇਸ਼ਨਾਨ ਕਰਵਾਇਆ ਗਿਆ। ਅੱਧੀ ਰਾਤ ਤੋਂ ਪਹਿਲਾਂ ਉਸਨੂੰ ਗੁਲਦਾਦੀ ਦੇ ਕਮਰੇ ਵਿੱਚ ਭੇਜ ਦਿੱਤਾ ਗਿਆ। ਉਸ ਵੱਡੇ ਕਮਰੇ ਵਿੱਚ ਦੋ ਨਿਰਵਸਤਰ ਕੁੜੀਆਂ ਪਹਿਲਾਂ ਹੀ ਸੀ। ਉਹ ਹੱਕੀ-ਬੱਕੀ ਰਹਿ ਗਈ, ਜਦੋਂ ਉਸਨੇ ਉਨ੍ਹਾਂ ਵਿੱਚ ਇੱਕ ਲੋਣੀਆ ਨੂੰ ਦੇਖਿਆ। ਲੋਪਾ ਨੇ ਮੂੰਹ ਤੇ ਉਂਗਲ ਰੱਖ ਕੇ ਲੋਣੀਆ ਵੱਲ ਇਸ਼ਾਰਾ ਕੀਤਾ। ਲੋਪਾ ਦੇ ਸਾਹਮਣੇ ਹੀ ਗੁਲਦਾਦੀ ਲੋਣੀਆ ਨਾਲ਼ ਮੂੰਹ ਕਾਮ ਵਾਸਨਾ ਕਰ ਰਿਹਾ ਸੀ। ਲੋਪਾ ਆਪਣੇ ਗੁੱਸੇ ਨੂੰ ਅੰਦਰੋ-ਅੰਦਰੀ ਪੀ ਰਹੀ ਸੀ।

ਤਿੰਨ ਦਿਨਾਂ ਬਾਅਦ ਇੱਕ ਜਜ਼ਦੀ ਕੁੜੀ ਨੇ ਖੁਦ-ਕੁਸ਼ੀ ਕਰ ਲਈ, ਕਿਉਂਕਿ ਵਾਸਨਾ ਦਾ ਤਸ਼ੱਦਦ ਉਸ ਲਈ ਅਸਿਹ ਹੋ ਗਿਆ ਸੀ। ਕਈ ਵਾਰ ਤਾਂ ਇੱਕ ਜਜ਼ਦੀ ਕੁੜੀ ਨੂੰ ਪੰਜ-ਪੰਜ ਦਾਇਸ਼ ਚਿੰਬੜ ਜਾਂਦੇ ਸਨ। ਲੋਪਾ ਨੇ ਗੁਲਦਾਦੀ ਦੀ ਵਫਾਦਾਰ ਹੋਣ ਦਾ ਨਾਟਕ ਰਚਾ ਲਿਆ। ਉਸਨੇ ਆਪਣੀ ਜ਼ਿੰਮੇਵਾਰੀ ਇਸ਼ਨਾਨ ਘਰ ਵਿੱਚ ਲਗਵਾ ਲਈ। ਜਦੋਂ ਉਹ ਨੌ-ਜਵਾਨ ਕੁੜੀਆਂ ਦੇ ਪਿੰਡਿਆਂ ਤੇ ਸਿਗਰਟਾਂ ਨਾਲ਼ ਮੱਚੇ ਹੋਏ ਅਤੇ ਦੰਦੀਆਂ ਵੱਢਣ ਦੇ ਜਖ਼ਮ ਦੇਖਦੀ ਤਾਂ ਉਸਦਾ ਖ਼ੂਨ ਖੌਲਣ ਲੱਗ ਜਾਂਦਾ ਸੀ। ਪਰ ਜੁਲਮ ਦੇ ਖਾਤਮੇ ਦਾ ਜਨੂੰਨ, ਇਹਨਾ ਜੁਲਮਾਂ ਨੂੰ ਸਹਿਣ ਕਰਨ ਦਾ ਰਸਤਾ ਬਣ ਜਾਂਦਾ ਸੀ। ਜਦੋਂ ਲੋਪਾਂ ਨੂੰ ਨਾਰੰਗੀ ਰੰਗ ਦੇ ਬਸਤਰ ਦੇਣ ਲਈ ਕਿਹਾ ਜਾਂਦਾ ਸੀ, ਤਾਂ ਉਹ ਛੁਪ ਕੇ ਹੰਝੂ ਬਹਾ ਲੈਂਦੀ ਸੀ ਕਿ ਅੱਜ ਫੇਰ ਲੋਕਾਂ ਦੀਆਂ ਗਰਦਨਾਂ ਵੱਢੀਆਂ ਜਾਣਗੀਆਂ। ਇੱਕ ਛੋਟੇ ਦਾਇਸ਼ ਨੂੰ ਭਰਮਾ ਕੇ ਉਸਨੇ ਇੱਕ ਏ.ਕੇ.47 ਹਾਸਿਲ ਕਰ ਲਈ, ਨਾਲ਼ ਗੋਲੀਆਂ ਦਾ ਭਰਿਆ ਥੈਲਾ ਵੀ ਲੈ ਲਿਆ। ਇੱਕ ਵੱਡਾ ਟੱਬ ਪਾਣੀ ਦਾ ਭਰ ਕੇ, ਉਸ ਵਿੱਚ ਗੋਲੀ ਚਲਾ ਕੇ ਦੇਖੀ ਗਈ। ਬਹੁਤ ਥੋੜਾ ਖੜਕਾ ਮਹਿਸੂਸ ਹੋਇਆ, ਬਾਕੀ ਇਸ਼ਨਾਨ ਘਰ ਨੂੰ ਚੰਗੀ ਤਰਾਂ ਅਵਾਜ਼ ਰੋਧਕ ਬਣਾ ਲਿਆ। ਲੋਪਾ ਨੂੰ ਜਜ਼ਦੀ ਔਰਤਾਂ ਦੇ ਚਰਿੱਤਰ ਦੇ ਮਾਨ ਸੀ, ਕਿ ਉਹ ਆਪਣੀ ਸੰਸਕ੍ਰਿਤੀ ਦੀ ਰੱਖਿਆ ਲਈ ਕੁਝ ਵੀ ਕਰ ਸਕਦੀਆਂ ਹਨ। ਬਾਕੀ ਉਸਨੂੰ ਉਸ ਦੀਆਂ ਦੋਵੇਂ ਭੈਣਾ ਮਿਲ ਚੁੱਕੀਆਂ ਸਨ। ਉਸਨੇ ਇਸ਼ਨਾਨ ਘਰ ਵਿੱਚ ਜਜ਼ਦੀ ਕੁੜੀਆਂ ਨੂੰ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ, ਗੋਲੀ ਚਲਾਉਣ ਤੋਂ ਲੈ ਕੇ ਮਾਰਸ਼ਲ ਆਰਟ ਵੀ ਸਿਖਾਇਆ। ਉਸਦੇ ਕੈਂਪ ਵਿੱਚ ਤਿੰਨ ਹਜ਼ਾਰ ਦੇ ਲਗਭਗ ਨੌਜਵਾਨ ਜਜ਼ਦੀ ਕੁੜੀਆਂ ਸਨ। ਬਹੁਤ ਸਾਰੇ ਦਾਇਸ਼ ਜਦੋਂ ਦਿਲ ਭਰ ਜਾਂਦਾ ਸੀ, ਆਪਣੇ ਕਬਜ਼ੇ ਵਾਲੀਆਂ ਕੁੜੀਆਂ ਨੂੰ ਮੰਡੀ ਤੇ ਵੇਚ ਦਿੰਦੇ ਸਨ, ਜਿਸ ਕਾਰਨ ਕੁਝ ਕੁੜੀਆਂ ਕੈਂਪ ਵਿੱਚੋਂ ਵਿੱਛੜ ਜਾਂਦੀਆਂ ਸਨ।

ਲੋਪਾ ਨੇ ਤਿੰਨ ਸੈਂਕੜੇ ਦੇ ਲਗਭਗ ਜਜ਼ਦੀ ਕੁੜੀਆਂ ਨੂੰ ਸੈਨਿਕ ਸਿਖਲਾਈ ਦੇ ਦਿੱਤੀ ਸੀ। ਜਿਸ ਦਿਨ ਦਾ ਉਸਨੂੰ ਇੰਤਜ਼ਾਰ ਸੀ, ਉਹ ਦਿਨ ਵੀ ਆ ਗਿਆ। ਅੱਜ ਰਾਤ ਉਸਨੇ ਆਪਣੀ ਹਾਜ਼ਰੀ ਗੁਲਦਾਦੀ ਕੋਲ ਭਰਨੀ ਸੀ। ਲੋਪਾ ਨੇ ਆਪਣੀਆਂ ਭੈਣਾਂ ਕੋਲ ਗੁਪਤ ਸੰਦੇਸ਼ ਭੇਜਿਆ, "ਅੱਜ ਰਾਤ ਨੂੰ ਇਸ਼ਨਾਨ ਘਰ ਚੋਂ ਸੁਰਖੀ (ਏ.ਕੇ.47) ਚੁੱਕ ਕੇ ਸਹੀ 11 ਵਜੇ ਦੋਵੇਂ ਬਕਰਿਆਂ (ਗਾਰਡਾਂ) ਦੇ ਲਗਾਉਣੀ ਹੈ, ਸਟੋਰ ਵਿੱਚੋਂ ਸਾਰੀਆਂ ਲਿਪਸਟਿਕਾਂ ਲੁੱਟ ਲੈਣੀਆਂ ਹਨ ਅਤੇ ਸਾਰੇ ਦਾਇਸ਼ਾ ਨੂੰ ਰੰਗਣਾ ਹੈ। ਮੈਂ ਆਪਣਾ ਕੰਮ ਕਰੂੰਗੀ।"

ਗੁਲਦਾਦੀ, ਲੋਪਾ ਦੀ ਖ਼ੂਬਸੂਰਤੀ ਅਤੇ ਕਾਮਮੁਦਰਾ ਦੇਖ ਕੇ ਪੂਰੇ ਜੋਸ਼ ਵਿੱਚ ਆ ਗਿਆ। ਹੋਰ ਨਸ਼ਾ ਕਰ ਲਿਆ, ਉੱਪਰ ਦੀ ਸਿਗਰਟ ਵਾਲ ਲਈ, ਜਿਉਂ ਹੀ ਬਲਦੀ ਸਿਗਰਟ ਉਸਨੇ ਲੋਪਾ ਵੱਲ ਵਧਾਈ, ਲੋਪਾ ਨੇ ਉਸਦੇ ਪਿਸ਼ਾਬ ਵਾਲੀ ਥਾਂ ਉੱਪਰ ਵੱਟ ਕੇ ਕਿੱਕ ਮਾਰੀ, ਗੁਲਦਾਦੀ ਦੇ ਗਸ਼ੀ ਪੈ ਗਈ, ਦੂਜੇ ਵਾਰ ਚ ਚਾਕੂ ਨਾਲ਼ ਉਸਨੂੰ ਪਾਰ ਬੁਲਾ ਦਿੱਤਾ।

ਉੱਧਰ ਫਰਾਤ ਅਤੇ ਲੋਣੀਆ ਨੇ ਅਸਲੇ ਖਾਨੇ ਤੇ ਧਾਵਾ ਬੋਲ ਦਿੱਤਾ ਸੀ। ਨੌਜਵਾਨ ਜਜ਼ਦੀ ਔਰਤਾਂ ਨੇ ਬੰਦੂਕਾਂ, ਹੱਥ ਗੋਲੇ ਲੁੱਟ ਲਏ ਸਨ। ਜਦੋਂ ਦਾਇਸ਼ਾਂ ਨੂੰ ਪਤਾ ਲੱਗਿਆ ਕਿ ਉਨ੍ਹਾਂ ਦਾ ਸਿਖਰਲਾ ਕਮਾਂਡਰ ਮਾਰਿਆ ਜਾ ਚੁੱਕਾ ਹੈ, ਉਨ੍ਹਾਂ ਵਿੱਚ ਭਾਜੜ ਪੈ ਗਈ। ਕੁਝ ਦਾਇਸ਼ ਉੱਚੀ-ਉੱਚੀ ਬੋਲ ਰਹੇ ਸਨ, "ਔਰਤਾਂ ਦੇ ਹੱਥੋਂ ਮਰਨਾ ਨਰਕਾਂ ਦੇ ਭਾਗੀਦਾਰ ਬਣਾਂਗੇ, ਭੱਜ ਚੱਲੋ।" ਸੈਂਕੜੇ ਦਾਇਸ਼ ਮਾਰੇ ਗਏ ਸਨ। ਨੌਜਵਾਨ ਜਜ਼ਦੀ ਔਰਤਾਂ ਅਜ਼ਾਦ ਸਨ। ਉਹਨਾਂ ਨੇ ਪੱਕੇ ਮੋਰਚੇ ਸੰਭਾਲ ਲਏ। ਦਾਇਸ਼ਾ ਦੀਆਂ ਲੋਥਾਂ ਨੂੰ ਖਿੱਚ-ਖਿੱਚ ਕੇ ਢੇਰ ਲਗਾ ਦਿੱਤਾ। ਕੁਝ ਸਮੇਂ ਬਾਅਦ ਅੰਗਰੇਜ਼ੀ ਫੌਜਾਂ ਉੱਥੇ ਪਹੁੰਚ ਗਈਆਂ। ਅੰਗਰੇਜ਼ੀ ਫੌਜ ਨੇ ਨੌਜਵਾਨ ਜਜ਼ਦੀ ਔਰਤਾਂ ਦੀ ਇੱਕ

# ਅਜ਼ਾਦ ਸੂਫ਼ੀ ਬਲਵੀਰ ਆਪਣੇ ਗੀਤ "ਐ ਮੁਲਕ ਮੇਰੇ" ਨਾਲ ਚਰਚਾ ਵਿੱਚ






ਗੁਰਿੰਦਰਜੀਤ ਨੀਟਾ ਮਾਛੀਕੇ

ਅਜ਼ਾਦ ਸੂਫ਼ੀ ਬਲਵੀਰ ਨੇ ਆਪਣਾ ਨਵਾਂ ਗੀਤ "ਐ ਮੁਲਕ ਮੇਰੇ" ਪਿਛਲੇ ਦਿਨੀਂ ਰਲੀਜ਼ ਕੀਤਾ 'ਤੇ ਮੈਨੂੰ ਵੱਟਸਐਪ ਜ਼ਰੀਏ ਸੁਣਨ ਲਈ ਭੇਜਿਆ। ਇਹ ਗੀਤ ਮੈਂ ਇੱਕ ਵਾਰ ਨਹੀਂ ਬਲਕਿ ਕਈ ਵਾਰੀ ਸੁਣਿਆ। ਮੈਨੂੰ ਲੱਗ ਰਿਹਾ ਸੀ ਜਿਵੇਂ ਬਲਵੀਰ ਸੂਫ਼ੀ ਇਸ ਗੀਤ ਰਾਹੀਂ ਮੇਰੇ ਜਜ਼ਬਾਤਾਂ ਦੀ ਤਰ-ਜ਼ਮਾਨੀ ਕਰ ਰਿਹਾ ਹੋਵੇ। ਇਹ ਗੀਤ ਹਰ ਸੱਚੇ ਸੁੱਚੇ ਭਾਰਤੀ ਦੇ ਦਿਲ ਦੀ ਹੂਕ ਹੈ। ਇਸ ਗੀਤ ਵਿੱਚ ਸ਼ਾਇਰ ਨੇ ਦੇਸ਼ ਪ੍ਰਤੀ ਆਪਣੇ ਪਿਆਰ ਨੂੰ ਭਾਰਤੀ ਸਿਆਸਤਦਾਨਾ ਨੂੰ ਨਿਹੋਰੇ ਮਾਰਕੇ ਵੱਖਰੇ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਇਸ ਗੀਤ ਜ਼ਰੀਏ ਦੇਸ਼ ਵਿੱਚ ਕਿਸਾਨ-ਮਜ਼ਦੂਰ ਦੇ ਹਲਾਤਾਂ ਤੇ ਨਿਵੇਕਲੇ ਢੰਗ ਨਾਲ ਚਾਨਣਾ ਪਾਇਆ ਗਿਆ ਹੈ। ਇਸ ਗੀਤ ਰਾਹੀਂ ਪ੍ਰਦੇਸ਼ਾਂ ਵੱਲ ਨੂੰ ਮੂੰਹ ਕਰ ਰਹੀ ਜਵਾਨੀ, ਨਸ਼ਿਆ ਦੇ ਵਗਦੇ ਦਰਿਆ ਤੇ ਚਿੰਤਾ ਪ੍ਰਗਟ ਕੀਤੀ ਗਈ ਹੈ। ਇਸ ਗੀਤ ਰਾਹੀਂ ਲੋਕਾਂ ਨੂੰ ਅੰਧ-ਵਿਸ਼ਵਾਸ, ਬੇਰੁਜ਼ਗਾਰੀ, ਰਿਸ਼ਵਤਖ਼ੋਰੀ ਆਦਿ ਖ਼ਿਲਾਫ਼ ਵੀ ਅੱਛੇ ਢੰਗ ਨਾਲ ਜਾਗੁਰਕ ਕੀਤਾ ਗਿਆ ਹੈ। ਗੱਲ ਕੀ ਉਹ ਹਰ ਵਿਛਾ ਜੋ ਨਸੂੜ ਬਣ ਦੇਸ਼ ਨੂੰ ਗਿਰਾਵਟ ਵੱਲ ਲਿਜਾ ਰਿਹਾ ਹੈ, ਨੂੰ ਬਾਖ਼ੂਬੀ ਛੋਇਆ ਗਿਆ ਹੈ। ਇਸ ਗੀਤ ਦੀ ਵੀਡੀਓ ਵੀ ਆਪਣੇ ਆਪ ਵਿੱਚ ਕਮਾਲ ਹੈ, ਇਸ ਵੀਡੀਓ ਦਾ ਨਿ-ਰਦੇਸ਼ਨ ਸੋਨੀ ਧਾਲੀਵਾਲ ਨੇ ਕੀਤਾ ਹੈ। ਇਸ ਗੀਤ ਦੀ ਵੀਡੀਓ ਵਿੱਚ ਮਲਕੀਤ ਰੌਣੀ, ਸਤਿੰਦਰ ਧੀਮਾਨ ਅਤੇ ਰਛਪਾਲ ਪੰਨੂੰ ਵਰਗੇ ਮੰਝੇ ਹੋਏ ਕਲਾਕਾਰਾਂ ਨੇ ਕੰਮ ਕਰਕੇ ਇਸਨੂੰ ਹੋਰ ਵੀ ਚਾਰ ਚੰਨ ਲਾਏ ਹਨ। ਇਸ ਗੀਤ ਨੂੰ 'ਸੂਫ਼ੀ ਬਲਵੀਰ ਮਿਊ-ਜ਼ਕਿ' ਚੈਨਲ ਦੁਆਰਾ ਰਲੀਜ਼ ਕੀਤਾ ਗਿਆ ਹੈ। ਮਿਊਜ਼ਕਿ, ਗੀਤਕਾਰੀ ਅਤੇ ਗਾਇਕੀ ਦਾ ਬਹੁਤ ਵਧੀਆ ਸੁਮੇਲ ਇਸ ਗੀਤ ਰਾਹੀਂ ਸੁਣਨ, ਵੇਖਣ ਨੂੰ ਮਿਲ ਰਿਹਾ ਹੈ।

ਅਜ਼ਾਦ ਬਲਵੀਰ ਸੂਫ਼ੀ ਨਾਲ ਮੇਰਾ ਵਾਹ ਪਿਛਲੇ ਕਰੀਬ ਇੱਕ ਦਹਾਕੇ ਤੋਂ ਹੈ। ਬਲਵੀਰ ਸੂਫ਼ੀ ਜਿਨਾਂ ਵਧੀਆਂ ਲਿਖਦਾ ਉਸਤੌ ਵਧੀਆ ਗਾਉਂਦਾ ਹੈ। ਆਪਣੇ ਨਰਮ ਸੁਭਾ ਕਰਕੇ ਉਹ ਹਰਇੱਕ ਨੂੰ ਆਪਣਾ ਬਣਾਉਣ ਦਾ ਹੁਨਰ ਰੱਖਦਾ ਹੈ। ਅਜ਼ਾਦ ਬਲਵੀਰ ਸੂਫ਼ੀ ਨੇ ਅੱਜ ਤੱਕ ਜੋ ਗਾਇਆ ਬੜਾ ਸਾਫ਼ ਸੁਥਰਾ ਅਤੇ ਮਿਆਰਾ ਗਾਇਆ, ਸਭ ਤੋਂ ਵੱਧ ਖੁਸ਼ੀ ਦੀ ਗੱਲ ਕਿ ਉਸਨੇ ਜ਼ਿਆਦਾਤਰ ਗੀਤ ਆਪਣੀ ਕਲਮ ਨਾਲ ਲਿਖੇ ਲੱਚਰਤਾ ਤੋਂ ਕੋਹਾਂ ਦੂਰ ਗਾਏ। ਉਸਦੇ ਹਰ ਗੀਤ ਵਿੱਚ ਕੋਈ ਨਾ ਕੋਈ ਉਦੇਸ਼ ਛੁਪਿਆ ਹੁੰਦਾ ਹੈ। ਅਜ਼ਾਦ ਸੂਫ਼ੀ ਬਲਵੀਰ ਦੀਆਂ ਹੁਣ ਤੱਕ 23 ਦੇ ਕਰੀਬ ਐਲਬਮ ਅਤੇ ਸਿੰਗਲ ਟ੍ਰੈਕ ਆ ਚੁੱਕੇ ਹਨ। ਪਿੱਛੇ ਜਿਹੇ ਉਹਨਾਂ ਦੀ ਸ਼ਾਇਰੋ ਸ਼ਾਇਰੀ ਦੀ ਕਿਤਾਬ 'ਨਿੱਕਾ ਜਿਹਾ ਕੰਮ' ਵੀ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣੀ। ਇਹ ਕਿਤਾਬ ਆਪਾਂ ਫਰਿਜ਼ਨੋ ਵਿਖੇ ਰਲੀਜ਼ ਵੀ ਕੀਤੀ ਸੀ। ਇਸ ਤੋਂ ਇਲਾਵਾ ਅਜ਼ਾਦ ਸੂਫ਼ੀ ਬਲਵੀਰ ਦੁਨੀਆਂ ਦੇ ਤਕਰੀਬਨ ਵੀਹ ਦੇਸ਼ਾਂ ਵਿੱਚ ਸਫਲ ਸਟੇਜ ਸ਼ੋਅ ਵੀ ਕਰ ਚੁੱਕਾ ਹੈ। ਅਜ਼ਾਦ ਸੂਫ਼ੀ ਬਲਵੀਰ ਫ਼ੋਨ ਤੇ ਆਪਣੇ ਨਵੇਂ ਗੀਤ "ਐ ਮੁਲਕ ਮੇਰੇ" ਬਾਰੇ ਗੱਲ ਕਰਦਾ ਕਰਦਾ ਭਾਵੁੱਕ ਵੀ ਹੋ ਗਿਆ ਅਤੇ ਕਹਿਣ ਲੱਗਾ ਨੀਟੇ ਬਾਈ ਇਹ ਗੀਤ ਮੇਰਾ ਅੱਜ ਤੱਕ ਦਾ ਸਭ ਤੋ ਬੇਹਿਤਰੀਨ ਗੀਤ ਹੈ, ਇਸਨੂੰ ਸੁਣਕੇ ਜੋ ਤੈਨੂੰ ਚੰਗਾ ਲੱਗੇ ਲਿਖਕੇ ਸ਼ੇਅਰ ਕਰ ਦੇਵੀ, ਮੈਂ ਆਪਣੇ ਦਿਲ ਦੇ ਵਲਵਲੇ ਇਸ ਗੀਤ ਰਾਹੀਂ ਲਿੱਖ ਦਿੱਤੇ ਹਨ, ਹੁਣ ਅੱਗੇ ਇਸ ਨੂੰ ਸ਼ੇਅਰ ਕਰਕੇ ਲੋਕਾਂ ਤੱਕ ਪਹੁੰਚਾਉਣਾ ਤੁਹਾਡੀ ਜ਼ੁੰਮੇਵਾਰੀ ਹੈ। ਸੋ ਮੇਰੀ ਸਾਰੇ ਪੰਜਾਬੀਆਂ ਨੂੰ ਬੇਨਤੀ ਹੈ ਕਿ ਇਸ ਗੀਤ ਨੂੰ ਵੱਧ ਤੋਂ ਵੱਧ ਸ਼ੇਅਰ ਕਰਕੇ ਆਪਣਾ ਫਰਜ ਨਿਭਾਈਏ 'ਤਾਂ ਜੋਅੱਗੇ ਤੋਂ ਵੀ ਅਜ਼ਾਦ ਸੂਫ਼ੀ ਬਲਵੀਰ ਵਰਗੇ ਫ਼ਨਕਾਰ ਸਾਡੀ ਅਵਾਜ਼ ਬਣਕੇ ਇਹੋ ਜਿਹੇ ਮਿਆਰੀ ਗੀਤ ਲੋਕਾਂ ਨੂੰ ਜਾਗੁਰਕ ਕਰਨ ਲਈ ਲਿੱਖਦੇ ਰਹਿਣ। ਮੇਰੀ ਰੱਬ ਅੱਗੇ ਦੁਆ ਕਿ ਅਜ਼ਾਦ ਸੂਫ਼ੀ ਬਲਵੀਰ ਦੀ ਕਲਮ ਪੰਜਾਬੀਆਂ ਦੀ ਤਰਜ਼ਮਾਨੀ ਕਰਦੀ ਅਰੁੱਕ ਚੱਲਦੀ ਰਹੇ।

# ਨੀਰਜ ਚੌਪੜਾ ਨੂੰ ਕਰੌੜਾਂ ਨਾਲ ਮਾਲੋ-ਮਾਲ ਕਰਨਾ ਖੇਡਾਂ ਲਈ ਸ਼ੁਭ ਸੰਕੇਤ




ਮੇਜਰ ਸਿੰਘ ਨਾਭਾ
91-94635-53962

ਉਲੰਪਿਕ ਖੇਡਾਂ ਦੀ ਟੋਕੀਉ ਵਿੱਚ ਸਮਾਪਤੀ ਸਮਾਰੋਹ 'ਚ ਭਾਰਤ ਦੀ ਸਮੂਲੀਅਤ ਮਾਣ ਵਾਲੀ ਗੱਲ ਹੈ।ਨੀਰਜ ਚੌਪੜਾ ਨੇ ਜੈਵਲੀਅਨ ਥਰੋਅ ਮੁਕਾਬਲੇ ਵਿੱਚ ਸੋਨੇ ਦਾ ਤਗਮਾ ਜਿੱਤ ਕੇ ਦੇਸ਼ ਦਾ ਨਾਂ ਉੱਚਾ ਕੀਤਾ ਹੈ ਉਥੇ ਦੇਸ਼ ਅੰਦਰ ਕਈ ਰਾਜਾਂ, ਸੰਸਥਾਵਾਂ ਆਦਿ ਵਲੋਂ ਕਰੌੜਾਂ ਰੁਪਏ ਦਾ ਐਲਾਨ ਕਰਕੇ ਖਿਡਾਰੀਆਂ ਲਈ ਖੇਡਾਂ ਦੀ ਮਹੱਤਤਾ ਨੂੰ ਵਧਾਇਆ ਹੈ।ਇਹ ਖੇਡਾਂ ਪ੍ਰਤੀ ਬੱਚਿਆਂ ਦੀ ਰੁਚੀ ਵਧਾਉਣ ਦਾ ਵਧੀਆ ਉਪਰਾਲਾ ਹੈ। ਜੇਕਰ ਹਾਕੀ ਦੀ ਗੱਲ ਕਰੀਏ ਤਾਂ ਪੁਰਸ਼ ਅਤੇ ਮਹਿਲਾ ਹਾਕੀ ਟੀਮਾਂ ਦਾ ਵਧੀਆ ਪ੍ਰਦਰਸ਼ਨ ਰਿਹਾ ।ਲੜਕੀਆਂ ਨੇ ਸੈਮੀ ਫਾਈਨਲ ਤੱਕ ਜਾਨ ਲਾ ਕੇ ਖੇਡਿਆ,ਇਸੇ ਤਰ੍ਹਾਂ ਪੁਰਸ਼ਾਂ ਦੀ ਟੀਮ ਨੇ 41 ਸਾਲ ਬਾਅਦ ਭਾਰਤ ਨੂੰ ਕਾਂਸ਼ੀ ਦਾ ਤਗਮਾ ਦਿਵਾ ਕੇ ਦੇਸ਼ ਦਾ ਨਾਂ ਉੱਚਾ ਕੀਤਾ। ਕਈ ਖਿਡਾਰੀਆਂ ਦੇ ਜਾਤਾਂ ਪ੍ਰਤੀ ਮਾੜੀ ਸੋਚ ਰੱਖਣ ਵਾਲਿਆਂ ਨੇ ਕਿੰਤੂ-ਪ੍ਰੰਤੂ ਕਰਕੇ ਦੇਸ਼ ਅੰਦਰ ਮਾੜੇ ਤੱਤਾਂ ਦੀ ਮੌਜੂਦਗੀ ਦਾ ਪ੍ਰਗਟਾਵਾ ਤਾਂ ਕੀਤਾ ਹੀ ਹੈ ਸਗੋਂ ਕਈ ਸ਼ੰਕੇ ਪੈਦਾ ਕੀਤੇ ਹਨ।ਹਾਕੀ ਟੀਮ ਦੀ ਖਿਡਾਰਣ ਵੰਦਨਾ ਕਟਾਰੀਆ ਦੇ ਘਰ ਸਾਹਮਣੇ ਉੱਚ ਜਾਤੀ ਕੁਝ ਵਿਅਕਤੀਆਂ ਵਲੋਂ ਖਰੂਦ ਪਾਉਣਾ ਅਤੇ ਜਾਤੀਸੂਚਕ ਸ਼ਬਦਾਵਲੀ ਵਰਤਣਾ ਕਿੰਨੀ ਕੁ ਸਮਝਦਾਰੀ ਹੈ , ਸਰਕਾਰ ਨੂੰ ਸ਼ਰਮਸਾਰ ਕਰਨ ਵਾਲੀ ਗੱਲ ਹੈ। ਇਹੋ ਜਿਹੇ ਨਫਰਤ ਭਰੇ ਮਾਹੌਲ ਨੂੰ ਜਨਮ ਦੇਣ ਵਾਲਿਆਂ ਪ੍ਰਤੀ ਸਰਕਾਰ ਨੂੰ ਤੁਰੰਤ ਸਖਤ ਕਾਰਵਾਈ ਕਰਕੇ ਹੋਰਾਂ ਲਈ ਵੀ ਚੇਤਾਵਨੀ ਦੇਣੀ ਬਣਦੀ ਹੈ। ਸਰਮਾਏਦਾਰੀ ਦਾ ਹਰੇਕ ਖੇਤਰ ਤੇ ਭਾਰੂ ਹੋਣਾ ਦੇਸ਼ ਦੀ ਤਰੱਕੀ ਲਈ ਚੰਗਾ ਨਹੀਂ।

ਖੇਡ ਮੈਦਾਨ ਵਿੱਚੋਂ ਬਹੁਤ ਸਾਰੀਆਂ ਚੰਗੀਆਂ ਗੱਲਾਂ ਦਾ ਪਤਾ ਲੱਗਦਾ ਹੈ ਜਿਨ੍ਹਾਂ 'ਚੋਂ ਅਨੁਸ਼ਾਸ਼ਨ ਅਤੇ ਸਹਿਣਸ਼ੀਲਤਾ ਪ੍ਰਮੁੱਖ ਹਨ। ਅੰਤਰਰਾਸ਼ਟਰੀ ਪੱਧਰ ਦੀਆਂ ਟੀਮਾਂ ਵਿੱਚ ਵੱਖੋ-ਵੱਖਰੇ ਸੂਬਿਆਂ ਦੇ ਖਿਡਾਰੀ ਹੋਣ ਦੇ ਬਾਵਜੂਦ ਉਹ ਪੂਰੇ ਤਾਲਮੇਲ ਨਾਲ ਖੇਡਦੇ ਹਨ।ਉਹ ਆਪਸ ਵਿੱਚ ਭਰਾਵਾਂ ਵਾਂਗ ਰਹਿੰਦੇ ਹਨ।ਇਸ ਤਰ੍ਹਾਂ ਦੇਸ਼ ਦੀ ਰਾਸ਼ਟਰੀ ਏਕਤਾ ਵਿੱਚ ਮਜਬੂਤੀ ਆਉਂਦੀ ਹੈ।ਇਹ ਇਨ੍ਹਾਂ ਮੈਚਾਂ 'ਚ ਭਾਰਤੀ ਹਾਕੀ ਟੀਮਾਂ ਨੇ ਕਰਕੇ ਵੀ ਦਿਖਾਇਆ ਹੈ।

ਅੱਜ ਕੱਲ ਪੜ੍ਹਾਈ ਦੇ ਨਾਲ ਖੇਡਾਂ ਨੂੰ ਜੌੜ ਕੇ ਪੜ੍ਹਾਇਆ ਜਾਣ ਲੱਗਾ ਹੈ ।ਬੱਚੇ ਦੀ ਮੁਢਲੀ ਪ੍ਰਬਿਰਤੀ ਆਮ ਤੌਰ ਤੇ ਖੇਡਣ ਨਾਲ ਜੁੜੀ ਹੁੰਦੀ ਹੈ। ਸ਼ੁਰੂ ਤੋਂ ਹੀ ਬੱਚੇ ਲਈ ਸਭ ਤੋਂ ਪਹਿਲਾਂ ਉਸ ਦਾ ਮਨ ਪਰਚਾਉਣ ਲਈ ਖਿਡਾਉਣਿਆਂ ਦਾ ਸਹਾਰਾ ਲਿਆ ਜਾਂਦਾ ਸੀ,ਇਹ ਹੁਣ ਵੀ ਲਿਆ ਜਾਂਦਾ ਹੈ ,ਜਿਸ ਨੂੰ ਹੁਣ ਪਲੇ ਸਕੂਲ ਨੇ ਪੜ੍ਹਾਉਣ ਲਈ ਵਰਤਨਾ ਸ਼ੁਰੂ ਕਰ ਦਿੱਤਾ ਹੈ । ਇਹ ਖੇਡਾਂ ਦਿਮਾਗੀ ਵਿਕਾਸ ਦੇ ਨਾਲ ਸਰੀਰਕ ਵਿਕਾਸ ਲਈ ਵੀ ਜਰੂਰੀ ਹਨ।ਜ਼ਿੰਦਗੀ ਵਿੱਚ ਖੇਡਾਂ ਨਾਲ ਮਨ ਦੀ ਖੁਸ਼ੀ ਦਾ ਅਨੋਖਾ ਅਹਿਸਾਸ ਹੁੰਦਾ ਹੈ।ਇਸੇ ਲਈ ਗੁਰੂ ਸਾਹਿਬਾਨ ਨੇ ਆਖਿਆ ਹੈ ,ਉਨਚਣੁ ਕੁਦਣੁ ਮਨ ਕਾ ਚਾਉ"। ਸੋ ਖੇਡਾਂ ਖੇਡਣਾ ਜ਼ਿੰਦਗੀ ਦਾ ਅਹਿਮ ਅੰਗ ਹੈ। ਸਰੀਰਕ ਤੰਦਰੁਸਤੀ ਬਾਰੇ ਕਿਸੇ ਨੇ ਠੀਕ ਹੀ ਕਿਹਾ ਹੈ ਕਿ,ਉਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਦਿਮਾਗ ਹੁੰਦਾ ਹੈ"।ਇਸ ਲਈ ਦੇਸ਼ ਦੇ ਬੱਚਿਆਂ ਦੀ ਸਿਹਤ ਵੱਲ ਉਚੇਚਾ ਧਿਆਨ ਦੇਣਾ ਪਵੇਗਾ ਤਾਂ ਹੀ ਉਨ੍ਹਾਂ ਦੇ ਦਿਮਾਗ ਤੰਦਰੁਸਤ ਹੋਣਗੇ।ਅੱਜ ਦੀ ਇਸ ਪਨੀਰੀ ਨੇ ਕੱਲ੍ਹ ਦੇ ਨੇਤਾ ਬਣਨਾ ਹੈ ਅਤੇ ਦੇਸ਼ ਨੂੰ ਉੱਚੀਆਂ ਬੁਲੰਦੀਆਂ ਤੇ ਲਿਜਾਣਾ ਹੈ। ਇਹ ਸਭ ਤਾਂ ਹੀ ਹੋ ਸਕਦਾ ਹੈ ਜੇ ਦੇਸ਼ ਦਾ ਦਿਮਾਗ ਭਾਵ ਸਾਡੇ ਦੇਸ਼ ਦੇ ਨੇਤਾਵਾਂ ਦਾ ਦਿਮਾਗ ਤੰਦਰੁਸਤ ਹੋਵੇਗਾ। ਬੱਚਿਆਂ ਅੰਦਰ ਖੇਡਾਂ ਪ੍ਰਤੀ ਰੁਚੀ ਘਟਦੀ ਜਾ ਰਹੀ ਹੈ।ਟੈਲੀਵੀਜ਼ਨ ਅਤੇ ਕੇਬਲ ਟੀ.ਵੀ., ਮੋਬਾਇਲ ਆਦਿ ਨੇ ਬੱਚਿਆਂ ਦੇ ਖੇਡ ਸਮੇਂ ਨੂੰ ਨਿਗਲਣਾ ਸ਼ੁਰੂ ਕੀਤਾ ਹੋਇਆ ਹੈ। ਕੋਰੋਨਾ ਕਾਰਨ ਪਿਛਲੇ ਲੰਬੇ ਸਮੇਂ ਤੋਂ ਸਕੂਲ ਬੰਦ ਪਏ ਹਨ। ਬੱਚੇ ਘਰ ਤੋਂ ਹੀ ਮੋਬਾਇਲ ਰਾਹੀਂ ਸਕੂ.ਲ ਦੀ ਪੜ੍ਹਾਈ ਕਰਨ ਲਈ ਮਜਬੂਰ ਹਨ, ਸਿੱਖਿਆ ਵਿਭਾਗ ਭਾਵੇਂ ਕਾਗਜ਼ਾਂ 'ਚ ਵਿਖਾਵਾ ਬਹੁਤ ਕਰ ਰਿਹਾ ਹੈ ਪਰ ਜਿਆਦਾਤਰ ਬੱਚੇ ਜੋ ਪਿੰਡਾਂ ਦੇ ਹਨ ਉਨ੍ਹਾਂ ਦੇ ਮਾਪੇ ਜਾਗਰੂਕ ਨਹੀਂ, ਨਾ ਹੀ ਉਹ ਆਪਣੇ ਬੱਚਿਆਂ ਨੂੰ ਮਹਿੰਗੇ ਮੋਬਾਈਲ ਹੀ ਖਰੀਦ ਕੇ ਲੈ ਸਕਦੇ ਹਨ। ਸੋ ਇਸ ਤਰ੍ਹਾਂ ਅਧਿਆਪਕਾਂ ਵਲੋਂ ਭਾਵੇਂ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਉਹ ਵੀ ਕਿਸੇ ਹੱਦ ਤੱਕ ਬੇਵਸ਼ ਹੋਣ ਲਈ ਮਜਬੂਰ ਜਾਪਦੇ ਹਨ। ਖੇਡਾਂ ਦੇ ਸਾਰੇ ਕਾਰਜ ਠੱਪ ਪਏ ਹਨ ਜਿਸ ਦਾ ਬੱਚਿਆਂ ਦੀ ਜ਼ਿੰਦਗੀ ਦੇ ਅਹਿਮ ਪਹਿਲੂ ਤੇ ਬੁਰਾ ਪ੍ਰਭਾਵ ਜਰੂਰ ਪਵੇਗਾ।ਹੁਣ ਸਕੂਲ ਖੋਲ੍ਹੇ ਗਏ ਹਨ ਪਰ ਸਕੂਲਾਂ 'ਚ ਬੱਚਿਆਂ ਦੇ ਕੋਰੋਨਾ ਟੈਸਟ ਪਾਜ਼ੇਟਿਵ ਆ ਰਹੇ ਹਨ , ਕੋਰੋਨਾ ਡਰ ਕਈ ਤਰ੍ਹਾਂ ਦੇ ਪ੍ਰਸ਼ਨ ਖੜ੍ਹੇ ਕਰ ਰਿਹਾ ਹੈ।

ਖੇਡਾਂ ਦੇਸ਼ ਦੀ ਨੌਜਵਾਨੀ ਦੀ ਊਰਜਾ ਨੂੰ ਚੰਗੇ ਪਾਸੇ ਲਾਉਣ ਲਈ ਇੱਕ ਅਹਿਮ ਸਾਧਨ ਹਨ।ਬਹੁਤ ਸਾਰੇ ਅੰਤਰ-ਰਾਸਟਰੀ ਖਿਡਾਰੀਆਂ ਨੇ ਸਾਡੇ ਦੇਸ਼ ਦਾ ਨਾਂ ਦੁਨੀਆਂ ਵਿੱਚ ਰੋਸ਼ਨ ਕੀਤਾ ਹੈ। ਹੁਣੇ ਹੀ ਹਾਕੀ ਟੀਮ ਨੇ ਕਾਂਸ਼ੀ ਦਾ ਤਗਮਾ ਜਿੱਤ ਕੇ ਖੇਡਾਂ ਵਿੱਚ ਨਵੀਂ ਥਾਂ ਬਣਾਈ ਹੈ। ਇਸ ਟੀਮ ਵਿੱਚ ਬਹੁਤਾਤ ਖਿਡਾਰੀ ਪੰਜਾਬ ਦੇ ਹਨ , ਇਸ ਲਈ ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਕੇ ਹੋਰ ਵੀ ਵਧੀਆ ਪ੍ਰਾਪਤੀਆਂ ਦੀਆਂ ਸੰਭਾਵਨਾਵਾਂ ਹਨ। ਜਲੰਧਰ ਵਿਖੇ ਸੁਰਜੀਤ ਹਾਕੀ ਅਕੈਡਮੀ ਨੇ ਹਾਕੀ ਦੀ ਪਨੀਰੀ ਤਿਆਰ ਕਰਨ ਲਈ ਅਹਿਮ ਰੋਲ ਨਿਭਾਇਆ ਹੈ ਜਿਸ ਸਦਕਾ ਹਾਕੀ ਦੇ ਅੱਠ ਖਿਡਾਰੀ ਅਕੈਡਮੀ ਵਲੋਂ ਭਾਰਤੀ ਹਾਕੀ ਟੀਮ ਨੂੰ ਦੇਣ ਦਾ ਮਾਣ ਪ੍ਰਾਪਤ ਹੋਇਆ ਹੈ , ਜੋ ਪੰਜਾਬ ਸਰਕਾਰ ਲਈ ਭਵਿੱਖ 'ਚ ਖੇਡਾਂ ਲਈ ਸ਼ੁਭ ਸ਼ਗਨ ਹੋਵੇਗਾ। ਸਰਕਾਰ ਨੂੰ ਉਸਾਰੂ ਰਵਈਆ ਰੱਖ ਕੇ ਹੋਰ ਵਧੀਆ ਪ੍ਰਾਪਤੀਆਂ ਕਰਨ 'ਚ ਮੋਹਰੀ ਹੋਣ ਲਈ ਹੋਰ ਖੇਡਾਂ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਪਵੇਗਾ ਅਤੇ ਖਿਡਾਰੀਆਂ ਨੂੰ ਹੋਰ ਵਧੇਰੇ ਸਹੂਲਤਾਂ ਦੇ ਕੇ ਮੁਕਾਬਲੇ ਦੇ ਖਿਡਾਰੀ ਬਣਾਉਣੇ ਪੈਣਗੇ, ਜਿਸ ਨਾਲ ਪੰਜਾਬ ਦੇ ਜਵਾਨ ਨਸ਼ਿਆਂ ਨੂੰ ਤਿਲਾਂਜਲੀ ਦੇ ਕੇ ਵਧੀਆ ਜ਼ਿੰਦਗੀ ਜਿਊਣ ਦੇ ਸੁਪਨੇ ਲੈਣੇ ਸ਼ੁਰੂ ਕਰਨਗੇ।

ਬੱਚਿਆਂ ਨੂੰ ਖੇਡਾਂ ਵੱਲ ਰੁਚਿਤ ਕਰਨ ਲਈ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਖੇਡ ਮੁਕਾਬਲਿਆ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।ਬੱਚਾ ਕੱਚੀ ਕਲੀ ਵਾਂਗ ਹੁੰਦਾ ਹੈ, ਉਸ ਨੂੰ ਜਿਧਰ ਮਰਜ਼ੀ ਮੋੜ ਲਵੋ।ਖੇਡਾਂ ਵਿੱਚ ਰਾਸਟਰੀ, ਅੰਤਰ ਰਾਸਟਰੀ ਪੱਧਰ ਦੀਆਂ ਪ੍ਰਾਪਤੀਆਂ ਵਾਲੇ ਖਿਡਾਰੀਆਂ ਦੀਆਂ ਜੀਵਨੀਆਂ ਵੱਧ ਤੋਂ ਵੱਧ ਸਿਲੇਬਸ ਵਿੱਚ ਸਾਮਲ ਕਰਕੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਲਾਹੇਵੰਦ ਹੋ ਸਕਦੀਆਂ ਹਨ।ਖੇਡ ਵਿਭਾਗ ਨੂੰ ਵੀ ਬੱਚਿਆ ਲਈ ਖੇਡ ਸਹੂਲਤਾਂ ਪ੍ਰਦਾਨ ਕਰਨ ਵਿੱਚ ਖੁੱਲ੍ਹਦਿਲੀ ਦਿਖਾਉਣੀ ਚਾਹੀਦੀ ਹੈ।ਭਾਵੇਂ ਸਕੂਲਾਂ ਵਿੱਚ ਸਰੀਰਕ ਸਿੱਖਿਆ ਦਾ ਵਿਸ਼ਾ ਲਾਜ਼ਮੀ ਤੌਰ'ਤੇ ਸ਼ੁਰੂ ਹੋ ਚੁੱਕਾ ਹੈ।

ਪਰ ਬਹੁਤੇ ਸਕੂਲਾਂ ਵਿੱਚ ਬੱਚੇ ਇਸ ਵਿਸ਼ੇ ਦੀ ਥਿਊਰੀ ਨੂੰ ਪੜ੍ਹਨ ਤੱਕ ਸੀਮਤ ਰਹਿੰਦੇ ਹਨ, ਪ੍ਰੈਕਟੀਕਲ ਅੰਕ ਜੋ ਅੱਧ ਤੋਂ ਵੱਧ ਹੁੰਦੇ ਹਨ, ਲਈ ਖੇਡਾਂ ਖਿਡਾਈਆਂ ਹੀ ਨਹੀਂ ਜਾਂਦੀਆਂ, ਸਗੋਂ ਐਵੇਂ ਹੀ ਪ੍ਰੈਕਟੀਕਲ ਦੇ ਅੰਕ ਖਾਨਾ-ਪੂਰਤੀ ਕਰਕੇ ਲਗਾ ਦਿੱਤੇ ਜਾਂਦੇ ਹਨ। ਮੈਟ੍ਰਿਕ ਦੀ ਪ੍ਰੀਖਿਆ ਵਿੱਚ ਬੋਰਡ ਵਲੋਂ ਪੇਪਰ ਤਾਂ ਸਰੀਰਕ ਸਿੱਖਿਆ ਦਾ ਲਿਆ ਜਾਂਦਾ ਹੈ, ਪਰ ਕੁੱਲ ਅੰਕਾਂ ਵਿੱਚ ਇਸ ਵਿਸ਼ੇ ਦੇ ਅੰਕਾਂ ਨੂੰ ਜੌੜਿਆ ਨਹੀਂ ਜਾਂਦਾ, ਜੋ ਕਿ ਖਿਡਾਰੀ ਵਿਦਿਆਰਥੀਆਂ ਲਈ ਬੇਇਨਸਾਫੀ ਹੈ। ਸੋ ਇਸ ਵਿਸ਼ੇ ਦੇ ਅੰਕਾਂ ਨੂੰ ਕੁੱਲ ਅੰਕਾਂ ਵਿੱਚ ਜੌੜ ਕੇ ਵਿਚਾਰਨ ਨਾਲ ਬੱਚਿਆ ਦੀ ਖੇਡਾਂ ਪ੍ਰਤੀ ਰੁਚੀ ਜ਼ਰੂਰ ਵਧੇਗੀ।

# ਤਾਲਿਬਾਨ ਨੇ ਮਹਿਲਾ ਐਂਕਰ 'ਤੇ ਲਾਇਆ ਬੈਨ, ਹੁਣ ਸਰਕਾਰੀ ਟੀਵੀ ਚੈਨਲ 'ਤੇ ਨਜ਼ਰ ਆਉਣਗੇ ਤਾਲਿਬਾਨੀ ਐਂਕਰ



**ਕਾਬੁਲ-** ਅਫ਼ਗਾਨਿਸਤਾਨ 'ਤੇ ਕਬਜ਼ੇ ਤੋਂ ਬਾਅਦ ਤਾਲਿਬਾਨ ਨੇ ਮੰਗਲਵਾਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਜਿੱਥੇ ਔਰਤਾਂ ਦੇ ਹਿੱਤਾਂ ਦੀ ਰੱਖਿਆ ਦੀ ਗੱਲ ਕੀਤੀ, ਉੱਥੇ ਹੀ ਦੂਸਰੇ ਪਾਸੇ ਦੁ-ਨੀਆ ਨੂੰ ਵੀ ਯਕੀਨ ਦਿਵਾਇਆ ਕਿ ਅਫ਼ਗਾਨਿਸਤਾਨ 'ਚ ਸ਼ਾਂਤੀ ਕਾਇਮ ਕੀਤੀ ਜਾਵੇਗੀ ਤੇ ਕਾਨੂੰਨ ਵਿਵਸਥਾ 'ਚ ਸੁਧਾਰ ਲਿਆਂਦਾ ਜਾਵੇਗਾ, ਪਰ ਦੂਸਰੇ ਪਾਸੇ ਤਾਲਿਬਾਨ ਨੇ ਅਫ਼ਗਾਨਿ-ਸਤਾਨ 'ਚ ਮਹਿਲਾ ਨਿਊਜ਼ ਐਂਕਰ ਨੂੰ ਬੈਨ ਕਰ ਦਿੱਤਾ ਹੈ। ਸਰਕਾਰੀ ਨਿਊਜ਼ ਚੈਨਲ ਦੀ ਮਹਿਲਾ ਨਿਊਜ਼ ਐਂਕਰ ਨੂੰ ਤਾਲਿਬਾਨ ਨੇ ਤੁਰੰਤ ਪੈਰਭਾਵ ਨਾਲ ਨੌਕਰੀ ਤੋਂ ਹਟਾ ਦਿੱਤਾ ਹੈ। ਉੱਥੇ ਹੀ ਦੂਸਰੇ ਪਾਸੇ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਤੋਂ ਇਹ ਜਾਣਕਾਰੀ ਮਿਲੀ ਹੈ ਕਿ ਅਮਰੀਕੀ ਫ਼ੌਜ ਨੇ ਫਿਲਹਾਲ ਅਫ਼ਗਾਨਿਸਤਾਨ ਤੋਂ 3200 ਲੋਕਾਂ ਨੂੰ ਸੁਰੱਖਿਅਤ ਕੱਢ ਲਿਆ ਹੈ ਤੇ ਹਾਲੇ ਵੀ ਕੁਝ ਅਮਰੀਕੀ ਨਾ-ਗਰਿਕ ਅਫ਼ਗਾਨਿਸਤਾਨ 'ਚ ਫਸੇ ਹੋਏ ਹਨ।

ਜਾਣਕਾਰੀ ਮੁਤਾਬਕ ਅਫ਼ਗਾਨਿਸਤਾਨ 'ਚ ਹੁਣ ਸਰਕਾਰੀ ਟੀਵੀ ਚੈਨਲ 'ਤੇ ਤਾਲਿਬਾਨੀ ਐਂਕਰ ਟੀਵੀ 'ਤੇ ਖਬਰਾਂ ਪੜੈਹਦੇ ਨਜ਼ਰ ਆਉਣਗੇ। ਤਾਲਿਬਾਨ ਨੇ ਆਪਣੇ ਟੀਵੀ ਨਿਊਜ਼ ਚੈਨਲ ਤੋਂ ਖਦੀਜਾ ਅਮੀਨਾ ਨਾਂ ਦੀ ਇਕ ਮਹਿਲਾ ਨਿਊਜ਼ ਐਂਕਰ ਨੂੰ ਹਟਾ ਦਿੱਤਾ ਹੈ, ਜਦਕਿ ਇਕ ਦਿਨ ਪਹਿਲਾਂ ਤਾਲਿਬਾਨ ਨੇ ਪੈਰੈੱਸ ਕਾਨਫਰੰਸ ਕਰ ਕੇ ਦਾਅਵਾ ਕੀਤਾ ਸੀ ਕਿ ਔਰਤਾਂ ਦੇ ਹਿੱਤਾਂ ਦੀ ਰੱਖਿਆ ਹੋਵੇਗੀ। ਤਾਲਿਬਾਨ ਹੁਣ ਕਹਿ ਰਿਹਾ ਹੈ ਕਿ ਸਿਰਫ ਸ਼ਰੀਅਤ ਕਾਨੂੰਨ ਦੇ ਹਿਸਾਬ ਨਾਲ ਹੀ ਔਰਤਾਂ ਨੂੰ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਸਰਕਾਰੀ ਨਿਊਜ਼ ਚੈਨਲ ਦੀ ਨੌਕਰੀ ਤੋਂ ਹਟਾਉਣ ਮਗਰੋਂ ਅਫ਼ਗਾਨ ਨਿਊਜ਼ ਐਂਕਰ ਖਦੀਜਾ ਅਮੀਨਾ ਨੇ ਕਿਹਾ,"ਮੈਂ ਕੀ ਕਰਾਂਗੀ, ਅਗਲੀ ਪੀੜੀ ਕੋਲ ਕੁਝ ਕੰਮ ਨਹੀਂ ਹੋਵੇਗਾ। 20 ਸਾਲਾਂ ਵਿਚ ਜੋ ਕੁਝ ਵੀ ਹਾਸਲ ਕੀਤਾ, ਸਭ ਚਲਾ ਜਾਵੇਗਾ। ਖਦੀਜਾ ਅਮੀਨਾ ਨੇ ਕਿਹਾ ਕਿ ਤਾਲਿਬਾਨ ਨਹੀਂ ਬਦਲੇ ਹਨ।

ਅਫ਼ਗਾਨਿਸਤਾਨ 'ਤੇ ਕਬਜ਼ਾ ਕਰਨ ਤੋਂ ਬਾਅਦ ਮੰਗਲਵਾਰ ਨੂੰ ਤਾਲਿਬਾਨ ਨੇ ਪਹਿਲੀ ਵਾਰ ਪੈਰੈੱਸ ਕਾਨਫਰੰਸ ਕੀਤੀ ਸੀ। ਤਾਲਿਬਾਨ ਦੇ ਬੁਲਾਰੇ ਜਬੀਹੁੱਲੈਹਾ ਮੁਜਾਹਿਦ ਨੇ ਪੈਰੈੱਸ ਕਾਨਫਰੰਸ ਦੌਰਾਨ ਕਿਹਾ ਸੀ ਕਿ ਹੁਣ ਅਫ਼ਗਾਨਿਸਤਾਨ ਨੂੰ ਮੁਕਤ ਕਰਵਾਇਆ ਲਿਆ ਗਿਆ ਹੈ। ਦਾਅਵਾ ਕੀਤਾ ਗਿਆ ਸੀ ਕਿ ਪਿਛਲੀ ਸਰਾਕਰ 'ਚ ਔਰਤਾਂ 'ਤੇ ਕਈ ਪਾਬੰਦੀਆਂ ਲਗਾਈਆਂ ਗਈਆਂ ਸਨ। ਤਾਲਿਬਾਨ ਦੇ ਸ਼ਾਸਨਕਾਲ 'ਚ ਹੁਣ ਔਰਤਾਂ ਦੇ ਨਾਲ ਕੋਈ ਭੇਦਭਾਵ ਨਹੀਂ ਕੀਤਾ ਜਾਵੇਗਾ। ਮੁਜ-ਾਹਿਦ ਨੇ ਕਿਹਾ ਕਿ ਔਰਤਾਂ ਨੂੰ ਇਸਲਾਮੀ ਕਾਨੂੰਨ ਦੇ ਮਾਪਦੰਡਾਂ ਤਹਿਤ ਅਧਿਕਾਰ ਦਿੱਤੇ ਜਾਣਗੇ।

# ਲੋਕਾਂ ਦਾ ਨਾਇਕ ਅਮਰ ਸ਼ਹੀਦ ਕਾਮ: ਚੰਨਣ ਸਿੰਘ ਧੂਤ



ਜਗਦੀਸ਼ ਸਿੰਘ ਚੋਹਕਾ
91-9217997445
001-403-285-4208

ਦੁਨੀਆਂ ਅੰਦਰ ਵੱਡੀਆਂ ਤਬਦੀਲੀਆਂ ਦੇ ਵਾਹਕ ਬਣਨਾ ਵਿਚਾਰਾਂ ਤੋਂ ਲੈ ਕੇ ਹਰ ਤਰ੍ਹਾਂ ਦੇ ਸੰਘਰਸ਼ਾਂ ਤੱਕ ਆਪਣੇ ਆਪ ਨੂੰ ਤਿਆਰ ਕਰਨ ਲਈ ਲਗਾਤਾਰ ਸੰਘਰਸ਼ਸ਼ੀਲ ਹੋਣਾ ਪੈਂਦਾ ਹੈ। ਸਮਾਜ ਅੰਦਰ ਭਵਿੱਖ ਦੇ ਵਾਰਸ ਬਣਨ ਲਈ ਖੁਦ ਨੂੰ ਤਿਲ-ਤਿਲ ਜਲਣਾ ਪੈਂਦਾ ਹੈ। ਇਕ ਵਿਦਿਆਰਥੀ ਬਣ ਕੇ ਦੇਸ਼ ਅਤੇ ਲੋਕਾਂ ਦੀਆ ਸਮੱਸਿਆਵਾਂ ਨੂੰ ਸਮਝਣਾ ਅਤੇ ਉਨ੍ਹਾਂ ਦੇ ਹੱਲ ਲਈ ਭਵਿੱਖੀ ਯੋਜਨਾ ਤੈਅ ਕਰਕੇ ਉਨ੍ਹਾਂ ਨੂੰ ਅਮਲ ਵਿੱਚ ਅੱਗ ਨਾਲ ਖੇਡਣਾ ਹੁੰਦਾ ਹੈ। ਹਰ ਤਰ੍ਹਾਂ ਦੀਆਂ ਰੋਕਾਂ ਨੂੰ ਪਾਰ ਕਰਕੇ ਸਮਾਜਕ ਪ੍ਰੀਵਰਤਨ ਲਈ ਇਕ ਲੋਕ ਰੌਸ਼ਨੀ ਨੂੰ ਵਿਕਸਿਤ ਕਰਨਾ ਹੁੰਦਾ ਹੈ। ਜਿਹੜੀ ਰੋਸ਼ਨੀ ਲੋਕਾਂ ਨੂੰ ਚਾਨਣ ਦੇ ਕੇ ਇਕ ਬਰਾਬਰਤਾ ਵਾਲੇ ਸਮਾਜ ਅੰਦਰ ਬਰਾਬਰ ਦਾ ਭਾਈਵਾਲ ਬਣਾਵੇ। ਉਹ ਸਮਾਜ, ਜਿਥੇ ਲੋਕਾਈ ਦੀਆਂ ਹਰ ਤਰ੍ਹਾਂ ਦੀਆਂ ਦੁਸ਼ਵਾਰੀਆਂ, ਦੁੱਖ, ਜ਼ੁਰਮ ਅਤੇ ਝਗੜਿਆਂ ਦਾ ਖਾਤਮਾ ਹੋਵੇ। ਉਹ ਸਮਾਜ ਜਿਥੇ ਸਭ ਨੂੰ ਬਰਾਬਰਤਾ, ਸਤਿਕਾਰ, ਪਿਆਰ ਅਤੇ ਭਰਾਤਰੀ ਭਾਵ ਮਿਲੇ। ਇਸ ਸਮਾਜ ਦੀ ਉਸਾਰੀ ਲਈ ਅਮਰ ਸ਼ਹੀਦ ਕਾਮ: ਚੰਨਣ ਸਿੰਘ ਧੂਤ ਸਾਰੀ ਜ਼ਿੰਦਗੀ ਜੂਝਦਾ ਰਿਹਾ ਤੇ ਅੱਗੇ ਵੱਧਣ ਲਈ ਸਮਾਜ ਅੰਦਰ ਅਗਨੀ ਦਰਿਆ ਨੂੰ ਪਾਰ ਕਰਨ ਲਈ ਲਾਮਬੰਦ ਹੋਇਆ ! ਜੂਝਿਆ ਅਤੇ ਭਵਿੱਖ ਦੇ ਸਿਰਜਣਹਾਰੇ ਕਿਰਤੀਆਂ ਸੰਗ ਆਖਰੀ ਦਮਾਂ ਤਕ ਅੱਗੇ ਵੱਧਣ ਦਾ ਹੋਕਾ ਦੇ ਕੇ, ਉਹ 15-ਫਰਵਰੀ 1987 ਨੂੰ ਦੇਸ਼ ਦੀ ਏਕਤਾ ਅਖੰਡਤਾ ਦੀ ਰਾਖੀ ਕਰਦਾ ਖਾਲਿਸਤਾਨੀ-ਦਹਿਸ਼ਤ-ਗਰਦਾਂ ਦੇ ਕਮੀਨੇ ਮਨਸੂਬਿਆਂ ਹੱਥੋ ਸ਼ਹੀਦ ਹੋ ਕੇ ਅਮਰ ਹੋ ਗਿਆ। ਇਕ ਵਧੀਆ ਇਨਸਾਨ ਜਿਸ ਨੇ ਦੇਸ਼ ਅੰਦਰ ਲੋਕਾਂ ਦੀਆਂ ਦੁਸ਼ਵਾਰੀਆਂ ਦੇ ਖਾਤਮੇ ਲਈ 53-ਵਰ੍ਹਿਆਂ ਤੋਂ ਵੱਧ ਇਕ ਰਾਜਸੀ ਕਾਰਕੁਨ ਵੱਜੋਂ, 'ਉਹ ਵੀ ਇਕ ਕਮਿਊਨਿਸਟ ਵਜੋਂ, 'ਸਾਰੀ ਜ਼ਿੰਦਗੀ ਸੰਘਰਸ਼ਾਂ ਵਾਲਾ ਜੀਵਨ, ਬੇ-ਲਾਗ ਜੀ-ਵਿਆ ਹੋਵੇ, ਕੋਈ ਸਾਧਾਰਨ ਜੀਵਨ ਨਹੀਂ ਹੁੰਦਾ ਹੈ। ਵਿਦਿਆਰਥੀ ਜੀਵਨ ਤੋਂ ਹੀ ਦੇਸ਼ ਦੀ ਆਜ਼ਾਦੀ ਲਈ ਕੌਮੀ ਮੁਕਤੀ ਅੰਦੋਲਨਾਂ ਵਿੱਚ ਸ਼ੁਰੂਆਤ ਕਰਕੇ, 'ਪਹਿਲਾ ਬਰਤਾਨਵੀ ਬਸਤੀਵਾਦੀ ਸਾਮਰਾਜ ਵਿਰੁੱਧ, ਕਪੂਰਥਲਾ ਰਾਜਾਸ਼ਾਹੀ ਦੇ ਲੋਕ ਵਿਰੋਧੀ ਕੁਕਰਮਾਂ ਅਤੇ ਆਜ਼ਾਦੀ ਬਾਦ ਆਰਥਿਕ ਅਸਮਾਨਤਾਂ ਵਿਰੁਧ ਸਤਾ ਤੇ ਕਾਬਜ਼ ਲੋਕ ਵਿਰੋਧੀ ਹਾਕਮਾਂ ਵਿਰੁਧ ਬੜੀ ਬੇ-ਕਿਰਕੀ ਨਾਲ ਆਵਾਜ਼ ਉਠਾਈ ਅਤੇ ਲੋਕਾਂ ਨੂੰ ਇਕ ਮੁਠ ਕਰਨ ਲਈ ਅਥਾਹ ਸੰਘਰਸ਼ ਕੀਤੇ। ਜਦੋਂ ਦੇਸ਼ ਦੀ ਏਕਤਾ-ਅਖੰਡਤਾ ਵਿਰੁੱਧ ਸਾਮਰਾਜੀ ਸੋਚ ਰੱਖਣ ਵਾਲੇ ਅਨਸਰਾਂ ਤੋਂ ਖਤਰਾ ਪੈਦਾ ਹੋਇਆ ਤਾਂ ਦੇਸ਼ ਦੀ ਏਕਤਾ ਨੂੰ ਕਾਇਮ ਰੱਖਣ ਲਈ ਉਹ ਅੱਗੇ ਆ ਕੇ ਲਾਸਾਨੀ ਸ਼ਹਾਦਤ ਦੇਣ ਤੋਂ ਵੀ ਕਾਮ: ਚੰਨਣ ਸਿੰਘ ਧੂਤ ਪਿਛੇ ਨਹੀਂ ਹੱਟਿਆ। ਧੂਤ ਜੀ ਦੀਆਂ ਦੇਸ਼ ਸੇਵਾ ਪੱਖੋ ਸੇਵਾਵਾਂ ਉਸ ਨੂੰ ਰਾਜ-ਭਾਗ ਵਿੱਚ ਸ਼ਾਮਲ ਹੋਣ ਲਈ ਪਦਾਰਥਕ ਲਾਭ, ਸੁਖ ਆਰਾਮ ਅਤੇ ਰੁਤਬਿਆਂ ਜਿਹੇ ਲਾਲਚ ਵੀ ਝੁਕਾ ਨਹੀ ਸਕੇ। ਉਹ ਬਾਕੀ ਬੁਰਜੂਆ ਸੋਚ ਵਾਲੀਆਂ ਪਾਰਟੀਆਂ ਦੇ ਆਗੂਆਂ ਵਾਂਗ ਰਾਜ ਭਾਗ ਵਿੱਚ ਸ਼ਾਮਲ ਹੋ ਸਕਦੇ ਸਨ ਤੇ ਹਰ ਤਰ੍ਹਾਂ ਦਾ ਸੁਖ-ਆਰਾਮ ਵੀ ਪ੍ਰਾਪਤ ਕਰ ਸਕਦੇ ਸਨ। ਪਰ ! ਉਹ ਕਿਹਾ ਕਰਦੇ ਸਨ, 'ਕਿ ਮੇਰਾ ਤਨ, ਮਨ ਅਤੇ ਜੀਵਨ-ਪੂੰਜੀ ਕਮਿਊਨਿਸਟ ਪਾਰਟੀ ਦੇ ਹਵਾਲੇ ਹੈ। ਸਾਲ 1936 ਨੂੰ ਜਦੋਂ ਚੰਨਣ ਸਿੰਘ ਧੂਤ ਨੇ ਕਮਿਊਨਿਸਟ ਪਾਰਟੀ ਦਾ ਫਾਰਮ ਭਰਿਆ ਸੀ ਤਾਂ ਉਸ 'ਤੇ ਦਸਤਖਤ ਖੂਨ ਨਾਲ ਕਰਕੇ ਉਪਰੋਕਤ ਪ੍ਰਣ ਲਿਆ ਸੀ, ਜੋ ਉਸ ਨੇ ਆਪਣੀ ਸ਼ਹਾਦਤ ਤਕ ਨਿਭਾਇਆ ਤੇ ਕੌਲ ਪਕਾਇਆ।

ਚੰਨਣ ਸਿੰਘ ਧੂਤ 1912 ਨੂੰ ਪਿੰਡ ਧੂਤਕਲਾਂ (ਕਪੂਰਥਲਾ ਰਿਆਸਤ) ਹੁਣ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਾਤਾ ਮਾਨ ਕੌਰ ਅਤੇ ਪਿਤਾ ਬਸੰਤ ਸਿੰਘ ਦੇ ਘਰ ਪੈਦਾ ਹੋਏ। ਧੂਤ ਜੀ ਹੋਣਾਂ ਪ੍ਰਾਇਮਰੀ ਅੰਬਾਲਾ-ਜੱਟਾਂ, 8-ਵੀਂ ਭੂੰਗਾ ਅਤੇ 10-ਵੀਂ ਖਾਲਸਾ ਹਾਈ ਸਕੂਲ ਗੜ੍ਹਦੀਵਾਲਾ ਤੋਂ ਪਾਸ ਕੀਤੀ। ਇਨ੍ਹਾਂ ਦੇ ਪਿਤਾ ਪਨਾਮਾ ਦੇਸ਼ 'ਚ ਪ੍ਰਵਾਸ ਕਰ ਗਏ ਹੋਏ ਸਨ। ਚੰਨਣ ਸਿੰਘ ਨੂੰ ਪਹਿਲੀ ਕ੍ਰਾਂਤੀਕਾਰੀ ਗੁੜਤੀ ਘਰੋਂ ਹੀ ਬਾਬਾ-ਚਾਚਾ, ਬਾਬਾ ਕਰਮ ਸਿੰਘ ਧੂਤ (ਗਦਰੀ ਅਤੇ ਬਾਦ 'ਚ ਪਰਜਾ ਮੰਡਲ ਲਹਿਰ ਦੇ ਆਗੂ) ਪਾਸੋਂ ਮਿਲੀ। ਉਥੇ ਖੱਬੇ ਪੱਖੀ ਚੇਤਨਾ ਦਾ ਜਾਗ ਵਿਦਿਆਰਥੀ ਜੀਵਨ ਦੌਰਾਨ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜਦਿਆ ਪ੍ਰੋ: ਵਰਿਆਮ ਸਿੰਘ ਦੀ ਸੰਗਤ ਨੇ ਪ੍ਰਵਾਨ ਚੜਾਇਆ। ਖਾਲਸਾ ਕਾਲਜ ਅੰਮ੍ਰਿਤਸਰ ਪੜ੍ਹਦਿਆਂ ਹੀ ਵਾਇਸਰਾਏ ਨੂੰ ਇਕ ਪੱਤਰ ਲਿਖ ਕੇ ਮੰਗ ਕੀਤੀ ਸੀ, "ਕਿ ਆਜ਼ਾਦੀ ਸਾਡਾ ਜਨਮ ਸਿੱਧ ਅਧਿਕਾਰ ਹੈ, ਆਜ਼ਾਦੀ ਮੰਗਣੀ ਕੋਈ ਗੁਨਾਹ ਨਹੀ ਹੈ"?

ਇਸ ਪੱਤਰ ਤੋਂ ਹੀ ਧੂਤ ਦੀ ਪ੍ਰਤਿਭਾ ਅਤੇ ਧਾਰਨਾ ਬਾਰੇ ਦੂਰ-ਦਰਸ਼ੀ ਹੋਣ ਦਾ ਪਤਾ ਚਲਦਾ ਹੈ। ਕਾਲਜ ਦੀ ਪੜ੍ਹ-ਾਈ ਛੱਡ ਕੇ ਕਪੂਰਥਲਾ ਰਾਜਾ ਦੇ ਕੁਕਰਮਾਂ ਵਿਰੁਧ, 'ਮਾ: ਹਰੀ ਸਿੰਘ ਧੂਤ ਦੀ ਅਗਵਾਈ 'ਚ ਚਲ ਰਹੀ ਕੇਂਦਰੀ ਜਿਮੀਦਾਰਾ ਲੀਗ ਜੋ ਰਜਵਾੜਾਸ਼ਾਹੀ ਦੀਆਂ ਵਧੀਕੀਆਂ, ਲੋਕਾਂ ਤੇ ਪਾਏ ਜਾਂਦੇ ਟੈਕਸਾਂ ਦੇ ਬੋਝ ਘਟਾਉਣ ਅਤੇ ਇਲਾਕੇ 'ਚ ਸੜਕਾਂ, ਸਕੂਲ ਅਤੇ ਹਸਪਤਾਲ ਖੋਲ੍ਹਣ ਲਈ ਸ਼ੁਰੂ ਕੀਤੀ ਹੋਈ ਲਹਿਰ ਸੀ। ਉਸ ਵਿੱਚ ਚੰਨਣ ਸਿੰਘ ਧੂਤ ਸ਼ਾਮਲ ਹੋ ਗਿਆ। ਇਸ ਰਾਜਸੀ ਸਰਗਰਮੀ ਨੂੰ ਸਿਆਸੀ ਤੌਰ 'ਤੇ ਉਨ੍ਹਾਂ ਨੂੰ "ਧੂਤ-ਗਰੁਪ" ਵੱਜੋ ਮਾਨਤਾ ਪ੍ਰਾਪਤ ਹੋਈ ਅਤੇ ਸੰਘਰਸ਼ਾਂ ਦਾ ਸਦਕਾ ਵੱਡੀਆਂ ਜਿਤਾਂ ਪ੍ਰਾਪਤ ਵੀ ਕੀਤੀਆਂ। ਇਹ ਇਕ ਸਚਾਈ ਹੈ, 'ਕਿ ਚੰਨਣ ਸਿੰਘ ਧੂਤ ਨੇ ਇਕ ਜੰਗਜੂ ਕਮਿਊਨਿਸਟ ਵੱਜੋ ਪਹਿਲਾ ਰਜਵਾੜਾਸ਼ਾਹੀ ਵਿਰੁਧ, ਫਿਰ ਕੌਮੀ ਮੁਕਤੀ ਅੰਦੋਲਨਾਂ ਵੇਲੇ ਬਰਤਾਨਵੀ ਬਸਤੀਵਾਦੀ ਸਾਮਰਾਜੀ ਗੋਰਾ ਹਾਕਮਾਂ ਅਤੇ ਆਜ਼ਾਦੀ ਬਾਦ ਲੋਕਾਂ ਲਈ ਆਰਥਿਕ ਆਜ਼ਾਦੀ, ਸਮਾਜਕ ਸਹੂਲਤਾਂ ਤੇ ਸਮਾਜਕ ਪ੍ਰੀਵਰਤਨ ਲਈ ਸੰਘਰਸ਼ਾਂ ਦੌਰਾਨ ਕੁੱਲ ਮਿਲਾ ਕੇ 8-ਸਾਲ ਤੋਂ ਵੱਧ ਸਮਾਂ ਕੈਦਾਂ ਕੱਟੀਆਂ। ਜੇਲ੍ਹਾਂ ਅੰਦਰ ਨਰਕੀ ਜੀਵਨ, ਭੁੱਖ ਹੜਤਾਲ ਤੇ ਨਜ਼ਰ-ਬੰਦੀਆਂ ਇਸ ਸਪਸ਼ਟਵਾਦੀ ਮਾਰਕਸਵਾਦੀ ਨੂੰ ਝੁਕਾਅ ਨਹੀ ਸਕੀਆਂ। ਸਗੋਂ ਉਹ ਖੁੱਦ ਅਤੇ ਬਾਕੀ ਸਾਥੀਆਂ ਨਾਲ ਅਡੋਲਤਾ, ਦ੍ਰਿੜ ਇਰਾਦੇ ਅਤੇ ਪੂਰੇ ਸਬਰ ਨਾਲ ਆਪਣੇ ਨਿਸ਼ਾਨੇ ਲਈ ਲੜਦੇ ਰਹੇ। ਉਹ ਇਨ੍ਹਾ ਟੈਸਟਾਂ 'ਚ ਪਾਸ ਹੋ ਕੇ ਲੋਕਾਂ ਦੇ ਇਕ ਨਾਇਕ ਬਣ ਕੇ ਉਭਰੇ।'

ਕਾਮ: ਚੰਨਣ ਸਿੰਘ ਧੂਤ ਦਾ ਜੀਵਨ ਇਕ ਮਿਸਾਲੀ ਜੀਵਨ ਸੀ। ਇਕ ਸੱਚੇ-ਸੁਚੇ ਕਮਿਊਨਿਸਟ ਵੱਜੋ, '1936 ਵੇਲੇ ਪਾਰਟੀ ਦਾ ਪ੍ਰਣ ਪੱਤਰ ਭਰਨ ਤੋਂ ਲੈ ਕੇ ਆਪਣੀ ਸ਼ਹਾਦਤ ਵਾਲੇ ਦਿਨ 15-ਫਰਵਰੀ, 1987 ਤੱਕ, 'ਉਸ ਨੇ ਪੰਜਾਬ ਦੀ ਧਰਤੀ 'ਤੇ ਇਨਸਾਫ ਲਈ ਉਠੇ ਹਰ ਲੋਕ ਸੰਘਰਸ਼ਾਂ ਦੀ ਸਫਲਤਾ ਲਈ, 'ਅੱਗੇ ਵੱਧ ਕੇ ਸੰਗਠਤ ਹੋ ਕੇ ਮੋਹਰਲੀਆਂ ਕਤਾਰਾ 'ਚ ਖੜ੍ਹ ਕੇ ਹਿੱਸਾ ਲਿਆ। ਰਾਜਵਾੜਾ-ਸ਼ਾਹੀ ਦੀਆਂ ਵਧੀਕੀਆਂ ਵਿਰੁੱਧ, ਕਿਸਾਨੀ ਮੋਰਚੇ, ਲਾਹੌਰ ਕਿਸਾਨ ਮੋਰਚਾ, ਬੀਤ ਦੇ ਮੁਜਾਰਿਆਂ ਦਾ ਅੰਦੋਲਨ, ਬੈਟਰਮੈਂਟ ਲੇਵੀ ਵਿਰੁਧ, ਬਸ ਕਿਰਾਇਆ ਅੰਦੋਲਨ, ਪਾਰਟੀ ਦੇ ਅੰਦੋਲਨਾਂ ਅਤੇ ਇਲਾਕੇ ਦੇ ਸਥਾਨਕ ਮਸਲਿਆਂ ਦੇ ਹੱਲ ਲਈ ਲੋਕਾਂ ਦਾ ਨਾਇਕ 'ਧੂਤ' ਪੂਰੇ ਜੁਝਾਰੂਪਣ ਨਾਲ ਸ਼ਾਮਲ ਹੁੰਦਾ ਰਿਹਾ। ਇਸੇ ਕਾਰਨ ਹੀ ਜਦੋਂ ਉਹ "ਯੋਹਲ ਕੈਂਪ" 'ਚ ਰਾਜਸੀ ਕੈਦ ਵਿੱਚ ਸੀ ਤਾਂ ਆਜ਼ਾਦ ਭਾਰਤ ਦੀਆਂ ਪਹਿਲੀਆਂ ਚੋਣਾਂ ਵੇਲੇ ਪੰਜਾਬ ਅਸੈਂਬਲੀ 'ਚ 1952 ਨੂੰ ਹਲਕਾ ਟਾਂਡਾ ਦੇ ਲੋਕਾਂ ਨੇ ਉਸ ਨੂੰ ਕਮਿਊਨਿਸਟ ਪਾਰਟੀ ਦੇ ਉਮੀਦਵਾਰ ਵੱਜੋ ਚੁਣ ਕੇ ਆਪਣਾ ਨੁਮਾਂਇੰਦਾ ਭੇ-ਜਿਆ ਸੀ। ਉਹ ਇਕ ਵੱਧੀਆ ਪਾਰਲੀਮੈਂਟੇਰੀਅਨ ਅਤੇ ਆਮ ਲੋਕਾਂ ਦੇ ਮਸਲਿਆਂ ਨੂੰ ਉਭਾਰ ਕੇ ਅਸੈਂਬਲੀ ਅੰਦਰ ਲੋਕਾਂ ਦਾ ਪੱਖ ਠੋਕ ਵਜਾ ਕੇ ਰੱਖਦਾ ਸੀ। ਧੂਤ ਜੀ ਵੱਲੋਂ 5-ਸਾਲਾਂ ਦੇ ਇਸ ਪਿਛਲੇ ਕਾਰਜਕਾਲ ਦੌਰਾਨ ਉਠਾਏ ਮੱਸਲਿਆਂ 'ਤੇ ਲੋਕਾਂ ਦੇ ਹਿਤਾਂ ਲਈ ਆਵਾਜ਼ ਉਠਾਉਣ ਕਾਰਨ ਅੱਜ ਵੀ ਪੰਜਾਬ ਅਸੈਂਬਲੀ ਦੇ ਪੁਰਾਣੇ ਰਿਕਾਰਡ ਬੋਲ ਰਹੇ ਹਨ। ਉਨ੍ਹਾਂ ਦੇ ਲੋਕ ਪੱਖੀ ਇਹ ਬੋਲ ਅੱਜ ਵੀ ਅਸੈਂਬਲੀ 'ਚ ਗੂੰਜਦੇ ਸੁਣੇ ਜਾ ਸਕਦੇ ਹਨ। ਗੜ੍ਹਦੀਵਾਲਾ ਇਲਾਕੇ ਦੇ ਮੱਸਲਿਆ ਦੇ ਹਲ ਲਈ ਉਚੇਚਾ ਧਿਆਨ ਦਿੰਦੇ ਰਹੇ।

ਕਾਮ: ਚੰਨਣ ਸਿੰਘ ਧੂਤ ਇਕ ਪਿੰਡ ਤੋਂ ਲੈ ਕੇ ਕੌਮੀ ਤੇ ਕੌਮਾਂਤਰੀ ਪੱਧਰ ਤੱਕ ਦੇ ਮਸਲਿਆਂ ਤੇ ਮਾਰਕਸਵਾਦ ਨਾਲ ਲੈਸ ਹੋ ਕੇ, 'ਪਹਿਲਾ ਸੀ.ਪੀ.ਆਈ. ਅਤੇ ਫਿਰ 1964 ਬਾਦ ਸੀ.ਪੀ.ਆਈ. (ਐਮ) ਦੇ ਇਕ ਵਫ਼ਾਦਾਰ ਸਿਪਾਹੀ ਵੱਜੋਂ ਲੋਕਾਂ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਹਲ ਲਈ ਪੂਰੀ ਪਕੜ ਰੱਖਦਾ ਸੀ। ਉਹ ਪੂਰੀ ਬੌਧਿਕ ਤੇ ਸਿਧ-ਾਂਤਕ ਸਮੱਰਥਾ ਨਾਲ ਪਾਰਟੀ ਅੰਦਰ ਵੀ ਆਪਣੀ ਰਾਏ ਰੱਖਦਾ ਸੀ। ਇਹੀ ਕਾਰਨ ਹੈ, 'ਕਿ ਉਹ ਲੰਬਾ ਸਮਾਂ ਜ਼ਿਲ੍ਹਾ ਹੁਸ਼ਿਆਰਪੁਰ ਪਾਰਟੀ ਦਾ ਸਕੱਤਰ ਅਤੇ ਸ਼ਹੀਦੀ ਸਮੇਂ ਤਕ ਸੂਬਾ ਕਮੇਟੀ ਮੈਂਬਰ ਸੀ। ਮਾਰਕਸਵਾਦੀ ਸਿਧਾਂਤ ਬਾਰੇ ਮਜ਼ਬੂਤ ਪਕੜ ਕਾਰਨ ਉਹ ਪਾਰਟੀ ਅੰਦਰ ਹਰ ਤਰ੍ਹਾਂ ਦੇ ਕੁਹਾਹਿਆ ਵਿਰੁੱਧ ਬੇ-ਕਿਰਕੀ ਨਾਲ ਲੜਨ ਤੋਂ ਕਦੀ ਵੀ ਗੁਰੇਜ ਨਹੀਂ ਕਰਦਾ ਸੀ।

ਪੰਜਾਬ ਅੰਦਰ ਪਣਪੇ ਦਹਿਸ਼ਤਗਰਦੀ ਲਹਿਰ ਤੇ ਇਸ ਪਿਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਸਮਝਣ ਅਤੇ ਇਨ੍ਹਾਂ ਵਿਰੁਧ ਵਿਚਾਰ ਧਾਰਕ ਅਤੇ ਜੱਥੇਬੰਦਕ ਢੰਗ ਨਾਲ ਝੰਡਾ ਚੁੱਕਣ ਲਈ ਪਾਰਟੀ ਦੀਆਂ ਮੂਹਰਲੀਆਂ ਕਤਾਰਾਂ 'ਚ ਸ਼ਾਮਲ ਹੋਣ ਕਰਕੇ ਹੀ, 'ਖਾਲਿਸਤਾਨੀ ਦਹਿਸ਼ਤਗਰਦਾਂ ਨੇ ਜਦੋਂ ਉਹ 15 ਫਰਵਰੀ, 1987 ਨੂੰ ਜਲੰਧਰ ਵਿਖੇ ਹੋਈ ਸਰਬ ਪਾਰਟੀ ਫਿਰਕੂ ਏਕਤਾ ਕਨਵੈਨਸ਼ਨ 'ਚ ਭਾਗ ਲੈ ਕੇ ਆਪਣੇ ਸਾਥੀਆਂ ਸੰਤੋਖ ਸਿੰਘ ਧੂਤ ਅਤੇ ਰਾਜਿੰਦਰ ਕੌਰ ਚੋਹਕਾ ਨਾਲ ਵਾਪਸ ਪਰਤ ਰਿਹਾ ਸੀ ਤਾਂ ਪਿੰਡ ਦੇ ਬੱਸ ਅੱਡੇ ਲਾਗੇ ਦਹਿਸ਼ਤ- ਗਰਦਾ ਦੀ ਗੋਲੀ ਦਾ ਨਿਸ਼ਾਨਾ ਬਣ ਗਏ ਤੇ ਆਪਣਾ ਕੌਲ ਪੂਰਾ ਕਰਕੇ ਅਮਰ ਸ਼ਹੀਦ ਹੋ ਗਏ। ਗੜ੍ਹਦੀਵਾਲਾ ਇਲਾਕੇ ਦੇ ਪਿੰਡ ਧੂਤ ਕਲਾਂ, ਦੀ ਧਰਤੀ 'ਤੇ ਜਨਮ ਲੈਣ ਵਾਲੇ ਬਾਬਾ ਕਰਮ ਸਿੰਘ ਧੂਤ, ਮਾ: ਹਰੀ ਸਿੰਘ ਧੂਤ, ਕਾਮ: ਨੈਣਾ ਸਿੰਘ ਧੂਤ, ਸਰਵ ਸਾਥੀ ਸੰਤੋਖ ਸਿੰਘ, ਮਾ: ਜਸਵੰਤ ਸਿੰਘ ਧੂਤ, ਸਵਰਨ ਸਿੰਘ ਕਿਰਤੀ, ਜਵਾਲਾ ਸਿੰਘ, ਜ:ਊਧਮ ਸਿੰਘ, ਕਾਮ: ਪ੍ਰਤਾਪ ਚੰਦ, ਰਾਵਲ ਸਿੰਘ ਆਦਿ 74 ਤੋਂ ਵੱਧ ਦੇਸ਼ ਭਗਤਾਂ ਨੇ ਦੇਸ਼ ਲਈ ਕੁਰਬਾਨੀਆਂ ਕੀਤੀਆਂ ਅਤੇ ਇਕ ਇਤਿਹਾਸ ਸਿਰਜਿਆ ਸੀ। ਲਾਲ-ਪਿੰਡ (ਮਾਸਕੋ) ਵੱਜੋ ਸਦਾ ਲਈ ਇਹ ਪਿੰਡ ਯਾਦ ਕੀਤਾ ਜਾਂਦਾ ਰਹੇਗਾ।



# ਬਲਵਿੰਦਰ 'ਬਾਲਮ' (91-98156-25409) ਦੀਆਂ ਕੁਝ ਰਚਨਾਵਾਂ



## ਗ਼ਜ਼ਲ

ਦਰਿਆਵਾਂ ਦਾ ਸ਼ੋਰ ਮਚਾਏ ਪੈਰ ਤਿਰੇ ਦੀ ਝਾਂਜਰ।
ਮਾਰੂਥਲ ਵਿਚ ਫੁੱਲ ਖਿੜ੍ਹਾਏ ਪੈਰ ਤਿਰੇ ਦੀ ਝਾਂਜਰ।
ਸੁਰ ਗੀਤ ਗ਼ਜ਼ਲ ਕਵਿਤਾ ਨਾਵਲ ਵੀ ਇਸ 'ਚੋਂ ਨਿਕਲੇ ਨੇ,
ਕੁਦਰਤ ਦਾ ਸੰਗੀਤ ਸੁਣਾਏ ਪੈਰ ਤਿਰੇ ਦੀ ਝਾਂਜਰ।
ਚਾਰ ਚੁਫੇਰੇ ਇਕ ਤਬਾਹੀ ਵਾਲਾ ਮੰਜ਼ਰ ਉਮੜੇ,
ਜਦ ਕਿਧਰੇ ਤੂਫ਼ਾਨ ਉਠਾਏ ਪੈਰ ਤਿਰੇ ਦੀ ਝਾਂਜਰ।
ਛਣ-ਛਣ ਛਣਕੇ ਤਾਂ ਗੁਲਸਨ ਵਿਚ ਫੁੱਲ ਗੁਲਾਬੀ ਖਿੜ੍ਹਦੇ,
ਮੌਸਮ ਦੀ ਹੈ ਜਾਨ ਬਚਾਏ ਪੈਰ ਤਿਰੇ ਦੀ ਝਾਂਜਰ।
ਝੀਲ ਕਿਨਾਰੇ ਪਾਣੀ ਦੇ ਵਿਚ ਜੰਨਤ ਉਤੱਰ ਆਈ,
ਚੰਦਰਮਾ ਦੀ ਲੋਅ 'ਚ ਨਹਾਏ ਪੈਰ ਤਿਰੇ ਦੀ ਝਾਂਜਰ।
ਤੜਕ ਸਵੇਰੇ ਨੇ ਵੀਂ ਸਿਖਿਆ ਇਸਦੇ ਕੋਲੋਂ ਚੜ੍ਹਣਾ,
ਸੂਰਜ ਦੇ ਗਲ ਚੱਕਰ ਪਾਏ ਪੈਰ ਤਿਰੇ ਦੀ ਝਾਂਜਰ।
ਜੀਵਨ ਦੀ ਪਰਿਭਾਸ਼ਾ ਨੇ ਇਸਦੇ ਕੋਲੋਂ ਅਰਥ ਲਏ,
ਸਾਰੀ ਦੁਨੀਆਂ ਨਾਲ ਨਚਾਏ ਪੈਰ ਤਿਰੇ ਦੀ ਝਾਂਜਰ।
ਝਣਕ-ਝਣਕ ਜਦ ਗੋਰੇ ਸੁੰਦਰ ਪੈਰਾਂ ਦੇ ਵਿਚ ਛਣਕੇ,
ਰਾਹੀਆਂ ਦੇ ਦਿਲ ਨੂੰ ਤੜਪਾਏ ਪੈਰ ਤਿਰੇ ਦੀ ਝਾਂਜਰ।
ਟੁੱਟ ਜਾਵੇ ਤਾਂ ਜੀਵਨ ਕੋਲੋਂ ਦੂਰ ਚਲੀ ਹੈ ਜਾਂਦੀ,
ਜੀਵਨ ਕੀ ਹੈ ਇਹ ਸਮਝਾਏ ਪੈਰ ਤਿਰੇ ਦੀ ਝਾਂਜਰ।
ਜਿਸ ਨਾਲ ਸਾਰੀ ਉਮਰ ਗੁਜਾਰਣ ਦਾ ਉਤਸਵ ਲੈਂਦੀ, ਪਰ,
ਦਾਜ ਦੇ ਲੋਭੀ ਤੋਂ ਘਬਰਾਏ ਪੈਰ ਤਿਰੇ ਦੀ ਝਾਂਜਰ।
ਰਾਜੇ ਨੂੰ ਵੀਂ ਰੰਕ ਬਣਾ ਕੇ ਪੈਰਾਂ ਦੇ ਵਿਚ ਰੋਲੇ,
ਧਰਤੀ ਤੋਂ ਅਸਮਾਨ ਚੜ੍ਹਾਏ ਪੈਰ ਤਿਰੇ ਦੀ ਝਾਂਜਰ।
ਤਲਵੇ ਵੀ ਅੰਜੁਰੀ ਵਿਚ ਰੰਗਦਾਰ ਕਿਨਾਰੀ ਜੱਚਦੀ ਏ,
ਕੰਵਲ ਵਰਗੇ ਫੁੱਲ ਖਿੜ੍ਹਾਏ ਪੈਰ ਤਿਰੇ ਦੀ ਝਾਂਜਰ।
ਸੁੰਦਰ ਰਜਤ ਕਿਨਾਰੀ ਜਦ ਸਾਹਿਲ ਦਾ ਸੀਨਾ ਚੁੰਮੇ,
ਲਹਿਰਾਂ ਨੂੰ ਸੰਗੀਤ ਸਿਖਾਏ ਪੈਰ ਤਿਰੇ ਦੀ ਝਾਂਜਰ।
ਜਿੱਦਾਂ ਗੋਰੀ ਧੁੱਪ ਵਿਚ ਬਰਫ਼ ਪਿਘਲਦੀ ਜਾਏ ਏਦਾਂ,
ਸ਼ੀਤਲਤਾ ਵਿਚ ਢਲਦੀ ਜਾਏ ਪੈਰ ਤਿਰੇ ਦੀ ਝਾਂਜਰ।
ਦੁਨੀਆਂ ਦੇ ਵਿਚ ਜਿੰਨੇ ਵੀਂ ਅਤਿ ਸੁੰਦਰ ਅਲੰਕਾਰ ਬਣੇ,
ਸਭ ਤੋਂ ਉਤਮੋਤਮ ਕਹਿਲਾਏ ਪੈਰ ਤਿਰੇ ਦੀ ਝਾਂਜਰ।
ਅਚੰਭਿਤ ਕਰਨੇ ਦੀ ਇਸਦੇ ਵਿਚ ਅਦਭੁਤ ਸ਼ਕਤੀ ਵੀ ਹੈ,
ਸੂਰਜ ਤੋਂ ਆਕਾਸ਼ ਚੁਰਾਏ ਪੈਰ ਤਿਰੇ ਦੀ ਝਾਂਜਰ।
ਜਿਉਂ ਕੰਵਲ ਦੀਆਂ ਪੱਤੀਆਂ 'ਤੇ ਸ਼ਬਨਮ ਦੀਆਂ ਬੂੰਦਾਂ,
ਏਦਾਂ ਆਪਣਾ ਰੂਪ ਵਿਖਾਏ ਪੈਰ ਤਿਰੇ ਦੀ ਝਾਂਜਰ।
ਜਿੱਦਾਂ ਆਕਾਸ਼ ਗੰਗਾ ਸੁੰਦਰਤਾ ਦੀ ਅਦਭੁਤ ਰਚਨਾ,
ਏਦਾਂ ਦਿਲਕਸ਼ ਮਹਿਮਾ ਪਾਏ ਪੈਰ ਤਿਰੇ ਦੀ ਝਾਂਜਰ।
ਸ਼ਾਸਤਰੀ ਸੰਗੀਤ 'ਚ ਜਦ ਇਹ ਦੇਵੀ ਬਣਕੇ ਝਣਕੇ,
ਸਰਵ ਕਲਾ ਸੰਪੂਰਨ ਪਾਏ ਪੈਰ ਤਿਰੇ ਦੀ ਝਾਂਜਰ।
'ਬਾਲਮ' ਨੂੰ ਤਾਂ ਯਾਦਾਂ ਦੀ ਮਹਿਫਲ ਦੇ ਵਿਚ ਆ-ਆ ਕੇ,
ਫਿਰ ਆਵਾਜ਼ਾਂ ਮਾਰ ਬੁਲਾਏ ਪੈਰ ਤਿਰੇ ਦੀ ਝਾਂਜਰ।

## ਗ਼ਜ਼ਲ

ਅੱਜ-ਕੱਲ੍ਹ ਕਿਧਰੇ ਦਿਸਦਾ ਨਈਂ ਉਹ ਪਿਆਰ ਦੁਪੱਟੇ ਵਿਚ।
ਹੋਇਆ ਕਰਦਾ ਸੀ ਜੋ ਸਭਿਆਚਾਰ ਦੁਪੱਟੇ ਵਿਚ।
ਨੇਰ੍ਹੇ ਦੇ ਵਿਚ ਜੁਗਣੂੰ ਜਿੱਦਾਂ ਟਿਮ-ਟਿਮ ਜਗਦੇ ਨੇ,
ਏਦਾਂ ਮੁਖੜੇ 'ਤੇ ਹੰਝੂ ਇਕਰਾਰ ਦੁਪੱਟੇ ਵਿਚ।
ਜਿੱਦਾਂ ਕੋਈ ਬੱਦਲੀ ਚੰਨ ਦੀ ਲੋਅ ਨੂੰ ਰੋਕੇ ਹੈ,
ਉਡਦੀ ਲਟ ਦੀ ਇਉਂ ਗੁੱਛੀ ਦੀਵਾਰ ਦੁਪੱਟੇ ਵਿਚ।
ਲੱਖਾਂ ਰੋਜ਼ ਪਤੰਗੇ ਇਸ਼ਕੇ ਵਿਚ ਕੁਰਬਾਨ ਗਏ,
ਜਲਦੀ ਹੋਈ ਸ਼ੱਮਅ ਦਾ ਭੰਡਾਰ ਦੁਪੱਟੇ ਵਿਚ।
ਉਸ ਦੀਆਂ ਨਜ਼ਰਾਂ ਵਿਚ ਉਡੀਕਾਂ ਦੀਆਂ ਬੇੜੀਆਂ,
ਆਰ ਦੁਪੱਟੇ ਜਾਂਦੀਆਂ ਫਿਰ ਪਾਰ ਦੁਪੱਟੇ ਵਿਚ।
ਜਿੱਦਾਂ ਚਾਂਦਨੀ ਰਾਤ 'ਚ ਦਰਿਆ ਠਾਠਾਂ ਮਾਰੇ ਹੈ,
ਏਦਾਂ ਹੁੰਦਾ ਹੈ ਉਸਦਾ ਦੀਦਾਰ ਦੁਪੱਟੇ ਵਿਚ।
ਸੂਰਜ, ਚੰਨ, ਸਿਤਾਰੇ, ਦਰਿਆ, ਬੱਦਲ, ਤੇਜ਼ ਹਵਾ,
ਸਭਨਾ ਦਾ ਹੀ ਲੁਕਿਆ ਹੈ ਕਿਰਦਾਰ ਦੁਪੱਟੇ ਵਿਚ।
ਨੱਥਣੀ, ਝੁਮਕੇ, ਲੌਂਗ, ਗੁਲੂਬੰਦ, ਦਾਉਣੀ, ਟਿੱਕਾ,
ਫੁੱਲ ਠੂਠੀ, ਚੰਦ ਤਾਰਾ, ਵੇਖ ਸ਼ਿੰਗਾਰ ਦੁਪੱਟੇ ਵਿਚ।
ਔਰਤ ਦੇ ਬਚਪਨ ਤੋਂ ਲੈ ਕੇ ਢਲਦੀ ਉਮਰਾਂ ਤੱਕ,
ਹਰ ਰਿਸ਼ਤੇ ਦਾ ਮਿਲ ਜਾਵੇਗਾ ਪਿਆਰ ਦੁਪੱਟੇ ਵਿਚ।
ਫਿਰ ਵੀ ਕਿਧਰੇ-ਕਿਧਰੇ ਦੀਪ ਮੁਹੱਬਤ ਦੇ ਜਗਦੇ,
ਬੇਸ਼ੱਕ ਦੌਲਤ ਬਣ ਗਈ ਹੈ ਵਿਉਪਾਰ ਦੁਪੱਟੇ ਵਿਚ।
ਅੱਜ ਵੀ ਕੋਈ ਨਾਰੀ ਸਿਰ ਕੱਜ ਕੇ ਜਦ ਨਜ਼ਰ ਪਵੇ,
ਦਿਸ ਜਾਂਦਾ ਪੰਜਾਬੀਅਤ ਦਾ ਸਤਿਕਾਰ ਦੁਪੱਟੇ ਵਿਚ।
ਮੱਕੜੀ ਦੇ ਜਾਲੇ ਵਾਂਗ ਮੁਹੱਬਤ ਦਾ ਤਾਣਾ ਹੈ,
ਏਸੇ ਕਰਕੇ ਉਲਝ ਗਿਆ ਸੰਸਾਰ ਦੁਪੱਟੇ ਵਿਚ।
ਲੱਖਾਂ ਖੇਵਨਹਾਰੇ ਇਸ ਵਿਚ ਡੁੱਬ ਕੇ ਲੱਭੇ ਨਾ,
ਏਨਾਂ ਡੂੰਘਾ ਗਹਿਰਾ ਹੈ ਮੰਝਦਾਰ ਦੁਪੱਟੇ ਵਿਚ।
ਦਾਜ ਦੇ ਭੁੱਖੇ ਲੋਭੀਆਂ ਦੇ ਲਈ ਅਕਸਰ ਹੁੰਦੀ ਹੈ,
ਗੁੱਦੇ ਦੇ ਵਿਚ ਤਿਊੜੀ ਦੀ ਦੀਵਾਰ ਦੁਪੱਟੇ ਵਿਚ।
ਉਸਦੇ ਸੁਹਣੇ ਮੁਖੜੇ ਉਤੇ ਏਦਾਂ ਤਿੱਖਾਂ ਨੱਕ,
ਜਿਉਂ ਕੋਈ ਸਾਂਭੀ ਹੋਵੇ ਤਲਵਾਰ ਦੁਪੱਟੇ ਵਿਚ।
ਸਿਰ ਦੇ ਵਾਲ ਕਟਾਏ ਤਹਿਜੀਬ ਇਲਮ 'ਚ ਤਬਦੀਲੀ,
ਵਿਰਲੀ ਟਾਂਵੀਂ ਦਿਸਦੀ ਏ ਮੁਟਿਆਰ ਦੁਪੱਟੇ ਵਿਚ।
ਜਿੱਦਾਂ ਆਲ੍ਹਣੇ ਦੇ ਵਿਚ ਮਾਸੂਮ ਪਰਿੰਦਾ ਹੋਵੇ,
ਮੀਂਹ ਵਿਚ ਇਉਂ ਭਿੱਜੀ ਤਨ ਦੀ ਕਚਨਾਰ ਦੁਪੱਟੇ ਵਿਚ।
'ਬਾਲਮ' ਕਿਧਰੇ ਗੁੰਮ ਨਾ ਹੋ ਜਾਵਨ ਸੰਭਾਲ ਲਵੋ,
ਦਿਸਦੇ ਨਈ ਅੱਜ-ਕੱਲ੍ਹ ਅਸਲੀ ਸੰਸਕਾਰ ਦੁਪੱਟੇ ਵਿਚ।

## ਗ਼ਜ਼ਲ

ਮਾਂਗ ਵਿਚ ਸੰਧੂਰ ਹੋਵੇ ਪਿਆਰ ਹੁੰਦੀਆਂ ਚੂੜੀਆਂ।
ਫਿਰ ਕਿਸੇ ਜੰਨਤ ਜਿਹਾ ਇਕਰਾਰ ਹੁੰਦੀਆਂ ਚੂੜੀਆਂ।
ਜਿਸ ਤਰ੍ਹਾਂ ਅੰਬਰ 'ਚ ਤਾਰੇ ਰੌਸ਼ਨੀ ਦੇ ਬਿੰਬ ਹਨ,
ਲੜਕੀ ਦੀ ਪਹਿਚਾਣ ਸਭਿਆਚਾਰ ਹੁੰਦੀਆਂ ਚੂੜੀਆਂ।
ਚੁੱਪ ਦੀ ਅੰਗੀਠੀ 'ਚ ਜਿੱਦਾਂ ਕੋਲੇ ਭਖਦੇ ਨੇ,
ਜੇ ਨਾ ਛਣਕਣ ਸਮਝ ਲਉ ਇਨਕਾਰ ਹੁੰਦੀਆਂ ਚੂੜੀਆਂ।
ਗੇਂਦ ਗੀਟੇ ਜਾਂ ਛਟਾਪੂ ਖੇਡਦੀਆਂ ਹੋਣ ਤਾਂ,
ਫਿਰ ਉਮਰ ਦੇ ਹਾਣ ਹੁੰਦੀਆਂ ਯਾਰ ਹੁੰਦੀਆਂ ਚੂੜੀਆਂ।
ਜਿਸ ਤਰ੍ਹਾਂ ਸੰਤੂਰ ਦੀ ਲੈਅ ਵਿਚ ਝਨਾਹਟ ਥਿਰਕਦੀ,
ਵਿਸ਼ਵ ਦੇ ਸੰਗੀਤ ਦੀ ਝਨਕਾਰ ਹੁੰਦੀਆਂ ਚੂੜੀਆਂ।
ਗਗਨ ਦੇ ਵਿਚ ਤਾਂ ਹੀ ਪੈਂਦੀ ਸੱਤਰੰਗੀ ਪੀਂਘ ਫਿਰ,
ਗੋਰੀਆਂ ਬਾਹਾਂ 'ਚ ਜਦ ਰੰਗਦਾਰ ਹੁੰਦੀਆਂ ਚੂੜੀਆਂ।
ਚਿਲਕਦੀ ਧੁੱਪ ਨੇ ਹੈ ਸਿਖਿਆ ਚਮਕਣਾ ਤੇ ਝਿਲਮਣਾ,
ਕਿਉਂਕਿ ਪ੍ਰੀਤਮ ਵਾਸਤੇ ਦਿਲਦਾਰ ਹੁੰਦੀਆਂ ਚੂੜੀਆਂ।
ਇਹ ਨੇ ਜੇ ਚਿੰਗਾਰੀਆਂ ਤਾਂ ਸ਼ਾਂਤ ਪੰਚ ਗੰਗਾ ਵੀ ਨੇ,
ਵਕਤ ਦੇ ਇਨਸਾਫ਼ ਵਿਚ ਹੱਕਦਾਰ ਹੁੰਦੀਆਂ ਚੂੜੀਆਂ।
ਜੇ ਸਵੱਲੀ ਨਜ਼ਰ ਹੋਵੇ ਤਾਂ ਪਵਿੱਤਰ ਰਹਿਮਤਾਂ,
ਨਈਂ ਤਾਂ ਫਿਰ ਮਕਤਲ ਦੇ ਵਿਚ ਤਲਵਾਰ ਹੁੰਦੀਆਂ ਚੂੜੀਆਂ।
ਘਰ ਦੇ ਉਤਸਵ ਵਿਚ ਕਦੀ ਖੁਸ਼ੀਆਂ ਦੇ ਪੈਂਦੇ ਗਿੱਧੇ ਵਿਚ,
ਆਰ ਹੁੰਦੀਆਂ ਚੂੜੀਆਂ ਤੇ ਪਾਰ ਹੁੰਦੀਆਂ ਚੂੜੀਆਂ।
ਪਿਆਰ ਤੇ ਸਤਿਕਾਰ ਦੀ ਤੱਕੜੀ 'ਚ ਪੂਰਾ ਤੁਲਦੀਆਂ,
ਦਾਜ ਦੀ ਲਾਹਨਤ ਲਈ ਦੀਵਾਰ ਹੁੰਦੀਆਂ ਚੂੜੀਆਂ।
ਚੰਨ ਸੂਰਜ ਤੇ ਸਿਾਰੇ ਇਸਦਾ ਹੈ ਪ੍ਰਤੀਬਿੰਬ,
ਰੌਸ਼ਨੀ ਦਾ ਚਮਕਦਾ ਭੰਡਾਰ ਹੁੰਦੀਆਂ ਚੂੜੀਆਂ।
ਜਿਸ ਤਰ੍ਹਾਂ ਰੁੱਖ ਨਾਲ ਲੱਗੀਆਂ ਨੇ ਖਜੂਰਾਂ ਕੱਚੀਆਂ,
ਜਾਂ ਕਿ ਸੁੰਦਰ ਦਿਖ ਰਿਹਾ ਮੀਨਾਰ ਹੁੰਦੀਆਂ ਚੂੜੀਆਂ।
ਜਦ ਇਹ ਝਾਂਜਰ ਨਾਲ ਛਣਕਣ ਤਦ ਤਬਾਹੀ ਮੱਚਦੀ,
ਸੂਕਦੇ ਫ਼ਨੀਅਰ ਦੀ ਫਿਰ ਫੁੰਕਾਰ ਹੁੰਦੀਆਂ ਚੂੜੀਆਂ।
ਵਕਤ ਦੇ ਬਦਲਾਵ ਨੇ ਗਹਿਣਾ ਅਸਾਂ ਤੋਂ ਖੋਹ ਲਿਆ,
ਰਿਸ਼ਤਿਆਂ ਦਰ ਰਿਸ਼ਤਿਆਂ ਸੰਸਕਾਰ ਹੁੰਦੀਆਂ ਚੂੜੀਆਂ।
ਦਾਮਿਨੀ ਹੰਸਕਾਮਿਨੀ ਦੀ ਛਣਕ ਕਰਵਾ ਚੌਥ ਵਿਚ,
ਫਿਰ ਪਤੀ ਦੇ ਪਿਆਰ ਅੰਗੀਕਾਰ ਹੁੰਦੀਆਂ ਚੂੜੀਆਂ।
ਇਹਨਾਂ ਦੇ ਵਿਚ ਜੋ ਵੀ ਰੰਗਿਆ ਉਹ ਰੰਗੀਲਾ ਹੋ ਗਿਆ,
ਖ਼ੂਬਸੂਰਤ ਜਲ ਬਿੰਬ ਮੰਝਦਾਰ ਹੁੰਦੀਆਂ ਚੂੜੀਆਂ।
ਹਿਰਨ ਦੇ ਤੜਪਣ 'ਚ ਗਹਿਰੀ ਵੇਦਨਾ ਦੀ ਦਾਸਤਾਂ,
ਗ਼ਜ਼ਲ ਦੀ ਉਪਮਾ ਸ਼ਿਲਪ ਅਲੰਕਾਰ ਹੁੰਦੀਆਂ ਚੂੜੀਆਂ।
ਕਦਰ ਦੀ ਕੀਮਤ ਜੇ ਹੋਵੇ ਤਾਂ ਮਜ਼ਾ ਹੈ ਜ਼ਿੰਦਗੀ,
ਦੋਸਤੀ ਤੋਂ ਬਿਨ ਸਦਾ ਬੇਕਾਰ ਹੁੰਦੀਆਂ ਚੂੜੀਆਂ।
ਗੋਰੀਆਂ ਬਾਹਾਂ 'ਚ ਆ ਕੇ ਹੀ ਨੇ ਜੰਨਤ ਬਣਦੀਆਂ,
ਉਸ ਤਰ੍ਹਾਂ ਵੇਖਣ ਨੂੰ ਤਾਂ ਬਾਜ਼ਾਰ ਹੁੰਦੀਆਂ ਚੂੜੀਆਂ।
'ਬਾਲਮਾ' ਕਿਸਨੂੰ ਇਹ ਡੋਬਣ ਕਿਸਨੂੰ ਤਾਰਨ ਕੀ ਪਤਾ,
ਜ਼ਿੰਦਗੀ ਦੇ ਵਿਚ ਖੇਵਨਹਾਰ ਹੁੰਦੀਆਂ ਚੂੜੀਆਂ।

## ਗ਼ਜ਼ਲ

ਕਿਸੇ ਮੁਟਿਆਰ ਦੇ ਕੰਨਾਂ 'ਚ ਸ਼ੋਭਦੇ ਝੁਮਕੇ।
ਜਿਵੇਂ ਝੋਨੇ ਦੀਆਂ ਮੁੰਝਰਾਂ ਇਵੇਂ ਨੇ ਝਲਕਦੇ ਝੁਮਕੇ।
ਨਸ਼ਾ ਇਨ੍ਹਾਂ ਦਾ ਜਿਸ ਪੀਤਾ ਨਾ ਆਇਆ ਹੋਸ਼ ਵਿਚ ਉਹ ਫਿਰ,
ਜਿਵੇਂ ਪੈਮਾਨੇ ਵਿਚ ਮਦਿਰਾ ਇਵੇਂ ਨੇ ਛਲਕਦੇ ਝੁਮਕੇ।
ਗੁਲਾਬੀ ਨੱਕ ਦੀ ਤਲਵਾਰ ਤੋਂ ਡਰਦੇ ਨਹੀਂ ਚੁੰਮਦੇ,
ਇਧਰ ਵੀ ਤਰਸਦੇ ਝੁਮਕੇ ਓਧਰ ਵੀ ਤਰਸਦੇ ਝੁਮਕੇ।
ਪਿਆਸੇ ਆਸ ਲਾ ਬੈਠੇ ਕਦੋਂ ਹੋਵੇਗੀ ਇਹ ਬਾਰਿਸ਼,
ਖੁੱਲ੍ਹੇ ਵਾਲਾਂ 'ਚ ਬਿਜਲੀ ਵਾਂਗਰਾਂ ਨੇ ਗਰਜਦੇ ਝੁਮਕੇ।
ਕਿਸੇ ਰੁਖ਼ਸਰ ਦੇ ਦੀਵੇ ਨੂੰ ਚੁੰਮਣ ਵਾਸਤੇ ਆਈਆਂ,
ਜਦੋਂ ਹਿਲਦੇ ਹਵਾਵਾਂ ਦੀ ਸ਼ਰਾਰਤ ਸਮਝਦੇ ਝੁਮਕੇ।
ਕੋਈ ਵਿਰਲਾ ਸਪੇਰਾ ਹੀ ਇਨ੍ਹਾਂ ਨੂੰ ਵੱਸ ਕਰ ਸਕਦਾ,
ਕਿ ਤਕਸ਼ਕ ਸੱਪ ਦੀ ਫੁੰਕਾਰ ਵਾਂਗੂ ਫਰਕਦੇ ਝੁਮਕੇ।
ਉਡੀਕਾਂ ਵਿਚ ਸੁਹੱਪਣ ਦੇ ਸਜਾ ਕੇ ਫੁੱਲ ਮੂੜੇ ਵਿਚ,
ਕਿਸੇ ਦੇ ਪਿਆਰ ਦੇ ਇਕਰਾਰ ਅੰਦਰ ਮਚਲਦੇ ਝੁਮਕੇ।
ਪਹਾੜੀ ਝਰਨਿਆਂ ਦੀ ਖ਼ੂਬਸੂਰਤ ਦਿੱਖ ਦੇ ਵਾਂਗੂ,
ਹਵਾ ਦੀ ਸਰ-ਸਰਾਹਟ ਵਿਚ ਕੀ ਕੁਝ ਬੋਲਦੇ ਝੁਮਕੇ।
ਇਨ੍ਹਾਂ ਦੇ ਕੋਲ ਜੀਵਨ ਦੀ ਇਲਾਹੀ ਇਕ ਚਾਬੀ ਹੈ,
ਕਿਸੇ ਜੰਨਤ 'ਚ ਤ੍ਰੈਕਾਲਿਕ ਦੇ ਤਾਲੇ ਖੋਲ੍ਹਦੇ ਝੁਮਕੇ।
ਇਨ੍ਹਾਂ ਦੀ ਹੋਂਦ ਕਰਕੇ ਹੀ ਗਗਨ ਵਿਚ ਰੌਸ਼ਨੀ ਸਾਰੀ,
ਧਰਤ ਦੇ ਰੰਗ ਬਿਰੰਗੇ ਮੌਸਮਾਂ ਨੂੰ ਬਦਲਦੇ ਝੁਮਕੇ।
ਲਈ ਸੰਗੀਤ ਨੇ ਗੁੜਤੀ ਇਨ੍ਹਾਂ ਦੀ ਲੈਅ ਦੇ ਕੋਲੋਂ,
ਗ਼ਜ਼ਲ ਕਵਿਤਾ ਰੁਬਾਈ ਗੀਤ ਦੇ ਵਿਚ ਥਿਰਕਦੇ ਝੁਮਕੇ।
ਜਿਵੇਂ ਰੰਗਦਾਰ ਝੱਜਰ 'ਤੇ ਸ਼ਿਲਪਕਾਰੀ ਬੜੀ ਜੱਚਦੀ,
ਇਵੇਂ ਗਰਦਨ ਦੁਆਲੇ ਖ਼ੂਬਸੂਰਤ ਟਹਿਕਦੇ ਝੁਮਕੇ।
ਜਦੋਂ ਹਿਲਦੇ ਦਿਲਾ ਉਪੱਰ ਫਫੋਲੇ ਵੇਦਨਾ ਰੱਖਦੇ,
ਕਿਸੇ ਖੰਜ਼ਰ ਦੇ ਵਾਂਗੂ ਰੂਹ, ਜਿਸਮ ਨੂੰ ਚੀਰਦੇ ਝੁਮਕੇ।
ਬਹਾਰਾਂ ਕਰਕੇ 'ਬਾਲਮ' ਜੀ ਚਮਨ ਦੀ ਕਦਰ ਹੁੰਦੀ ਹੈ,
ਜਵਾਨੀ ਤੋਂ ਬਿਨ੍ਹਾਂ ਸੁੰਦਰ ਤੋਂ ਸੁੰਦਰ ਖੋਖਲੇ ਝੁਮਕੇ।

# ਸਟੇਟ ਐਵਾਰਡੀ ਸ੍ਰੀਮਤੀ ਅਮਨਪ੍ਰੀਤ ਕੌਰ



ਮਾਸਟਰ ਸੰਜੀਵ ਧਰਮਾਣੀ
91-94785-61356

ਸੰਸਾਰ ਵਿੱਚ ਵਿਚਰਦੇ ਹੋਏ ਹਰ ਪ੍ਰਾਣੀ ਨੂੰ ਕਰਮ ਕਰਨਾ ਪੈਂਦਾ ਹੈ। ਕਰਮ ਹੀ ਸਾਡੇ ਜੀਵਨ ਨੂੰ ਗਤੀਮਾਨ ਕਰਦੇ ਹਨ ਅਤੇ ਪ੍ਰਾਣੀ ਆਪਣੇ ਮਹਾਨਤਮ ਕਾਰਜਾਂ ਸਦਕਾ ਹੀ ਸੰਸਾਰ ਵਿਚ ਉਚੇਰੀਆਂ ਮੰਜ਼ਲਾਂ ਸਰ ਕਰਦਾ ਹੈ ਤੇ ਬੁਲੰਦੀਆਂ ਦੇ ਝੰਡੇ ਗੱਡਦਾ ਹੈ। ਇਸ ਸਬੰਧ ਵਿਚ ਉਪਨਿਸ਼ਦਾਂ ਵਿੱਚ ਵਰਣਨ ਹੈ, ਯਦੇਵ ਵਿਦਿਆਯ ਕਰੋਮਿ ਸ਼ੈਰਧਯੋਨਿਸ਼ਦਾ ਤਦੇਵ ਵੀ-ਰਅਵਤਰੰਮ ਭਵਤਿ।। ਇਨਸਾਨ ਜਦੋਂ ਆਪਣੇ ਕਰਮਾਂ / ਕਾਰਜਾਂ ਵਿੱਚ ਯੁਕਤੀ, ਸ਼ਰਧਾ ਅਤੇ ਵਿਦਵਤਾ ਨੂੰ ਸਮਾਹਿਤ ਕਰਕੇ ਵਿਚਰਦਾ ਹੈ ਤਾਂ ਉਸ ਦੀ ਸਫ਼ਲਤਾ ਵੀ ਪ੍ਰਬਲਤਾ ਵਿੱਚ ਬਦਲ ਕੇ ਚੰਗੇ ਨਤੀਜੇ ਸਾਹਮਣੇ ਲਿਆਉਂਦੀ ਹੈ। ਅਜਿਹੇ ਹੀ ਮਹਾਨ ਗੁਣਾਂ ਨਾਲ ਸੁਸ਼ੋਭਿਤ ਅਤੇ ਜੀਵਨ ਦੇ ਪਹਿਨ ਕੇ ਅਰਸੇ ਵਿੱਚ ਹੀ ਉੱਚਤਮ, ਮਹਾਨ ਅਤੇ ਪ੍ਰਬਲ ਪ੍ਰਾਪਤੀਆਂ ਹਾਸਲ ਕਰਨ ਵਾਲੀ ਮਹਾਨ ਅਧਿਆਪਿਕਾ ਹੈ: ਸ੍ਰੀਮਤੀ ਅਮਨਪ੍ਰੀਤ ਕੌਰ ਜੀ , ਸਟੇਟ ਐਵਾਰਡੀ। ਸ੍ਰੀਮਤੀ ਅਮਨਪ੍ਰੀਤ ਕੌਰ ਜੀ ਨੇ ਆਪਣੀ ਨੌਕਰੀ ਦੀ ਸ਼ੁਰੂਆਤ 01.07.2006 ਨੂੰ ਸਰਕਾਰੀ ਪ੍ਰਾਇਮਰੀ ਸਕੂਲ ਗਰਾਮ ਖੁਰਦ (ਚਮਕੌਰ ਸਾਹਿਬ) ਰੂਪਨਗਰ ਤੋਂ ਬਤੌਰ ਈ.ਟੀ.ਟੀ. ਅਧਿਆਪਿਕਾ ਕੀਤੀ। ਆਪਣੀ ਯੋਗਤਾ ਦਾ ਲੋਹਾ ਮਨਵਾਉਂਦੇ ਹੋਏ ਆਪਣੇ ਸੰਨ 2019 ਵਿੱਚ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਅਮਲਾਲਾ ਐੱਸ .ਏ .ਐੱਸ. ਨਗਰ ਵਿਖੇ ਬਤੌਰ ਮੁੱਖ ਅਧਿਆਪਕਾ ਤਰੱਕੀ ਪ੍ਰਾਪਤ ਕੀਤੀ ਅਤੇ ਜੂਨ 2021 ਵਿੱਚ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਝੱਲੀਆਂ ਖੁਰਦ, ਬਲਾਕ ਸਲੋਰਾ (ਰੂਪਨਗਰ) ਵਿਖੇ ਬਤੌਰ ਸੀ.ਐਚ.ਟੀ. ਅਹੁਦਾ ਸੰਭਾਲਿਆ। ਨਿੱਕੀ ਜਿਹੀ ਆਯੂ ਵਿੱਚ ਅਜਿਹੀਆਂ ਬੁਲੰ-ਦੀਆਂ ਨੂੰ ਛੂਹ ਲੈਣਾ ਜ਼ਰੂਰ ਹੀ ਇੱਕ ਸਤਿਕਾਰਯੋਗ , ਮਿਹਨਤੀ , ਬੁਲੰਦ ਇਰਾਦੇ ਵਾਲੇ ਅਤੇ ਇੱਕ ਖਾਸ ਸ਼ਖ਼ਸੀਅਤ ਤੇ ਕਰਮਵਾਦੀ ਵਿਅਕਤੀਤਵ ਦੇ ਲੇਖੇ ਹੀ ਆਉਂਦਾ ਹੈ। ਆਪ ਜੀ ਨੇ ਹਰ ਸਕੂਲ ਵਿੱਚ ਪੜਾਈ ਦਾ ਪੱਧਰ ਉੱਚਾ ਚੁੱਕਿਆ, ਸਕੂਲਾਂ ਵਿੱਚ ਬੁਨਿਆਦੀ ਸਹੂਲਤਾਂ ਦਾ ਯਥਾਸੰਭਵ ਪ੍ਰਬੰਧ ਕੀਤਾ ਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਹਰ ਪੱਖ ਤੋਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਤੇ ਕਰਦੇ ਆ ਰਹੇ ਹਨ। ਆਪ ਜੀ ਦੀ ਯੋਗ ਅਗਵਾਈ ਹੇਠ ਬੱਚਿਆਂ ਨੇ ਖੇਡਾਂ ਅਤੇ ਹੋਰ ਖੇਤਰਾਂ ਵਿੱਚ ਵੀ ਅਥਾਹ ਮੱਲਾਂ ਮਾਰੀਆਂ। ਸ਼੍ਰੀਮਤੀ ਅਮਨਪ੍ਰੀਤ ਕੌਰ ਜੀ ਨੇ ਆਪਣੇ ਬੁਲੰਦ ਇਰਾਦੇ ਅਤੇ ਸਮਰਪਣ ਦਾ ਸਬੂਤ ਦਿੰਦੇ ਹੋਏ ਖੁਦ ਅਤੇ ਆਪਣੇ ਵਿਦਿਆਰਥੀਆਂ ਦੀ ਹਰ ਖੇਤਰ ਦੇ ਹਰੇਕ ਮੁਕਾਬਲੇ ਵਿੱਚ ਭਾਗੀਦਾਰੀ ਦਰਜ ਕਰਵਾਈ ਤੇ ਉੱਚਤਮ ਮੁਕਾਮ ਹਾਸਲ ਕਰਕੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ। ਮੈਡਮ ਅਮਨਪ੍ਰੀਤ ਕੌਰ ਜੀ ਨੇ ਸਮਾਜਿਕ ਬੁਰਾਈਆਂ ਵਿਰੁੱਧ ਆਮ - ਜਨ ਨੂੰ ਜਾਗਰੂਕ ਕਰਨ ਲਈ ਵੱਖ-ਵੱਖ ਨੁੱਕੜ ਨਾਟਕਾਂ ਵਿੱਚ ਵੀ ਯੋਗਦਾਨ ਪਾਇਆ। ਆਪਜੀ ਨੇ ਸੁਤੰਤਰਤਾ ਦਿਵਸ, ਗਣਤੰਤਰ ਦਿਵਸ, ਮੇਲਿਆਂ, ਤਿਉਹਾਰਾਂ, ਝਾਕੀਆਂ ਆਦਿ ਵਿੱਚ ਵੀ ਆਪਣੀ ਸ਼ਲਾਘਾਯੋਗ ਸ਼ਮੂਲੀਅਤ ਦਰਜ ਕਰਵਾਈ। ਲੌਕਡਾਊਨ ਦੌਰਾਨ ਵਿਦਿਆਰਥੀਆਂ ਨੂੰ ਪੜਾਈ ਨਾਲ ਜੋੜਨ ਲਈ ਆਪ ਜੀ ਨੇ ਵਿਸ਼ੇਸ਼ ਉਪਰਾਲੇ ਕਰਕੇ ਵਿਸ਼ੇਸ਼ ਯੋਗਦਾਨ ਪਾਇਆ। ਮੈਡਮ ਅਮਨਪ੍ਰੀਤ ਕੌਰ ਜੀ ਨੇ ਦੋ ਫਿਲਮਾਂ /ਮੂਵੀਜ਼ (ਅਖ਼ਬਾਰ ਵਾਲ਼ਾ ਤੇ ਆਖ਼ਰੀ ਪੁਲਾਂਘ ) ਵਿੱਚ ਆਪਣੀ ਖਾਸ ਭੂਮਿਕਾ ਨਿਭਾਈ। ਆਪ ਜੀ ਨੇ ਬਤੌਰ ਆਰਜ਼ੀ ਸੈਂਟਰ ਹੈੱਡ ਟੀਚਰ ਦੇ ਅਹੁਦੇ 'ਤੇ ਵੀ ਸੇਵਾ ਨਿਭਾਈ। ਮੈਡਮ ਅਮਨਪ੍ਰੀਤ ਕੌਰ ਜੀ ਦੀ ਸਿੱਖਿਆ , ਸਮਾਜ ਤੇ ਸਕੂਲ ਪ੍ਰਤੀ ਨਿਭਾਈ ਜਾ ਰਹੀ ਹਰ ਜ਼ਿੰਮੇਵਾਰੀ ਕਾਬਿਲ - ਏ - ਤਾਰੀਫ਼ ਹੈ। ਸਿੱਖਿਆ ਤੇ ਸਮਾਜ ਦੇ ਖੇਤਰ ਵਿੱਚ ਨਿਭਾਏ ਜਾ ਰਹੇ ਵਿਸ਼ੇਸ਼ - ਯੋਗਦਾਨ ਸਦਕਾ ਮੈਡਮ ਅਮਰ-ਪ੍ਰੀਤ ਕੌਰ ਜੀ ਨੂੰ ਉੱਚ ਸਿੱਖਿਆ ਅਧਿਕਾਰੀਆਂ ਵੱਲੋਂ ਕਈ ਵਾਰ ਸਨਮਾਨ - ਪੱਤਰ ਪ੍ਰਾਪਤ ਹੋਏ।ਸਕੂਲ ਸਿੱਖਿਆ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਜੀ ਵੱਲੋਂ ਆਪਜੀ ਨੂੰ ਤਿੰਨ ਵਾਰ ਸਨਮਾਨਿਤ ਕੀਤਾ ਗਿਆ , ਰੂਪਨਗਰ ਜਿਲੇ ਦੀ ਵੱਕ-ਾਰੀ ਸੰਸਥਾ ਰੋਟਰੀ ਕਲੱਬ ਵੱਲੋਂ ਸੰਨ 2016 ਵਿੱਚ ਸਨਮਾਨਿਤ ਕੀਤਾ ਗਿਆ ਤੇ ਸੈਣੀ ਸਭਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਮੈਡਮ ਅਮਨਪ੍ਰੀਤ ਕੌਰ ਜੀ ਨੂੰ ਜਿਲਾ ਪ੍ਰਸ਼ਾਸਨ ਰੂਪਨਗਰ ਵੱਲੋਂ ਵਿਸ਼ੇਸ਼ ਪ੍ਰਸੰਸਾ - ਪੱਤਰ ਪ੍ਰਦਾਨ ਕੀਤਾ ਗਿਆ। ਸੰਨ 2018 ਵਿੱਚ ਤੱਤਕਾਲੀ ਕੈਬਨਿਟ ਸਿੱਖਿਆ ਮੰਤਰੀ ਪੰਜਾਬ ਸਰਕਾਰ ਸ੍ਰੀਮਤੀ ਅਰੁਣਾ ਚੌਧਰੀ ਜੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਹੋਰ ਅਨੇਕਾਂ ਸਮਾਜਿਕ ਸੰਸਥਾਵਾਂ ਤੇ ਕਲੱਬਾਂ ਨੇ ਮੈਡਮ ਅਮਨਪ੍ਰੀਤ ਕੌਰ ਜੀ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਤੇ ਆਪਜੀ ਨੂੰ ਸਮੇਂ - ਸਮੇਂ 'ਤੇ ਸਨਮਾਨਿਤ ਵੀ ਕੀਤਾ।ਸੰਨ 2020 ਵਿੱਚ ਸਕੂਲ ਸਿੱਖਿਆ ਵਿਭਾਗ ਪੰਜਾਬ - ਸਰਕਾਰ ਵੱਲੋਂ ਅਧਿਆਪਕ ਦਿਵਸ ਦੇ ਸ਼ੁਭ ਅਵਸਰ 'ਤੇ ਮੈਡਮ ਅਮ-ਨਪ੍ਰੀਤ ਕੌਰ ਜੀ ਨੂੰ ਪੰਜਾਬ ਰਾਜ ਅਧਿਆਪਕ ਪੁਰਸਕਾਰ (ਸਟੇਟ ਐਵਾਰਡ) ਪ੍ਰਦਾਨ ਕੀਤਾ ਗਿਆ। ਆਪ ਨੇਸ਼ਨ ਬਿਲਡਰ ਐਵਾਰਡ ਨਾਲ ਵੀ ਸਨਮਾਨਿਤ ਹੋ ਚੁੱਕੇ ਹਨ। ਅੱਜ ਜੇਕਰ ਮੈਡਮ ਅਮਨਪ੍ਰੀਤ ਕੌਰ ਜੀ ਦੇ ਸਮੁੱਚੇ ਭਰਪੂਰ ਕਾਰਜਾਂ ਦੀ ਗੱਲ ਕਰੀਏ ਤਾਂ ਸ਼ਾਇਦ ਕਲਮ ਵੀ ਹੱਥ ਖੱਡ ਕਰ ਦੇਵੇ ਸ ਕਿਉਂ ਜੋ ਇੰਨੀ ਛੋਟੀ ਆਯੂ ਵਿੱਚ ਇੰਨੀਆਂ ਉਚਾਈਆਂ ਨੂੰ ਛੂਹਣਾ, ਇੰਨੀਆਂ ਬੁਲੰਦੀਆਂ ਸਰ ਕਰਨੀਆਂ ਅਤੇ ਮਾਣ - ਸਨਮਾਨ ਹਾਸਲ ਕਰਨਾ ਇਹ ਕੇਵਲ ਤੇ ਕੇਵਲ ਇੱਕ ਮਹਾਨ, ਬੁਲੰਦ ਇਰਾਦੇ ਤੇ ਸਮਰਪਣ ਭਾਵ ਰੱਖਣ ਵਾਲੇ ਮਹਾਨ ਵਿਅਕਤੀਤਵ ਦੇ ਹੀ ਹਿੱਸੇ ਆਉਂਦਾ ਹੈ। ਪਰਮਾਤਮਾ ਕਰੇ! ਮੈਡਮ ਅਮਨਪ੍ਰੀਤ ਕੌਰ ਜੀ ਹਮੇਸ਼ਾ ਚੜਦੀ ਕਲਾ ਵਿੱਚ ਰਹਿਣ ਅਤੇ ਸਿੱਖਿਆ ਤੇ ਸਮਾਜ ਦੀ ਹੋਰ ਭਰਪੂਰ ਸੇਵਾ ਕਰਦੇ ਰਹਿਣ। ਇਸ ਸੰਬੰਧੀ ਮੈਡਮ ਅਮਨਪ੍ਰੀਤ ਕੌਰ ਜੀ ਦੇ ਵਿਚਾਰ ਹਨ।

ਮੇਰੇ ਕਰਮ ਹੀ ਮੇਰੀ ਪਹਿਚਾਨ ਬਨੇ
ਤੋ ਬਿਹਤਰ ਹੈ,
ਚਿਹਰੇ ਕਾ ਕਿਆ ਹੈ?
ਵੋ ਤੋ ਮੇਰੇ ਸਾਥ ਹੀ ਚਲਾ ਜਾਏਗਾ ।



# ਸਾਂਝੀਵਾਲਤਾ ਸਮੇਂ ਦੀ ਲੋੜ



ਹਰਦੀਪ ਸਿੰਘ ਚੁੰਬਰ
+91-94636-01616

ਪੰਜਾਬ ਨੂੰ "ਭਾਰਤ ਦੀ ਖਾਣੇ ਦੀਕਟੋਰੀ" ਕਿੱਹਾ ਜਾਂਦਾ ਹੈ। ਇਹ ਭਾਰਤ ਦੇ ਕਪਾਹ ਦੇ 10.26%, ਭਾਰਤ ਦੇ ਕਣਕ ਦੇ 19.5% ਅਤੇ ਭਾਰਤ ਦੇ ਚਾਵਲ ਦੇ 11% ਹਿੱਸੇ ਦਾ ਅਨਾਜ ਪੈਦਾ ਕਰਦਾ ਹੈ। ਫ਼ਿਰੋਜ਼ਪੁਰ ਅਤੇ ਫਾਜ਼ਿਲਕਾ ਜਿਲ੍ਹੇ ਰਾਜ ਵਿਚ ਕਣਕ ਅਤੇ ਚਾਵਲ ਦੇ ਸਭ ਤੋਂ ਵੱਡੇ ਉਤਪਾਦਕ ਹਨ। ਦੁਨੀਆ ਭਰ ਵਿੱਚ ਭਾਰਤੀ ਪੰਜਾਬ ਸੰਸਾਰ ਦੇ 2% ਕਪਾਹ, 2% ਕਣਕ ਅਤੇ 1% ਇਸਦੇ ਚੌਲ ਪੈਦਾ ਕਰਦਾ ਹੈ। ਸਭ ਤੋਂ ਵੱਧ ਕਾਸ਼ਤ ਵਾਲੀ ਕਣਕ ਦੀ ਫਸਲ ਹੈ ਹੋਰ ਮਹੱਤਵਪੂਰਨ ਫਸਲਾਂ ਚਾਵਲ, ਕਪਾਹ, ਗੰਨਾ, ਬਾਜਰੇ, ਮੱਕੀ, ਜੌਂ ਅਤੇ ਫ਼ਲ ਹਨ। ਚਾਵਲ ਅਤੇ ਕਣਕ ਨੂੰ ਪੰਜਾਬ ਵਿਚ ਦੂੱਗਣਾ ਕਰ ਦਿੱਤਾ ਗਿਆ ਹੈ। 1960 ਅਤੇ 1970 ਦੇ ਦਹਾਕੇ ਵਿੱਚ ਪੰਜਾਬ ਦੇ ਕਿਸਾਨਾਂ ਨੇ "ਗਰੀਨ ਰੈਵੋਲੂਸ਼ਨ" ਨਾਮਕ ਰਾਸ਼ਟਰੀ ਪ੍ਰੋਗਰਾਮ ਦੇ ਹਿੱਸੇ ਵਜੋਂ ਰਵਾਇਤੀ ਖੇਤੀ ਦੇ ਢੰਗਾਂ ਨੂੰ ਛੱਡ ਦਿੱਤਾ ਸੀ। ਉਹਨਾ ਐਮਰੀਕਾ ਅਤੇ ਦੂਜੇ ਦੇਸ਼ਾਂ ਦੇ ਸਲਾਹਕਾਰਾਂ ਦੀ ਸਹਾਇਤਾ ਲੈਣੀ ਸੁਰੂ ਕਰ ਦਿਤੀ ਸੀ। ਭਾਰਤੀ ਕਿਸਾਨਾਂ ਨੇ ਐਮਰੀਕਨ ਤਰੀਕੇ ਨਾਲ ਫ਼ਸਲਾਂ ਬੀਜਣ ਦੀ ਸ਼ੁਰੂਆਤ ਕਰਨੀ ਸ਼ੁਰੂ ਕਰ ਦਿੱਤੀ। ਜਿਸ ਵਿਚ ਕੈਮੀਕਲ ਖਾਦਾਂ, ਕੀਟ ਨਾਸ਼ਕ, ਉੱਚ ਉਪਜ ਵਾਲੇ ਬੀਜ ਅਤੇ ਸਿੰਚਾਈ ਸ਼ਾਮਲ ਸਨ।ਨਵੀਆਂ ਤਕਨੀਕਾਂ ਨੂੰ ਅਪਣਾ ਕੇ ਪੰਜਾਬ ਨੇ ਭਾਰਤ ਦੇ ਅਨਾਜ ਦੇ ਭੰਡਾਰ ਭਰ ਦਿਤੇ।



### ਪੁਰਾਣੇ ਸਾਧਨਾਂ ਨਾਲ ਹਰੀ ਕ੍ਰਾਂਤੀ

ਉਸ ਸਮੇਂ 70-80 ਦਿਆਂ ਦਹਾਕਿਆਂ ਦੌਰਾਨ ਖੇਤੀਬਾੜੀ ਦਾ ਮਸੀਨੀਕਰਨ ਨਹੀਂ ਹੋਇਆ ਸੀ। ਇਸ ਇਨਕਲਾਬੀ ਕੰਮ ਨੂੰ ਉਹਨਾਂ ਹੀ ਪੁਰਾਂਣੇ ਖੇਤੀ ਔਜਾਰਾਂ, ਹ਼ਲਾਂ, ਬੈਲਾਂ ਅਤੇ ਗੱਡਿਆਂ, ਪੰਜਾਬੀ ਮਜਦੂਰਾਂ, ਸ਼ੀਰੀਆਂ, ਸਾਂਝੀਆਂ ਦੇ ਸਹਾਇਤਾ ਨਾਲ ਕੀਤਾ। ਇਸ ਨਾਲ ਕਈ ਲਾਭ ਹੋਏ, ਪਹਿਲਾ ਪੁਰਾਣੇ ਸਾਧਨ ਅਤੇ ਔਜਾਰ ਵਰਤਣ ਨਾਲ ਕੋਈ ਵਾਧੂ ਆਰਥਿਕ ਭਾਰ ਨਹੀ ਸਹਿਣਾ ਪਿਆ, ਦੂੱਜੇ ਪੰਜਾਬ ਦੇ ਖੇਤੀ ਮਜ਼ਦੂਰਾਂ ਨੂੰ ਕੰਮ ਮਿਲਿਆ। ਇਸ ਕਿਸਾਨ ਮਜ਼ਦੂਰ ਦੀ ਆਪਸੀ ਲੋੜ ਨਾਲ ਸਮਾਜਿਕ ਰਿਸਤਿਆਂ ਦੇ ਵਿਚ ਸੁਧਾਰ ਹੋਇਆ।ਇਸ ਇਨਕਲਾਬ ਦਾ ਸ਼ਿਹਰਾ ਪੰਜਾਬ ਦੇ ਕਿਸਾਨਾਂ ਮਜਦੂਰਾਂਨੂੰ ਹੀ ਜਾਂਦਾ ਹੈ। ਇਹ ਸਮੁੱਚੇ ਪੰਜਾਬੀਆਂ ਦਾ ਹੰਭਲਾ ਸੀ।

### ਅਧੂਨਕੀ ਕਰਨ ਦੇ ਪ੍ਰਭਾਵ

ਸਮਾਂ ਬਦਲਿਆ, ਸਾਰੇ ਪਾਸੇ ਤੇਜੀ ਆਈ, ਵਪਾਰ ਵਧਿਆ, ਕਮਾਈਆਂ ਵਧੀਆਂ, ਅਬਾਦੀ ਵਧੀ, ਜਮੀਨ ਵੱਡੇ ਰਕਬਿਆਂ ਦੇ ਟੁੱਕੜੇ ਛੋਟੇ ਛੋਟੇ ਹੋਏ, ਖੇਤੀ ਵਿਚ ਮਸ਼ੀਨੀ-ਕਰਨ ਵਧਿਆ, ਖੇਤੀ ਵਿਚ ਮਜ਼ਦੂਰਾਂ ਦੀ ਨਿਰਭਰਤਾ ਘਟੀ, ਪੈਦਾਵਾਰ ਦੀ ਲਾਗਤ ਵਧੀ,ਜਮੀਨਾਂ ਦੀ ਕਰਦ ਵਧੀ, ਸ਼ਾਮਲਾਟ ਜਮੀਨਾਂ ਉਤੇ ਕਬਜੇ ਵਧੇ। ਜਿਸ ਦੀ ਵੀ ਸਰਕਾਰ ਆਈ ਉਸੇ ਦੇ ਰਸੂਖਦਾਰਾਂ ਨੇ ਕਬਜੇ ਕੀਤੇ। ਸ਼ਾਮਲਾਟਾਂ ਉਤੇ ਕਬਜੇ ਦੇ ਮਾਮਲੇ ਵਿਚ ਸਾਰੇ ਸਿਆਸੀ ਦਲ, ਖੇਤੀਬਾੜੀ ਕਰਨ ਵਾਲੀਆਂ ਕੁੱਝਜਾਤੀਆਂਬਰਾਬਰ ਭਾਈਵਾਲ ਹਨ। ਪੰਜਾਬ ਦੇ ਤਾਕਤਵਰ ਸਿਆਸੀ ਦਲਾਂ ਵਿੱਚੋਂਕਰੀਬ 95% ਕਿਸਾਨਾਂ ਅਤੇ ਖਾਸ ਅਖੌਤੀ ਉੱਚ ਦੀਆਂ ਪ੍ਰਧਾਨਗੀਆਂ ਥੱਲੇ ਚੱਲ ਰਹੇ ਹਨ। ਜੇਕਰ ਸੰਸਾਧਨਪ੍ਰਸਤ ਅਦਾਰਿਆਂ, ਗੁਰੂਦਵਾਰਿਆਂ, ਡੇਰਿਆਂ ਦੀ ਗਲ ਕਰੀਏ ਉਹਨਾਂਵਿਚ ਵੀ ਇਹਨਾਂ ਦਾ ਕਬਜਾ ਹਨ।ਇਹ ਇੱਕ ਦੂਜੇ ਦਾ ਵਿਰੋਧ ਵੀ ਕਰਦੇ ਹਨ। ਇਹ ਸੰਗਠਨਾਂ ਨੇਸੰਸਾਧਨਾਂ ਅਤੇ ਜਮੀਨੀ ਮਾਮਲਿਆਂ ਵਿਚ ਬਾਹਰੀ ਜਾਂ ਅੰਦਰੂਨੀ ਤੌਰ ਸਹਾਇਤਾ ਕਰ,ਚੁੱਪਵੱਟ ਕੇ,ਬਹੁਤੀ ਵਾਰਇਕ ਹੋਣ ਦੇ ਸਬੂਤ ਦਿੱਤੇ ਹਨ। ਇਸੇ ਲਈ ਵਿਰੋਧ ਕਰਨ ਵਾਲਿਆਂ ਨੂੰ ਚਿੱਤ ਕਰਦੇ ਆ ਰਹੇ ਹਨ। ਬੇਸ਼ਕ ਇਹ 1-2% ਲੋਕਾਂ ਉਤੇ ਕਦੀ ਵੀ ਲਾਗੂ ਨਹੀਂ ਹੁੰਦੀ, ਪਰ ਉਹਨਾਂ ਦਾ ਕਿਸੇ ਵੀ ਤਰਾਂ ਨਾਲ ਉਹਨਾਂ ਮਸਲਿਆਂ ਨੂੰ ਹੱਲ ਕਰਨ ਦਾ ਦਮ ਨਹੀਂ ਹੁੰਦਾ।

ਮਸ਼ੀਨੀ ਕਰਨ ਹੋਂਣ ਨਾਲ ਖੇਤੀ ਲਈ ਖੇਤ ਮਜਦੂਰਾਂ ਦੀ ਲੋੜ ਘਟੀ। ਬੇਕਾਰ ਹੋਇਆ ਖੇਤ ਮਜ਼ਦੂਰ ਰੁਜ਼ਗਾਰ ਦੇ ਨਵੇਂ ਰਾਹ ਤਲਾਸਣ ਲਗਾ। ਲੋੜ ਖਤਮ ਹੋਣ ਨਾਲ ਹੀਭਾਈਚਾਰਕ ਸਾਂਝਾਂ ਘਟੀਆਂ।ਬਹੁਤ ਸਾਰੇ ਪਿੰਡਾਂ ਵਿੱਚ ਸਾਂਝੀਆਂ ਸ਼ਾਮਲਾਟ ਜਮੀਨਾਂ ਹੁਣ ਵੀ ਹਨ ਜੋ ਹਰ ਸਾਲ ਸਰਕ-ਾਰੀ ਤੌਰ ਤੇ ਖੇਤੀਬਾੜੀ ਲਈਠੇਕੇ ਉਤੇ ਦਿਤੀ ਜਾਂਦੀ ਹੈ।ਇਹ ਸ਼ਾਮਲਾਟ ਜਮੀਨਾਂ ਵਿਚੋ ਵਿਹੜੇ ਵਾਲੇ ਖੇਤ ਮਜ਼ਦੂਰ ਵਿਚ ਬਣਦਾ ਲੈਣ ਲਈ ਗਲ ਚੱਲੀ। ਇਹਨਾ ਸ਼ਾਮਲਾਟਾਂ ਉਤੇਪਿੰਡਾਂ ਦੇ ਖਾਸ ਅਖੌਤੀ ਉੱਚ ਦਾ ਸਿੱਧੇ ਜਾਂ ਅਸਿੱਧੇ(ਫਰੋਣੇ)ਢੰਗ ਨਾਲ ਕਬਜਾ ਹੈ। ਬੇਰੁਜ਼ਗਾਰ ਹੋਏ ਖੇਤ ਮਜ਼ਦੂਰਾਂ ਵਿੱਚ ਬਣਦੇ ਹਿੱਸੇ ਅਨੂਸਾਰ ਜਮੀਨ ਪ੍ਰਾਪਤੀ ਲਈ ਸਮਾਜ ਵਿਚ ਜਾਗਰਿਤੀ ਆਈ ਹੈ।ਕਾਬਜ ਲੋਕਾਂ ਦਾ ਕਿਸੇ ਵੀ ਢੰਗ ਨਾਲ ਕਾਬਜ ਬਣੇ ਰਹਿਣ ਦੇ ਲਾਲਚ ਕਾਰਨ ਝਗੜੇ ਹੋਣੇ ਸੁਰੂ ਹੋਏ ਹਨ। ਇਹ ਝਗੜੇ ਖੇਤੀ ਮਜਦੂਰਾਂ ਅਤੇ ਕਿਸਾਨਾਂ ਵਿਚ ਹੀ ਹੁੰਦੇ ਹਨ। ਮਜਦੂਰ ਪੱਖ ਤੋਂ ਲਗਭਗ ਵਿਹੜੇ ਵਾਲੇ ਅਛੂੱਤ ਜਾਤੀ ਆਦਿ ਅਤੇ ਦੂੱਜੇ ਕਿਸਾਨ ਪੱਖ ਤੋਂ ਖਾਸ ਅਖੌਤੀ ਉੱਚ ਜਾਤੀ ਦੇ ਲੋਕ ਹੀ ਝਗੜੇ ਵਿਚ ਸਾਮਲ ਹੁੰਦੇ ਹਨ।ਸਿਆਸੀ, ਆਰਥਿਕ ਅਤੇ ਸਮਾਜਿਕ ਤੌਰ ਉਤੇ ਤਾਕਤਵਰ ਇਸ ਵਿਚ ਜਿੱਤਦੇ ਆਏ ਹਨ। ਮਨੁੱਸ ਦੀ ਜਾਤ ਏਕ, ਸਰਬੱਤ ਦਾ ਭਲਾ ਅਤੇ ਵੰਡ ਕੇ ਸ਼ਕੋ ਸਿਰਫ ਸ਼ਬਦਾਂ ਨੂੰ ਉਚਾਰਨ ਤਕ ਹੀ ਸੀਮਤ ਰਹਿੰਦੀ ਨਜਰ ਆਉਂਦਾ ਨਜ਼ਰ ਰਹਿੰਦਾ ਹੈ। ਬਾਬਿਆਂ ਦੇ ਫਲਸਫੇ ਇੱਕ ਤਰਫ ਰੱਖ, ਆਰਥਿਕ ਵਸੀਲਿਆਂ ਦੇ ਕਬਜੇ ਨੂੰ ਲੈਕੇ ਸਾਰੇ ਸਾਧਨ ਵਰਤੇ ਜਾਂਦੇ ਹਨ। ਇਹਨਾਂ ਝਗੜੇ ਵਿਚ ਕਮਜੋਰਾਂ ਦੀ ਹਮੇਸ਼ਾਂ ਹਾਰ ਅਤੇ ਤਾਕਤਵਰਾਂ ਦੀ ਜਿੱਤ ਹੋਈ ਹੈ। ਕਮਜੋਰ ਪੱਖ ਇਨਸਾਫ ਲੈਣ ਤੋਂ ਬੇਵਸ ਸਮਝੌਤੇ ਕਰਨ ਲਈ ਮਜਬੂਰ ਹੁੰਦਾ ਹੈ। ਕਰੀਬ 90% ਸਮਝੌਤੇ ਇਨਸਾਫ ਨਹੀਂ ਹੁੰਦੇ, ਕਮਜੋਰ ਅਤੇ ਮਜਬੂਰ ਪੱਖ ਦਾ ਹਾਲਾਤ ਨੂੰ ਸਮਰਪਣ ਹੁੰਦਾ ਹੈ।

### ਹੱਕ ਨਾਲੋ ਵੱਧ ਸਵੀਕਾਰ ਕਰਨਾ ਗਲਤ ਪ੍ਰਵਿਰਤੀ

ਜੇ ਕਰ ਕੁਦਰਤੀ ਨਿਆਮਤਾਂ ਅਤੇ ਆਫਤਾਂ ਨੂੰ ਛੱਡ ਕੇ ਗਲ ਕਰੀਏ, ਤਾਂ ਇਨਸ਼ਾਨ ਮਾਨਤਾ ਸਵੀਕਾਰਤ ਗਾਇਬੀ ਸ਼ਕਤੀ ਦਾ ਅਸਤਿਤਵ ਹਜਾਰਾਂ ਸਾਲਾਂ ਤੋਂ ਨਾਇਨਸਾਫੀ ਦੀ ਇਹ ਖੇਢ ਚੁੱਪ ਚਾਪ ਦੇਖਦਾ ਆ ਰਿਹਾ ਹੈ। ਜੇਤੂ ਪੱਖ ਦੀ ਗਲ ਕਰੀਏ ਤਾਂ ਇਹ ਭਾਰਤ ਹੀ ਨਹੀ ਬਹੁਤ ਸਾਰੇ ਦੇਸ਼ਾਂ ਵਿਚ ਬਣਦੇ ਹੱਕ ਨਾਲੋ ਵੱਧ ਪ੍ਰਾਪਤ ਹੋਈ ਨੂੰ ਗਾਇਬੀ ਸ਼ਕਤੀ ਦਾ ਪ੍ਰਸ਼ਾਦ (God Gift) ਮੰਨ ਸਵਿਕਾਰ ਕਰ ਲਿਆ ਜਾਂਦਾ ਹੈ। ਗਾਇਬੀ ਸ਼ਕਤੀ ਨੂੰ ਚੜਾਵੇ ਜਾਂ ਉਸ ਦੇ ਨਾਂ ਦਾਨ ਦੇ ਰੂਪ ਵਿੱਚ ਖਰਚ ਕਰ ਉਸ ਨੂੰ ਖੁਸ਼ ਰਖਣ ਅਤੇ ਭਵਿੱਖ ਵਿਚ ਹੋਰ ਦੇਣ ਲਈ, ਗਾਇਬੀ ਸ਼ਕਤੀ ਬੇਹੱਕਾ ਪ੍ਰਸ਼ਾਦ ਖਾ, ਬੇਹੱਕੇ ਧਨ ਨੂੰ ਪ੍ਰਸ਼ਾਦ ਨੂੰ ਖਾਣ ਵਾਲਿਆਂ ਉਤੇ ਕ੍ਰਿਪਾ ਬਣਾਏ ਰਖਣ ਦੀਆਂ ਬੇਨਤੀਆਂ ਕੀਤੀਆਂ ਜਾਂਦੀਆਂ ਹਨ। ਇਹਗਾਇਬੀ ਸ਼ਕਤੀ ਅਧਾਰਤ ਸਿਸਟਮ ਕਾਰੋਬਾਰ ਦੀ ਤਰਾਂ ਵਧ ਫੁੱਲ ਰਿਹਾ ਹੈ ਜਿਸ ਵਿਚ ਘਾਟੇ ਦਾ ਨਾਂ ਹੀ ਨਹੀਂ ਹੁੰਦਾ। ਇਸ ਵਿੱਚ ਲਾਇਆ ਧਨ ਇਸ ਦੇ ਕਾਰੋਬਾਰ ਵਿਚ ਹੋਰ ਵਧਾ ਕਰਦਾ ਹੈ।

ਦੂਜੇ ਹਾਰਨ ਅਤੇ ਲੁੱਟੇ ਜਾਣ ਵਾਲੇ ਪੱਖ ਲਈ ਗਾਇਬੀ ਸ਼ਕਤੀ,ਭਵਿੱਖ ਵਿਚ ਹੱਕ ਮਿਲਣ ਦੀ ਉਮੀਦ ਬਣਾਏ ਰਖਣ ਦਾ ਸਾਧਨ, ਸ਼ਬਰ ਕਰਨ, ਨੁਕਸਾਨ ਵਿਚ ਰਹਿਣ ਦੇ ਦੁੱਖ ਦਰਦਨੂੰ ਟਿਕਾਉਣ, ਸਮਾਜਿਕ ਟਕਰਾਉ ਨੂੰ ਟਾਲਣ ਵਰਗੇ ਕਈ ਕੰਮ ਕਰਦੀ ਆ ਰਹੀ ਹੈ।

ਇਸ ਤਰਾਂ ਨਾਲ ਬਹੁਤ ਪੁਰਾਣੇ ਸਮਿਆਂ ਤੋਂ ਇਹ ਗਾਇਬੀ ਸ਼ਕਤੀ ਰਾਜ ਪ੍ਰਬੰਧ ਦੇ ਕੰਮ ਵਿੱਚ ਸ਼ਾਂਤੀ ਬਣਾਕੇ ਰੱਖਣ ਅਤੇ ਰਾਜ ਕਰਨ ਦੇ ਸਮੇ ਨੂੰ ਹੋਰ ਲੰਮੇ ਸਮੇ ਤਕ ਚਲਦਾ ਰਖਣ ਵਿਚ ਸਹਾਇਕ ਸਾਧਨ ਵਜੋਂ ਸਾਬਤ ਹੁੰਦੀ ਨਜਰ ਆਉਂਦੀ ਰਹੀ ਹੈ। ਕੁੱਝ ਨੂੰ ਛੱਡ ਬਾਕੀ ਸਾਰਿਆਂ ਦੀ ਸੋਚ ਜਿਵੇਂਮਨੁੱਸ ਦੀ ਜਾਤ ਇਕ, ਸਰਬੱਤ ਦਾ ਭਲਾ ਅਤੇ ਵੰਡ ਕੇ ਸ਼ਕੋ ਸਿਰਫ ਸ਼ਬਦਾਂ ਨੂੰ ਉਚਾਰਨਹੁੰਦੇ ਹਨ, ਇਸ ਤੋਂ ਅਗੇ ਵਧਕੇ ਇਸ ਨੂੰ ਸਾਹਕਾਰ ਕਰਨ ਹੁਣ ਸਮੇ ਦੀ ਲੋੜ ਹੈ।

### ਗੁਰੂਘਰ ਸਾਂਝੀਵਾਲਤਾ ਵਧਾਉਣ ਲਈ ਹੀ ਵਰਤੋ

ਗੁਰੂਬਾਣੀ ਅਤੇ ਗੁਰੂਘਰਾਂ ਦੇ ਸਪੀਕਰ ਹਰ ਰੋਝ ਸਾਝੀਵਾਲਤਾ ਇਤੇ ਸਾਂਤੀ ਦਾ ਸੰਦੇਸ਼ ਦਿੰਦੇ ਹਨ, ਅਕਸਰ ਸੁਣਦੇ ਹਾਂ। ਇਸ ਨੂੰ ਹੋਰੂ ਪ੍ਰੈਕਟੀਕਲ ਵਿਚ ਲਿਆਉਣ ਦੀ ਲੋੜ ਹੈ।ਦਿਨ ਨਿਕਲਣ ਤੋਂ ਪਹਿਲਾਂ ਕੰਨਾਂ ਵਿੱਚ ਪਏ ਹੋਏ ਸੰਦੇਸ਼ ਹਰ ਸਮੇ ਦਿਮਾਗ ਵਿੱਚ ਬਣੇ ਰਹਿਣੇ ਚਾਹੀਦੇ ਹਨ। ਇਹ ਸਮਾਜ ਨੂੰ ਜੋੜਦੇ ਹਨ। ਮਾਇਆ ਸਾਥ ਨਹੀਂ ਜਾਣੀ ਦੇ ਪਾਠ ਸੁਣਨ ਵਾਲੇ ਇੰਨਸਾਨ ਨੂੰ ਰੋਜ ਯਾਦ ਕਰਾਉਂਣਾ ਪੈਂਦਾ ਹੈ।

ਸੰਘਰਸ਼ ਕਰਨ ਵਾਲੀ ਕੌਮ ਜੀਵਨ ਜਿਉਣ ਦੇ ਸਾਧਨ ਲੈਣ ਵਿਚ ਲਗੇ ਗਰੀਬ ਲੋਕਾਂ ਦੇ ਸੰਘਰਸ਼ ਦੇ ਰਾਹ ਰੋਕਣ ਵਾਲੇ ਬਣ ਜਾਂਦੇ ਹਨ। ਕਈ ਵਾਰ ਬੇਜਮੀਨੇ ਖੇਤੀ ਮਜਦੂਰਾਂ ਦੇ ਸਰਕਾਰੀ ਜਮੀਨਾਂ ਦੇ ਹਿੱਸੇ ਦੀ ਬੋਲੀ ਦੇਣ, ਹੱਡਾਂਰੋੜੀ ਦੇ ਪ੍ਰਬੰਧ, ਮਜਦੂਰੀ ਵਧਾਉਣ ਵਾਲੇ ਸੰਘਰਸ਼ ਨੂੰ ਰੋਕਣ ਲਈ ਧਾਰਮਿਕ ਸਥਾਨਾਂ ਵਰਤੋਂ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਉਹਨਾਂ ਦੇ ਬਾਈਕਾਟ ਦੀਆਂ ਅਨਾਊਸ਼ਮੈਂਟਾਂ ਸਪੀਕਰਾਂ ਵਿੱਚੋਂ ਸੁਣਾਈ ਦੇਣ ਲਗਦੀਆਂ ਹਨ। ਗੁਰੂ ਘਰਾਂ ਵਿੱਚ ਉਹਨਾਂ ਦੇ ਖਿਲਾਫ ਬਾਈਕਾਟ ਲਈ ਮੀਟਿੰਗਾਂ ਹੋਣ ਜਾਂਹਥਿਆਰ ਲੈਕੇ ਇਕੱਠ ਕਰਨ ਦੀਆਂ ਖਬਰਾਂ ਮਿਲਦੀਆਂ ਹਨ। ਸ਼ੋਸ਼ਲ ਮੀਡੀਆ ਦੀਆਂ ਵੀਡੀਉਜ ਵਿਚ ਕਥਿਤ ਛੋਟੀਆਂ ਜਾਤੀਆਂ ਉਤੇ ਹਮਲੇ ਕਰਨ ਵਾਲਿਆਂ ਨੂੰ ਗੁਰੂ ਘਰਾਂ ਦੇ ਲੰਗਰ ਬਣਵਾ ਕੇ ਵਰਤਾਂਉਂਦੇ ਦੇਖੇ ਗਏ, ਵੀਡੀਓ ਵਾਇਰਲ ਵੀ ਹੋਈਆਂ ਸਨ। ਕਈ ਆਪਣੀ ਜਿੱਤ ਲਈ ਕਈ ਲੋਕ ਗੁਰੂ ਦੀ ਅਗਦਾਸ ਵੀ ਕਰਕੇ ਆਉਂਦੇ ਸਨ। ਘਾਟੇ ਵਾਧੇ, ਨਫੇ ਨੁਕਸਾਨ ਸਮੇ ਦਾ ਗੇੜ ਸਭ ਨਾਲ ਚਲਦਾ ਹੀ ਰਹਿੰਦੈ, ਮੇਰਾ ਖਿਆਲ ਹੈ ਜਿਸ ਦਾ ਰਾਜ ਹੈ, ਉਸੇ ਦੀਗਾਇਬੀ ਸ਼ਕਤੀਬਣੀ ਰਹਿੰਦੀ ਹੈ। ਬਹੁਤ ਸਾਰੇ ਪਿੰਡਾਂ ਵਿਚ ਇਸ ਤਰਾਂ ਦੀਆਂ ਘਟਨਾਵਾਂ ਵਾਪਰਦੀਆਂ ਹੀ ਰਹਿੰਦੀਆਂ ਹਨ। ਪਿੰਡਾ ਅਤੇ ਕਸਬਿਆਂ ਦੇ ਵੱਖਰੇ ਗੁਰੂਘਰਾਂ ਦੇ ਬਣਨ ਦਾ ਇਕ ਕਾਰਨ ਇਹ ਵੀ ਹੈ। ਗੁਰੂਆਂ ਦੀ ਉਤਮ ਸਿੱਖਿਆ ਦੇ ਲਾਗੂ ਨਾਂ ਹੋਣ ਕਾਰਨ ਸਿੱਖ ਦਿਖ ਵਾਲੇ ਗਰੀਬ ਪੰਜਾਬੀ ਪੇਂਡੂ ਲੋਕ ਡੇਰਿਆਂ ਦਾ ਰੁੱਖ ਕਰਦੇ, ਕੁੱਝ ਬਰਾਬਰੀ ਦਾ ਮਾਣ ਪ੍ਰਾਪਤ ਕਰਦੇ ਹਨ।

ਗੁਰੂਆਂ ਦੀ ਸਮਝ ਅਨੂਸਾਰ ਚੱਲਕੇ, ਇਹਨਾਂ ਸਥਾਨਾਂ ਨੂੰ ਸਮਾਨਤਾ ਦੇ ਕੰਮਾਂ ਲਈ ਵਰਤ ਕੇ ਹੀ ਪਿੰਡ ਪੱਧਰ ਉਤੇ ਸਾਂਝੀਵਾਲਤਾ ਦੇ ਮੁੱਢ ਬੰਨਣੇ ਬਣਦੇ ਹਨ। ਇਹ ਸਥਾਨ ਰਾਜਨੀਤੀ, ਜਾਤੀਵਾਦ, ਪਖੰਡਵਾਦ, ਤੋਂ ਮੁਕਤ ਹੋਣੇ ਚਾਹੀਦੇ ਹਨ ਅਤੇ ਸਮਾਜਿਕ ਸਿੱਖਿਆ ਦੇ ਮੋਹਰੀ ਅਦਾਰੇ ਹੋਣੇ ਚਾਹੀਦੇ ਹਨ।

### ਆਧੂਨਿਕ ਪਹੁੰਚ ਬਨਾਉਣ ਦੀ ਲੋੜ

ਭਾਰਤ ਦੇ ਕੁੱਝ ਕੂ ਨਿਜੀ ਅਦਾਰਿਆਂ ਦੇ ਮਾਲਕਾਂ ਦੇ ਅਮੀਰ ਹੋਣ ਨਾਲੋਂ ਭਾਰਤ ਸਰਕਾਰ ਦਾ ਅਮੀਰ ਹੋਣਾ ਵੱਧ ਜਰੂਰੀ ਹੈ। ਸੰਸਾਧਨਾਂ ਉੱਤੇ ਭਾਰਤ ਦੀ ਸਰਕਾਰ ਦਾ ਸਿੱਧਾ ਨਿਯੰਤਰਣ ਹੋਣ ਨਾਲ ਸੰਭਵ ਹੈ। ਭਾਰਤ ਦੇ ਨਿਜੀ ਅਦਾਰੇ ਮੁਨਾਫੇ ਵਿਚ ਜਾਂਦੇ ਹਨ, ਪਰ ਭਾਰਤ ਦੇ ਸਰਕਾਰੀ ਅਦਾਰੇ ਘਾਟੇ ਵਿਚ, ਇਸੇ ਇੱਕ ਪੱਖ ਨੂੰ ਦੋਸ਼ ਦੇਣਾ ਠੀਕ ਨਹੀਂ। ਭਾਰਤ ਸਰਕਾਰ ਕੰਮ ਕਾਰ ਲਈ ਕਰਜੇ ਲੈਣ ਲਈ ਜਪਾਨ ਵਰਗੇ ਛੋਟੇ ਦੇਸ਼ਾਂ ਤਕ ਪਹੁੰਚ ਕਰੇ। ਜਪਾਨ ਦੀ 70 ਪ੍ਰਤੀਸ਼ਤ ਭੂੰਮੀ ਖੇਤੀ ਲਾਇਕ ਨਹੀਂ ਹੈ, ਕੁਦਰਤੀ ਸਾਧਨ ਕੋਇਲਾ, ਲੋਹਾ, ਤੇਲ, ਖਣਿਜਾਂ ਦੀ ਘਾਟ ਵਾਲਾ ਛੋਟਾ ਜਿਹਾ ਦੇਸ਼ ਭਰਤ ਨੂੰ ਕਰਜਾ ਦੇ ਰਿਹਾ ਹੈ। ਇਹ ਕਿਸੇ ਗਾਇਬੀ ਸ਼ਕਤੀ ਦੀ ਕ੍ਰਿਪਾ ਨਾਲ ਨਹੀ ਕੇਵਲ ਸਮਾਜਿਕ ਪ੍ਰਬੰਧਨ ਕਾਰਨ ਹੈ। ਭਾਰਤ ਵਿੱਚ ਨਾਂ ਹੋ ਸਕਣ ਦੇ ਬਹੁਤ ਸਾਰੇ ਕਾਰਨਾਂ ਵਿਚੋਂ ਵਿਚ ਇਹ ਸਭ ਨਾਲੋਂ ਮਹੱਤਵਪੂਰਨ ਕਾਰਨ ਹੈ, ਅਸਮਾਨਤਾ ਵਾਲਾ ਪ੍ਰਬੰਧਨ ਹੈ। ਹਕੂਮਤ ਨੇ ਖੇਤੀਹਰ ਜਾਤੀਆਂ ਲਈ ਖੇਤਾ ਦਾ ਪ੍ਰਮੁੱਖ ਸੰਸਾਧਨ ਜਮੀਨ, ਨੂੰ ਨਿਜੀ ਹੱਥਾਂ ਵਿਚ ਦੇ ਮਲਕ ਬਣਾ ਖੇਤੀ ਦੇ ਧੰਦੇ ਨੂੰ ਉਤਸਾਹਤ ਕੀਤਾ, ਬਹੁਤ ਹੀ ਅੱਛਾ ਕਦਮ ਹੈ। ਖੇਤੀਹਰ ਜਾਤੀਆਂ ਨਾਲੋਂ ਕੋਈ ਗੁੱਣਾਂ ਅਬਾਦੀ ਦੂੱਜੇ ਕਾਰੋਬਾਰਾਂ ਉਤੇ ਅੱਜ ਵੀ ਨਿਰਭਰ ਹੈ। ਉਸੇ ਤਰਾਂ ਦੂਜੇ ਵਪਾਰੀਆਂ, ਕਾਰੋਬਾਰੀਆਂ, ਲੱਕੜੀ, ਲੋਹਾ, ਸੋਨਾ, ਮਿੱਟੀ, ਜੁੱਤੀ, ਚਮੜਾ ਅਤੇ ਹੋਰ ਕਾਰੋਬਾਰੀਆਂ ਨੂੰ ਜਮੀਨ ਅਲਾਟ ਕਰ ਉਹਨਾਂ ਦੇ ਕਾਰੋਬਾਰਾਂ ਨੂੰ ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਧਰ ਦੇ ਮਿਆਰੀ ਬਨਾਉਣਾ ਬਣਦਾ ਸੀ, ਜੇ ਕਰ ਪਹਿਲਾਂ ਨਹੀਂ ਹੋਇਆ ਤਾਂ ਅੱਜ ਵੀ ਸਰਕਾਰ ਨੂੰ ਕਰਨਾ ਬਣਦਾ ਹੈ।

ਪੁਰਾਤਨ ਸਮੇ ਤੋਂ ਹੀ ਖੇਤੀਬਾੜੀ ਨੂੰ ਭਾਰਤ ਨੇ ਪ੍ਰਮੁੱਖ ਧੰਦਾ ਰਿਹਾ ਹੈ। ਅਜੋਕੇ ਸਮੇ ਵਿਚਸਮੁੱਚੇ ਪਿੰਡ ਪਧਰ ਨੂੰ ਇੱਕ ਇਕਾਈ ਮੰਨਕੇ ਸਾਂਝੀ ਖੇਤੀ ਵਿਵਸਥਾ ਅਪਨਾਉਣ ਨਾਲ ਹੀ ਮਸੀਨਰੀ ਅਤੇ ਹੋਰ ਖਰਚੇ ਘਟਾਕੇ ਸਾਰੇ ਸਿਸ਼ਟਮ ਨੂੰ ਬਚਾਇਆ ਜਾ ਸਕਦਾ ਹੈ। ਆਪਸੀ ਸਹਿਯੋਗ, ਤਾਲਮੇਲ, ਸਾਂਝੀ ਖੇਤੀ ਨਾਲ ਸਮੁੱਚੇ ਸਮਾਜ ਦੀ ਭਾਈਚਾਰਕ ਸਾਂਝ ਨੂੰ ਵਧਾਉਣਾ ਹੋਵੇਗਾ, ਸਵਾਰਥ ਛੱਡ ਕੇ ਹੀ ਸਮਾਜ ਦੇ ਝਗੜੇ ਖਤਮ ਹੋ ਸਕਦੇ ਹਨ। ਇਕ ਸਫਲਸਮਾਜਿਕ ਸਾਂਝ ਨੂੰ ਵਧਾਉਣ ਵਾਲੇ ਬਿਹਾਰ ਦੇ ਤਜਰਬੇ ਦੀ ਕਹਾਣੀ ਦੇਖ ਸਕਦੇ ਹਾਂ।ਇਸ ਨੂੰ ਗੁ-ਰੂਆਂ ਪੀਰਾਂ ਦੀ ਸੋਚ ਪੰਜਾਬ ਵਿਚ ਜਮੀਨੀ ਪਧਰ ਉਤੇ ਲਾਗੂ ਕਰਨ ਦੀ ਲੋੜ ਹੈ। 2300 ਸਾਲ ਪਹਿਲਾਂ ਭਾਰਤ ਦੀ ਧਰਤੀ ਉਤੇ ਗਣਤੰਤਰ ਸਥਾਪਤ ਕਰ ਉਸ ਨੂੰ ਅਸਲੀ ਰੂਪ ਵਿੱਚ ਲਾਗੂ ਕਰਨ ਵਾਲੇ ਬੋਧੀ ਸਮਰਾਟ ਅਸ਼ੋਕ ਦੀ ਭੂਮੀ ਤੋਂ ਇੱਕ ਉਧਾਰਨ ਨਜ਼ਰੀ ਪਈ ਹੈ, ਉਸ ਸੋਚ ਨੂੰ ਲਾਗੂ ਕਰ ਸਮੁੱਚੇ ਭਾਰਤ ਦੇ ਜੀਵਨ ਪਧੱਰ ਉੱਚਾ ਚੁੱਕਣ ਲਈ ਸੋਧ ਮਿਲ ਸਕਦੀ ਹੈ।

ਬਿਹਾਰ ਮਧੁਬਨੀ ਵਿੱਚ ਗਰੀਬ ਔਰਤਾਂ ਦੀ ਸਮਾਜਵਾਦ ਆਧਾਰਿਤ ਖੇਤੀ"ਡਾ. ਸੁਭਦ੍ਰ ਝਾਅ, ਸਮਾਜ ਸ਼ਾਸਤਰੀ ਦੀ ਇਕ ਰਿਪੋਰਟ ਤੋਂ ਸੇਧ ਲਈ ਜਾ ਸਕਦੀ ਹੈ। ਬਿਹਾਰ ਮਧੁਬਨੀ ਦੇ ਪਾਂਡੇਲ ਬਲਾਕ ਵਿਚ, ਸਮਾਜਵਾਦ ਦੇ ਅਧਾਰ ਤੇ ਸਾਂਝੀ ਖੇਤੀ ਨੂੰ ਨਵੀਂ ਦਿਸ਼ਾ ਦਿੰਦੀ ਨਜ਼ਰ ਆ ਰਹੀ ਹੈ। ਇਹ ਸਮਾਜਵਾਦ ਦੀ ਸ਼ੁੱਧ ਵਿਚਾਰਧਾਰਾ ਦੇ ਆਧਾਰ ਤੇ ਹੈ, ਜਿੱਥੇ ਪੂੰਜੀ ਵੀ ਸਾਂਝੀ ਹੁੰਦੀ ਹੈ, ਕਿਰਤ ਵੀ ਸਾਂਝੀ ਅਤੇ ਲਾਭ ਵੀ ਹੁੰਦੇ ਹਨ। ਇੱਥੇ ਛੋਟੇ ਜਿਹੇ ਖੇਤੀ ਦੇ ਟੁਕੜੇ ਦੀ ਬਜਾਏ ਹੁਣ ਇੱਥੇ ਇੱਕ ਵੱਡਾ ਫਾਰਮ ਹੈ। ਉਹ ਕਿਸੇ ਇੱਕ ਦਾ ਨਹੀਂ ਹੈ। 35 ਤੋਂ ਵੱਧ ਔਰਤਾਂ ਇਸ ਨੂੰ ਸੰਭਲਦੀਆਂ ਹਨ। ਸਾਰੀਆਂ ਰ਼ਲਕੇ ਬਰਾਬਰ ਮਿਹਨਤ ਕਰਦੀਆਂ ਹਨ। ਸਾਰੀਆ ਫਸਲ ਦੇ ਰੱਖ-ਰਖਾਵ ਦੇ ਲਈ ਸਾਰੀਆਂ ਬਰਾਬਰ ਹੀ ਚਿੰਤਤ ਹੁੰਦੀਆਂ ਹਨ। ਬੀਜ ਅਤੇ ਖਾਦ ਖਰੀਦਦਾਰੀ ਇੱਕਠੇ ਕਰਦੀਆਂ ਹਨ। ਸਾਰੇ ਖੇਤ ਵਿਚ ਮਿਕਸਿੰਗ ਪਲਾਂਟ ਅਤੇ ਬੋਰਿੰਗ ਸਭ ਨੇ ਇੱਕਠੇ ਹੋ ਕੇ ਲਗਵਾਇਆ ਹੈ। ਇਹਨਾਂ ਸਮਾਜਵਾਦੀ ਵਿਚਾਰਧਾਰਾ ਨੇ ਇਨ੍ਹਾਂ ਗਰੀਬ ਔਰਤਾਂ ਦੇ ਜੀਵਣ ਦੇ ਮਿਆਰਾਂ ਵਿੱਚ ਕਾਫੀ ਸੁਧਾਰ ਕੀਤਾ ਹੈ।

### ਕੋਈ ਉੱਚਾ ਨੀਵਾਂ ਅਤੇ ਕੋਈ ਛੋਟਾ ਵੱਡਾ ਨਹੀਂ

ਇਹ ਔਰਤਾਂ ਪੁਰਾਣੇ ਦਿਨਾਂ ਨੂੰ ਯਾਦ ਕਰਦੀਆਂ ਹਨ, ਸਪੱਸ਼ਟ ਕਹਿੰਦੀਆਂ ਹਨ ਕਿ, ਉੱਚ ਨੀਚ ਅਤੇ ਵੱਡੇ ਅਤੇ ਛੋਟੇ ਵਰਗੇ ਪੈਮਾਨੇ ਸਿਰਫ ਸਮੱਸਿਆ ਪੈਦਾ ਕਰਦੇ ਹਨ। ਪਹਿਲਾਂ ਛੋਟੇ ਛੋਟੇ ਖੇਤ ਸਨ। ਪੀੜ੍ਹੀ ਦਰ ਪੀੜ੍ਹੀ ਹੋਰ ਛੋਟੇ ਹੁੰਦੇ ਗਏ। ਹਰ ਕੋਈ ਆਪਣੇ ਛੋਟੇ ਜਿਹੇ ਟੁਕੜੇ ਵਿਚ ਫਸਿਆ ਹੋਇਆ ਸੀ। ਲਾਗਤ ਅਤੇ ਮਿਹਨਤ ਜਿਆਦਾ ਸੀ।

ਗੱਲਬਾਤ ਦੌਰਾਨ, ਦੋ-ਤਿੰਨ ਔਰਤਾਂ ਇਕੱਠੇ ਮਿਲ ਕੇ ਖੇਤੀ ਕਰਨ ਦੇ ਵਿਚਾਰ ਉੱਤੇ ਮਿਲ ਕੇ ਕੰਮ ਕੀਤਾ।ਜਦੋਂ ਉਨ੍ਹਾਂ ਨੂੰ ਫ਼ਾਇਦਾ ਹੋਇਆ ਫਿਰ ਹੋਰ ਕਈ ਔਰਤਾਂ ਇੱਕਠੀਆਂ ਹੋਈਆਂ। ਹੁਣ, ਪੰਜ ਏਕੜ ਦੇ ਖੇਤ ਖੇਤਰ ਵਿੱਚ, ਇਹ ਇਸ ਤਰ੍ਹਾਂ ਹੈ ਜਿਵੇਂ ਉਹ ਸੋਨਾ ਉਗਾ ਰਹੀਆਂ ਹੋਣ। ਸਰਕਾਰ ਨੇ ਉਹਨਾਂ ਦੀ ਮਦਦ ਵੀ ਕੀਤੀ ਹੈ। ਮਹਿਲਾ ਕਿਸਾਨ ਸਸ਼ਕਤੀਕਰਣ ਪ੍ਰਾਜੈਕਟ ਦੇ ਅਧੀਨ ਉਨ੍ਹਾਂ ਨੂੰ ਕਮਿਊਨਿਟੀ ਡ੍ਰਿਪ ਸਿੰਚਾਈ ਸਾਧਨਾਂ ਲਈ 7 ਲੱਖ 50 ਹਜ਼ਾਰ ਰੁਪਏ ਦੀ ਗ੍ਰਾਂਟ ਦਿੱਤੀ ਗਈ।

ਜੈਵਿਕ ਵਿਧੀ ਨਾਲ ਖੇਤੀਬਾੜੀ ਸਲਾਹਕਾਰ ਸਮੇਂ ਸਮੇਂ ਸਹੀ ਸਲਾਹ ਦਿੰਦੇ ਰਹਿੰਦੇ ਹਨ। ਸਾਲ 2016 ਵਿਚ, ਉਨ੍ਹਾਂ ਨੇ ਮਿਲ ਕੇ ਖੇਤੀਬਾੜੀ ਸ਼ੁਰੂ ਕੀਤੀ। ਹੁਣ ਮਹਿਲਾ ਕਿਸਾਨਾਂ ਦੀ ਗਿਣਤੀ 35 ਹੋ ਗਈ ਹੈ।

### ਏਕਤਾ ਵਿਚ ਬਲ ਹੈ।

ਪਾਂਡੇਲ ਬਲਾਕ ਦੇ ਪਵਿਤ੍ਰੀ ਦੇਵੀ, ਆਰਤੀ ਦੇਵੀ, ਸੁਨੀਤਾ ਦੇਵੀ, ਸੀਤਾ ਦੇਵੀ, ਉਰਮਿਲਾ ਦੇਵੀ, ਤ੍ਰਿਵੇਣੀ ਦੇਵੀ ਅਤੇ ਰੰਜੂ ਦੇਵੀ ਨਾਲ ਗੱਲ ਕਰੋ ਤਾਂ, ਇਹ ਸਮਝਿਆ ਜਾ ਸਕਦਾ ਹੈ ਕਿ ਉਸਦੀ ਸੋਚਣੀ ਕਿੰਨੀ ਸਪਸ਼ਟ ਹੈ। ਉਨ੍ਹਾਂ ਨੂੰ ਪੜ੍ਹਨ ਅਤੇ ਲਿਖਣ ਦਾ ਚੰਗਾ ਮੌਕਾ ਨਹੀਂ ਮਿਲਿਆ, ਪਰ ਉਨ੍ਹਾਂ ਨੇ ਘਰ ਅਤੇ ਪਰਿਵਾਰ ਤੋਂ ਬਹੁਤ ਕੁਝ ਸਿੱਖਿਆ। ਏਕਤਾ ਵਿਚ ਬਲ ਹੈ, ਉਹਨਾਂ ਨੂੰ ਅਨੁਭਵ ਕੀਤਾ ਹੈ ਸਾਰੀਆਂ ਸਹੇਲੀਆਂ ਇਕ ਦੂਜੇ ਦੀ ਮਦਦ ਕਰਦੀਆਂ ਹਨ।

### ਅੱਛਾ ਲਾਭ ਹੋਇਆ

ਪੰਜ ਏਕੜ ਜ਼ਮੀਨ ’ਤੇ ਕਮਿਊਨਿਟੀ ਫਾਰਮਿੰਗ ਤੋਂ ਹਰੇਕ ਔਰਤ ਕਿਸਾਨਹਰ ਸਾਲ ਔਸਤਨ 50 ਹਜ਼ਾਰ ਰੁਪਏ ਕਮਾਉਂਦੀ ਹੈ। ਥੋਕ ਬਜਾਰ ਵੀ ਚੰਗਾ ਮਿਲ ਜਾਂਦਾ ਹੈ। ਚੰਗੀ ਕੀਮਤ ਵੀ ਪ੍ਰਾਪਤ ਕਰ ਲੈਂਦੀਆਂ ਹਨ। ਉਹ ਪਾਡੇਲਬਾਜ਼ਾਰ, ਭਵਾਨੀਪੁਰ, ਬਥਾਨੇ ਚੌਂਕ ਆਦਿ ਵਿਚ ਆਪਣੀਆਂ ਫਸਲਾਂ ਚੰਗੇ ਭਾ ਪੇਂਡੂ ਬਜ਼ਾਰ ਵਿਚ ਵੇਚਦੀਆਂ ਹਨ। ਕਈ ਥੋਕ ਦੁਕਾਨਦਾਰ ਆਪਣੇ ਖੇਤਾਂ ਵਿਚ ਪਹੁੰਚਦੇ ਹਨ

### ਉਦਾਹਰਨਾਂ ਬਣ ਗਈਆਂ ਹਨ ਇਹ ਔਰਤਾਂ

ਮਧਬਾਨੀ ਦੇ ਜ਼ਿਲ੍ਹਾ ਮੈਜਿਸਟਰੇਟ ਕਪਿਲ ਅਸ਼ੋਕ ਨੇ ਕਿਹਾ ਕਿ ਇਨ੍ਹਾਂ ਮਹਿਲਾ ਕਿਸਾਨਾਂ ਦੀ ਸਫਲ ਸਫਲਤਾ ਉਨ੍ਹਾਂ ਨੂੰ ਛੋਟੇ ਖੇਤ ਜੋੜ ਕੇ ਜੋ ਇਹਨਾਂ ਔਰਤਾਂ ਨੇ ਕੰਮ ਕੀਤਾ ਹੈ ਬਹੁਤ ਸਰਾਹਨੀਆ ਹੈ। ਉਹ ਜੈਵਿਕ ਖੇਤਾ ਕਰਦੀਆਂ ਹਨ, ਜੋ ਕਿ ਵਧੇਰੇ ਲਾਹੇਵੰਦ ਹੈ। ਨੈਸ਼ਨਲ ਲਾਈਵਲੀਹੁੱਡ ਮਿਸ਼ਨ ਦੇ ਤਹਿਤ, ਅਸੀਂ ਹੋਰਨਾਂ ਬਲਾਕਾਂ ਦੇ ਅਜਿਹੇ ਯਤਨਾਂ ਨੂੰ ਵੀ ਉਤਸਾਹਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਹਨਾਂ ਲੋਕਾਂ ਤੋਂ ਸਿੱਖ ਕੇ, ਲੋਕ ਇਕੱਠੇ ਕੰਮ ਕਰਨਗੇ, ਬਹੁਤ ਸਾਰੀਆਂ ਵੱਡੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ।

"ਬਹੁਤ ਸਾਰੇ ਛੋਟੇ ਛੋਟੇ ਖੇਤ ਹੋਣ ਕਾਰਨ ਕਿਸਾਨ ਖੇਤੀ ਤੋਂ ਦੂਰ ਹੋ ਰਹੇ ਹਨ। ਸਾਂਝੀ ਖੇਤੀ ਦੇ ਅੱਛੇ ਪ੍ਰੀਣਾਮ ਸਾਹਮਣੇ ਆਏ ਹਨ। ਬਾਥੇਨਾ ਦੇ ਮਹਿਲਾ ਕਿਸਾਨਾਂ ਨੇ ਇਹ ਕੀਤਾ ਹੈ। ਉਨ੍ਹਾਂ ਦੇ ਸੂਝਬੂਝ ਮਿਸਾਲ ਬਣੀ ਹੈ। ਦੂਜੇ ਕਿਸਾਨਾਂ ਨੂੰ ਖੁਸ਼ਹਾਲੀ ਅਤੇ ਸਫਲਤਾ ਲਈ ਇਸ ਨੂੰ ਅਪਨਾਉਣਾ ਚਾਹੀਦਾ ਹੈ। ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪ੍ਰਸ਼ਾਸਨ ਨੂੰ ਪਹਿਲ ਕਰਨੀ ਚਾਹੀਦੀ ਹੈ। ਪੰਚਾਇਤਾਂ ਅਤੇ ਹੋਰ ਚੌਧਰਾਂ ਲਈ ਰਾਜਨੀਤਿਕ ਕਾਰਨਾਂ ਕਰਕੇ ਵੰਡੇ ਲੋਕਾਂ ਨੂੰ ਰਾਜਨੀਤੀ ਤੋਂ ਉਪਰ ਉੱਠਣਾ ਹੋਵੇਗਾ, ਇੱਕ ਹੋਣਾ ਹੋਵੇਗਾ। ਭਾਰਤ ਵਿਚ ਭਾਰਤੀਆਂ ਦੁਆਰਾ ਹੀ “ਪਾੜੋ ਅਤੇ ਰਾਜ ਕਰੋ” ਦੀ ਨੀਤੀ ਦੇ ਨੁਕਸਾਨ ਸਮਝਦੇ ਹੋਏ, ਸਮਾਜ ਨੂੰ ਵੰਡਣ ਵਾਲੀ ਰਾਜਨੀਤੀ ਨੂੰ ਪਿੰਡਾਂ ਦੀਆਂ ਜੂੱਹਾਂ ਤੋਂ ਦੂਰ ਰਖਣਾ ਹੋਵੇਗਾ। ਸਮਾਜ ਨੂੰ ਵੰਡਣ ਵਾਲੀ ਰਾਜਨੀਤੀ ਸਾਰਿਆਂ ਸਹਿਕਾਰੀ ਕੰਮਾ ਵਿਚ ਅੜਿਕਾ ਬਣਦੀ ਹੈ। ਹਰਕੰਮ ਵਿਚ ਪਾਰਦਰਸ਼ਤਾ ਅਤੇ ਸਾਂਝੇ ਫੈਸਲੇ ਨੂੰ ਪ੍ਰਮੁੱਖਤਾ ਦੇਣ ਨਾਲ ਸਾਂਝੀ ਖੇਤੀ ਦੇ ਸਫਲ ਹੋ ਸਕਦੇ ਹਨ।

# ਪੌਣੀ ਸਦੀ, ਪੌਣੀ ਆਜ਼ਾਦੀ ਅਤੇ ਭਾਰਤੀ ਨਾਗਰਿਕ



ਗੁਰਮੀਤ ਪਲਾਹੀ
91-98158-02070

ਭਾਰਤ ਇੱਕ ਲੋਕਤੰਤਰ ਦੇਸ਼ ਹੈ। ਕਿਹਾ ਜਾਂਦਾ ਹੈ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਭਾਰਤੀ ਗਣਰਾਜ, ਭਾਰਤੀ ਰਾਜਾਂ ਦਾ ਸੰਘ ਹੈ, ਜਿਥੇ ਇਥੋਂ ਦੇ ਨਾਗਰਿਕਾਂ ਨੂੰ ਬੋਲਣ, ਪਹਿਨਣ, ਵਿਚਰਣ ਦੀ ਸੰਪੂਰਨ ਆਜ਼ਾਦੀ ਭਾਰਤੀ ਗਣਰਾਜ ਵਿਚ ਸੰਵਿਧਾਨ ਦੇ ਮੁੱਢਲੇ ਅਧਿਕਾਰਾਂ ਵਿਚ ਦਰਜ਼ ਹੈ।

ਦੇਸ਼ ਦੀ ਆਜ਼ਾਦੀ ਦੇ 74 ਵਰ੍ਹਿਆਂ ਭਾਵ ਪੌਣੀ ਸਦੀ ਵਿਚ ਦੇਸ਼ ਤੇ ਰਾਜ ਕਰਨ ਵਾਲੇ ਪਹਿਲੇ ਹਾਕਮਾਂ ਨੇ ਦੇਸ਼ ਦੀਆਂ ਸੰਵਿਧਾਨਿਕ ਕਦਰਾਂ-ਕੀਮਤਾਂ ਦੇ ਪੱਰਖੱਚੇ ਤਾਂ ਉਡਾਏ ਹੀ ਸਨ ਪਰ ਮੌਜੂਦਾ ਹਾਕਮਾਂ ਨੇ ਜਿਸ ਢੰਗ ਨਾਲ ਭਾਰਤੀ ਸੰਘਵਾਦ ਦੀ ਸੰਘੀ ਘੁੱਟੀ ਹੈ, ਰਾਜਾਂ ਦੇ ਅਧਿਕਾਰ ਆਪ ਹਥਿਆਏ ਹਨ, ਖੇਤੀ ਕਾਨੂੰਨਾਂ ਵਰਗੇ ਕਾਨੂੰਨ, ਜੋ ਰਾਜਾਂ ਦੇ ਅਧਿਕਾਰ ਖੇਤਰ ਵਾਲੇ ਸਨ, ਆਪ ਬਣਾਕੇ ਦੇਸ਼ ਦੇ ਮੁੱਠੀ ਭਰ "ਮਾਲ-ਮੱਤੇ" ਵਾਲੇ ਕਾਰਪੋਰੇਟ ਘਰਾਣਿਆਂ ਦੀ ਖਾਤਰਦਾਰੀ ਕੀਤੀ ਹੈ, ਨਿੱਜੀਕਰਨ ਨੂੰ ਬੜਾਵਾ ਦਿੱਤਾ ਹੈ, ਉਸ ਵਿਰੁੱਧ ਉੱਠੀਆਂ ਗੁੱਸੇ ਦੀਆਂ ਲਹਿਰਾਂ ਨੇ ਇਹ ਅਹਿਸਾਸ ਦੇਸ਼ ਦੇ ਆਮ ਲੋਕਾਂ ਨੂੰ ਕਰਵਾ ਦਿੱਤਾ ਹੈ ਕਿ ਦੇਸ਼ ਦੇ ਆਜ਼ਾਦੀ ਦਿਹਾੜੇ ਉੱਤੇ ਇੱਕ ਹੋਰ ਆਜ਼ਾਦੀ ਦੀ ਲੋੜ ਹੈ; ਆਰਥਿਕ ਆਜ਼ਾਦੀ ਅਤੇ ਜ਼ਿਹਨੀ ਆਜ਼ਾਦੀ।

ਦੇਸ਼ ਉੱਤੇ ਰਾਜ ਕਰਨ ਵਾਲੇ ਰਾਜਿਆਂ ਵਿਚੋਂ ਵੱਡੀ ਗਿਣਤੀ ਸਿਆਸਤਦਾਨ ਅਪਰਾਧਿਕ ਕੇਸਾਂ (ਜਿਹਨਾ ਵਿਚ ਕਤਲ, ਅਗਵਾ, ਬਲਾਤਕਾਰ ਦੇ ਮਾਮਲੇ ਸ਼ਾਮਲ ਹਨ) ਦਾ ਸਾਹਮਣਾ ਕਰ ਰਹੇ ਹਨ। ਐਡਵੋਕੇਟ ਵਿਜੈ ਹੰਸਾਰੀਆਂ ਵਲੋਂ ਸੁਪਰੀਮ ਕੋਰਟ 'ਚ ਪੇਸ਼ ਕੀਤੀ ਇਕ ਰਿਪੋਰਟ ਅਨੁਸਾਰ ਦਸੰਬਰ 2018 ਤੱਕ ਦੇਸ਼ ਦੇ 4122, ਮੈਂਬਰ ਪਾਰਲੀਮੈਂਟ ਅਤੇ ਵਿਧਾਇਕਾਂ ਵਿਰੁੱਧ ਅਪਰਾਧਿਕ ਕੇਸ ਸਨ ਜੋ ਸਤੰਬਰ 2020 ਤੱਕ ਵੱਧ ਕੇ 4859 ਸਾਂਸਦਾਂ ਅਤੇ ਵਿਧਾਇਕਾਂ ਤੱਕ ਪੁੱਜ ਚੁੱਕੇ ਹਨ। ਇਹਨਾਂ ਕੇਸਾਂ ਸਬੰਧੀ ਮੌਜੂਦਾ ਸੁਪਰੀਮ ਕੋਰਟ ਇਹਨਾਂ ਦਿਨਾਂ 'ਚ ਕੜਕ ਹੋਈ ਹੈ।

ਸੁਪਰੀਮ ਕੋਰਟ ਨੇ ਜਾਨਣਾ ਚਾਹਿਆ ਹੈ ਕਿ ਸਿਆਸਤਦਾਨਾਂ ਜਿਹਨਾਂ ਵਿਰੁੱਧ ਅਪਰਾਧਿਕ ਕੇਸ ਦਰਜ਼ ਹਨ ਦਾ ਵੇਰਵਾ ਦਿੱਤਾ ਜਾਵੇ ਕਿ ਉਹਨਾ ਉੱਤੇ ਕਿੰਨੇ ਅਤੇ ਕਦੋਂ ਦੇ ਅਪਰਾਧਿਕ ਕੇਸ ਦਰਜ਼ ਹਨ।

ਮੌਜੂਦਾ ਸਰਕਾਰ ਕਿਸੇ ਦੀ ਵੀ ਪਰਵਾਹ ਨਹੀਂ ਕਰਦੀ। ਹਾਲਾਤ ਇਹ ਹਨ ਕਿ ਮੌਜੂਦਾ ਕੇਂਦਰੀ ਮੰਤਰੀ ਮੰਡਲ ਵਿਚ ਅਪਰਾਧਿਕ ਪਿਛੋਕੜ ਵਾਲੇ ਕੁੱਲ 78 ਵਿਚੋਂ 33 ਮੰਤਰੀ, ਕੇਂਦਰੀ ਮੰਤਰੀ ਮੰਡਲ ਵਿੱਚ ਸ਼ਾਮਲ ਹਨ। ਇਸ ਸੰਬਧੀ ਦੇਸ਼ ਦੀ ਸੁਪਰੀਮ ਕੋਰਟ ਵਲੋਂ ਲਏ ਫੈਸਲੇ ਕਿ ਜੇਕਰ ਦੇਸ਼ ਦੀ ਸਰਕਾਰ ਇਹਨਾ ਸਿਆਸੀ ਅਪਰਾਧੀਆਂ ਦੇ ਕੇਸਾਂ ਦਾ ਨਿਪਟਾਰਾਂ ਕਰਨ ਲਈ ਅਦਾਲਤੀ ਕਾਰਵਾਈ ਸ਼ੁਰੂ ਨਹੀਂ ਕਰੇਗੀ ਤਾਂ ਢੁਕਵੇਂ ਹੁਕਮ ਜਾਰੀ ਕੀਤੇ ਜਾਣਗੇ।

ਪਰ ਮੌਜੂਦਾ ਪ੍ਰਧਾਨ ਮੰਤਰੀ ਨੇ 2014 ਵਿਚ ਦੇਸ਼ ਦਾ ਰਾਜ ਸੰਘਾਸ਼ਨ ਸੰਭਾਲਦਿਆਂ ਕਿਹਾ ਸੀ ਕਿ ਉਹ ਪਾਰਲੀਮੈਂਟ ਨੂੰ ਅਪਰਾਧੀਆਂ ਤੋਂ ਮੁਕਤ ਕਰਾ ਦੇਣਗੇ, ਪਰ ਇਹਨਾ 7 ਸਾਲਾਂ 'ਚ ਅਪਰਾਧੀ ਸਿਆਸਤਦਾਨਾਂ ਦੀ ਗਿਣਤੀ ਸੰਸਦ ਵਿੱਚ ਵਧੀ ਹੈ ਅਤੇ ਨਾਲ ਹੀ ਵਧਿਆ ਹੈ ਦੇਸ਼ ਵਿਚ ਅਮੀਰ ਗਰੀਬ ਦਾ ਪਾੜਾ।

ਭਾਰਤ ਦੇ 10 ਫ਼ੀਸਦੀ ਅਮੀਰ ਭਾਰਤੀਆਂ ਕੋਲ 2019 ਦੇ ਅੰਕੜਿਆਂ ਅਨੁਸਾਰ 80.7 ਫੀਸਦੀ ਦੌਲਤ ਹੈ। ਭਾਵੇਂ ਕਿ ਮੌਜੂਦਾ ਹਾਕਮਾਂ ਵਲੋਂ ਇਸ ਗੱਲ ਲਈ ਕੱਛਾਂ ਵਜਾਈਆਂ ਜਾ ਰਹੀਆਂ ਹਨ ਕਿ ਦੇਸ਼ ਦਾ ਅਰਥਚਾਰਾ ਤਰੱਕੀ ਕਰ ਰਿਹਾ ਹੈ। ਅਸਲ ਵਿਚ ਤਾਂ ਸਰਕਾਰ ਨੂੰ ਸ਼ੇਖ ਚਿੱਲੀ ਦੇ ਸੁਪਨੇ ਦੇਖਣ ਦੀ ਆਦਤ ਹੈ। ਦੋ ਅੰਕਾਂ ਵਾਲੀ ਵਿਕਾਸ ਦਰ ਦੇ ਦਮਗਜੇ ਲੋਕਾਂ ਨੂੰ ਭੁਲੇ ਹੋਏ ਨਹੀਂ। ਬਾਰਾਂ ਫ਼ੀਸਦੀ ਦੀ ਵਿਕਾਸ ਦਰ ਪਿਛਲੇ ਵਰ੍ਹਿਆਂ 'ਚ ਅਸਲੋਂ 5.8 ਫ਼ੀਸਦੀ ਤੱਕ ਸਿਮਟਕੇ ਰਹਿ ਗਈ। ਅਸਲ ਵਿੱਚ ਦੇਸ਼ ਦੀ ਹਾਕਮ ਧਿਰ ਇਹ ਭੁੱਲ ਜਾਂਦੀ ਹੈ ਕਿ ਦੇਸ਼ ਦੀ ਕੁਲ ਆਬਾਦੀ ਵਿਚੋਂ 80 ਕਰੋੜ ਅਬਾਦੀ ਗਰੀਬੀ ਰੇਖਾ ਤੋਂ ਹੇਠ ਹੈ। 2013 'ਚ ਪਾਸ ਕੀਤੇ ਨੈਸ਼ਨਲ ਫੂਡ ਸਿਕਿਊਰਿਟੀ ਐਕਟ-2013 ਅਨੁਸਾਰ ਇਹ ਐਕਟ ਦੇਸ਼ ਦੀ ਦੋ ਤਿਹਾਈ ਅਬਾਦੀ ਲਈ ਲੋੜੀਂਦਾ ਹੈ। ਜਿਹਨਾ ਲਈ ਸਰਕਾਰ ਇਕ ਰੁਪਏ ਕਿਲੋ ਕਣਕ, ਇਕ ਰੁਪਏ ਕਿਲੋ ਚਾਵਲ ਮਹੁੱਈਆ ਕਰਦੀ ਹੈ ਅਤੇ ਕੁਝ ਰਿਆਇਤਾਂ ਦੀ ਖੈਰਾਤ ਦੇ ਕੇ, ਧੰਨ ਕੁਬੇਰਾਂ ਦੇ ਘਰ ਭਰਨ ਦੀ ਖੁੱਲ੍ਹ ਲੈਂਦੀ ਹੈ। ਕਾਰਪੋਰੇਟ ਦੇ ਅਰਬਾਂ ਦੇ ਕਰਜ਼ੇ ਮੁਆਫ਼ ਕੀਤੇ ਜਾਂਦੇ ਹਨ ਪਰ ਆਮ ਲੋਕਾਂ ਦਾ ਕੁਝ ਸੈਂਕੜਿਆਂ ਦਾ ਕਰਜ਼ਾ ਮੁਆਫ਼ ਕਰਨ ਤੋਂ ਕੰਨੀ ਕਤਰਾਈ ਜਾਂਦੀ ਹੈ। ਦੂਜੇ ਪਾਸੇ ਸੁਧਾਰਾਂ ਦੇ ਕਦਮਾਂ ਨੂੰ ਅੱਧ ਅਧੂਰੇ ਛੱਡਣ ਦੀ ਸਰਕਾਰਾਂ ਦੀ ਆਦਤ ਹੈ।

ਹੁਣ ਤੱਕ ਦੇ ਸਾਰੇ ਬੈਂਕਿੰਗ ਸੁਧਾਰਾਂ ਤੇ ਇਹਨਾ ਦੇ ਨਾਲ ਹੀ ਇਨਸੋਲਵੈਂਸੀ ਐਂਡ ਬੈਂਕਰੱਪਸੀ ਕੋਡ, ਮੇਕ ਇਨ ਇੰਡੀਆ ਪ੍ਰੋਗਾਮ, ਬਿਜਲੀ ਸੁਧਾਰ ਪ੍ਰੋਗਾਮ (ਉਦੈ), ਟ੍ਰਾਂਸਪੋਰਟ (ਖਾਸਕਰ ਰੇਲਵੇ) ਬੁਨਿਆਦੀ ਢਾਂਚੇ ਵਿੱਚ ਕੀਤੇ ਗਏ ਅਥਾਹ ਨਿਵੇਸ਼ ਤੋਂ ਜਿਸ ਢੰਗ ਨਾਲ ਸੀਮਤ ਲਾਭ ਮਿਲਿਆ ਉਹ ਕਈ ਸਵਾਲ ਖੜੇ ਕਰਦਾ ਹੈ। ਕੀ ਇਹ ਧੰਨ ਕੁਬੇਰਾਂ ਦੀ ਦੌਲਤ ਵਧਾਉਣ ਲਈ ਨਹੀਂ ਕੀਤਾ ਜਾ ਰਿਹਾ? ਦੇਸ਼ ਵਿੱਚ ਪੈਦਾਵਾਰ (ਕਿਰਤ) ਤੇ ਮਾਰ ਪਈ ਹੈ, ਮਹਾਂਮਾਰੀ ਕਾਰਨ ਇਸ 'ਚ ਹੋਰ ਵਾਧਾ ਹੋਇਆ ਹੈ। ਤੇ ਰੁਜ਼ਗਾਰ ਦਾ ਅਨੁਪਾਤ ਤੇਜ਼ੀ ਨਾਲ ਡਿਗਿਆ ਹੈ, ਜਿਸ ਨਾਲ ਦੇਸ਼ 'ਚ ਭੁੱਖਮਰੀ ਵਧੀ ਹੈ। ਬਾਵਜੂਦ ਫੂਡ ਸਿਕਿਊਰਿਟੀ ਲਾਗੂ ਕਰਨ ਦੇ 8 ਵਰ੍ਹਿਆਂ ਬਾਅਦ ਵੀ ਦੇਸ਼ ਦੇ 20 ਕਰੋੜ ਲੋਕਾਂ ਨੂੰ ਮਸਾਂ ਇੱਕ ਡੰਗ ਰੋਟੀ ਦਿਨ 'ਚ ਨਸੀਬ ਹੁੰਦੀ ਹੈ।

ਆਓ ਆਜ਼ਾਦੀ ਦੇ ਇੰਨੇ ਵਰ੍ਹੇ ਬੀਤਣ ਬਾਅਦ ਦੇਸ਼ ਦੇ ਆਮ ਲੋਕਾਂ ਦੇ ਪੱਲੇ ਕੀ ਪਿਆ, ਇਸ ਦੀ ਗੱਲ ਕਰ ਲਈਏ।

ਲੋਕਾਂ ਦੀ ਸਭ ਤੋਂ ਵੱਡੀ ਲੋੜ ਸਿੱਖਿਆ, ਸਿਹਤ ਸਹੂਲਤਾਂ ਹਨ, ਜਿਸ ਤੋਂ ਸਰਕਾਰ ਕਿਨਾਰਾ ਕਰੀ ਬੈਠੀ ਹੈ। ਮਹਾਂਮਾਰੀ ਦੇ ਦੌਰ 'ਚ ਸਿਹਤ ਸਹੂਲਤਾਂ ਦਾ ਜਿਵੇਂ ਜਨਾਜ਼ਾ ਨਿਕਲਿਆ, ਉਸਦੀ ਉਦਾਹਰਨ ਦੇਣੀ ਵੀ ਇਥੇ ਉਚਿਤ ਨਹੀਂ ਹੈ। ਆਕਸੀਜਨ ਦੀ ਥੁੜੋਂ ਨਾਲ ਲੋਕ ਮਰੇ। ਮਹਿੰਗੇ ਇਲਾਜ ਕਾਰਨ ਲੋਕਾਂ ਦੀਆਂ ਜੇਬਾਂ ਕੱਟੀਆਂ ਗਈਆਂ। ਕਰੋਨਾ ਨਾਲ ਮਰੇ ਲੋਕਾਂ ਨੂੰ ਜਲਾਉਣ, ਦਬਾਉਣ ਲਈ ਦੇਸ਼ ਦੇ ਸ਼ਮਸ਼ਾਨਘਾਟਾਂ 'ਚ ਥਾਂ ਦੀ ਕਮੀ ਹੋ ਗਈ, ਉਹਨਾਂ ਨੂੰ "ਪਵਿੱਤਰ ਦਰਿਆਵਾਂ" ਦੇ ਸਪੁਰਦ ਕਰਨਾ ਪਿਆ। ਸਰਕਾਰੀ ਸਿੱਖਿਆ ਸਹੂਲਤਾਂ ਦੀ ਘਾਟ ਮਹਾਂਮਾਰੀ ਤੋਂ ਪਹਿਲਾਂ ਹੀ ਬਹੁਤ ਜ਼ਿਆਦਾ ਸੀ, ਪਰ ਮਹਾਂਮਾਰੀ ਨੇ ਸਕੂਲੀ ਸਿੱਖਿਆ ਦਾ ਸਤਿਆਨਾਸ ਕੀਤਾ ਹੈ। ਸਿੱਖਿਆ ਪ੍ਰਬੰਧਨ ਫਲਾਪ ਹੋ ਕੇ ਰਹਿ ਗਿਆ। ਕਰੋੜਾਂ ਦੀ ਗਿਣਤੀ 'ਚ ਬੱਚੇ ਪੜ੍ਹਾਈ ਛੱਡਕੇ ਬਾਲ ਮਜ਼ਦੂਰੀ ਕਰਨ ਤੇ ਮਜ਼ਬੂਰ ਹੋ ਗਏ।

ਭਾਰਤ ਵਿੱਚ ਬਾਲ ਮਜ਼ਦੂਰ ਡੇਢ ਤੋਂ ਦੋ ਕਰੋੜ ਹਨ। ਇਹ ਬੱਚੇ 6 ਤੋਂ 14 ਸਾਲ ਦੇ ਹਨ ਜੋ ਸਕੂਲ ਛੱਡਕੇ ਖੇਤੀ ਕਰਨ ਲੱਗਦੇ ਹਨ ਜਾਂ ਘਰੇਲੂ ਕੰਮ ਕਰਦੇ ਹਨ। ਇਹ ਜਿਆਦ-ਾਤਰ ਪੇਂਡੂ ਤੇ ਅਦਿਵਾਸੀ ਪਰਿਵਾਰਾਂ ਦੇ ਹਨ, ਜਿਥੇ "ਭਾਰਤੀ ਸਕੂਲੀ ਪ੍ਰਬੰਧ" ਪੁੱਜ ਹੀ ਨਹੀਂ ਸਕਿਆ।

ਸਿੱਖਿਆ, ਸਿਹਤ, ਸਹੂਲਤਾਂ ਤੋਂ ਅੱਗੇ ਬੁਨਿਆਦੀ ਲੋੜ ਬਿਜਲੀ ਦੀ ਹੈ। ਸਰਕਾਰ ਭਲੇ ਹੀ ਦੇਸ਼ ਵਿੱਚ ਸੌ ਫ਼ੀਸਦੀ ਬਿਜਲੀਕਰਨ ਦਾ ਸੁਪਨਾ ਪੂਰਾ ਹੋਣ ਦੀ ਗੱਲ ਕਹਿਕੇ ਆਪਣੀ ਪਿੱਠ ਥਪਥਪਾਏ ਲੇਕਿਨ ਦੇਸ਼ ਵਿੱਚ ਬਿਜਲੀਕਰਨ ਅਤੇ ਬਿਜਲੀ ਪੂਰਤੀ ਦੀ ਅਸਲ ਸਥਿਤੀ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ। ਭਾਰਤੀ ਵਿਕਾਸ ਮਹਿਕਮੇ ਵਲੋਂ 2017-18 ਵਿੱਚ ਇੱਕ ਸਰਵੇ ਕਰਵਾਇਆ ਗਿਆ ਹੈ, ਇਸ ਸਰਵੇ ਅਨੁਸਾਰ ਦੇਸ਼ ਦੇ 16 ਫ਼ੀਸਦੀ ਪਰਿਵਾਰਾਂ ਨੂੰ ਇੱਕ ਘੰਟੇ ਤੋਂ 8 ਘੰਟੇ, 33 ਫ਼ੀਸਦੀ ਪਰਿਵਾਰ ਨੂੰ ਪ੍ਰਤੀ ਦਿਨ ਨੂੰ ਹੀ 12 ਘੰਟੇ ਤੋਂ ਜ਼ਿਆਦਾ ਪ੍ਰਤੀ ਦਿਨ ਬਿਜਲੀ ਮਿਲਦੀ ਹੈ।

ਭਾਰਤ ਦਾ ਦੁਨੀਆਂ ਵਿਚ ਵੱਖੋਂ-ਵੱਖਰੇ ਖੇਤਰਾਂ ਵਿਚ ਕਿਹੜਾ ਸਥਾਨ ਹੈ, ਇਸਦੀ ਚਰਚਾ ਕਰਨੀ ਵੀ ਬਣਦੀ ਹੈ। 74 ਵਰ੍ਹਿਆਂ 'ਚ ਦੇਸ਼ ਦੀ ਅਬਾਦੀ 33 ਕਰੋੜ ਤੋਂ ਵੱਧ ਕੇ ਇਕ ਅਰਬ ਚਾਲੀ ਕਰੋੜ ਦੇ ਲਗਭਗ ਹੋ ਗਈ ਅਤੇ ਇਸ ਦਾ ਸਥਾਨ 235 ਦੇਸ਼ਾਂ ਵਿਚੋਂ ਦੂਜੀ ਥਾਂ ਹੈ।

ਭੁੱਖਮਰੀ 'ਚ ਦੇਸ਼ ਦੀ ਥਾਂ 107 ਦੇਸ਼ਾਂ ਵਿਚੋਂ 94 ਵੇਂ ਨੰਬਰ ਤੇ ਹੈ ਭਾਵ ਵੱਡੀ ਭੁੱਖਮਰੀ ਦੇ ਨਜ਼ਦੀਕ। ਸਿਹਤ ਸਹੂਲਤਾਂ 'ਚ 190 ਵਿਚੋਂ 141 ਦਰਜੇ ਦੀ ਸਾਡੀ ਰੈਂਕਿੰਗ ਹੈ। ਭਾਰਤ ਅਨਪੜ੍ਹਤਾ ਦੇ ਮਾਮਲੇ 'ਚ 234 ਦੇਸ਼ਾਂ ਵਿਚ 168 ਵੀ ਰੈਂਕਿੰਗ ਲੈ ਕੇ ਬੈਠਾ ਹੈ। ਸਿੱਖਿਆ ਦੇ ਖੇਤਰ 'ਚ 191 ਦੇਸ਼ਾਂ ਵਿਚ ਇਸਦਾ ਸਥਾਨ 145 ਵਾਂ ਹੈ।

ਦੇਸ਼ ਵਿਚ ਮਨੁੱਖੀ ਅਧਿਕਾਰਾਂ ਦੇ ਹਨਨ ਦਾ ਜੋ ਹਾਲ ਹੈ ਉਸ ਸਬੰਧੀ ਦੇਸ਼ ਦੇ ਦੁਨੀਆ ਭਰ 'ਚ ਵੱਡੇ ਪੱਧਰ 'ਤੇ ਬਦਨਾਮੀ ਤਾਂ ਹੋ ਹੀ ਰਹੀ ਹੈ, ਧਰਮ,ਜਾਤ ਦੇ ਨਾਮ ਉੱਤੇ ਦੇਸ਼ ਭਰ 'ਚ ਕੀਤੀ ਜਾ ਰਹੀ ਰਾਜਨੀਤੀ ਨੇ ਦੇਸ਼ ਨੂੰ ਵਿਸ਼ਵ ਕਟਹਿਰੇ 'ਚ ਖੜੇ ਕੀਤਾ ਹੈ।

ਦੇਸ਼ ਦੇ ਹਾਕਮ ਦੇਸ਼ ਪ੍ਰੇਮ ਨੂੰ ਛੱਡਕੇ ਸੱਤਾ ਦੀ ਤਾਕਤ ਹਥਿਆਉਣ ਦੀ ਹੋੜ 'ਚ ਸਾਮ, ਦਾਮ, ਦੰਡ ਦੀ ਵਰਤੋਂ ਕਰਦੇ ਨਜ਼ਰ ਆ ਰਹੇ ਹਨ। ਵੇਖਣ ਨੂੰ ਤਾਂ ਰਾਜ ਨੇਤਾਵਾਂ ਦਾ ਵਿਹਾਰ ਅਤੇ ਵਿਵਹਾਰ ਲੋਕ ਪੱਖੀ ਦਿਖਦਾ ਹੈ, ਪਰ ਅਸਲ ਵਿਚ ਇਹ ਵਿਹਾਰ ਮਨੁੱਖਤਾ ਵਾਦੀ ਨਹੀਂ ਰਿਹਾ।ਮੌਜੂਦਾ ਨੇਤਾ ਸਮਾਜਿਕ ਸਮੱਸਿਆਵਾਂ ਤੋਂ ਮੂੰਖ ਮੋੜ ਬੈਠੇ ਹਨ। ਸਿੱਟੇ ਵਜੋਂ ਬੇਰੁਜ਼ਗਾਰੀ, ਨਸ਼ੇਖੋਰੀ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਲੁੱਟਾਂ-ਖੋਹਾਂ ਦਾ ਵਾਧਾ ਵੇਖਣ ਨੂੰ ਮਿਲ ਰਿਹਾ ਹੈ।

ਦੇਸ਼ ਦਾ ਲੋਕਤੰਤਰ, ਲੋਕਤੰਤਰ ਨਹੀਂ ਰਿਹਾ। ਇਹ ਲੋਕਤੰਤਰ ਧਨਾਢਾਂ ਨੇ ਹਥਿਆ ਲਿਆ ਹੈ। ਆਜ਼ਾਦੀ ਤੋਂ ਬਾਅਦ ਦੇਸ਼ ਦੀ ਸੱਤਾ ਅੱਧ-ਪੱਚਦੀ ਕਾਰਪਰੇਟ ਲੋਕਾਂ ਹੱਥ ਰਹੀ ਹੈ ਅਤੇ ਹੁਣ ਪੂਰਨ ਰੂਪ ਵਿਚ ਉਹਨਾ ਹੱਥਾਂ ਵਿਚ ਆ ਚੁੱਕੀ ਹੈ ਜਿਹੜੇ ਚੌਧਰ ਦੇ ਭੁੱਖੇ ਹਨ ਜਿਹੜੇ ਸਿਆਸਤ ਨੂੰ ਇਕ ਧੰਦਾ, ਇਕ ਬਜ਼ਾਰ ਸਮਝਦੇ ਹਨ। ਜਿਥੇ ਝੂਠ ਸੱਚ ਦਾ ਨਿਪਟਾਰਾ ਧੰਨ ਦੀ ਗੋਲਕ ਨਾਲ ਹੁੰਦਾ ਹੈ। ਜਿਥੇ ਇਨਸਾਫ ਵਿਕਾਊ ਹੋ ਗਿਆ ਹੈ।

ਅੱਜ ਦੇਸ਼ ਦਾ ਲੋਕਤੰਤਰ ਗੁਲਾਮ ਬਣ ਚੁੱਕਾ ਹੈ। ਸਰਮਾਏਦਾਰ ਲੋਕ ਹੀ ਸਿੱਧੇ ਅਸਿੱਧੇ ਰੂਪ ਵਿਚ ਦੇਸ਼ ਨੂੰ ਚਲਾ ਰਹੇ ਹਨ। ਇਸ ਕਰਕੇ ਦੇਸ਼ ਦੇ ਲੋਕ ਆਰਥਿਕ ਗੁਲਾਮੀ ਹੰਢਾ ਰਹੇ ਹਨ। ਦੇਸ਼ ਦੇ ਲੋਕ ਮਾਨਸਿਕ ਗੁਲਾਮੀ ਹੰਢਾ ਰਹੇ ਹਨ। ਉੱਚਾ ਬੋਲਣ ਤੇ ਜਾਂ ਹਾਕਮ ਵਿਰੋਧੀ ਸੁਰਾਂ ਵਾਲਿਆਂ ਨੂੰ ਦੇਸ਼ ਧ੍ਰੋਹ ਮਾਮਲਿਆਂ 'ਚ ਜੇਲ੍ਹੀ ਜਾਣਾ ਪੈ ਰਿਹਾ ਹੈ। ਦੇਸ਼ ਦਾ ਮੀਡੀਆ ਪੈਸੇ ਦੇ ਜ਼ੋਰ ਤੇ ਚਲਾਇਆ ਜਾ ਰਿਹਾ ਹੈ। ਕਾਰਪੋਰੇਟ ਸੈਕਟਰ ਵਲੋਂ ਸਿਆਸੀ ਪਾਰਟੀਆਂ ਨੂੰ ਦਿੱਤੇ ਜਾ ਰਹੇ ਗੱਫੇ ਇਸ ਗੱਲ ਦਾ ਸੰਕੇਤ ਹਨ ਕਿ ਕਿਵੇਂ ਕਾਰਪੋਰੇਟ ਜਗਤ ਹਾਕਮ ਧਿਰ ਨੂੰ ਵੱਡਾ ਧੰਨ ਦੇਕੇ ਆਪਣੇ ਹਿੱਤ ਸਾਧਦੇ ਹਨ।

ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ 2019-20 ਵਿੱਚ ਕੁੱਲ ਚੋਣ ਬਾਂਡ ਰਾਸ਼ੀ ਦਾ 74 ਫ਼ੀਸਦੀ ਹਿੱਸਾ ਭਾਜਪਾ ਦੇ ਖਾਤੇ 'ਚ ਗਿਆ। ਉਸ ਨੂੰ 3427 ਕਰੋੜ ਦਾ ਚੰਦਾ ਮਿਲਿਆ, ਜਿਸ ਵਿਚੋਂ 2555 ਕਰੋੜ ਚੋਣ ਬਾਂਡਾਂ ਰਾਹੀਂ ਮਿਲਿਆ ਤੇ ਭਾਜਪਾ ਹੁਣ ਦੇਸ਼ ਦੀ ਸਭ ਤੋਂ ਅਮੀਰ ਸਿਆਸੀ ਪਾਰਟੀ ਹੈ, ਜਿਸਦੇ ਖਾਤਿਆਂ 'ਚ ਹੁਣ 3501 ਕਰੋੜ ਰੁਪਏ ਨਕਦ ਹਨ। ਚੋਣ ਬਾਂਡਾਂ ਰਾਹੀਂ ਕੰਪਨੀਆਂ, ਧੰਨ ਕੁਬੇਰ ਅਸੀਮਤ ਸਿਆਸੀ ਚੰਦੇ ਹਾਕਮਾਂ ਨੂੰ ਦਿੰਦੀਆਂ ਹਨ ਤੇ ਆਪਣੇ ਮਨ ਚਾਹੇ ਕੰਮ ਕਰਵਾਉਂਦੀਆਂ ਹਨ। ਇਹੀ ਰਕਮ ਫਿਰ ਹਾਕਮ ਧਿਰ ਅਤੇ ਹੋਰ ਪਾਰਟੀਆਂ ਚੋਣਾਂ ਜਿੱਤਣ ਲਈ ਖ਼ਰਚਦੀਆਂ ਹਨ।

ਇਹੋ ਜਿਹੇ ਹਾਲਤਾਂ ਵਿੱਚ ਭਾਰਤੀ ਨਾਗਰਿਕ ਦੀ ਆਜ਼ਾਦੀ ਕਿਥੇ ਹੈ? ਕਿਥੇ ਹੈ ਉਸਨੂੰ ਆਪਣੀ ਵੋਟ ਪਾਉਣ ਦੀ ਆਜ਼ਾਦੀ? ਜਦ ਉਸਦਾ ਸੋਸ਼ਣ ਨਵੇਂ ਬਣਾਏ ਲੋਕ ਵਿਰੋਧੀ ਕਾਨੂੰਨ ਨਾਲ ਹੋ ਰਿਹਾ ਹੈ, ਜਦ ਦੇਸ਼ 'ਚ ਨਿੱਜੀਕਰਨ 'ਚ ਵਾਧਾ ਹੋ ਰਿਹਾ ਹੈ, ਜਦ ਦੇਸ਼ 'ਚ ਹਰ ਚੀਜ਼ ਦੀ ਥੁੜੋਂ ਹੋ ਰਹੀ ਹੈ, ਨਾਗਰਿਕਤਾ ਸਬੰਧੀ ਧਰਮ ਅਧਾਰਤ ਕਾਨੂੰਨ ਪਾਸ ਹੋ ਰਹੇ ਹਨ। ਮਜ਼ਦੂਰਾਂ ਦੇ ਕੰਮ ਦੇ ਘੰਟੇ ਵਧਾਕੇ ਪਹਿਲਾਂ ਪਾਸ ਮਜ਼ਦੂਰ ਹਿਤੈਸ਼ੀ ਕਾਨੂੰਨ ਰੱਦ ਹੋ ਰਹੇ ਹਨ।

ਖੇਤੀ ਸਬੰਧੀ ਕਾਲੇ ਕਾਨੂੰਨ ਬਿਨ੍ਹਾਂ ਸੰਸਦ 'ਚ ਬਹਿਸ ਦੇ ਪਾਸ ਕੀਤੇ ਜਾਂਦੇ ਹਨ। ਵਿਰੋਧੀ ਧਿਰ ਨੂੰ ਚੱਲ ਰਹੇ ਸੰਸਦ ਸੈਸ਼ਨ 'ਚ ਖੇਤੀਬਾੜੀ ਕਾਨੂੰਨਾਂ ਅਤੇ ਜਾਸੂਸੀ ਮਾਮਲੇ 'ਚ ਗੱਲ ਕਰਨ ਦਾ ਮੌਕਾ ਹੀ ਨਹੀਂ ਦਿੱਤਾ ਜਾ ਰਿਹਾ,ਉਲਟਾ ਰਾਜਸਭਾ 'ਚ ਔਰਤ ਸੰਸਦ ਮੈਂਬਰਾਂ ਦੀ ਖਿੱਚ ਧੂਹ ਹੁੰਦੀ ਹੈ ਤਾਂ ਫਿਰ ਇਹ ਕਿਸ ਕਿਸਮ ਦੀ ਆਜ਼ਾਦੀ ਹੈ? ਕੀ ਇਹ ਲੋਕਤੰਤਰ ਦੀ ਹੱਤਿਆ ਨਹੀਂ ਹੈ?

ਦੇਸ਼ 'ਚ ਵਿਕਾਸ ਦੀ ਥਾਂ ਵਿਨਾਸ਼ ਹੋਇਆ ਹੈ।ਦੇਸ਼ ਦਾ ਵਾਤਾਵਰਨ ਤਬਾਹ ਹੋਇਆ ਹੈ। ਅੰਧਾਧੁੰਦ ਜੰਗਲ ਕੱਟੇ ਗਏ ਹਨ। ਹਰ ਥਾਂ ਮਾਫੀਆ ਰਾਜ ਚੱਲ ਰਿਹਾ ਹੈ। ਦੇਸ਼ ਦਾ ਖੇਤੀ ਖੇਤਰ ਤਬਾਹ ਹੋਇਆ ਹੈ। ਛੋਟੀਆਂ ਉਦਯੋਗਿਕ ਇਕਾਈਆਂ, ਵੱਡੇ ਕਾਰਪੋਰੇਟ ਸੈਕਟਰ ਨੇ ਤਬਾਹ ਕਰ ਦਿੱਤੀਆਂ ਹਨ । ਨਿੱਜੀਕਰਨ ਦੇ ਪਸਾਰੇ ਨਾਲ ਸਰਕਾਰੀ ਨੌਕਰੀਆਂ 'ਚ ਕਮੀ ਆਈ ਹੈ। ਸਕੀਮਾਂ ਤਾਂ ਸਾਰੀਆਂ ਸਰਕਾਰਾਂ ਨੇ ਬਹੁਤ ਬਣਾਈਆਂ ਹਨ, ਪਰ ਲਾਗੂ ਕਰਨ ਦੇ ਮਾਮਲੇ 'ਚ ਹੱਥ ਘੁੱਟੀ ਰੱਖਿਆ ਹੈ।

ਤਦ ਫਿਰ ਦੇਸ਼ ਦੇ ਨਾਗਰਿਕ ਦੀ ਜੋ ਤਵੱਕੋਂ ਆਜ਼ਾਦੀ ਤੋਂ ਸੀ, ਉਹ ਕਿਵੇਂ ਪੂਰੀ ਹੁੰਦੀ ? ਕਿਉਂਕਿ ਦੇਸ਼ ਦੇ ਹਾਕਮ ਸਵਾਰਥੀ ਨਿਕਲੇ ਹਨ। ਗੱਦੀ ਦੇ ਪੈਰੋਕਾਰ ਬਣੀ ਬੈਠੇ ਹਨ। ਲੋਕ ਸੇਵਾ, ਉਹਨਾ ਨੇ ਮਨੋਂ ਕੱਢ ਦਿੱਤੀ ਹੋਈ ਹੈ।

ਇਹੋ ਜਿਹੇ ਹਾਲਾਤਾਂ ਵਿੱਚ ਦੇਸ਼ ਦੇ ਲੋਕ, ਆਜ਼ਾਦੀ ਦਿਹਾੜੇ 'ਤੇ ਇੱਕ ਹੋਰ ਆਜ਼ਾਦੀ ਦਾ ਸੁਪਨਾ ਕਿਉਂ ਨਾ ਵੇਖਣ? ਆਜ਼ਾਦੀ ਦਾ ਨਵਾਂ ਸੰਕਲਪ ਕਿਉਂ ਨਾ ਸਿਰਜਣ? ਆਰਥਕ ਤੇ ਜ਼ਿਹਨੀ ਆਜ਼ਾਦੀ ਦੀ ਬਾਤ ਕਿਉਂ ਨਾ ਪਾਉਣ? ਪੰਜਾਬ 'ਚੋਂ ਉਠੇ ਕਿਸਾਨ ਅੰਦੋਲਨ ਨੇ ਜਨ ਅੰਦੋਲਨ ਦਾ ਰੂਪ ਧਾਰਕੇ ਲੋਕਾਂ ਦੀ ਆਜ਼ਾਦੀ ਦੀ ਬਾਤ ਪਾਈ ਹੈ। ਸੰਸਦ ਦੇ ਥਾਂ ਤੇ ਕਿਸਾਨ ਸੰਸਦ,

# ਹਿੰਦ-ਪਾਕਿ ਸਾਂਝੀ ਮਹਿਫਲ 'ਚ, ਬੋਲ ਉਠੀਆਂ ਕਵਿਤਾਵਾਂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**- ਨਿਊਜ਼ੀਲੈਂਡ ਪੰਜਾਬੀ ਮਲਟੀ ਮੀਡੀਆ ਟ੍ਰਸਟ ਵੱਲੋ ਰੇਡੀਓ ਸਪਾਈਸ ਦੇ ਮੁੱਖ ਸਟੂਡੀਓ ਪਾਪਾਟੋਏਟੋਏ ਬੀਤੀ ਸ਼ਾਮ ਤੀਜੀ ਹਿੰਦ-ਪਾਕਿ ਸਾਂਝੀ ਮਹਿਫਲ ਸਜਾਈ ਗਈ। ਭਾਰਤ ਅਤੇ ਪਾਕਿਸਤਾਨ ਦੇ ਆਜ਼ਾਦੀ ਦਿਵਸਾਂ ਨੂੰ ਸਮਰਪਿਤ ਦੋਹਾਂ ਦੇਸ਼ਾਂ ਦੇ ਲੋਕ ਇਕੋ ਮੰਚ ਉਤੇ ਇਕੱਤਕ ਹੋਏ। ਖੇਤਾਂ ਦੀ ਖੁਸ਼ਬੋ ਨੂੰ ਮਾਣਦਿਆਂ ਸ਼ਹਿਰੀ ਭੋਜਨ ਦੀ ਥਾਂ ਮੱਕੀ ਦੀ ਰੋਟੀ ਅਤੇ ਸਰੋਂ ਦਾ ਸਾਗ ਵੀ ਇਸ ਮਹਿਫਲ ਨੂੰ ਹੋਰ ਸਵਾਦਲੀ ਬਣਾ ਗਿਆ।



ਪ੍ਰੋਗਰਾਮ ਦੀ ਸ਼ੁਰੂਆਤ ਸ਼ਾਇਰਾਨਾ ਅੰਦਾਜ਼ ਲਈ ਮਸ਼ਹੂਰ ਰੇਡੀਓ ਪੇਸ਼ਕਾਰ ਅਤੇ ਰੇਡੀਓ ਸਪਾਈਸ ਦੇ ਮੈਨੇਜਰ ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਨੇ ਸਾਰੇ ਸਰੋਤਿਆਂ ਨੂੰ ਜੀ ਆਇਆਂ ਆਖ ਕੇ ਕੀਤੀ। ਸ਼ਮਾ ਰੌਸ਼ਨ ਸ. ਰੁਲੀਆ ਸਿੰਘ ਸਿੱਧੂ ਅਤੇ ਪਾਕਿਸਤਾਨੀ ਮਹਿਮਾਨਾਂ ਨੇ ਕੀਤੀ। ਆਨਰੇਰੀ ਕੌਂਸਲ ਸ੍ਰੀ ਭਵ ਢਿੱਲੋਂ ਹੋਰਾਂ ਦਾ ਵੀਡੀਓ ਸੰਦੇਸ਼ ਸੁਣਾਇਆ ਗਿਆ। ਮਹਿਫਲ ਦੀ ਸ਼ੁਰੂਆਤ ਪੰਜਾਬੀ ਹੈਰਲਡ ਤੋਂ ਸ. ਹਰਜਿੰਦਰ ਸਿੰਘ ਬਸਿਆਲਾ ਨੇ ਆਪਣੀ ਇਕ ਕਵਿਤਾ ' ਹਿੰਦੁਸਤਾਨ ਵੀ ਮੇਰਾ ਏ ਔਰ ਪਾਕਿਸਤਾਨ ਵੀ ਮੇਰਾ ਏ, ਕੋਈ ਫਰਕ ਨਹੀਂ ਪੈਂਦਾ ਪਾਸਪੋਰਟ ਲੈ ਲਿਆ ਕਿਹੜਾ ਏ' ਨਾਲ ਕੀਤੀ। ਮਹਿਫਲ ਦੇ ਵਿਚ ਸਟੇਜ ਨੇ ਮਿੰਟਾ ਦੇ ਵਿਚ ਹੀ ਭਰਵੇਂ ਮੇਲੇ ਦੀ ਵਰਗਾ ਮਾਹੌਲ ਸਿਰਜ ਦਿੱਤਾ। 2-4 ਮਿੰਟਾਂ ਦੀ ਪੇਸ਼ਕਾਰੀ ਕਰਦਿਆਂ-ਕਰਦਿਆਂ ਦਰਜਨਾਂ ਸ਼ਾਇਰਾਂ ਅਤੇ ਕਵੀਆਂ ਨੇ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ ਦੀ ਗੱਲ ਕਰਨ ਵਾਸਤੇ ਕਤਾਰ ਬੰਨ੍ਹ ਲਈ। ਦੀਪ ਪ੍ਰੀਤ ਸੈਣੀ, ਜ਼ੁਬੇਰ ਸਲੀਮ ਬਿੱਲਾ ਜੀ, ਮੁਖਤਿਆਰ ਸਿੰਘ, ਬੁਸ਼ਾਰਤ ਅਲੀ ਜਾਨ, ਸ. ਰੁਲੀਆ ਸਿੰਘ ਸਿੱਧੂ, ਇੰਦੂ ਬਾਜਵਾ, ਨਿੰਮੀ ਬੇਦੀ, ਹਰਜੀਤ ਕੌਰ, ਚਰਨਜੀਤ ਸਿੰਘ ਦੁੱਲਾ, ਰਣਜੀਤ ਸੰਧੂ, ਸੱਤਾ ਵੈਰੋਵਾਲੀਆ, ਅਵਤਾਰ ਤਰਕਸ਼ੀਲ, ਨਰਿੰਦਰਬੀਰ ਸਿੰਘ ਅਤੇ ਹਰ ਕਈ ਲਿਖਾਰੀਆਂ ਨੇ ਖੂਬ ਮਹਿਫਲ ਦੇ ਵਿਚ ਰੰਗ ਬੰਨ੍ਹਿਆ। ਪ੍ਰੋਫੈਸਰ ਮਨਜੀਤ ਸਿੰਘ-ਬੀਬੀ ਦਲਜੀਤ ਕੌਰ ਦਾ ਸੰਗੀਤਕ ਗਰੁੱਪ ਤਾਂ ਸੋਨੇ 'ਤੇ ਦੋਹਰੇ ਸੁਹਾਗੇ ਵਾਂਗ ਸਾਰੇ ਵਲ ਕੱਢ ਗਿਆ। ਸਥਾਨਕ ਗਾਇਕ ਜਯੋਤੀ ਵਿਰਕ ਕੁਲਾਰ, ਦਲਜੀਤ ਕੌਰ, ਗੁੰਚਾ ਸਿੰਘ, ਨਾਸਿਰ ਮਿਰਜ਼ਾ ਅਤੇ ਸੁੱਖ ਢੀਂਡਸਾ ਹੋਰਾਂ ਕੁਝ ਪੁਰਾਣ ਅਤੇ ਕੁਝ ਨਵੇਂ ਗੀਤਾਂ ਦੇ ਨਾਲ ਇੰਝ ਮਾਹੌਲ ਸਿਰਜਿਆ ਜਿਵੇਂ ਦਹਾਕਿਆਂ ਪਹਿਲਾਂ ਵਾਲਾ ਰੇਡੀਓ ਚੱਲ ਰਿਹਾ ਹੋਵੇ। ਨਾਸਿਰ ਮਿਰਜ਼ਾ ਨੇ ਕਮਾਲ ਦੀ ਪੇਸ਼ਕਾਰੀ ਕੀਤੀ, ਕਦੇ ਬੈਠ ਕਦੇ ਉਠ ਕਦੇ ਪੂਰੇ ਜੋਸ਼ ਦੇ ਵਿਚ ਉਨ੍ਹਾਂ ਐਨਾ ਰੰਗ ਬੰਨ੍ਹਿਆ ਕਿ ਸਾਰੇ ਤਾੜੀਆਂ ਮਾਰ ਕੇ ਸਾਥ ਦੇਣ ਲੱਗੇ।

ਰੇਡੀਓ ਸਪਾਈਸ ਦੀ ਟੀਮ ਵੱਲੋਂ ਨਿਊਜ਼ੀਲੈਂਡ ਸਿੱਖ ਖੇਡਾਂ ਦੀ ਟੀਮ, ਟੀਮ ਢੱਟ (ਰੀਅਲ ਇਸਟੇਟ ਗਰੁੱਪ), ਅਵਤਾਰ ਇੰਟਰਪ੍ਰਾਈਜ਼, ਈਸਟਰਨ ਕੋਰੀਅਨ (ਸ. ਕੁਲਦੀਪ ਸਿੰਘ ਰਾਜਾ-ਸ. ਤਰਸੇਮ ਸਿੰਘ ਮਿੰਟਾ), ਇੰਡੋ ਸਪਾਈਸ ਵਰਲਡ, ਅਕਾਲ ਫਾਊਂਡੇਸ਼ਨ, ਨਿਊਜ਼ੀਲੈਂਡ ਸਿੱਖ ਵੋਮੈਨ ਐਸੋਸੀਏਸ਼ਨ, ਡੇਲੀ ਖਬਰ, ਪੰਜਾਬੀ ਹੈਰਲਡ, ਜੱਗ ਬਾਣੀ, ਇੰਡੀਅਨ ਵੀਕਐਂਡਰ ਸਮੇਤ ਆਪਣੇ ਸਾਰੇ ਸਪਾਂਸਰਜ਼ ਨੂੰ ਸ. ਦਲਬੀਰ ਸਿੰਘ ਪੰਨੂ ਦੀ ਪਾਕਿਸਤਾਨ ਉਤੇ ਬਾਕਮਾਲ ਲਿਖੀ ਕਿਤਾਬ 'ਸਿੱਖ ਹੈਰੀਟੇਜ' ਭੇਟ ਕਰਕੇ ਦੋਹਾਂ ਦੇਸ਼ਾਂ ਦੀਆਂ ਸਾਂਝਾ ਨੂੰ ਯਾਦਗਾਰ ਬਣਾਇਆ ਗਿਆ। ਐਨ. ਜ਼ੈਡ. ਇੰਡੀਅਨ ਫਲੇਮ ਵੱਲੋਂ ਮੱਕੀ ਦੀ ਰੋਟੀ, ਸਰੋਂ ਦਾ ਸਾਗ ਅਤੇ ਮੂੰਗ ਦਾ ਹਲਵਾ ਸਰੋਤਿਆਂ ਨੇ ਬਹੁਤ ਪਸੰਦ ਕੀਤਾ। ਸਰੋਤਿਆਂ ਦੀ ਗਿਣਤੀ ਆਸ ਨਾਲੋਂ ਕਿਤੇ ਵਧ ਜਾਣ ਕਰਕੇ ਪ੍ਰਬੰਧਕਾਂ ਨੂੰ ਅਗਲੇ ਸਾਲ ਲਗਦਾ ਕਿਤੇ ਹੋਰ ਵੀ ਅਜਿਹਾ ਸਮਾਗਮ ਕਰਨਾ ਪਏਗਾ। ਸ. ਤਾਰਾ ਸਿੰਘ ਬੈਂਸ ਨੇ ਅਗਲੇ ਸਾਲ ਲਈ ਬਿਨ-
ਾਂ ਸ਼ ਰ ਤ
ਸਹਿਯੋਗ ਦਾ ਵਾਅਦਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਦੋਹਾਂ ਦੇਸ਼ਾਂ ਦੇ ਲੋਕਾਂ ਵਿਚ ਸਾਂਝ ਪੈਦਾ ਕਰਦੇ ਹਨ, ਇਹ ਹੋਣੇ

# ਗੁਰਨਾਮ ਸਿੰਘ ਚੜੂਨੀ ਜੀ ਸਿਆਣਪ ਤੋਂ ਕੰਮ ਲਓ, ਕਿਸਾਨ ਵਿਰੋਧੀ ਸ਼ਕਤੀਆਂ ਦੇ ਹੱਥਾਂ ਵਿੱਚ ਨਾ ਖੇਡੋ

ਅੱਜ ਜਦੋਂ ਕਿਸਾਨਾਂ ਦਾ ਸੰਘਰਸ਼ ਪੂਰੇ ਜੋਬਨ ਤੇ ਹੈ ਦੇਸ਼ ਦੀ ਮੋਦੀ ਸਰਕਾਰ ਇਨੀ ਘਬਰਾਈ ਹੋਈ ਹੈ ਕਿ ਸੰਸਾਰ ਵਿੱਚ ਉਸ ਦੀ ਤਾਨਾਸ਼ਾਹੀ ਨੀਤੀ ਕਾਰਨ ਏਨੀ ਭੰਡੀ ਹੋ ਰਹੀ ਹੈ ਜਿਸ ਨਾਲ ਉਸ ਦਾ ਅਕਸ ਵਿਸ਼ਵ ਭਰ ਵਿੱਚ ਏਨਾ ਕਿਰਕਿਰਾ ਹੋ ਗਿਆ ਕਿ ਲੋਕ ਤੰਤਰ ਹਿਤੇਸ਼ੀ ਦੇਸ਼ ਤੇ ਸੰਸਾਰ ਭਰ ਦੇ ਲੋਕ ਜਿਹੜੇ ਲੋਕ ਤੰਤਰੀ ਸੋਚ ਦੇ ਮਾਲਕ ਹਨ ਚਾਹੇ ਉਨਾਂ ਦਾ ਧਰਮ, ਮਜਬ ਕੋਈ ਵੀ ਹੋਵੇ ਲਗ ਭਗ ਸਾਰੇ ਹੀ ਭਾਰਤ ਵਿੱਚ ਰਾਜ ਕਰ ਰਹੀ ਰ ਸ ਸ, ਭਾਜਪਾ ਸਰਕਾਰ ਦੀ ਰੱਜ ਕੇ ਭੰਡੀ ਕਰਦੇ ਹੋਏ ਇਹ ਕਹਿ ਰਹੇ ਹਨ ਕਿ ਜਿਸ ਤਰਾਂ ਦਾ ਉਹ ਦੇਸ਼ ਵਿੱਚ ਰਾਜ ਚਲਾਉਣਾ ਚਾਹੁੰਦੀ ਹੈ, ਹੁਣ ਉਸ ਲਈ ਬਹੁਤਾ ਚਿਰ ਰਾਜ ਕਰਨਾ ਸੰਭਵ ਨਹੀਂ ਲਗਦਾ ।ਉਂਞ ਵੀ ਲੋਕ ਪੜਾਅ ਪੜਾਅ ਤੇ ਕਹਿੰਦੇ ਆ ਰਹੇ ਹਨ ਕਿ ਈ.ਵੀ. ਐਮ. ਦੇ ਸਹਾਰੇ ਤੇ ਖੜੀ ਹੋਈ ਭਾਜਪਾ ਸਰਕਾਰ ਨੂੰ ਦੇਸ਼ ਦੀਆਂ ਵਿਰੋਧੀ ਪਾਰਟੀਆਂ ਤੇ ਦੇਸ਼ ਦੇ ਲੋਕ ਆਉਣ ਵਾਲੀਆਂ ਚੋਣਾਂ ਬੈਲਿਟ ਪੇਪਰ ਰਾਹੀਂ ਕਰਵਾ ਕੇ ਇਸ ਕੱਟੜ੍ਹ ਫਿਰਕਾਪ੍ਰਸਤ ਤੇ ਕਾਰਪੋਰੇਟਾਂ ਦੀ ਸਰਕਾਰ ਨੂੰ ਦੇਸ਼ ਵਿੱਚੋਂ ਹਰ ਹਾਲਤ ਵਿੱਚ ਚਲਦਾ ਕਰਨ ਦੇ ਧਾਰਨੀ ਬਣ ਚੁੱਕੇ ਹਨ।ਦੇਸ਼ ਵਿੱਚ ਰਾਜ ਕਰ ਰਹੀ ਭਾਜਪਾ ਤੇ ਰ.ਸ.ਸ. ਦਾ ਆਈ .ਟੀ. ਸੈੱਲ ਜਿਸ ਵਿੱਚ 4000 ਦੇ ਲਗ ਭਗ ਕੱਟੜ੍ਹ ਹਿੰਦੂਵਾਦੀ ਮੁਲਾਜਮ ਦਿਨ ਰਾਤ ਕੰਮ ਕਰਦੇ ਆ ਰਹੇ ਹਨ।ਜਦੋਂ ਤੋਂ ਕਿਸਾਨ ਅੰਦੋਲਨ ਚਲ ਰਿਹਾ ਹੈ ਤੇ ਉਹ ਵੱਡੀਆਂ ਪੁਲਾਂਘਾਂ ਪੁੱਟਦਾ ਹੋਇਆ ਦੁਨੀਆ ਭਰ ਦਾ ਅੰਦੋਲਨ ਬਣ ਚੁੱਕਾ ਹੈ।ਇਸ ਸੰਘਰਸ਼ ਨੇ ਭਾਜਪਾ ਦੀ ਮੋਦੀ ਸਰਕਾਰ ਤੇ ਉਸ ਦੇ ਸੈੱਲ ਦੀ ਨੀਂਦ ਹਰਾਮ ਕੀਤੀ ਹੋਈ ਹੈ।

।ਪਰ ਉਨਾਂ ਦਾ ਕੋਈ ਜੋਰ ਨਹੀਂ ਸੀ ਚੱਲ ਰਿਹਾ ਤੇ ਉਸ ਨੂੰ ਬਾਰ ਬਾਰ ਚਲਾਏ ਹੋਛੇ ਹਥਕੰਡਿਆਂ ਰਾਹੀਂ ਮੂੰਹ ਦੀ ਖਾਣੀ ਪੈ ਰਹੀ ਹੈ ।ਉਸ ਨੂੰ ਕੋਈ ਧੁਰਾ ਨਹੀਂ ਸੀ ਲਭ ਰਿਹਾ ਜਿਸ ਨਾਲ ਉਹ ਕਿਸਾਨੀ ਸੰਘਰਸ਼ ਨੂੰ ਢਾਹ ਲਗਾ ਸਕੇ । ਲੋਕਾਂ ਦਾ ਕਹਿਣਾ ਹੈ ਕਿ ਇੰਞ ਲਗ ਰਿਹਾ ਹੈ ਜਿਵੇਂ ਦੇਸ਼ ਦੀਆ ਸਾਰੀਆ ਕਿਸਾਨ ਵਿਰੋਧੀ ਸ਼ਕਤੀਆਂ ਨੂੰ ਇਕ ਹੁਣ ਬੰਦਾ ਲਭ ਗਿਆ ਹੈ ਜਿਸ ਨੂੰ ਏਨਾ ਹੰਕਾਰ ਹੋ ਗਿਆ ਲਗਦਾ ਹੈ ਜਿਵੇਂ ਇਕ ਵਾਰੀ ਟੱਟੀਰੀ ਨੂੰ ਵੀ ਗਲਤ ਸ਼ੱਕ ਹੋ ਗਿਆ ਸੀ ਕਿ ਉਸ ਦੀਆਂ ਅਸਮਾਨ ਵੱਲ ਕੀਤੀਆਂ ਲੱਤਾਂ ਦੇ ਸਹਾਰੇ ਖੜ੍ਹਾ ਹੈ ਅਤੇ ਮੈਂ ਹੀ ਸਾਰੀ ਲੋਕਾਈ ਨੂੰ ਬਚਾਇਆ ਹੋਇਆ ਹੈ। ਬਿਲਕੁਲ ਇਹੋ ਜਿਹਾ ਅਭਿਮਾਨ ਹੁਣ ਹ-ਰਆਣੇ ਦੇ ਇਕ ਕਿਸਾਨ ਆਗੂ ਸ੍ਰ ਗੁਰਨਾਮ ਸਿੰਘ ਚੜੂਨੀ ਨੂੰ ਵੀ ਹੋ ਗਿਆ ਪ੍ਰਤੀਤ ਹੋਣ ਲੱਗ ਪਿਆ ਹੈ।ਸ੍ਰ ਚੜੂਨੀ ਜੀ ਨੂੰ ਯਾਦ ਹੋਣਾ ਚਾਹੀਦਾ ਹੈ ਕਿ ਪਹਿਲਾਂ ਵੀ ਉਨਾਂ ਨੇ ਕਿਸਾਨ ਮੋਰਚੇ ਦੇ ਆਗੂਆਂ ਵਲੋਂ ਕੀਤੇ ਫੈਸਲੇ ਦੇ ਵਿਰੁੱਧ ਜਾ ਕੇ ਇਕ ਰਾਜਸੀ ਪਾਰਟੀ ਦੀ ਮੀਟਿੰਗ ਵਿੱਚ ਵੀ ਸ਼ਮੂਲੀਅਤ ਕੀਤੀ ਸੀ।ਜਿਸ ਕਾਰਨ ਉਹ ਉਦੋਂ ਵੀ ਚਰਚਾ ਦਾ ਵਿਸ਼ਾ ਬਣੇ ਸਨ ।ਉਨਾਂ ਦੀਆਂ ਗੱਲਾਂ ਜੋ ਹੁਣ ਮੀਡੀਏ ਵਿੱਚ ਆਈਆਂ ਹਨ ਜਿਸ ਵਿੱਚ ਇਹ ਕਿਹਾ ਗਿਆ ਹੈ ਕਿ ਉਨਾਂ ਨੇ ਫੈਸਲਾ ਕਰ ਲਿਆ ਹੈ ਕਿ ਕਿਸਾਨ ਮੋਰਚੇ ਤੋਂ ਆਪਣੇ ਆਪ ਨੂੰ ਬਿਲਕੁਲ ਵੱਖ ਕਰਕੇ ਆਪਣੀ ਵੱਖਰੀ ਡੱਫਲੀ ਵਜਾਉਣਗੇ ,ਜਿਸ ਅਨੁਸਾਰ ਉਹ ਪੰਜਾਬ ਵਿੱਚ 2022 ਦੀਆਂ ਚੋਣਾਂ ਲੜ੍ਹਣ ਗੇ ਇਸ ਸਬੰਧ ਵਿੱਚ ਉਨਾਂ ਨਾਲ ਕਈ ਹੋਰ ਪਾਰਟੀਆਂ ਦੇ ਆਗੂਆਂ ਦੇ ਨਾਂ ਵੀ ਵੱਜਣੇ ਸ਼ੁਰੂ ਹੋ ਗਏ ਹਨ। ਜਿਨਾਂ ਵਿੱਚ ਕੁਝ ਨੌਜੁਆਨ ਆਗੂ ਵੀ ਸ਼ਾਮਲ ਹਨ।ਜਿਹੜੇ ਕਿਸਾਨ ਮੋਰਚੇ ਦੌਰਾਨ ਸਮੇਂ ਸਮੇਂ ਚਰਚਾ ਦਾ ਵਿਸ਼ਾ ਵੀ ਬਣਦੇ ਰਹੇ ਹਨ । ਜਿਨਾਂ ਨੇ ਪਹਿਲਾਂ ਵੀ 26 ਜਨਵਰੀ 2021 ਸਮੇਂ ਕਿਸਾਨ ਮੋਰਚੇ ਤੋਂ ਵੱਖਰਾ ਨਾਹਰਾ ਦੇ ਕੇ ਕੁਝ ਨੌ-ਜੁਆਨਾਂ ਨੂੰ ਲਾਲ ਕਿਲ੍ਹੇ ਤੇ ਚਲੋ ਦਾ ਕਹਿ ਕੇ ਤੋਰ ਦਿੱਤਾ ਸੀ ਜਿਥੇ ਇਕ ਨੌਜੁਆਨ ਨੂੰ ਪੁਲੀਸ ਜਬਰ ਦਾ ਸ਼ਿਕਾਰ ਹੋਣ ਕਾਰਨ ਆਪਣੇ ਜੀਵਨ ਤੋਂ ਹੱਥ ਧੋਣੇ ਪਏ ਸਨ ,ਉਥੇ ਉਸ ਦੇ ਸਾਰੇ ਪ੍ਰੀਵਾਰ ਨੂੰ ਉਮਰ ਭਰ ਲਈ ਅਸਹਿ ਦੁੱਖ ਵੀ ਪ੍ਰਦਾਨ ਕਰਵਾਇਆ ਸੀ। ਇਨਾਂ ਗਰਮ ਸੁਭਾਅ ਦੇ ਆਗੂਆਂ ਨੇ ਹਕੀਕਤ ਤੋਂ ਅੱਖਾਂ ਮੀਟ ਕੇ ਸਰਕਾਰ ਦੀ ਮਿੱਲੀ ਭੁੱਗਤ ਨਾਲ ਇਨਾਂ ਨੌਜੁਆਨਾਂ ਨੇ ਤਿੰਨ ਦਿਨ ਤਕ ਦਿੱਲੀ ਵਿੱਖੇ ਚਲਣ ਵਾਲੇ ਟਰੈਕਟਰ ਮਾਰਚ ਜਿਸ ਨੇ ਸੰਸਾਰ ਦੀ ਅੱਡਰੀ ਮਿਸਾਲ ਬਣਨੀ ਸੀ ਤੇ ਸੰਸਾਰ ਦੇ ਇਤਿਹਾਸ ਦੇ ਸੁਨਹਿਰੀ ਪੰਨੇ ਲਿਖੇ ਜਾਣੇ ਸਨ।ਉਸ ਦੀ ਥਾਂ ਤੇ ਲਾਲ ਕਿਲ੍ਹੇ ਵਿਖੇ ਲਿਜਾ ਕੇ ਜਿਥੇ ਖਾਲਸਾਈ ਨਿਸ਼ਾਨ ਸਾਹਿਬ ਝੁੱਲਵਾ ਕੇ, ਉਸ ਟਰੈਕਟਰ ਮਾਰਚ ਦੀ ਸੰਸਾਰ ਪੱਧਰੀ ਬਣਨ ਵਾਲੀ ਪਛਾਣ ਨੂੰ ਢਾਹ ਲਗਵਾਈ ਸੀ। ਇਸ ਦੇ ਨਾਲ ਹੀ ਅਣਗਿਣਤ ਨੌਜੁਆਨਾਂ ਤੇ ਭੋਲੇ ਭਾਲੇ ਕਿਸਾਨਾਂ ਨੂੰ ਪੁਲੀਸ ਜਬਰ ਦਾ ਸ਼ਿਕਾਰ ਬਣਾਉਣ ਦੇ ਨਾਲ ਜੇਲੀਂ ਵੀ ਡੱਕਵਾ ਕੇ ਕਿਸਾਨ ਮੋਰਚੇ ਨੂੰ ਵੀ ਵੱਡੇ ਪੱਧਰ ਤੇ ਢਾਹ ਲਗਾਈ ਸੀ। ਕਿਸਾਨ ਮੋਰਚੇ ਦੇ ਆਗੂਆਂ ਨੂੰ ਆਪਣੇ ਸੰਘਰਸ਼ ਨੂੰ ਉਲੀਕੇ ਪ੍ਰੋਗਰਾਮ ਅਨੁਸਾਰ ਅੱਗੇ ਲਿਜਾਣ ਦੀ ਥਾਂ ਤੇ ਗ੍ਰਿਫਤਾਰ ਹੋਏ ਨੌਜੁਆਨਾਂ ਨੂੰ ਰਿਹਾ ਕਰਾਉਣ ਲਈ ਕਿੰਨਾ ਜੋਰ ਲਗਾਉਣ ਦੇ ਨਾਲ ਆਰਥਕ ਨੁਕਸਾਨ ਵੀ ਝੱਲਣਾ ਪਿਆ ਸੀ।ਇੰਞ ਲਗਦਾ ਹੈ ਕਿ ਜਿਵੇ ਸ੍ਰ ਗੁਰਨਾਮ ਸਿੰਘ ਚੜੂਨੀ ਵੀ ਇਨਾਂ ਨਾਮ ਧਰੀਕ ਬਣੇ ਕਿਸਾਨ ਆਗੂਆਂ ਦੇ ਨਾਲ ਰੱਲ ਕੇ 2022 ਦੀਆ ਚੋਣਾਂ ਲੜ੍ਹ ਕੇ ਪੰਜਾਬ ਦੇ ਮੁੱਖ ਮੰਤਰੀ ਬਣਨ ਦੇ ਹਵਾਈ ਸੁੱਪਨੇ ਲੈਣ ਲਗ ਪਏ ਹਨ । ਸ੍ਰ ਗੁਰਨਾਮ ਸਿੰਘ ਚੜੂਨੀ ਜੀ ਇਸ ਧਾਰਾ ਵਿੱਚ ਵਹਿਣ ਤੋਂ ਪਹਿਲਾਂ ਆਪਣੇ ਬਾਰੇ ਲੋਕਾਂ ਦੇ ਦਿੱਤੇ ਰੀਮਾਰਕਸ ਜਰੂਰ ਪੜ੍ਹ ਲਿਉ।ਤੁਸੀ ਆਪਣੇ ਕਾਰਨਾਮਿਆਂ ਕਾਰਨ ਹੀ ਹੀਰੋ ਤੋਂ ਜੀਰੋ ਬਣਨ ਵੱਲ ਕਦੱਮ ਪੁੱਟ ਰਹੇ ਹੋ। ਤੁਹਾਨੂੰ ਆਪਣੀ ਕੀ ਹਕੀਕਤ ਹੈ ? ਇਸ ਦੀ ਪਛਾਣ ਹਰਿਆਣੇ ਜਿਸ ਦੇ ਤੁਸੀ ਵਸਨੀਕ ਵੀ ਹੋ।ਤੁਹਾਡੇ ਦੁਆਰਾ ਆਪਣੇ ਹੀ ਪ੍ਰਾਂਤ ਵਿੱਚ ਲੜੀਆਂ ਚੋਣਾਂ ਦੌਰਾਨ ਤੁਸੀ ਜਾਣ ਵੀ ਚੁੱਕੇ ਹੋ? ਉਸ ਨੂੰ ਜਰੂਰ ਧਿਆਨ ਵਿੱਚ ਰੱਖ ਲੈਣਾ ਚਾਹੀਦਾ ਹੈ।ਕਈ ਵਾਰੀ ਸਾਡੇ ਵਲੋਂ ਕਿਆਸੇ ਫੈਸਲੇ ਸਿਖਰਾਂ ਦੇ ਗਲਤ ਵੀ ਬੈਠ ਜਾਂਦੇ ਹਨ।ਸੋਸਲ ਸਾਈਟ ਮੁਤਾਬਿਕ ਤੁਸੀ ਤਾਂ ਹੁਣ ਉਸ ਪ੍ਰਾਂਤ ਭਾਵ ਪੰਜਾਬ ਦੇ ਮੁੱਖ ਮੰਤਰੀ ਬਣਨ ਦੀ ਸੋਚ ਰਹੇ ਹੋ।ਜਿਸ ਦੇ ਬਹੁਤੇ ਲੋਕ ਤੁਹਾਨੂੰ ਪੂਰੀ ਤਰਾਂ ਸ਼ਾਇਦ ਜਾਣਦੇ ਤਕ ਵੀ ਨਹੀਂ ਹਨ।ਤੁਹ-ਾਡੀ ਜੇ ਇਸ ਸੋਚ ਨੂੰ ਇਹ ਆਖ ਲਈਏ ਕਿ ਤੁਸੀ ਆਪਣੇ ਨੂੰ ਕਿਸੇ ਹੋਰ ਦੁਨੀਆ ਵਿੱਚ ਵੱਸਦਾ ਦੇਖਣ ਲਗ ਪਏ ਹੋ ਤਾਂ ਗਲਤ ਨਹੀਂ ਹੋਵੇਗਾ।ਸ੍ਰ ਗੁਰਨਾਮ ਸਿੰਘ ਜੀ ਜਿਹੜੇ ਕੁਝ ਲੋਕ ਤੁਹਾਨੂੰ ਫੇਸ ਬੁੱਕ ਤੇ ਰੀਮਾਰਕਸ ਦੇ ਕੇ ਬੜਾ ਵੱਡਾ ਲੀਡਰ ਦੱਸ ਰਹੇ ਹਨ , ਪਤਾ ਜੇ ਇਹ ਲੋਕ ਕੋਣ ਹਨ? ਇਹ ਰ.ਸ.ਸ. ਤੇ ਭਾਜਪਾ ਦੀ ਆਈ. ਟੀ. ਸੈੱਲ ਦੇ ਮੈਂਬਰ ਹਨ, ਜਿਹੜੇ ਝੂਠੀਆਂ ਆਈ ਡੀਜ ਬਣਾ ਕੇ, ਉਨਾਂ ਰਾਹੀਂ ਤੁਹਾਨੂੰ ਮੈਸਿਜ ਕਰ ਕੇ ਆਪਣਾ ਦੋਧਾਰੀ ਖੰਡਾ ਚਲਾ ਰਹੇ ਹਨ। ਉਨਾਂ ਦਾ ਇਕ ਨਿਸ਼ਾਨਾ ਇਹ ਹੈ ਕਿ ਕਿਸੇ ਵੀ ਢੰਗ ਨਾਲ ਕਿਸਾਨ ਸੰਘਰਸ਼ ਨੂੰ ਫੇਲ੍ਹ ਕੀਤਾ ਜਾਵੇ ,ਦੂਸਰਾ ਉਹ ਲੋਕ ਪੰਜਾਬ ਵਿੱਚ 2022 ਦੀਆਂ ਚੋਣਾਂ ਵਿੱਚ ਏਨੀਆਂ ਕੁ ਰਾਜਨੀਤਕ ਪਾਰਟੀਆਂ ਬਣਾ ਦੇਣੀਆਂ ਚਾਹੁੰਦੇ ਹਨ ।ਜਿਸ ਵਿੱਚ ਭਾਜਪਾ ਦੀ "ਬੀ" ਟੀਮ ਕਹੀ ਜਾਣ ਵਾਲੀ 'ਆਮ ਆਦਮੀ ਪਾਰਟੀ' ਵੀ ਸ਼ਾਮਲ ਹੈ।

ਉਹ ਵੀ ਇਹੋ ਕੁਝ ਕਰਨਾ ਚਾਹੁੰਦੀ ਹੈ ਤੇ ਪੰਜਾਬ ਵਿੱਚ ਕਰ ਵੀ ਰਹੀ ਹੈ। ਜਿਸ ਦੀ ਪੂਰਤੀ ਉਹ ਹੀ ਲੋਕ ਤੁਹਾਡੇ ਦੁਆਰਾ ਗਲਤ ਢੰਗ ਦੀਆਂ ਕਾਰਵਾਈਆਂ ਕਰਕੇ ਕਰਾਉਣਾ ਚਾਹੁੰਦੇ ਹਨ ।ਭਾਜਪਾ ਦੇ ਆਈ ਟੀ ਸੈੱਲ ਨੇ ਆਪਣੀ ਭਾਜਪਾ ਪਾਰਟੀ ਨੂੰ ਨੀਤੀ ਦੇ ਰੱਖੀ ਹੈ ਕਿ ਪੰਜਾਬ ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਖੇ ਇਨੀਆਂ ਕੁ ਪਾਰਟੀਆਂ ਬਣਾ ਦਿੱਤੀਆਂ ਜਾਣ। ਜਿਸ ਕਾਰਨ ਵੱਡੀ ਗਿਣਤੀ ਵਿੱਚ ਲੋਕ ਚੋਣਾਂ ਵਿੱਚ ਖੜ੍ਹੇ ਹੋ ਜਾਣ ਤੇ ਉਨਾਂ ਦੀਆਂ ਵੋਟਾਂ ਇੰਨੀਆਂ ਬੁਰੀ ਤਰਾਂ ਵੰਡੀਆਂ ਜਾਣ ਕਿ ਭਾਜਪਾ ਆਪਣੀਆਂ ਕੱਟੜ ਵੋਟਾਂ ਦੇ ਸਹਾਰੇ ਅਸਾਨੀ ਨਾਲ ਪੰਜਾਬ ਦੀਆਂ ਚੋਣਾਂ ਜਿੱਤ ਕੇ ਉਸ ਤੇ ਕਬਜਾ ਕਰ ਸਕੇ। ਇਸ ਸਮੇਂ ਅਕਾਲੀ ਦੱਲ ਬਾਦਲ ਤੇ ਬਸਪਾ ਗੱਠਜੋੜ੍ਹ, ਕਾਂਗਰਸ ਵਿੱਚਲੀ ਕੱਟੜ੍ਹ ਹਿੰਦੂ ਲਾਬੀ, ਕਈ ਕਾਂਗਰਸੀ ਆਗੂਆਂ ਨੇ ਤਾਂ ਪਹਿਲਾਂ ਹੀ ਭਾਜਪਾ ਦੇ ਹੱਕ ਵਾਲੇ ਬਿਆਨ ਦੇ ਕੇ ਆਪਣੇ ਚਿਹਰੇ ਨਿਖਾਰੇ ਲਏ ਹਨ ਤਾਂ ਕਿ ਭਾਜਪਾ ਲੀਡਰਾਂ ਨੂੰ ਦਸਿਆ ਜਾਵੇ ਕਿ ਸਾਡੇ ਤੇ ਸਿਰਫ ਕਾਂਗਰਸ ਦਾ ਬੁਰਕਾ ਹੀ ਹੈ , ਅਸੀ ਤਾਂ ਭਾਜਪਾ ਦੀ ਵਿਚਾਰਧਾਰਾ ਵਾਲੇ ਹਾਂ।ਉਕਤ ਵਰਨਣ ਕੀਤੀਆਂ ਸਾਰੀਆਂ ਪਾਰਟੀਆਂ ਦੇ ਸਾਰੇ ਆਗੂ ਭਾਜਪਾ ਦੇ ਹੱਥਠੋਕੇ ਤੇ ਹਮਾਇਤੀ ਕਹੇ ਜਾ ਰਹੇ ਹਨ। ਆਮ ਆਦਮੀ ਪਾਰਟੀ ਦੇ ਸ੍ਰੀ ਕੇਜਰੀਵਾਲ ਜਿਹੜੇ ਹੈ ਹੀ ਰ.ਸ.ਸ, ਦੇ ਬੰਦੇ ਤੇ ਚੜੂਨੀ ਸਾਹਿਬ ਤੁਸੀ ਵੀ ਪੰਜਾਬ ਵਿੱਚ ਭਾਜਪਾ ਨੂੰ ਸਤਾ ਵਿੱਚ ਲਿਆਉਣ ਦਾ ਮਾਹੌਲ ਸਿਰਜਣ ਵਾਲਾ ਕੰਮ ਕਰ ਰਹੇ ਹੋ।ਆਪਣੀ ਅੱਕਲ ਤੇ ਹੱਥ ਮਾਰੋ । ਹਾਲੇ ਵੀ ਕੁਝ ਨਹੀਂ ਵਿਗੜਿਆ। ਅੱਜ ਤੁਹਾਡੇ ਹੀ ਪ੍ਰਸੰਸਕ ਤੁਹਾਨੂੰ ਸ਼ੱਕ ਦੀਆ ਨਿਗਾਹਾਂ ਨਾਲ ਵੇਖਣ ਲਗ ਗਏ ਹਨ। ਇਸ ਲਈ ਕਿਸਾਨ ਵਿਰੋਧੀ ਸ਼ਕਤੀਆਂ ਦੇ ਹੱਥਾਂ ਵਿੱਚ ਖੇਡਣ ਤੇ ਕਿਸਾਨ ਸੰਘਰਸ਼ ਨੂੰ ਢਾਹ ਲਗਾਉਣ ਦੀ ਥਾਂ ਤੇ ਕਿਸਾਨ ਮੋਰਚੇ ਦੇ ਆਗੂਆਂ ਨਾਲ ਸੰਪਰਕ ਕਰਕੇ ਕਿਸਾਨ ਸੰਘਰਸ਼ ਨੂੰ ਚੜ੍ਹਦੀ ਕਲਾ ਵਿੱਚ ਲਿਜਾਣ ਲਈ ਆਪਣੀ ਬਣਦੀ ਭੂਮਿਕਾ ਨਿਭਾਉ।ਹੁਣ ਇਕ ਹੋਰ ਤਾਜੀ ਖਬਰ ਸੋਸ਼ਲ ਸਾਈਟ ਤੇ ਘੁੰਮਣੀ ਸ਼ੁਰੂ ਹੋ ਗਈ ਹੈ ਜਿਸ ਵਿੱਚ ਸ੍ਰ ਗੁਰਨਾਮ ਸਿੰਘ ਚੜੂਨੀ ਇਨਕਾਰੀ ਹੋ ਗਏ ਹਨ ਕਿ ਉਨਾਂ ਨੇ ਨਾ ਤਾਂ ਕੋਈ ਪੰਜਾਬ ਵਿੱਚ ਚੋਣਾਂ ਲੜ੍ਹਣ ਕੋਈ ਪਾਰਟੀ ਬਣਾਈ ਹੈ ਤੇ ਨਾ ਹੀ ਉਹ ਮੁੱਖ ਮੰਤਰੀ ਦੇ ਦਾਹਵੇਦਾਰ ਹਨ।ਇਹ ਸਭ ਕੁਝ ਮੀਡੀਏ ਨੇ ਗਲਤ ਮਲਤ ਛਾਪ ਦਿੱਤਾ ਹੈ ਉਨਾਂ ਤਾਂ ਇਥੋਂ ਤਕ ਕਹਿ ਦਿੱਤਾ ਹੈ , ਮੈਂ ਤਾਂ ਮੀਡੀਏ ਨੂੰ ਕੋਈ ਬਿਆਨ ਜਾਰੀ ਨਹੀਂ ਕੀਤਾ ਜੇ ਮੀਡੀਏ ਵਾਲੇ ਤਰੋੜ੍ਹ ਮਰੋੜ੍ਹ ਕੇ ਗਲਤ ਖਬਰਾਂ ਇਸ ਤਰਾਂ ਲਗਾ ਦੇਣ ਤਾਂ ਮੇਰਾ ਇਸ ਵਿੱਚ ਕੀ ਕਸੂਰ? ਜੇ ਇਹ ਇੰਨ ਬਿਨ ਸੱਚ ਹੋਵੇ ਤਾਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਕਿਸਾਨ ਵਿਰੋਧੀ ਸ਼ਕਤੀਆਂ ਦਾ ਇਹ ਖੜਾ ਕੀਤਾ ਵਾਵਰੋਲਾ ਵੀ ਬੁਰੀ ਤਰ੍ਹਾਂ ਛਾਂਈ ਮਾਂਈ ਹੋਣ ਲਗ ਪਿਆ ਹੈ। ਸ੍ਰ ਗੁਰਨਾਮ ਸਿੰਘ ਜੀ ਤੁਹਾਨੂੰ ਆਪਣੇ ਕੀਤੇ ਫੈਸਲੇ ਤੇ ਨਜਰਸਾਨੀ ਕਰਕੇ ਕਿਸਾਨ ਮੋਰਚੇ ਦੇ ਸਾਰੇ ਅਹੁਦਿਆਂ ਤੋਂ ਦਿੱਤੇ ਅਸਤੀਫਿਆਂ ਨੂੰ ਵਾਪਿਸ ਲੈ ਕੇ ਕਿਸਾਨ ਮੋਰਚੇ ਦੇ ਆਗੂਆਂ ਨਾਲ ਇਕਮੁੱਠ ਹੋ ਕੇ ਏਕੇ ਨੂੰ ਹੋਰ ਉਸਾਰਨਾ ਚਾਹੀਦਾ ਹੈ। ਉਨਾਂ ਨੂੰ ਵਿਸ਼ਵਾਸ਼ ਦੇਣਾ ਚਾਹੀਦਾ ਹੈ ਕਿ ਮੈਂ ਪਹਿਲਾਂ ਤੋਂ ਵੀ ਵੱਧ ਮਜਬੂਤੀ ਨਾਲ ਕਿਸਾਨ ਸੰਘਰਸ਼ ਨਾਲ ਖੜਾਂ ਹਾਂ। ਦੂਸਰੇ ਪਾਸੇ ਕਿਸਾਨ ਮੋਰਚੇ ਦੇ ਆਗੂਆਂ ਕੋਲੋਂ ਜਦੋਂ ਪ੍ਰੈਸ ਵਾਲੇ ਚੜੂਨੀ ਸਾਹਿਬ ਬਾਰੇ ਪੁੱਛਦੇ ਹਨ ਤਾਂ ਉਹ ਜਾਂ ਤਾਂ ਇਹ ਕਹਿ ਦੇਂਦੇ ਹਨ ਕਿ ਇਸ ਬਾਰੇ ਉਨਾਂ (ਚੜੂਨੀ ਸਾਹਿਬ) ਕੋਲੋਂ ਪੁਛੋ ਜਾਂ ਫਿਰ ਇਹ ਹਾਸੇ ਵਿੱਚ ਕਹਿ ਦੇਂਦੇ ਹਨ ਕਿ ਚੜੂਨੀ ਮੇਰਾ ਛੋਟਾ ਭਰਾ ਹੈ ਜੋ ਕਮਲਾ ਹੋਇਆ ਫਿਰਦਾ ਹੈ। ਇਕ ਇਕ ਲਫਜ ਤੋਲ ਕੇ ਬੋਲ ਰਹੇ ਹਨ ਤਾਂ ਕਿ ਇਸ ਮੋਰਚੇ ਨੂੰ ਕਿਸੇ ਤਰਾਂ ਦੀ ਢਾਹ ਨਾ ਲਗੇ।ਇਥੇ ਇਹ ਦਸਣਾ ਵੀ ਬਣਦਾ ਹੈ ਕਿ ਕਿਸਾਨ ਮੋਰਚੇ ਦੇ ਆਗੂ ਬਾਰ ਬਾਰ ਸਪਸ਼ਟ ਕਰ ਚੁੱਕੇ ਹਨ ਕਿ ਜਿਸ ਪੜਾਅ ਤੇ ਇਸ ਸਮੇਂ ਉਨਾਂ ਦਾ ਸੰਘਰਸ਼ ਚਲਾ ਗਿਆ ਹੈ ਜੇਕਰ ਉਨਾਂ ਨੇ ਚੋਣਾਂ ਜਾਂ ਕਿਸੇ ਹੋਰ ਮਸੱਲੇ ਵੱਲ ਧਿਆਨ ਦਿੱਤਾ ਤਾਂ ਉਨਾਂ ਦਾ ਸੰਘਰਸ਼ ਵੱਡੇ ਪੱਧਰ ਤੇ ਪ੍ਰਭਾਵਤ ਹੋ ਜਾਵੇਗਾ। ਇਸ ਲਈ ਉਨਾਂ ਦੀ ਪਹਿਲੀ ਪ੍ਰਮੁੱਖਤਾ ਕਿਸਾਨ ਸੰਘਰਸ਼ ਵਿੱਚ ਜਿੱਤ ਪ੍ਰਾਪਤ ਕਰਨ ਦੀ ਹੈ।

ਜੋ ਕਿ ਉਨਾਂ ਦੀ ਸਹੀ ਸੋਚਣੀ ਹੈ ।ਪਰ ਇਕ ਸੁਆਲ ਜੋ ਪੰਜਾਬ ਦੇ ਵਾਸੀਆਂ ਵਿੱਚ ਦੁਬਿੱਧਾ ਦਾ ਕਾਰਨ ਬਣਿਆ ਹੋਇਆ ਹੈ ਕਿ ਕਿਸਾਨ ਮੋਰਚੇ ਦੇ ਆਗੂ ਇਹ ਤਾਂ ਕਹਿ ਰਹੇ ਹਨ ਕਿ ਉਹ ਰਵਾਇੱਤੀ ਪਾਰਟੀਆਂ ਦਾ ਖਹਿੜਾ ਛੱਡਣ ਪਰ ਉਹ ਪੰਜਾਬ ਵਾਸੀਆਂ ਨੂੰ ਇਹ ਨਹੀਂ ਦਸ ਰਹੇ ਕਿ ਇਸ ਹਾਲਤ ਵਿੱਚ ਉਹ ਕਰਨ ਤੇ ਕੀ ? ਕਿਸਾਨ ਮੋਰਚੇ ਦੇ ਆਗੂਆਂ ਦੀ ਵੱਡੀ ਜਿੰਮੇਵਾਰੀ ਇਹ ਵੀ ਬਣ ਗਈ ਕਿ ਉਹ ਪੰਜਾਬ ਦੇ ਲੋਕਾਂ ਨੂੰ ਇਹ ਦਸਣ ਕਿ ਆਖਰ ਉਹ ਵੋਟਾਂ ਪਾਉਣ ਤਾਂ ਕਿਸ ਨੂੰ! ਕਿਉਂ ਕਿ ਜੋ ਪਾਰਟੀਆਂ ਇਸ ਸਮੇਂ ਮੈਦਾਨ ਵਿੱਚ ਹਨ ਉਨਾਂ ਵਿੱਚੋਂ ਬਹੁੱਤੀਆਂ ਭਾਜਪਾ ਸਮਰਥਕ ਹੀ ਹਨ ਭਾਵੇਂ ਉਨਾਂ ਨੇ ਬੁੱਰਕੇ ਕੋਈ ਵੀ ਹੋਰ ਪਾਏ ਹੋਣ। ਪਰ ਚੋਣਾਂ ਹੋਣ ਨੂੰ ਹਾਲੇ ਕਾਫੀ ਸਮਾਂ ਬਾਕੀ ਹੈ । ਇਸ ਲਈ ਕਿਸਾਨ ਮੋਰਚੇ ਦੇ ਆਗੂਆਂ ਨੂੰ ਸਿਰ ਜੋੜ੍ਹ ਕੇ ਇਸ ਮਸੱਲੇ ਤੇ ਗੰ-ਭੀਰਤਾ ਨਾਲ ਵਿਚਾਰ ਕਰਨ ਤੋਂ ਬਾਅਦ ਲੋਕਾਂ ਦੇ ਮਨਾਂ ਵਿੱਚ ਆਈ ਇਸ ਪਰੇਸ਼ਾਨੀ ਦਾ ਹੱਲ ਵੀ ਜਰੂਰ ਕਰਨਾ ਚਾਹੀਦਾ ਹੈ। ਇਸ ਵੇਲੇ ਪੰਜਾਬ ਹੀ ਨਹੀਂ ਬਲ਼ਕਿ ਦੇਸ਼ ਦੇ ਲੋਕ ਰਵਾਇੱਤੀ ਪਾਰਟੀਆਂ ਤੋਂ ਬੁਰੀ ਤਰਾਂ ਦੁੱਖੀ ਹਨ । ਪੰਜਾਬ ਦੇ ਬਠਿੰਡੇ ਜਿਲੇ ਦੇ ਪਿੰਡ ਵਿੱਚ



ਜੰਗ ਸਿੰਘ
91-94170-95965

ਵਾਸੀਆਂ ਨੇ ਚਿਤਾਵਨੀ ਵਜੋਂ ਫਲੈਕਸ ਬੋਰਡ ਲਗਵਾਏ ਹਨ ਜੋ ਭਾਰਤੀ ਕਿਸਾਨ ਯੂਨੀਅਨ (ਸਿਧੂ ਪੁਰ) ਇਕਾਈ ਵਲੋਂ ਲਗਾਏ ਗਏ ਹਨ ਜਿਸ ਤੇ ਲਿਖਿਆ ਹੋਇਆ ਹੈ ਕਿ "ਪਿਛਲੇ 74 ਸਾਲਾਂ ਤੋਂ ਲੋਕਾਂ ਦਾ ਖੂਨ ਚੂਸਣ ਵਾਲੇ, ਪੰਜ ਪੰਜ ਪੈਨਸ਼ਨਾਂ ਲੈ ਕੇ ਪੰਜਾਬ ਨੂੰ ਕਰਜਾਈ ਕਰਨ ਵਾਲੇ ਸਿਆਸੀ ਲੀਡਰਾਂ ਤੇ ਅਵਾਰਾ ਪਸ਼ੂਆਂ ਦਾ ਪਿੰਡ ਵਿੱਚ ਆਉਣਾ ਸਖਤ ਮਨਾ ਹੈ"।

ਜੋ ਕਿ ਸਿਆਸੀ ਲੀਡਰਾਂ ਦੀ ਸਿਖਰਾਂ ਦੀ ਖਰਾਬ ਹੋ ਚੁੱਕੀ ਦਿੱਖ ਦਾ ਪ੍ਰਗਟਾਵਾ ਕਰਦੇ ਦਿਖਾਈ ਦੇ ਰਹੇ ਹਨ । ਇਸ ਤੋਂ ਮਾੜੀ ਹਾਲਤ ਇਨਾਂ ਸਿਆਸੀ ਲੋਕਾਂ ਦੀ ਹੋਰ ਕੀ ਹੋ ਸਕਦੀ ਹੈ?ਇਸ ਲਈ ਜੇ ਕਰ ਕੋਈ ਧਿਰ ਵਧਾਈ ਦੀ ਪਾਤਰ ਹੈ ਤਾਂ ਉਹ ਕਿਸਾਨ ਮੋਰਚੇ ਦੇ ਆਗੂ ਹਨ ਜਿਨਾਂ ਨੇ ਦੇਸ਼ ਵਾਸੀਆਂ ਨੂੰ ਇਥੋਂ ਤਕ ਜਾਗ੍ਰਿਤ ਕਰ ਦਿੱਤਾ ਹੈ ਕਿ ਉਨਾਂ ਦੇ ਮਨਾਂ ਵਿੱਚ ਦੇਸ਼ ਦੇ ਰਾਜਸੀ ਆਗੂਆਂ ਵਲੋਂ ਸਿਰਫ ਆਪਣੇ ਲਾਭਾਂ ਹਿੱਤੀ ਕੰਮ ਕਰਨ ਕਾਰਨ ਤੇ ਲੋਕ ਵਿਰੋਧੀ ਕੰਮ ਕਰਨ ਕਾਰਨ ਇਤਨੀ ਨਫਰਤ ਪੈਦਾ ਹੋ ਗਈ ਹੈ ਕਿ ਉਨਾਂ ਨੂੰ ਇਹੋ ਜਿਹੇ ਫਲੈਕਸ ਬੋਰਡ ਲਗਵਾਉਣ ਲਈ ਮਜਬੂਰ ਹੋਣਾ ਪਿਆ। ਕਿਸਾਨ ਮੋਰਚੇ ਦੇ ਆਗੂਆਂ ਦਾ ਕਹਿਣਾ ਹੈ ਕਿ ਉਨਾ ਦਾ ਧਿਆਨ ਇਸ ਵੇਲੇ ਸਿਰਫ ਇਕੋ ਪਾਸੇ ਧਿਆਨ ਲਗਿਆ ਹੋਇਆ ਹੈ ਕਿ ਉਨਾਂ ਨੇ ਆਪਣੇ ਸੰਘਰਸ਼ ਨੂੰ ਹਰ ਹੀਲੇ ਜਿੱਤਣਾ ਹੈ, ਇਸੇ ਕਰਕੇ ਉਹ ਕਿਸੇ ਹੋਰ ਪਾਸੇ ਸੋਚ ਹੀ ਨਹੀਂ ਰਹੇ। ਇਸ ਹਾਲਤ ਵਿੱਚ ਸਾਡੇ ਦੇਸ਼ ਦੇ ਲੋਕਾਂ ਦੀ ਵੱਡੀ ਜਿੰਮੇਵਾਰੀ ਬਣ ਜਾਂਦੀ ਹੈ ਜਿਹੜੇ ਵੋਟਾਂ ਸਮੇਂ ਚੰਦ ਕੁ ਪੈਸੇ ਦੀਆਂ ਛਿੱਲੜ੍ਹਾਂ ਨੂੰ ਲੈ ਕੇ, ਨਸ਼ਿਆਂ ਖਾਤਰ ਆਪਣਾ ਦੀਨ ਈਮਾਨ ਵੇਚ ਕੇ ਇਨਾਂ ਭ੍ਰਿਸ਼ਟ ਆਗੂਆਂ ਨੂੰ ਚੋਣਾਂ ਵਿੱਚ ਜਿੱਤਾ ਕੇ ਲੋਕ ਸਭਾ ਤੇ ਵਿਧਾਨ ਸਭਾਵਾਂ ਵਿੱਚ ਭੇਜ ਦੇਂਦੇ ਹਨ ਜੋ ਫਿਰ ਉਹ ਪੂਰੇ ਪੰਜ ਸਾਲ ਆਪਣੇ ਨਿੱਜੀ ਲਾਭਾ ਵਾਲੇ ਕੰਮ ਕਰ ਕਰਕੇ ਲੋਕਾਂ ਨਾਲ ਧਰੋਹ ਕਮਾਉਂਦੇ ਹਨ ਤੇ ਰੱਜ ਕੇ ਆਪਣੀਆਂ ਜਾਇਦਾਦਾਂ ਬਣਾਉਣ ਵਿੱਚ ਲਗ ਜਾਂਦੇ ਹਨ ਜੋ ਸਪਸ਼ਟ ਕਰ ਰਿਹਾ ਹੈ ਕਿ ਅਸੀ ਲੋਕ ਵੀ ਆਪਣੀ ਜਿੰਮੇਵਾਰੀ ਤੋਂ ਹੀ ਭੱਜ ਨਹੀਂ ਸਕਦੇ ਬਲ ਕਿ ਇਸ ਭ੍ਰਿਸ਼ਟ ਸਿਸਟਮ ਦੇ ਭਾਗੀਵਾਲ ਬਣ ਜਾਂਦੇ ਹਾਂ।ਇਸ ਨਾਜੁਕ ਸਥਿੱਤੀ ਵਿੱਚ ਹੁਣ ਸਾਡੀ ਦੇਸ਼ ਦੇ ਲੋਕਾਂ ਦੀ ਜਿੰਮੇਵਾਰੀ ਬਣ ਜਾਂਦੀ ਹੈ ਕਿ ਚੋਣਾਂ ਦੌਰਾਨ ਅਸੀ ਇਨਾਂ ਭ੍ਰਿਸ਼ਟ ਆਗੂਆਂ ਦੀਆਂ ਗੱਲਾਂ ਵਿੱਚ ਨਾ ਆ ਕੇ ਬਿਨਾ ਕਿਸੇ ਲੋਭ ਲਾਲਚ ਜਾਤੀਵਾਦ , ਧਰਮਵਾਦ ਤੋਂ ਉੱਤੇ ਉੱਠ ਕੇ ਸਿਰਫ ਚੰਗੇ, ਲੋਕ ਹਿਤੈਸ਼ੀ ਆਗੂ ਚੁੱਣ ਕੇ ਦੇਸ਼ ਦੀ ਹਾਲਤ ਨੂੰ ਸੁਧਾਰਣ ਦਾ ਯਤਨ ਕਰੀਏ ।ਇਹ ਹੀ ਇਸ ਸਮੇਂ ਦਾ ਤਕਾਜਾ ਹੈ ਜੋ ਲੋਕਾਂ ਕੋਲੋਂ ਮੰਗ ਕਰ ਰਿਹਾ ਹੈ।

---

## ਕਹਾਣੀ

# ਕਹਿਣ ਨੂੰ ਇਹ ਨੌਕਰੀ ਤਰਸ ਦੇ ਅਧਾਰ ਤੇ ਆ?



ਰਾਜਿੰਦਰ ਸਿੰਘ ਰਾਜਨ
91-94174-27656

ਇਮਾਨਦਾਰ, ਨਿਸ਼ਠਾਵਾਨ, ਸਾਹਸੀ, ਯਿਥਾਰਥਵਾਦੀ, ਧਾਰਮਿਕ ਪੈਰਵਿਰਤੀਆ ਵਾਲੀ ਛਵੀ ਰੱਖਣ ਵਾਲੇ ਟਾਂਵੇਂ-ਟਾਂਵੇਂ ਮੁਲਾਜ਼ਮ ਹੁੰਦੇ ਹਨ ਜਿਨੈਹਾਂ ਦੀ ਬਦੌਲਤ ਬੜੇ ਹੀ ਸੁਚੱਜੇ ਢੰਗ ਨਾਲ ਵਿਭਾਗਾਂ ਦੇ ਕੰਮ ਨੇਪਰੇ ਚੜਦੇ ਹਨ। ਦੇਸਾ ਸਿੰਘ ਵੀ ਇਸੇ ਪੈਰਵਿਰਤੀ ਦਾ ਮਾਲਕ ਸੀ। ਆਮ ਨਾਗਰਿਕਾਂ ਵਿਚ ਦੂਰ ਦੂਰ ਤਕ ਧੁੰਮਾ ਸਨ, ਇਮਾਨਦਾਰੀ ਜਿਵੇਂ ਕੁੱਟ-ਕੁੱਟ ਕੇ ਭਰੀ ਹੋਵੇ। ਸਮੇਂ ਦਾ ਪਾਬੰਦ, ਆਪਣੇ ਕੰਮ ਵਿਚ ਪੂਰੀ ਨਿਪੁੰਨਤਾ ਰੱਖਣ ਵਾਲਾ ਇਨਸਾਨ ਖੁਸ਼ਹਾਲ ਪਰੀਵਾਰ ਵਿਚ ਬਿਰਧ ਮਾਂ-ਬਾਪ, ਪਤਨੀ ਰੁਪਿੰਦਰ ਸਮੇਤ ਇਕ ਬੇਟਾ ਰਣਜੀਤ ਸਿੰਘ ਤੇ ਬੇਟੀ ਕਮਲਦੀਪ ਕੌਰ ਸ਼ਾਮਲ ਸਨ। ਪਤਨੀ ਘਰੇਲੂ ਔਰਤ, ਬੇਟਾ ਗਿਆਰਵੀਂ ਅਤੇ ਬੇਟੀ ਨੌਵੀ ਜਮਾਤ ਵਿੱਚ ਪੜਦੇ। ਘਰ ਵਿਚ ਹਮੇਸ਼ਾ ਖੁਸ਼ੀ ਦਾ ਮਾਹੌਲ ਬਣਿਆ ਰਹਿੰਦਾ। ਹਸੂੰ-ਹਸੂੰ ਕਰਦਾ ਪੈਰੀਵਾਰ ਇਸ ਤਰਾਂ ਜਿਵੇਂ ਹਾਲ ਹੀ ਵਿਚ ਗੁਲਾਬ ਦੇ ਪੌਦੇ ਤੇ ਫੁੱਲ ਖਿੜਿਆ ਹੋਵੇ। ਮੁਹੱਲੇ ਦੇ ਲੋਕ ਵੀ,ਪੈਰੀਵਾਰ ਹੋਵੇ ਤਾਂ ਦੇਸਾ ਸਿੰਘ ਵਰਗਾਂ ਕਹਿੰਦੇ ਨਾ ਥੱਕਦੇ। ਦੋਵੇਂ-ਭੈਣ-ਭਰਾ ਸਕੂਲ ਵਿਚ ਅਵਲ ਨੰਬਰ ਤੇ ਰਹਿੰਦੇ।

ਰੋਜ਼ ਦੀ ਤਰਾਂ ਦੇਸਾ ਸਿੰਘ ਦਫ਼ਤਰ ਤੋਂ ਛੁੱਟੀ ਕਰਕੇ ਘਰ ਆਇਆ ਅਤੇ ਆਪਣੀ ਪਤਨੀ ਨੂੰ ਕਹਿਣ ਲੱਗਾ ਕਿ ਮੈਨੂੰ ਠੰਡ ਲੱਗ ਰਹੀ ਹੈ, ਕਮਜ਼ੋਰੀ ਅਤੇ ਥਕਾਵਟ ਮਹਿਸੂਸ ਹੋ ਰਹੀ ਹੈ ਅਤੇ ਵਾਰ-ਵਾਰ ਪੇਸ਼ਾਬ ਆ ਰਿਹਾ ਹੈ ਤੇ ਪੇਸ਼ਾਬ ਸਮੇਂ ਜਲਨ ਵੀ ਹੋ ਰਹੀ ਹੈ। ਦੋ ਘੰਟੇ ਠਹਿਰਕੇ ਚਲਦੇ ਹਾਂ, ਡਾਕਟਰ ਨੂੰ ਦਿਖਾ ਕੇ ਆਉਂਦੇ ਹਾਂ। ਪਤਨੀ ਕਹਿਣ ਲੱਗੀ, ਦੋ ਘੰਟੇ ਠਹਿਰਕੇ ਕਿਉ ਹੁਣੇ ਹੀ ਚਲਦੇ ਹਾਂ। ਨਹੀਂ ਘਰ ਆਰਾਮ ਦੀ ਦਵਾਈ ਹੈ ਉਹ ਖਾ ਕੇ ਦੇਖ ਲੈਂਦੇ ਹਾਂ ਉਨਾਂ ਚਿਰ, ਦੇਸਾ ਸਿੰਘ ਆਪਣੀ ਪਤਨੀ ਨੂੰ ਕਹਿੰਦਾ ਹੈ। ਨਹੀਂ ਹੁਣੇ ਹੀ ਚੱਲੋ ਬਾਈਕ ਬਾਹਰ ਕੱਢੋ ਦੇਸਾ ਸਿੰਘ ਦੀ ਪਤਨੀ ਜਿੱਦ ਕਰਦੀ ਹੋਈ ਆਪਣੇ ਪਤੀ ਨੂੰ ਕਹਿੰਦੀ ਹੈਂ। ਪੱਤਨੀ ਦੀ ਗੱਲ ਮੰਨਦਾ ਹੋਇਆ ਆਖ਼ਰ ਦੇਸਾ ਸਿੰਘ ਬਾਈਕ ਬਾਹਰ ਕੱਢਦਾ ਹੈ ਤਾਂ ਸ਼ਹਿਰ ਦੇ ਮਸ਼ਹੂਰ ਡਾਕਟਰ ਦੇ ਕੋਲ ਜਾਕੇ ਚੈੱਕ-ਅਪ ਕਰਾਉਂਦਾ ਹੈ। ਡਾਕਟਰ ਕੋਲ ਪਹੁੰਚ ਕੇ ਆਪਣੀ ਸਿਹਤ ਸਬੰਧੀ ਸਾਰੀ ਗੱਲਬਾਤ ਦੱਸੀ ਜਾਂਦੀ ਹੈ। ਡਾਕਟਰ ਵੱਲੋਂ ਸਕੈਨ ਅਤੇ ਸਾਰੇ ਟੈਸਟ ਲਏ ਜਾਂਦੇ ਹਨ ਅਤੇ ਟੈਸਟਾਂ ਉਪਰੰਤ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਦੇਸਾ ਸਿੰਘ ਦੇ ਗੁਰਦੇ ਖ਼ਰਾਬ ਹੋ ਗਏ ਹਨ। ਡਾਕਟਰ ਤੁਰੰਤ ਡਾਇਲਸਿਸ ਕਰਾਉਣ ਲਈ ਸੁਝਾਅ ਦਿੰਦਾ ਹੈ। ਦੇਸਾ ਸਿੰਘ ਨੂੰ ਤੁਰੰਤ ਡਾਇਲਸਿਸ ਰੂਮ ਵਿੱਚ ਲਿਜਾ ਕੇ ਉਸ ਦੀ ਡਾਇਲਸਿਸ ਪ੍ਰਕਿਰਿਆ ਸ਼ੁਰੂ ਹੁੰਦੀ ਹੈ। ਡਾਕਟਰ ਪਰੀਵਾਰ ਵਾਲਿਆਂ ਨੂੰ ਤੁਰੰਤ ਗੁਰਦਾ ਬਦਲਣ ਲਈ ਮਸ਼ਵਰਾ ਦਿੰਦਾ ਹੈ।

ਪਰੀਵਾਰ ਦੇ ਜੀਅ ਲੱਗੇ ਦੌੜਨ ਗੁਰਦੇ ਦੀ ਤਲਾਸ਼ ਪਿੱਛੇ। ਗੁਰਦਾ ਦੇਣ ਤੋਂ ਆਖ਼ਰ ਆਪਣੇ ਹੀ ਸਿਰ ਫੇਰ ਗਏ। ਆਖਰ 75 ਸਾਲ ਉਮਰ ਵਿਚ ਮਾਂ ਨੇ ਆਪਣੀ ਮਮਤਾ ਦਾ ਸਬੂਤ ਦਿੰਦਿਆਂ ਆਪਣੇ ਪੁੱਤਰ ਨੂੰ ਗੁਰਦਾ ਦੇ ਦਿੱਤਾ। ਸਫ਼ਲ ਅਪੈਰੇਸ਼ਨ ਤੋਂ ਬਾਅਦ ਪ੍ਰਵਾਰਿਕ ਜੀਆਂ ਨੇ ਡਾਕਟਰਾਂ ਨੂੰ ਮੁਬਾਰਕ ਦਿੱਤੀ ਅਤੇ ਦੋਹਾਂ ਦਾ ਹਾਲ-ਚਾਲ ਪੁੱਛਿਆ। ਡਾਕਟਰਾਂ ਨੇ ਸਫ਼ਲ ਅਪਰੇਸ਼ਨ ਦੱਸਦਿਆ ਕਿਹਾ ਕਿ ਹੁਣ ਪੁੱਤਰ ਦੇ ਸਰੀਰ ਅੰਦਰ ਧੜੱਕੇਗੀ ਮਾਂ ਦੀ ਕਿਡਨੀ! ਸਾਰੇ ਪੈਰੀਵਾਰ ਦੇ ਚੇਹਰਿਆ ਤੇ ਖੁਸ਼ੀ ਚਲਕਣ ਲਗੀ।ਠੀਕ ਹੋਣ ਉਪਰੰਤ ਦੇਸਾ ਸਿੰਘ ਕਰੀਬ ਇੱਕ ਸਾਲ ਆਪਣੇ ਦਫ਼ਤਰ ਜਾਂਦਾ ਰਿਹਾ। ਪੈਰਹੇਜ ਨਾ ਕਰਨ ਦੀ ਵਜੈਹਾ ਕਾਰਨ ਆਖ਼ਰ ਉਹ ਗੁਰਦਾ ਵੀ ਖ਼ਰਾਬ ਹੋ ਗਿਆ ਜਿਹੜਾ ਉਸ ਦੀ ਮਾਂ ਨੇ ਬੁਢਾਪੇ ਵਿਚ ਅਪਣੀ ਜਾਨ ਦੀ ਬਾਜ਼ੀ ਲਾਕੇ ਅਤੇ ਆਪਣੀ ਮਮਤਾ ਭਿੱਜੇ ਪਿਆਰ ਵਿਚ ਦਿੱਤਾ ਸੀ। ਦੁਬਾਰਾ ਕੰਮ ਡਾਇਲਸਿਸ ਤੇ ਆ ਗਿਆ। ਭੈਣ-ਭਾਈਆਂ ਦਾ ਬਲੱਡ ਗਰੁੱਪ ਨਹੀ ਮਿਲਿਆ, ਦੂਸਰਾ ਰਿਸ਼ਤੇਦਾਰ ਕੋਈ ਨੇੜੇ-ਤੇੜੇ ਨਹੀਂ ਲੱਗਾ। ਇਸ ਇੰਤਜਾਰ ਦੇ ਚੱਲਦੇ ਇਕ ਦਿਨ ਡਾਇਲਸਿਸ ਕਰਵਾਉਂਦੇ ਸਮੇਂ ਆਖ਼ਰ ਦੇਸਾ ਸਿੰਘ ਦਮ ਤੋੜ ਗਿਆ। ਇਹ ਦੁਖਾਂਤ ਪੈਰੀਵਾਰ ਲਈ ਜਿਵੇਂ ਸਿਰ ਤੇ ਪਹਾੜ ਆ ਡਿਗਾਂ ਹੋਏ।

ਮਾਂ-ਬਾਪ ਤੇ ਪਰੀਵਾਰ ਹਾਲੋ-ਬੇਹਾਲ ਹੋ ਗਿਆ, ਪੱਤਨੀ ਨੂੰ ਦੰਦਲਾਂ ਪੈਣੀਆਂ ਸ਼ੁਰੂ ਹੋ ਗਈਆਂ ਅਤੇ ਦੋਵੇਂ ਬੱਚਿਆਂ ਦਾ ਚੀਕ-ਚਿਹਾੜਾ ਅਸਮਾਨ ਦੀ ਛਾਤੀ ਨੂੰ ਚੀਰਦਾ ਹੋਈਆ ਹਸਪਤਾਲ ਅੰਦਰ ਅਸਮਾਨੀ ਬਿਜਲੀ ਵਾਂਗ ਗੱਜਣ ਲੱਗਿਆਂ। ਡਾਕਟਰਾਂ ਦੀ ਟੀਮ ਵੱਲੋਂ ਦੇਸਾ ਸਿੰਘ ਦੀ ਪਤਨੀ ਦੀ ਹਾਲਤ ਨੂੰ ਦੇਖਦਿਆ ਡਾਕਟਰੀ ਸਹਾਇਤਾ ਦਿੱਤੀ ਗਈ ਅਤੇ ਠੀਕ ਹੋਣ ਉਪਰੰਤ ਉਨੈਹਾਂ ਨੂੰ ਐਂਬੂਲੈਸ ਵਿੱਚ ਘਰ ਪਹੁੰਚਾਇਆ ਗਿਆ।

ਘਰ ਜਾਕੇ ਪੈਰੀਵਾਰ ਦੇ ਮੈਂਬਰਾਂ ਦੀ ਰਾਤਾਂ ਦੀ ਨੀਂਦ ਉੱਡ ਗਈ, ਜਿਹੜੇ ਕਮਰੇ ਵਿਚ ਜਾਣ ਉਹੀ ਕਮਰਾ ਵੱਢ-ਵੱਢ ਖਾਣ ਲੱਗੇ। ਜ਼ੈਂਦਗੀ ਹਾਲੋਂ ਬੇਹਾਲ ਹੋ ਗਈ। ਦੇਸਾ ਸਿੰਘ ਦੇ ਬਿਰਧ ਮਾਂ-ਬਾਪ, ਪਰੀਵਾਰ, ਪੱਤਨੀ ਤੇ ਬੱਚੇ ਰੱਬ ਅਗੇ ਲੱਗੇ ਹਾੜੇ ਕੱਢਣ ਕਿ ਹਾਏ ਰੱਬਾ ਹੁਣ ਕਿਵੇਂ ਕੱਢਾਗੇ ਜ਼ੈਂਦਗੀ, ਕਿਵੇਂ ਮਨਾਵਾਂਗੇ ਖੁਸ਼ੀਆਂ, ਕਿਵੇਂ ਬੱਚਿਆ ਦੀਆਂ ਵੱਜਣਗੀਆਂ ਸ਼ਹਿਨਾਈਆਂ।ਇਹ ਸਾਰਾ ਦੁਖਾਂਤ ਦੇਖਦੇ-ਦੇਖਦੇ ਇੱਕ ਜਿੰਦਾ ਜਾਗਦੀ ਕਹਾਣੀ ਬਣ ਗਈ !

ਦੇਸਾ ਸਿੰਘ ਤੋਂ ਬਿਨਾਂ ਪੈਰੀਵਾਰ ਵਾਲਿਆਂ ਦੀ ਜ਼ੈਂਦਗੀ ਇੱਕ-ਇੱਕ ਪਲ ਔਖੀ ਗੁਜ਼ਰਨ ਲੱਗੀ। ਸਮਾਂ ਬੀਤਦਾ ਗਿਆ। ਉਸ ਦੇ ਬੇਟੇ ਰਣਜੀਤ ਸਿੰਘ ਨੇ ਬਾਰੈਹਵੀਂ ਜਮਾਤ ਪਾਸ ਕਰ ਲਈ। ਉਹ ਆਪਣੇ ਪਿਤਾ ਦੇ ਵਿਭਾਗ ਵਿਚ ਤਰਸ ਦੇ ਅਧਾਰ ਤੇ ਨੌਕਰੀ ਕਰਨ ਲਈ ਅਪਲਾਈ ਕਰਨ ਲੱਗਾ ਤਾਂ ਪਤਾ ਲੱਗਾ ਕਿ ਉਸ ਨੂੰ ਆਪਣੇ ਪਿਤਾ ਨਾਲੋ ਇਕ ਸਟੈਪ ਹੇਠਾਂ ਨੌਕਰੀ ਮਿਲੇਗੀ। ਉਸ ਨੇ ਮਜਬੂਰੀ ਦੇਖਦਿਆ ਇਸ ਗੱਲ ਤੇ ਹੀ ਸਬਰ ਕਰਕੇ ਅਪਲਾਈ ਕਰ ਦਿੱਤਾ।

ਫਿਰ ਲੱਗਾ ਵਿਭਾਗ ਦੇ ਬਾਬੂਆਂ ਦੇ ਚੱਕਰ ਕੱਟਣ। ਕਦੇ ਇਹ ਘੱਟ ਤੇ ਕਦੇ ਉਹ ਘੱਟ। ਕਦੇ ਇਹ ਸਰਟੀਫਿਕੇਟ ਘੱਟ, ਕਦੇ ਉਹ ਸਰਟੀਫਿਕੇਟ ਘੱਟ! ਰਣਜੀਤ ਸਿੰਘ ਚੰਡੀਗੜੈਹ ਦੇ ਚੱਕਰ ਕੱਟ ਕੱਟ ਕੇ ਦੁੱਖੀ ਹੋ ਗਿਆ ਅਤੇ ਫਿਰ ਆਪਣੇ ਪਿਤਾ ਦੇਸਾ ਸਿੰਘ ਨੂੰ ਯਾਦ ਕਰਨ ਲੱਗਾ ਤੇ ਰੋਂਦਾ ਰੋਂਦਾ ਮਨ ਹੀ ਮਨ ਕਹਿ ਰਿਹਾ ਹੈ ਕਿ ਮੇਰੇ ਪਿਤਾ ਦਾ ਵਿਭਾਗ ਉਨਾਂ ਦੀ ਇਮਾਨਦਾਰੀ ਦਾ ਇਹ ਮੁੱਲ ਪਾਉਣ ਲੱਗਾ ਹੈ। ਮੇਰੇ ਪੜੈਹਣ ਤੇ ਖੇਡਣ ਦੇ ਦਿਨ ਸਨ, ਇਹ ਕਿਹੜੇ ਚੱਕਰਾਂ ਵਿਚ ਪਾ ਦਿੱਤਾ ਰੱਬਾ। ਹੁਣ ਸੋਚਣ ਲੱਗਾ ਕਿ ਵਿਭਾਗ ਵਾਲੇ ਵੀ ਪੈਰ ਨਹੀਂ ਲੱਗਣ ਦਿੰਦੇ ਹੁਣ ਜਾਵਾਂ ਤੇ ਜਾਵਾਂ ਕਿੱਥੇ।

ਹਾਰ ਕੇ ਦੇਸਾ ਸਿੰਘ ਦੇ ਬੇਟੇ ਨੇ ਆਪਣੇ ਪਿਤਾ ਦੇ ਇਕ ਦੋਸਤ ਤੋਂ ਸਲਾਹ ਮਸ਼ਵਰਾ ਲਿਆ। ਉਸ ਨੂੰ ਦੱਸਿਆ ਕਿ ਪਿਤਾ ਜੀ ਦੇ ਸਬੰਧਤ ਵਿਭਾਗ ਵਿਚ ਮੈ ਅਪਲਾਈ ਕਰ ਦਿੱਤਾ ਹੈ ਪੈਰੰਤੂ ਵਿਭਾਗ ਵਾਲੇ ਮੇਰੀ ਬਿਨਾਂ ਵਜਾ ਹੀ ਦੌੜ ਕੱਢਾ ਰਹੇ ਹਨ ਅਤੇ ਕਈ ਮਹੀਨਿਆਂ ਤੋਂ ਮੇਰੇ ਪੈਰ ਜਮੀਨ ਤੇ ਨਹੀ ਲੱਗਣ ਦਿੰਦੇ। ਉਸ ਦੇ ਪਿਤਾ ਦੇ ਦੋਸਤ ਨੇ ਵੀ ਦੁਖੀ ਹੁੰਦਿਆ ਕਿਹਾ ਕਿ ਵਿਭਾਗ ਵਿੱਚ ਕੁਝ ਕਾਲੀਆਂ ਭੇਡਾਂ ਬੈਠੀਆਂ ਹਨ ਜੋ ਵਿਭਾਗ ਦੇ ਨਾਂ ਤੇ ਕਲੰਕ ਹਨ ਸੋ ਇਨਾਂ ਕਾਲੀਆ ਭੇਡਾਂ ਦਾ ਮੂੰਹ ਆਖ਼ਰ ਕਾਲਾ ਕਰਨਾ ਹੀ ਪੈਣਾ ਹੈ। ਮਜਬੂਰ ਹੋਏ ਬੱਚੇ ਨੂੰ ਆਖ਼ਰ ਇਨੈਹਾਂ ਕਾਲੀਆਂ ਭੇਡਾਂ ਦੀ ਬਲੀ ਚੜਨਾ ਹੀ ਪਿਆ।

ਉਕਤ ਸਾਰੇ ਘਟਨਾਕਰਮ ਨੂੰ ਵੇਖਦਿਆਂ ਹੋਇਆਂ ਮੈਰਿਤਕ ਦੇਸਾ ਸਿੰਘ ਦਾ ਬੇਟਾ ਕਦੇ ਆਪਣੇ ਬਾਪ ਦੀ ਇਮਾਨਦਾਰੀ ਵੱਲ ਤੱਕ ਰਿਹਾ ਸੀ ਅਤੇ ਕਦੇ ਵਿਭਾਗ ਵਿੱਚ ਬੈਠੀਆਂ ਕਾਲੀਆਂ ਭੇਡਾਂ ਦੇ ਖੁੱਲੈਹੇ ਮੂੰਹ ਵੱਲ ਵੇਖ ਰਿਹਾ ਸੀ ਅਤੇ ਸੋਚ ਰਿਹਾ ਸੀ ਕਿ ਆਖਿਰ ਕਿੰਨਾ ਹਲਾਤਾ ਵਿਚ ਮੇਰੇ ਬਾਪ ਦੀ ਮੌਤ ਹੋਈ ਹੈ ਪਰੰਤੂ ਇਹਨਾਂ ਨੂੰ ਕੋਈ ਤਰਸ ਨਹੀਂ ! ਪਰੰਤੂ ਕਹਿਣ ਨੂੰ ਇਹ ਨੌਕਰੀ ਤਰਸ ਦੇ ਅਧਾਰ 'ਤੇ?



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189+Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99+ Labor |
| Recap Truck Tire | $ 249+Labor |
| Recap Trailar Tires and Kind | $ 199+ Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop






ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆ ਗੁਰੂਘਰ ਦੀ ਨਵੀਂ ਇਮਾਰਤ ਉਸਾਰੀ ਅਧੀਨ ਹੈ। ਇਹ ਕਾਰਜ਼ ਸਭਨਾਂ ਦੇ ਸਾਂਝੇ ਹਨ ਅਤੇ ਸਮੂਹ ਸਾਧਸੰਗਤ ਦੇ ਸਹਿਯੋਗ ਨਾਲ ਹੀ ਨੇਪੜੇ ਚੜ੍ਹਣਗੇ। ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧਸੰਗਤਿ ਨੂੰ ਇਨ੍ਹਾਂ ਕਾਰਜਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।

**Model Of New Gurughar Building, ਗੁਰੂਘਰ ਦੀ ਨਵੀਂ ਇਮਾਰਤ ਦੇ ਮਾਡਲ**





**Construction Of Building In Progress. ਨਵੀਂ ਇਮਾਰਤ ਦੀ ਚੱਲ ਰਹੀ ਉਸਾਰੀ ਦੀਆਂ ਤਸਵੀਰਾਂ**





**Please Donate @ Facebook:**

## Shri Guru Ravidass Temple Sacramento

**Or Mail Your Kind Donation To:**

## Shri Guru Ravidass Temple
## 6221 16th Street, Rio Linda, CA-95673 (USA)

ਗੁਰੂਘਰ ਦੀ ਉਸਾਰੀ ਅਧੀਨ ਇਮਾਰਤ ਅਤੇ ਸੇਵਾ ਬਾਰੇ ਜਾਣਕਾਰੀ ਲਈ ਸੰਪਰਕ:
ਸ਼੍ਰੀ ਤੇਜਪਾਲ ਵਿਰਕ (ਚੈਅਰਮੈਨ) 916-912-5678
ਸ਼੍ਰੀ ਰਾਜ ਬੱਧਣ (ਪ੍ਰਧਾਨ) 916-601-3842
ਸ਼੍ਰੀ ਇੰਦਰਜੀਤ ਪੜਵੱਗਾ (ਜਨਰਲ ਸਕੱਤਰ) 916-276-2538
ਗੁਰੂਘਰ ਫ਼ੋਨ: (916) 992-1710

Sponsored by Desh Doaba
deshdoaba@yahoo.com

Sponsored by Desh Doaba
deshdoaba@yahoo.com